23-JUNE-PAGE-1.qxd 6/22/2024 11:08 PM Page 1

ਐਤਵਾਰ, 23 ਜੂਨ, 2024
10 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 22

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • SUNDAY, 23 JUNE, 2024 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14




ਐੱਨ ਟੀ ਏ ਨੂੰ ਭੰਗ ਕਰਾਉਣ ਲਈ ਹੈਦਰਾਬਾਦ 'ਚ ਮਾਰਚ ਕਰਦੀਆਂ ਵਿਦਿਆਰਥਣਾਂ।

# ਐੱਨ ਟੀ ਏ ਨੂੰ ਸੁਧਾਰਨ ਲਈ ਕਮੇਟੀ ਬਣਾਈ

**ਨਵੀਂ ਦਿੱਲੀ** : ਕੇਂਦਰੀ ਸਿੱਖਿਆ ਮੰਤਰਾਲੇ ਨੇ ਸ਼ਨੀਵਾਰ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਵਿਚ ਗੜਬੜੀ ਰੋਕਣ ਤੇ ਪਾਰਦਰਸ਼ਤਾ ਲਿਆਉਣ ਲਈ ਸੱਤ ਮੈਂਬਰੀ ਉੱਚ-ਪੱਧਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ। ਇਸ ਦੇ ਮੁਖੀ ਭਾਰਤੀ ਪੁਲਾੜ ਖੋਜ ਜਥੇਬੰਦੀ (ਇਸਰੋ) ਤੇ ਸਾਬਕਾ ਚੇਅਰਮੈਨ ਡਾ. ਕੋਪਿੱਲੀ ਰਾਧਾਕ੍ਰਿਸ਼ਨਨ, ਜਿਹੜੇ ਆਈ ਆਈ ਟੀ ਕਾਨ੍ਹਪੁਰ ਦੇ ਡਾਇਰੈਕਟਰ ਵੀ ਰਹਿ ਚੁੱਕੇ ਹਨ, ਬਣਾਏ ਗਏ ਹਨ। ਕਮੇਟੀ ਦੋ ਮਹੀਨਿਆਂ 'ਚ ਰਿਪੋਰਟ ਸੌਂਪੇਗੀ।

ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਨੀਟ-ਯੂ ਜੀ ਵਿਵਾਦ ਭੜਕਣ 'ਤੇ 20 ਜੂਨ ਅਜਿਹੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ। ਉਨ੍ਹਾ ਕਿਹਾ ਸੀ ਕਿ ਕਮੇਟੀ ਐੱਨ ਟੀ ਏ ਦੇ ਢਾਂਚੇ, ਫੰਕਸ਼ਨਿੰਗ, ਪ੍ਰੀਖਿਆ ਪ੍ਰਕਿਰਿਆ, ਪਾਰਦਰਸ਼ਤਾ ਵਿਚ ਸੁਧਾਰ ਲਈ ਸੁਝਾਅ ਦੇਵੇਗੀ। ਸੱਤ ਮੈਂਬਰੀ ਕਮੇਟੀ ਵਿਚ ਡਾ. ਰਾਧਾਕ੍ਰਿਸ਼ਨਨ ਦੇ ਨਾਲ ਏਮਜ਼ ਦੇ ਸਾਬਕਾ ਡਾਇਰੈਕਟਰ ਡਾ. ਰਣਦੀਪ ਗੁਲੇਰੀਆ, ਸੈਂਟਰਲ ਯੂਨੀਵਰਸਿਟੀ ਆਫ ਹੈਦਰਾਬਾਦ ਦੇ ਵੀ ਸੀ ਪ੍ਰੋਫੈਸਰ ਬੀ ਜੇ ਰਾਓ, ਆਈ ਆਈ ਟੀ ਮਦਰਾਸ ਦੇ ਰਿਟਾਇਰਡ ਪ੍ਰੋਫੈਸਰ ਰਾਮਾਮੂਰਤੀ, ਪੀਪੁਲ ਸਟ੍ਰਾਂਗ ਦੇ ਕੋ-ਫਾਊਂਡਰ ਪੰਕਜ ਬਾਂਸਲ, ਸਟੂਡੈਂਟ ਅਫੇਅਰਜ਼ ਡੀਨ ਆਈ ਆਈ ਟੀ ਦਿੱਲੀ ਦੇ ਪ੍ਰੋਫੈਸਰ ਆਦਿਤਿਆ ਮਿੱਤਲ ਤੇ ਸਿੱਖਿਆ ਮੰਤਰਾਲੇ ਦੇ ਜਾਇੰਟ ਸੈਕਟਰੀ ਗੋਵਿੰਦ ਜੈਸਵਾਲ ਸ਼ਾਮਲ ਕੀਤੇ ਗਏ ਹਨ।

## ਪੇਪਰ ਲੀਕ ਕਰਨ 'ਤੇ 10 ਸਾਲ ਤੱਕ ਕੈਦ ਤੇ ਇੱਕ ਕਰੋੜ ਜੁਰਮਾਨਾ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਗੜਬੜੀਆਂ ਅਤੇ ਬੇਨੇਮੀਆਂ ਨੂੰ ਰੋਕਣ ਦੇ ਉਦੇਸ਼ ਨਾਲ ਸਖਤ ਕਾਨੂੰਨ ਲਾਗੂ ਕੀਤਾ ਹੈ। ਇਸ ਕਾਨੂੰਨ ਤਹਿਤ ਦੋਸ਼ੀ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਅਤੇ 1 ਕਰੋੜ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਚਾਰ ਮਹੀਨੇ ਪਹਿਲਾਂ ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਨਸ਼ਨ ਆਫ ਫੇਅਰ ਮੀਨਜ਼) ਬਿੱਲ 2024 ਨੂੰ ਮਨਜ਼ੂਰੀ ਦਿੱਤੀ ਸੀ। ਪਰਸੋਨਲ ਮੰਤਰਾਲੇ ਨੇ ਸ਼ੁੱਕਰਵਾਰ ਰਾਤ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਹਾ ਕਿ ਇਸ ਕਾਨੂੰਨ ਦੀਆਂ ਵਿਵਸਥਾਵਾਂ 21 ਜੂਨ ਤੋਂ ਲਾਗੂ ਹੋ ਗਈਆਂ ਹਨ। ਯੂ ਜੀ ਸੀ-ਨੈੱਟ 2024 ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਕਾਰਨ ਚੱਲ ਰਹੇ ਵਿਵਾਦ ਕਾਰਨ ਸਰਕਾਰ ਦੇ ਇਸ ਕਦਮ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਇਸੇ ਦੌਰਾਨ ਕਾਂਗਰਸ ਨੇ ਦੋਸ਼ ਲਗਾਇਆ ਹੈ ਕਿ ਨੀਟ-ਗ੍ਰੈਜੂਏਟ, ਯੂ ਜੀ ਸੀ-ਨੈੱਟ ਕਾਰਨ ਚੱਲ ਰਹੇ ਵਿਵਾਦ ਦੌਰਾਨ ਕੇਂਦਰ ਸਰਕਾਰ ਵੱਲੋਂ ਨਵੇਂ ਕਾਨੂੰਨ ਨੂੰ ਨੋਟੀਫਾਈ ਕਰਨਾ ਡੈਮੇਜ ਕੰਟਰੋਲ ਦੀ ਕੋਸ਼ਿਸ਼ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇਸ ਕਾਨੂੰਨ ਦੀ ਲੋੜ ਸੀ, ਪਰ ਇਹ ਪੇਪਰ ਲੀਕ ਹੋਣ ਤੋਂ ਬਾਅਦ ਦੀ ਸਥਿਤੀ ਨੂੰ ਨਜਿੱਠਦਾ ਹੈ, ਜਦੋਂ ਕਿ ਇਹ ਯਕੀਨੀ ਬਣਾਉਣ ਲਈ ਕਾਨੂੰਨ ਅਤੇ ਪ੍ਰਕਿਰਿਆਵਾਂ ਦੀ ਲੋੜ ਹੈ ਕਿ ਪੇਪਰ ਲੀਕ ਨਾ ਹੋਵੇ।

# 'ਭਗਤ ਕਬੀਰ ਧਾਮ' ਸਥਾਪਤ ਕਰਾਂਗੇ : ਮਾਨ

**ਹੁਸ਼ਿਆਰਪੁਰ (ਬਲਬੀਰ ਸੈਣੀ, ਓ ਪੀ ਰਾਣਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ 'ਭਗਤ ਕਬੀਰ ਧਾਮ' ਸਥਾਪਤ ਕਰਨ ਦਾ ਐਲਾਨ ਕੀਤਾ, ਤਾਂ ਕਿ ਭਗਤੀ ਅੰਦੋਲਨ ਦੇ ਮਹਾਨ ਸੰਤ ਦੇ ਜੀਵਨ ਤੇ ਫਲਸਫੇ ਉਤੇ ਵਿਆਪਕ ਖੋਜ ਕੀਤੀ ਜਾ ਸਕੇ। ਇੱਥੇ ਭਗਤ ਕਬੀਰ ਜੀ ਦੇ 626ਵੇਂ ਜਨਮ ਦਿਵਸ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 15ਵੀਂ ਸਦੀ ਦੇ ਮਹਾਨ ਕਵੀ ਅਤੇ ਸੰਤ ਭਗਤ ਕਬੀਰ ਜੀ ਨੇ ਲੋਕਾਂ ਨੂੰ ਸੁਚੱਜੀ ਜੀਵਨ ਜਾਚ ਦਾ ਸੰਦੇਸ਼ ਦਿੱਤਾ। ਉਨ੍ਹਾ ਕਿਹਾ ਕਿ ਭਗਤ ਕਬੀਰ ਦੇ ਜੀਵਨ ਅਤੇ ਫਲਸਫੇ ਨੇ ਹਮੇਸ਼ਾ ਹੀ ਲੋਕਾਂ ਨੂੰ ਆਪਸੀ ਮੇਲ-ਜੋਲ ਵਾਲਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਭਗਤ ਕਬੀਰ ਜੀ ਦੇ ਆਦਰਸ਼ਾਂ 'ਤੇ ਚੱਲ ਕੇ ਏਕਤਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ।

ਲੋਕਾਂ ਨੂੰ ਭਗਤ ਕਬੀਰ ਜੀ ਦੀਆਂ ਸਿੱਖਿਆਵਾਂ 'ਤੇ ਸਹੀ ਮਾਅਨਿਆਂ 'ਚ ਅਮਲ ਕਰਨ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉਠ ਕੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਸਮੇਂ ਦੀ ਲੋੜ ਹੈ। ਭਗਤ ਕਬੀਰ ਜੀ ਦੇ ਜੀਵਨ ਅਤੇ ਮਹਾਨ ਸਿੱਖਿਆਵਾਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਜਿਨ੍ਹਾਂ ਰਾਹੀਂ ਪ੍ਰੇਮ, ਸ਼ਾਂਤੀ, ਸਦਭਾਵਨਾ ਦਾ ਸਦੀਵੀ ਸੰਦੇਸ਼ ਦਿੱਤਾ ਗਿਆ।

ਲੋਕਾਂ ਨੂੰ ਮਹਾਨ ਸੰਤ ਦੇ ਆਦਰਸ਼ਾਂ ਉਤੇ ਚੱਲਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਰਸਤਾ ਸਦਭਾਵਨਾ ਵਾਲੇ ਅਤੇ ਅਗਾਂਹਵਧੂ ਸਮਾਜ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਭੇਜਣਾ ਆਮ ਆਦਮੀ ਦੀ ਮਜਬੂਰੀ ਸੀ, ਪਰ ਛੇ ਮਹੀਨਿਆਂ ਦੇ ਅੰਦਰ-ਅੰਦਰ ਇਹ ਉਨ੍ਹਾਂ ਦੀ ਇੱਛਾ ਹੋਵੇਗੀ ਕਿਉਂਕਿ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਤੋਂ ਵਿਰਵਾ ਰੱਖਿਆ, ਤਾਂ ਜੋ ਉਹ ਸਮਾਜ ਵਿੱਚ ਤਰੱਕੀ ਨਾ ਕਰ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਸਾਡੀਆਂ ਕੋਸ਼ਿਸ਼ਾਂ ਦਾ ਨਤੀਜਾ ਸਭ ਦੇ ਸਾਹਮਣੇ ਆਉਣ ਲੱਗਾ ਹੈ, ਕਿਉਂਕਿ ਇਸ ਵਾਰ ਸਰਕਾਰੀ ਸਕੂਲਾਂ ਦੇ 158 ਵਿਦਿਆਰਥੀਆਂ ਨੇ ਪਹਿਲੀ ਵਾਰ ਜੇ ਈ ਈ ਦੀ ਪ੍ਰੀਖਿਆ ਪਾਸ ਕੀਤੀ ਹੈ। ਇਹ ਤਾਂ ਅਜੇ ਸ਼ੁਰੂਆਤ ਹੈ, ਕਿਉਂਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਨਤੀਜੇ ਸਾਹਮਣੇ ਆਉਣਗੇ, ਜਿਸ ਲਈ ਉਨ੍ਹਾਂ ਦੀ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨੌਜਵਾਨਾਂ ਨੂੰ 43000 ਤੋਂ ਵੱਧ ਨੌਕਰੀਆਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਹਨ।

ਉਹਨਾ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਵਾਸਤੇ ਅੱਠ ਹਾਈ-ਟੈਕ ਕੋਚਿੰਗ ਸੈਂਟਰ ਖੋਲ੍ਹ ਰਹੀ ਹੈ। ਇਹ ਸੈਂਟਰ ਨੌਜਵਾਨਾਂ ਨੂੰ ਯੂ ਪੀ ਐੱਸ ਸੀ ਦੀ ਪ੍ਰੀਖਿਆ ਪਾਸ ਕਰਨ ਅਤੇ ਸੂਬੇ ਅਤੇ ਦੇਸ਼ ਵਿੱਚ ਨਾਮਵਰ ਅਹੁਦਿਆਂ 'ਤੇ ਸੇਵਾ ਨਿਭਾਉਣ ਲਈ ਮਿਆਰੀ ਸਿਖਲਾਈ ਪ੍ਰਦਾਨ ਕਰਨਗੇ।ਵਿਰੋਧੀ ਧਿਰ ਉਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਦੇ ਪੰਜਾਬ ਹਿਤੈਸ਼ੀ ਅਤੇ ਵਿਕਾਸ ਪੱਖੀ ਰੁਖ਼ ਕਾਰਨ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦਾ ਕੋਈ ਮੌਕਾ ਨਹੀਂ ਛੱਡਦੇ। ਉਨ੍ਹਾ ਕਿਹਾ ਕਿ ਵਿਰੋਧੀਆਂ ਦੀਅ ਆਲੋਚਨਾ ਬੇਤੁਕੀ ਹੈ। ਉਹਨਾ ਕਿਹਾ ਕਿ ਵਿਰੋਧੀਆਂ ਦੀਆਂ ਇਹ ਚਾਲਾਂ ਉਨ੍ਹਾ ਨੂੰ ਆਪਣੀ ਡਿਊਟੀ ਨਿਭਾਉਣ ਤੋਂ ਰੋਕ ਨਹੀਂ ਸਕਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਕੂਲਾਂ ਦੇ ਸਿਲੇਬਸ ਵਿੱਚ ਲੋੜੀਂਦੀਆਂ ਸੋਧਾਂ ਕਰੇਗੀ, ਤਾਂ ਕਿ ਨੌਜਵਾਨਾਂ ਵਿੱਚ ਸਾਕਾਰਾਤਮਕ ਊਰਜਾ ਭਰੀ ਜਾ ਸਕੇ। ਇਸ ਸੰਬੰਧ ਵਿੱਚ ਖਾਕਾ ਤਿਆਰ ਕੀਤਾ ਗਿਆ ਅਤੇ ਆਉਂਦੇ ਦਿਨਾਂ ਨੂੰ ਇਸ ਨੂੰ ਲਾਗੂ ਕੀਤਾ ਜਾਵੇਗਾ।ਵਿਦਿਆਰਥੀਆਂ ਨੂੰ ਭਵਿੱਖੀ ਜੀਵਨ ਵਿੱਚ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਅਜਿਹਾ ਕਰਨਾ ਸਮੇਂ ਦੀ ਲੋੜ ਹੈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਲੋਕ ਸਭਾ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਅਤੇ ਡਾ. ਰਵਜੋਤ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।



## ਜ਼ਿਮਨੀ ਚੋਣ ਜਿੱਤਣ ਤੱਕ ਜਲੰਧਰ 'ਚ ਪੱਕਾ ਡੇਰਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਉਹ ਜਲੰਧਰ (ਪੱਛਮੀ) ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਪ੍ਰਚਾਰ ਦੀ ਅਗਵਾਈ ਕਰਨਗੇ ਅਤੇ ਪਾਰਟੀ ਉਮੀਦਵਾਰ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣਗੇ।ਉਹਨਾ ਕਿਹਾ ਕਿ ਉਹ ਪਾਰਟੀ ਉਮੀਦਵਾਰ ਲਈ ਨਿੱਜੀ ਤੌਰ 'ਤੇ ਵੋਟਾਂ ਮੰਗਣਗੇ। ਉਹ ਆਉਣ ਵਾਲੇ ਦਿਨਾਂ ਵਿੱਚ ਜਲੰਧਰ ਪੱਕੇ ਡੇਰੇ ਲਾਉਣਗੇ, ਤਾਂ ਜੋ ਪਾਰਟੀ ਇਸ ਸੀਟ ਨੂੰ ਇਤਿਹਾਸਕ ਫ਼ਰਕ ਨਾਲ ਜਿੱਤ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਸਹਾਇਤਾ ਕੇਂਦਰ ਸਥਾਪਤ ਕਰਨ ਜਾ ਰਹੀ ਹੈ, ਤਾਂ ਜੋ ਲੋਕ ਇਨ੍ਹਾਂ ਰਾਹੀਂ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਣ। ਉਹਨਾ ਕਿਹਾ ਕਿ 'ਮੁੱਖ ਮੰਤਰੀ ਡੈਸ਼ਬੋਰਡ' ਜ਼ਿਲ੍ਹਿਆਂ ਵਿੱਚ ਆਮ ਲੋਕਾਂ ਤੋਂ ਉਨ੍ਹਾਂ ਦੀਆਂ ਅਰਜ਼ੀਆਂ ਅਤੇ ਬਕਾਇਆ ਕੰਮਾਂ ਬਾਰੇ ਫੀਡਬੈਕ ਲੈਣ ਦੇ ਨਾਲ-ਨਾਲ ਸਮੁੱਚੀ ਗਤੀਵਿਧੀ ਦੀ ਨਿਰੰਤਰ ਨਿਗਰਾਨੀ ਕਰੇਗਾ।

## ਸਰਬਜੀਤ ਮੱਕੜ ਦੇ ਪੁੱਤਰ ਕੰਵਰ ਮੱਕੜ ਦਾ ਦੇਹਾਂਤ



**ਜਲੰਧਰ (ਸ਼ੈਲੀ ਐਲਬਰਟ)**- ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਪੁੱਤਰ ਕੰਵਰ ਮੱਕੜ ਦਾ ਦੇਹਾਂਤ ਹੋ ਗਿਆ ਹੈ। ਕੰਵਰ ਮੱਕੜ ਜਿਗਰ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਉਨ੍ਹਾ ਨੂੰ ਚੇਨਈ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਸ਼ਨੀਵਾਰ ਦੁਪਹਿਰ ਉਨ੍ਹਾ ਆਖ਼ਰੀ ਸਾਹ ਲਿਆ।ਪਰਵਾਰ ਐਤਵਾਰ ਨੂੰ ਕੰਵਰ ਦੀ ਮ੍ਰਿਤਕ ਦੇਹ ਲੈ ਕੇ ਸ਼ਹਿਰ ਪਹੁੰਚੇਗਾ।

## ਔਰਤ ਦੀ ਸ਼ਰੇਆਮ ਕੁੱਟਮਾਰ



**ਧਾਰ** : ਮੱਧ ਪ੍ਰਦੇਸ਼ ਦੇ ਕਬਾਇਲੀ ਧਾਰ ਜ਼ਿਲ੍ਹੇ 'ਚ ਔਰਤ ਦੀ ਸ਼ਰੇਆਮ ਕੁੱਟਮਾਰ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੁਲਸ ਨੇ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਚਾਰ ਵਿਅਕਤੀਆਂ ਨੇ ਔਰਤ ਨੂੰ ਫੜਿਆ ਹੋਇਆ ਹੈ, ਜਦਕਿ ਇਕ ਵਿਅਕਤੀ ਉਸ ਨੂੰ ਡੰਡੇ ਨਾਲ ਕੁੱਟ ਰਿਹਾ ਹੈ। ਉੱਥੇ ਮੌਜੂਦ ਲੋਕ ਤਮਾਸ਼ਾ ਦੇਖ ਰਹੇ ਹਨ। ਇਹ ਘਟਨਾ 20 ਜੂਨ ਦੀ ਹੈ। ਔਰਤ ਕਥਿਤ ਤੌਰ 'ਤੇ ਇਕ ਵਿਅਕਤੀ ਨਾਲ ਭੱਜ ਗਈ ਸੀ। ਇਸ ਤੋਂ ਬਾਅਦ ਪਰਵਾਰ ਨੇ ਉਸ ਨੂੰ ਘੇਰ ਲਿਆ ਤੇ ਕੁੱਟਮਾਰ ਕੀਤੀ। ਕਾਂਗਰਸ ਨੇ ਰਾਜ ਦੀ ਭਾਜਪਾ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਇਥੇ ਔਰਤਾਂ ਸੁਰੱਖਿਅਤ ਨਹੀਂ ਹਨ।

## ਬਿਜਲੀ ਦੀਆਂ ਤਾਰਾਂ ਨਾਲ ਖਹਿਣ 'ਤੇ ਬੱਸ ਨੂੰ ਅੱਗ

**ਦੁਮਕਾ** : ਝਾਰਖੰਡ ਦੇ ਦੁਮਕਾ ਜ਼ਿਲ੍ਹੇ 'ਚ ਸ਼ਨੀਵਾਰ ਸਵੇਰੇ 11000 ਵੋਲਟ ਤਾਰ ਨਾਲ ਖਹਿਣ ਕਾਰਨ ਬੱਸ ਨੂੰ ਅੱਗ ਲੱਗ ਗਈ। ਡਰਾਈਵਰ ਅਤੇ ਕੰਡਕਟਰ ਨੇ ਜਾਨ ਬਚਾਉਣ ਲਈ ਬੱਸ ਤੋਂ ਛਾਲ ਮਾਰ ਦਿੱਤੀ ਅਤੇ ਜ਼ਖਮੀ ਹੋ ਗਏ। ਇਨ੍ਹਾਂ ਦੋਵਾਂ ਤੋਂ ਇਲਾਵਾ ਘਟਨਾ ਸਮੇਂ ਬੱਸ 'ਚ ਹੋਰ ਕੋਈ ਨਹੀਂ ਸੀ। ਬੱਸ ਬਾਰਾਤੀਆਂ ਨੂੰ ਲੈਣ ਜਾ ਰਹੀ ਸੀ। ਇਕ ਵਿਅਕਤੀ ਨੇ ਦੱਸਿਆ ਕਿ ਤਾਰ ਸਿਰਫ ਅੱਠ ਫੁੱਟ ਦੀ ਉਚਾਈ 'ਤੇ ਸੀ ਤੇ ਇਸ ਨੂੰ ਚੁੱਕਣ ਲਈ ਵਿਭਾਗ ਨੂੰ ਕਈ ਵਾਰ ਕਿਹਾ ਸੀ।

## ਹਿਮਾਚਲ ਨੰਬਰ ਵਾਲੀਆਂ ਕਾਰਾਂ ਦੇ ਸ਼ੀਸ਼ੇ ਭੰਨੇ

**ਰੂਪਨਗਰ** : ਵਿਰਸਾ ਹੋਟਲ ਦੇ ਸਾਹਮਣੇ ਸਰਸਾ ਨੰਗਲ 'ਚ ਸ਼ੁੱਕਰਵਾਰ ਰਾਤ ਹੁੱਲੜਬਾਜ਼ਾਂ ਨੇ ਹਿਮਾਚਲ ਨੰਬਰ ਵਾਲੀਆਂ ਲੱਗਭੱਗ ਅੱਧੀ ਦਰਜਨ ਕਾਰਾਂ ਦੇ ਸ਼ੀਸ਼ੇ ਭੰਨ ਦਿੱਤੇ। ਥਾਣਾ ਕੀਰਤਪੁਰ ਸਾਹਿਬ ਦੇ ਐੱਸ ਐੱਚ ਓ ਜਤਿਨ ਕਪੂਰ ਅਤੇ ਭਰਤਗੜ੍ਹ ਚੌਕੀ ਦੇ ਇੰਚਾਰਜ ਚਰਨ ਸਿੰਘ ਪੁਲਸ ਫੋਰਸ ਸਮੇਤ ਮੌਕੇ 'ਤੇ ਪੁੱਜੇ ਅਤੇ 4 ਨੌਜਵਾਨਾਂ ਨੂੰ ਕਾਬੂ ਕਰ ਲਿਆ, ਜਦੋਂ ਕਿ 4-5 ਨੌਜਵਾਨ ਫਰਾਰ ਹੋ ਗਏ। ਐੱਸ ਐੱਚ ਓ ਨੇ ਦੱਸਿਆ ਕਿ ਨੌਜਵਾਨ ਕਥਿਤ ਤੌਰ 'ਤੇ ਸ਼ਰਾਬੀ ਸਨ ਤੇ ਉਨ੍ਹਾਂ ਦਾ ਮੈਡੀਕਲ ਕਰਵਾਉਣ ਉਪਰੰਤ ਕਾਰਵਾਈ ਕੀਤੀ ਗਈ।

# ਆਤਿਸ਼ੀ ਦਾ ਸੱਤਿਆਗ੍ਰਹਿ ਜਾਰੀ



**ਨਵੀਂ ਦਿੱਲੀ** : ਹਰਿਆਣਾ ਵੱਲੋਂ ਦਿੱਲੀ ਨੂੰ ਹੋਰ ਪਾਣੀ ਨਾ ਦੇਣ ਖਿਲਾਫ ਜਲ ਮੰਤਰੀ ਆਤਿਸ਼ੀ ਦੀ ਭੁੱਖ ਹੜਤਾਲ ਸ਼ਨੀਵਾਰ ਦੂਜੇ ਦਿਨ ਵੀ ਜਾਰੀ ਹੈ। ਦੱਖਣੀ ਦਿੱਲੀ ਦੇ ਭੋਗਲ 'ਚ ਆਪਣੇ ਜਲ ਸੱਤਿਆਗ੍ਰਹਿ ਸਥਾਨ ਤੋਂ ਵੀਡੀਓ ਸੰਦੇਸ਼ 'ਚ ਆਤਿਸ਼ੀ ਨੇ ਕਿਹਾ ਕਿ ਉਹ ਉਦੋਂ ਤੱਕ ਕੁਝ ਨਹੀਂ ਖਾਵੇਗੀ, ਜਦੋਂ ਤੱਕ ਹਰਿਆਣਾ ਦਿੱਲੀ ਵਾਸੀਆਂ ਲਈ ਹੋਰ ਪਾਣੀ ਨਹੀਂ ਛੱਡਦਾ।

ਰਾਜਧਾਨੀ ਦੇ 28 ਲੱਖ ਲੋਕ ਪਾਣੀ ਦੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ। ਆਤਿਸ਼ੀ ਨੇ ਦੋਸ਼ ਲਾਇਆ ਕਿ ਹਰਿਆਣਾ ਯਮੁਨਾ ਨਦੀ 'ਚ ਦਿੱਲੀ ਦੇ ਹਿੱਸੇ ਦਾ ਪਾਣੀ ਨਹੀਂ ਛੱਡ ਰਿਹਾ।

# ਜੋਧਪੁਰ 'ਚ ਫਿਰਕੂ ਹਿੰਸਾ

**ਜੋਧਪੁਰ** : ਰਾਜਸਥਾਨ 'ਚ ਜੋਧਪੁਰ ਦੇ ਸੂਰਸਾਗਰ ਇਲਾਕੇ 'ਚ ਸ਼ੁੱਕਰਵਾਰ ਰਾਤ ਫਿਰਕੂ ਹਿੰਸਾ ਭੜਕ ਗਈ ਤੇ ਪੁਲਸ ਨੇ 51 ਲੋਕਾਂ ਨੂੰ ਹਿਰਾਸਤ 'ਚ ਲਿਆ ਹੈ। ਪੁਲਸ ਮੁਤਾਬਕ ਰਾਜਾਰਾਮ ਸਰਕਲ ਨੇੜੇ ਈਦਗਾਹ ਦੀ ਪਿਛਲੀ ਕੰਧ ਵਿਚ ਦੋ ਗੇਟ ਲਾਉਣ ਕਾਰਨ ਸਥਿਤੀ ਵਿਗੜੀ। ਪੁਲਸ ਕਮਿਸ਼ਨਰ ਰਜਿੰਦਰ ਸਿੰਘ ਨੇ ਦੱਸਿਆ ਕਿ ਇਕ ਗਰੁੱਪ ਵੱਲੋਂ ਦੂਜੇ 'ਤੇ ਪਥਰਾਅ ਕਾਰਨ ਹਿੰਸਾ ਭੜਕ ਗਈ। ਭੜਕੇ ਲੋਕਾਂ ਨੇ ਇਕ ਪੁਲਸ ਵੈਨ ਤੇ ਇਕ ਕਾਰ ਦੀ ਭੰਨਤੋੜ ਕਰ ਦਿੱਤੀ ਤੇ ਝਾੜੂਆਂ ਵਾਲੀ ਦੁਕਾਨ ਨੂੰ ਅੱਗ ਲਾ ਦਿੱਤੀ।ਸ਼ੁੱਕਰਵਾਰ ਰਾਤ ਗੇਟਾਂ ਦੇ ਉਦਘਾਟਨ ਦਾ ਇਕ ਧਿਰ ਦੇ ਲੋਕਾਂ ਨੇ ਵਿਰੋਧ ਕੀਤਾ। ਪੁਲਸ ਤੇ ਮਿਊਂਸਪਲ ਅਧਿਕਾਰੀਆਂ ਨੇ ਮੌਕੇ 'ਤੇ ਪੁੱਜ ਕੇ ਦੋਹਾਂ ਧਿਰਾਂ ਦੇ ਪੰਜ ਨੁਮਾਇੰਦਿਆਂ ਦੀ ਮੌਜੂਦਗੀ ਵਿਚ ਸਮਝੌਤਾ ਕਰਵਾ ਦਿੱਤਾ। ਗੇਟ ਬੰਦ ਕਰ ਦਿੱਤੇ ਗਏ ਤੇ ਲੋਕ ਚਲੇ ਗਏ। 10-15 ਲੋਕਾਂ ਵੱਲੋਂ ਵਿਉਪਾਰੀਆਂ ਕਾ ਮੁਹੱਲਾ ਵਿਚ ਅਚਾਨਕ ਪਥਰਾਅ ਸ਼ੁਰੂ ਕਰ ਦੇਣ ਕਾਰਨ ਸਥਿਤੀ ਫਿਰ ਵਿਗੜ ਗਈ। ਇਸ ਦੌਰਾਨ ਦੋ ਪੁਲਸ ਵਾਲੇ ਜ਼ਖਮੀ ਹੋ ਗਏ। ਪਥਰਾਅ ਤੋਂ ਬਾਅਦ ਲੋਕਾਂ ਨੇ ਅਗਜ਼ਨੀ ਸ਼ੁਰੂ ਕਰ ਦਿੱਤੀ। ਸੁਭਾਸ਼ ਚੌਕ ਨੇੜੇ ਇਕ ਟਰੈਕਟਰ ਤੇ ਇਕ ਪੁਲਸ ਵੈਨ ਨੂੰ ਅੱਗ ਲਾ ਦਿੱਤੀ। ਪੁਲਸ ਨੇ ਲਾਠੀਚਾਰਜ ਕਰਕੇ ਤੇ ਹੰਝੂ ਗੈਸ ਛੱਡ ਕੇ ਸਥਿਤੀ ਸੰਭਾਲੀ।

ਪਿਛਲੇ ਪੰਜ ਸਾਲਾਂ ਵਿਚ ਇਲਾਕੇ ਵਿਚ ਇਹ ਪੰਜਵੀਂ ਫਿਰਕੂ ਹਿੰਸਾ ਹੈ। ਅਪ੍ਰੈਲ 2019 ਵਿਚ ਰਾਮ ਨੌਮੀ ਦੀ ਸ਼ੋਭਾ ਯਾਤਰਾ ਸਮੇਂ ਝੜਪਾਂ ਹੋ ਗਈਆਂ ਸਨ। ਦੁਕਾਨਾਂ ਤੇ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ ਸੀ। ਜੂਨ 2022 ਵਿਚ ਵੀ ਫਿਰਕੂ ਹਿੰਸਾ ਹੋਈ ਸੀ।

## ਕਨਿਸ਼ਕ ਤ੍ਰਾਸਦੀ ਦੀ ਜਾਂਚ ਜਾਰੀ

**ਓਟਵਾ** : ਏਅਰ ਇੰਡੀਆ ਦੇ ਜਹਾਜ਼ ਨੂੰ ਧਮਾਕੇ ਨਾਲ ਉਡਾਉਣ ਦੀ ਜਾਂਚ ਚੱਲ ਰਹੀ ਹੈ। ਕੈਨੇਡੀਅਨ ਪੁਲਸ ਨੇ ਇਸ ਨੂੰ ਸਭ ਤੋਂ ਲੰਬੀ ਅਤੇ ਸਭ ਤੋਂ ਗੁੰਝਲਦਾਰ ਘਰੇਲੂ ਅੱਤਵਾਦ ਜਾਂਚ ਕਰਾਰ ਦਿੱਤਾ ਹੈ। ਬੰਬ ਧਮਾਕੇ ਦੀ 39ਵੀਂ ਬਰਸੀ 23 ਜੂਨ ਨੂੰ ਮਨਾਈ ਜਾ ਰਹੀ ਹੈ। ਮਾਂਟਰੀਅਲ-ਨਵੀਂ ਦਿੱਲੀ ਏਅਰ ਇੰਡੀਆ ਕਨਿਸ਼ਕ ਫਲਾਈਟ 182 'ਚ 23 ਜੂਨ 1985 ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ ਧਮਾਕਾ ਹੋ ਗਿਆ ਸੀ, ਜਿਸ ਵਿਚ ਸਵਾਰ ਸਾਰੇ 329 ਲੋਕ ਮਾਰੇ ਗਏ, ਜਿਨ੍ਹਾਂ ਵਿਚ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡੀਅਨ ਸਨ। 1984 ਵਿਚ ਅਪਰੇਸ਼ਨ ਬਲੂਸਟਾਰ ਦੇ ਬਦਲੇ ਵਜੋਂ ਇਸ ਬੰਬ ਧਮਾਕੇ ਦਾ ਦੋਸ਼ ਅੱਤਵਾਦੀਆਂ 'ਤੇ ਲਗਾਇਆ ਗਿਆ ਸੀ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੋਲ ਨੇ ਇਸ ਬੰਬ ਧਮਾਕੇ ਨੂੰ ਸਭ ਤੋਂ ਭਿਆਨਕ ਦਹਿਸ਼ਤਗਰਦ ਕਾਰਵਾਈ ਕਰਾਰ ਦਿੱਤਾ। ਟੇਬੋਲ ਨੇ ਕਿਹਾ-ਏਅਰ ਇੰਡੀਆ ਦੀ ਜਾਂਚ ਸਭ ਤੋਂ ਲੰਬੀ ਅਤੇ ਯਕੀਨੀ ਤੌਰ 'ਤੇ ਸਭ ਤੋਂ ਗੁੰਝਲਦਾਰ ਘਰੇਲੂ ਅੱਤਵਾਦ ਜਾਂਚ ਵਿੱਚੋਂ ਇੱਕ ਹੈ। ਸਾਡੀ ਜਾਂਚ ਜਾਰੀ ਹੈ।

## ਪੰਜ ਦਿਨਾਂ 'ਚ ਦੂਜਾ!



**ਪਟਨਾ** : ਸ਼ਨੀਵਾਰ ਸੀਵਾਨ ਦੇ ਦਰੌਂਦਾ ਇਲਾਕੇ ਵਿਚ ਕਾਮਗ੍ਰਹਾ ਪਿੰਡ ਕੋਲੋਂ ਲੰਘਦੀ ਨਹਿਰ 'ਤੇ ਬਣਿਆ 100 ਮੀਟਰ ਲੰਬਾ ਪੁਲ ਇਕ ਪਾਸਿਓਂ ਢਹਿ ਗਿਆ। ਇਹ ਲੱਗਭੱਗ 30 ਸਾਲ ਪਹਿਲਾਂ ਬਣਾਇਆ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਹਿਰ ਡੂੰਘੀ ਕਰਦਿਆਂ ਪਿੱਲਰ ਕਮਜ਼ੋਰ ਹੋ ਗਏ ਸਨ। ਮੰਗਲਵਾਰ ਅਰੱਰੀਆ ਵਿਚ 12 ਕਰੋੜ ਨਾਲ ਬਣਾਇਆ ਪੁਲ ਉਦਘਾਟਨ ਤੋਂ ਪਹਿਲਾਂ ਹੀ ਢਹਿ ਗਿਆ ਸੀ। ਸੂਬੇ ਵਿਚ ਦੋ ਸਾਲਾਂ 'ਚ ਪੰਜ ਪੁਲ ਢਹਿ ਚੁੱਕੇ ਹਨ।

## ਰਿਸ਼ਵਤ ਲੈਂਦਾ ਪਟਵਾਰੀ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਮਾਲ ਹਲਕਾ ਢਪਈ, ਸਬ-ਤਹਿਸੀਲ ਕਾਦੀਆਂ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਨਵਿੰਦਰਪਾਲ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਪਿੰਡ ਢਪਈ ਦੇ ਹਰਜਾਪ ਸਿੰਘ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਬਿਆਨ ਦਿੱਤਾ ਸੀ ਕਿ ਉਕਤ ਪਟਵਾਰੀ ਉਸਦੀ ਪਤਨੀ ਦੇ ਨਾਂਅ 'ਤੇ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਪਹਿਲਾਂ ਹੀ 2,000 ਰੁਪਏ ਰਿਸ਼ਵਤ ਵਜੋਂ ਲੈ ਚੁੱਕਾ ਹੈ ਅਤੇ ਹੁਣ10,000 ਰੁਪਏ ਰਿਸ਼ਵਤ ਦੀ ਹੋਰ ਮੰਗ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸੰਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਮਹਾਂਗਠਬੰਧਨ ਨੇ ਆਪਣੀਆਂ ਗਲਤੀਆਂ ਨਾਲ ਸੀਟਾਂ ਗੁਆਈਆਂ : ਦੀਪਾਂਕਰ ਭੱਟਾਚਾਰੀਆ



**ਨਵੀਂ ਦਿੱਲੀ** : ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਹੈ ਕਿ ਕੁਝ ਗਲਤੀਆਂ ਕਾਰਨ ਬਿਹਾਰ ਵਿਚ ਆਪੋਜ਼ੀਸ਼ਨ ਦੇ ਗੱਠਜੋੜ 'ਇੰਡੀਆ' ਨੇ ਸੀਟਾਂ ਗੁਆਈਆਂ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਗੱਠਜੋੜ ਛੱਡ ਕੇ ਭਾਜਪਾ ਨਾਲ ਚਲੇ ਜਾਣ ਨਾਲ ਵੀ ਨੁਕਸਾਨ ਹੋਇਆ।

ਨਿਤੀਸ਼ ਕੁਮਾਰ ਦਾ ਜਨਤਾ ਦਲ (ਯੂ) ਰਾਜਦ-ਕਾਂਗਰਸ-ਲੈਫਟ ਦੇ ਮਹਾਂਗਠਬੰਧਨ ਦੇ ਨਾਲ ਸੀ, ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਵਿਚ ਸ਼ਾਮਲ ਹੋ ਗਿਆ ਸੀ। ਸੂਬੇ ਦੀਆਂ 40 ਸੀਟਾਂ ਵਿੱਚੋਂ ਐੱਨ ਡੀ ਏ ਨੇ 30 ਸੀਟਾਂ ਜਿੱਤੀਆਂ, ਜਦਕਿ ਮਹਾਂਗਠਬੰਧਨ ਦੇ ਹਿੱਸੇ 9 ਆਈਆਂ। ਇਕ ਸੀਟ ਆਜ਼ਾਦ ਪੱਪੂ ਯਾਦਵ ਨੇ ਜਿੱਤੀ।

ਭੱਟਾਚਾਰੀਆ ਨੇ ਇੱਥੇ ਖਬਰ ਏਜੰਸੀ ਪੀ ਟੀ ਆਈ ਦੇ ਐਡੀਟਰਾਂ ਨਾਲ ਗੱਲਬਾਤ 'ਚ ਕਿਹਾ ਕਿ ਰਾਜਦ ਨੇ ਪੂਰਨੀਆ ਸੀਟ ਕਾਂਗਰਸ ਲਈ ਨਹੀਂ ਛੱਡੀ ਤੇ ਉੱਥੇ ਆਜ਼ਾਦ ਪੱਪੂ ਯਾਦਵ ਜਿੱਤ ਗਏ। ਸੀ ਪੀ ਆਈ (ਐੱਮ ਐੱਲ) ਨੇ ਸੀਵਾਨ ਸੀਟ ਮੰਗੀ ਸੀ, ਪਰ ਰਾਜਦ ਨੇ ਆਪਣਾ ਉਮੀਦਵਾਰ ਖੜ੍ਹਾ ਕਰ ਦਿੱਤਾ, ਜਿਹੜਾ ਤੀਜੇ ਨੰਬਰ 'ਤੇ ਰਿਹਾ ਤੇ ਸੀਟ ਜਨਤਾ ਦਲ (ਯੂ) ਜਿੱਤ ਗਿਆ।

ਆਰ੍ਹਾ ਤੇ ਕਾਰਾਕਟ ਸੀਟ ਜਿੱਤਣ ਵਾਲੀ ਸੀ ਪੀ ਆਈ (ਐੱਮ ਐੱਲ) ਦੇ ਆਗੂ ਨੇ ਪੂਰਨੀਆ ਦੀ ਮਿਸਾਲ ਦਿੰਦਿਆਂ ਕਿਹਾ ਕਿ ਉੱਥੇ ਪੱਪੂ ਯਾਦਵ ਦੀ ਜਿੱਤ ਹੋਈ। ਰਾਜਦ ਨੇ ਪੂਰਾ ਜ਼ੋਰ ਲਾਇਆ, ਪਰ ਉਸ ਦੀ ਉਮੀਦਵਾਰ ਨੂੰ 30 ਹਜ਼ਾਰ ਵੋਟਾਂ ਵੀ ਨਹੀਂ ਮਿਲੀਆਂ। ਪੱਪੂ ਯਾਦਵ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਏ ਸਨ। ਰਾਜਦ ਵੱਲੋਂ ਕਾਂਗਰਸ ਲਈ ਸੀਟ ਛੱਡਣ ਤੋਂ ਨਾਂਹ ਕਰਨ 'ਤੇ ਆਜ਼ਾਦ ਲੜੇ। ਰਾਜਦ ਉਮੀਦਵਾਰ ਬੀਮਾ ਭਾਰਤੀ ਨੂੰ 27 ਹਜ਼ਾਰ ਵੋਟਾਂ ਹੀ ਮਿਲੀਆਂ। ਇਸ ਦਾ ਅਰੱਰੀਆ, ਸੁਪੌਲ ਤੇ ਮਧੇਪੁਰਾ ਦੀਆਂ ਸੀਟਾਂ 'ਤੇ ਵੀ ਅਸਰ ਪਿਆ।

ਭੱਟਾਚਾਰੀਆ ਨੇ ਕਿਹਾ ਕਿ ਉਨ੍ਹਾ ਦੀ ਪਾਰਟੀ ਨੇ ਸੀਵਾਨ ਸੀਟ ਮੰਗੀ ਸੀ ਤੇ ਉਨ੍ਹਾ ਨੂੰ ਫੀਡਬੈਕ ਮਿਲੀ ਕਿ ਜੇ ਉਨ੍ਹਾ ਦਾ ਉਮੀਦਵਾਰ ਖੜ੍ਹਾ ਹੁੰਦਾ ਤਾਂ ਜਿੱਤ ਪੱਕੀ ਸੀ। ਸੀਵਾਨ ਸੀਟ ਜਿੱਤਣ ਦਾ ਫਾਇਦਾ ਨਾਲ ਲਗਦੀਆਂ ਛਪਰਾ ਤੇ ਮਹਾਰਾਜਗੰਜ ਅਤੇ ਇੱਥੋਂ ਤੱਕ ਕਿ ਗੋਪਾਲਗੰਜ ਵਿਚ ਵੀ ਹੋਣਾ ਸੀ।

ਭੱਟਾਚਾਰੀਆ ਨੇ ਕਿਹਾ ਕਿ ਪਿਛਲੀਆਂ ਅਸੰਬਲੀ ਚੋਣਾਂ ਵਿਚ ਮਹਾਂਗਠਬੰਧਨ ਦਾ ਦੱਖਣੀ ਬਿਹਾਰ ਵਿਚ ਪ੍ਰਦਰਸ਼ਨ ਵਧੀਆ ਰਿਹਾ ਸੀ ਤੇ ਲੋਕ ਸਭਾ ਚੋਣਾਂ ਵਿਚ ਵੀ ਦੱਖਣੀ ਬਿਹਾਰ ਵਿਚ ਚੰਗਾ ਰਿਹਾ। ਉੱਤਰ ਬਿਹਾਰ ਵਿਚ ਮਿਥਲੀਆ, ਚੰਪਾਰਨ, ਸਾਰਨ ਤੇ ਕੋਸ਼ੀ ਵਿਚ ਐੱਨ ਡੀ ਏ ਨੇ ਫਿਰ ਵਧੀਆ ਪ੍ਰਦਰਸ਼ਨ ਕੀਤਾ, ਜਿੱਥੇ ਮਹਾਂਗਠਬੰਧਨ ਨੂੰ ਜ਼ੋਰ ਲਾਉਣਾ ਪੈਣਾ ਹੈ।

ਉਨ੍ਹਾ ਕਿਹਾ ਕਿ ਨਿਤੀਸ਼ ਕੁਮਾਰ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਉਮੀਦ ਸੀ ਕਿ ਜਨਤਾ ਦਲ (ਯੂ) ਤੇ ਲੋਕ ਜਨਸ਼ਕਤੀ (ਰਾਮ ਵਿਲਾਸ) ਨੂੰ ਧੱਕਾ ਲੱਗੇਗਾ, ਪਰ ਉਹ ਵਧੀਆ ਪ੍ਰਦਰਸ਼ਨ ਕਰ ਗਏ, ਜਦਕਿ ਧੱਕਾ ਭਾਜਪਾ ਨੂੰ ਲੱਗਾ।

ਲੋਕ ਸਭਾ ਚੋਣਾਂ ਵਿਚ ਭਾਜਪਾ ਨੇ 17 ਸੀਟਾਂ ਲੜ ਕੇ 12 ਜਿੱਤੀਆਂ, ਜਦਕਿ 2019 ਵਿਚ 17 ਜਿੱਤੀਆਂ ਸਨ। ਜਨਤਾ ਦਲ (ਯੂ) ਨੇ 16 ਸੀਟਾਂ ਲੜ ਕੇ 12 ਜਿੱਤੀਆਂ, ਜਦਕਿ 2019 ਵਿਚ 16 ਜਿੱਤੀਆਂ ਸਨ। ਉਨ੍ਹਾ ਕਿਹਾ ਕਿ ਐਗਜ਼ਿਟ ਪੋਲ ਕਰਨ ਵਾਲਿਆਂ ਨੇ ਯੂ ਪੀ ਦਾ ਤਾਂ ਸਹੀ ਅੰਦਾਜ਼ਾ ਲਾ ਲਿਆ, ਪਰ ਬਿਹਾਰ ਦਾ ਨਹੀਂ ਲਾ ਸਕੇ, ਕਿਉਂਕਿ ਉਨ੍ਹਾ ਨਿਤੀਸ਼ ਕੁਮਾਰ ਦੀ ਤਾਕਤ ਨਹੀਂ ਪਛਾਣੀ। ਭੱਟਾਚਾਰੀਆ ਨੇ ਕਿਹਾ ਕਿ ਉਮੀਦ ਹੈ ਕਿ ਅਸੰਬਲੀ ਚੋਣਾਂ ਵਿਚ ਮਹਾਂਗਠਬੰਧਨ ਵਧੀਆ ਪ੍ਰਦਰਸ਼ਨ ਕਰੇਗਾ। ਉਨ੍ਹਾ ਕਿਹਾ ਕਿ ਬਿਹਾਰ ਦੀ ਸਿਆਸਤ 'ਚ ਪੁਰਾਣਿਆਂ ਦੀ ਥਾਂ ਨਵੇਂ ਲੈ ਰਹੇ ਹਨ। ਬਿਹਾਰ ਤਬਦੀਲੀ ਦੇ ਦੌਰ ਵਿੱਚੋਂ ਨਿਕਲ ਰਿਹਾ ਹੈ।

## ਅੱਜ-ਨਾਮਾ

ਸਿਆਸੀ ਭੇੜ ਇੱਕ ਨਵਾਂ ਈ ਭਖਣ ਲੱਗਾ,
ਜਲੰਧਰ ਵਿੱਚ ਆ ਪਈ ਹੋਈ ਖੱਪ ਮੀਆਂ।
ਜਿਹੜੀ ਚੋਣ ਹੋਣੀ, ਅਸੀਂ ਹੀ ਜਿੱਤ ਲੈਣੀ,
ਦਾਅਵੇ ਕਰਨ ਵਾਲੇ ਰਹੇ ਆ ਟੱਪ ਮੀਆਂ।
ਜਿੰਦਾਂ ਦੇ ਵੋਟਰ ਨੂੰ ਲਾਰੇ ਹਨ ਲਾਏ ਜਾਂਦੇ,
ਸੁਣਦਿਆਂ ਜਾਪਦੇ ਸਾਫ ਇਹ ਗੱਪ ਮੀਆਂ।
ਇੱਕ ਦੀ ਬਾਤ ਪਿਆ ਦੂਸਰਾ ਕੱਟਦਾ ਈ,
ਪਹਿਲਾ ਅੱਗਿਉਂ ਮੱਕੂ ਰਿਹਾ ਠੱਪ ਮੀਆਂ।
ਮਾਹੌਲ ਜਾਪਦਾ ਮਾਸਾ ਨਹੀਂ ਚੋਣ ਵਰਗਾ,
ਲੱਗਣ ਵਾਲੀ ਆ ਜਾਪ ਰਹੀ ਜੰਗ ਮੀਆਂ।
ਝੂਲਦੇ ਵਰਕਰ ਚੁਪਾਸੀਂ ਨੇ ਆਈ ਜਾਂਦੇ,
ਸਪਲਾਈ ਥੋੜ੍ਹੀ ਤੇ ਭਾਰੀ ਹੈ ਮੰਗ ਮੀਆਂ।

-ਤੀਸ ਮਾਰ ਖਾਂ

# ਇਕ ਦਿਨ 'ਚ 16,078 ਮੈਗਾਵਾਟ ਦੀ ਮੰਗ ਪੂਰੀ ਕੀਤੀ : ਹਰਭਜਨ ਸਿੰਘ ਈ ਟੀ ਓ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕਿਹਾ ਕਿ ਪੀ ਐੱਸ ਪੀ ਸੀ ਐੱਲ ਨੇ ਬਿਜਲੀ ਦੀ ਪਿਛਲੇ ਸਾਲ ਦੀ ਵੱਧ ਤੋਂ ਵੱਧ 15,325 ਮੈਗਾਵਾਟ ਦੀ ਮੰਗ ਨੂੰ ਪਾਰ ਕਰਦਿਆਂ ਇਸ ਸਾਲ 19 ਜੂਨ ਨੂੰ 16,078 ਮੈਗਾਵਾਟ ਦੀ ਆਪਣੀ ਹੁਣ ਤੱਕ ਦੀ ਸਭ ਤੋਂ ਉੱਚੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ ਅਤੇ ਸੂਬੇ ਭਰ ਵਿੱਚ ਝੋਨੇ ਦੀ ਫ਼ਸਲ ਦੀ ਬਿਜਾਈ ਲਈ ਖੇਤੀਬਾੜੀ ਫੀਡਰਾਂ ਨੂੰ ਰੋਜ਼ਾਨਾ 8 ਘੰਟੇ ਮੁਹੱਈਆ ਨਿਰਵਿਘਨ ਬਿਜਲੀ ਸਪਲਾਈ ਕਰਵਾਉਣ ਦੇ ਨਾਲ-ਨਾਲ ਕਿਸੇ ਵੀ ਖਪਤਕਾਰ ਵਰਗ 'ਤੇ ਕੋਈ ਕੱਟ ਨਹੀਂ ਲਗਾਏ ਗਏ।

ਬਿਜਲੀ ਮੰਤਰੀ ਨੇ ਦੱਸਿਆ ਕਿ ਰਾਜ ਭਰ ਵਿੱਚ 11 ਕੇ ਵੀ ਦੇ 13340 ਫੀਡਰ ਹਨ, ਜਿਨ੍ਹਾਂ ਵਿੱਚੋਂ 6954 ਫੀਡਰ ਕਰੀਬ 14 ਲੱਖ ਟਿਊਬਵੈੱਲ ਕੁਨੈਕਸ਼ਨਾਂ ਨੂੰ ਖੇਤੀਬਾੜੀ ਸਪਲਾਈ ਪ੍ਰਦਾਨ ਕਰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਬਿਜਲੀ ਉਪਲੱਬਧਤਾ ਦੇ ਪ੍ਰਬੰਧ ਅਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਦੇ ਕੰਮਾਂ ਸਮੇਤ ਕਈ ਕਦਮ ਚੁੱਕੇ ਹਨ।

ਈ ਟੀ ਓ ਵੱਲੋਂ ਝੋਨੇ ਦੇ ਚੱਲ ਰਹੇ ਸੀਜ਼ਨ ਲਈ ਸੂਬੇ ਦੇ ਬਿਜਲੀ ਸਪਲਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵਧੀਕ ਮੁੱਖ ਸਕੱਤਰ ਬਿਜਲੀ ਤਜਵੀਰ ਸਿੰਘ, ਸੀ ਐੱਮ ਡੀ/ ਪੀ ਐੱਸ ਪੀ ਸੀ ਐੱਲ ਇੰਜ. ਬਲਦੇਵ ਸਿੰਘ ਸਰਾਂ ਡਾਇਰੈਕਟਰ ਡਿਸਟਰੀਬਿਊਸ਼ਨ, ਪੀ ਐੱਸ ਪੀ ਸੀ ਐੱਲ, ਇੰਜ. ਡੀ ਪੀ ਐੱਸ ਗਰੇਵਾਲ ਅਤੇ ਡਾਇਰੈਕਟਰ ਜਨਰੇਸ਼ਨ ਪੀ ਐੱਸ ਪੀ ਸੀ.ਐੱਲ ਤੇ ਇੰਜ. ਪਰਮਜੀਤ ਸਿੰਘ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਪੀ ਐੱਸ ਪੀ ਸੀ ਐੱਲ ਦੇ ਅਧਿਕਾਰੀਆਂ ਨੇ ਬਿਜਲੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਇਸ ਗਰਮੀ ਵਿੱਚ ਵਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਕਈ ਉਪਾਅ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸ਼ਹਿਰੀ ਕੇਂਦਰਾਂ ਵਿੱਚ ਮੋਬਾਈਲ ਟਰਾਂਸਫਾਰਮਰ ਸਥਾਪਤ ਕਰਨਾ, ਡਵੀਜ਼ਨ ਪੱਧਰ ਅਤੇ ਗਰਿੱਡ ਸਬ-ਸਟੇਸ਼ਨ 'ਤੇ ਮਟੀਰੀਅਲ ਸਟੋਰ ਸਥਾਪਤ ਕਰਨਾ, ਡਵੀਜ਼ਨ ਪੱਧਰ 'ਤੇ 104 ਨੋਡਲ ਸ਼ਿਕਾਇਤ ਕੇਂਦਰ ਸਥਾਪਤ ਕਰਨਾ, 21 ਸਰਕਲਾਂ 'ਤੇ ਕੰਟਰੋਲ ਰੂਮ ਸਥਾਪਤ ਕਰਨਾ, ਸ਼ਿਕਾਇਤਾਂ ਦੇ ਨਿਪਟਾਰੇ ਲਈ ਮੁੱਖ ਦਫ਼ਤਰ ਦੇ ਕੰਟਰੋਲ ਰੂਮ ਤੋਂ ਇਲਾਵਾ 5 ਜ਼ੋਨ ਸਥਾਪਤ ਕਰਨਾ ਅਤੇ ਸ਼ਿਕਾਇਤਾਂ ਨਾਲ ਨਜਿੱਠਣ ਲਈ ਲੋੜੀਂਦੀ ਮੈਨਪਾਵਰ ਤਾਇਨਾਤ ਕਰਨਾ ਆਦਿ ਸ਼ਾਮਿਲ ਹਨ।

ਇਸ ਤੋਂ ਇਲਾਵਾ ਪੀ ਐੱਸ ਪੀ ਸੀ ਐੱਲ ਵੱਲੋਂ ਦੱਸਿਆ ਗਿਆ ਕਿ ਝੋਨੇ ਦੇ ਸੀਜ਼ਨ ਦੌਰਾਨ ਲੋੜਾਂ ਨੂੰ ਪੂਰਾ ਕਰਨ ਲਈ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ, ਕੇਬਲਾਂ/ ਪੀ ਵੀ ਸੀ, ਕੰਡਕਟਰਾਂ, ਖੰਭਿਆਂ ਅਤੇ ਹੋਰ ਸਮਾਨ ਦੀ ਸਟਾਕ ਸਥਿਤੀ ਅਤੇ ਸਪਲਾਈ ਲੋੜੀਂਦੀ ਮਾਤਰਾ ਵਿੱਚ ਮੌਜੂਦ ਹੈ। ਪੀ ਐੱਸ ਪੀ ਸੀ ਐੱਲ ਵੱਲੋਂ ਇਹ ਵੀ ਦੱਸਿਆ ਗਿਆ ਕਿ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ ਅਤੇ ਪਾਵਰ ਲਾਈਨਾਂ ਸਮੇਤ ਬਿਜਲੀ ਵੰਡ ਪ੍ਰਣਾਲੀ ਦਾ ਵਿਆਪਕ ਰੱਖ-ਰਖਾਅ ਕੀਤਾ ਗਿਆ। ਇਸ ਪ੍ਰਬੰਧਾਂ ਦੇ ਨਤੀਜੇ ਵਜੋਂ ਪੰਜਾਬ ਵਿੱਚ ਇਸ ਸਾਲ ਬਿਜਲੀ ਦੀ ਚੰਗਿਆੜੀ ਕਾਰਨ ਫਸਲਾਂ ਨੂੰ ਅੱਗ ਲੱਗਣ ਦੀ ਕੋਈ ਵੀ ਘਟਨਾ ਰਿਪੋਰਟ ਨਹੀਂ ਹੋਈ।

ਬਿਜਲੀ ਮੰਤਰੀ ਨੇ ਪੀ ਐੱਸ ਪੀ ਸੀ ਐੱਲ ਨੂੰ ਹਦਾਇਤ ਕੀਤੀ ਕਿ ਗਰਮੀਆਂ ਦੇ ਮੌਸਮ ਦੌਰਾਨ ਬਿਜਲੀ ਦੇ ਕੱਟ ਨਾ ਲੱਗਣ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਦੀ ਸਮਾਪਤੀ ਬਿਜਲੀ ਮੰਤਰੀ ਨੇ ਬਿਜਲੀ ਕੰਪਨੀਆਂ ਵੱਲੋਂ ਕੀਤੀਆਂ ਤਿਆਰੀਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਕੀਤੀ। ਉਨ੍ਹਾ ਕਿਹਾ ਕਿ ਸਰਕਾਰ ਨੂੰ ਭਰੋਸਾ ਹੈ ਕਿ ਗਰਮੀ ਦੇ ਮੌਸਮ ਦੌਰਾਨ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ।

CMYK

23-JUNE-PAGE-1.qxd 6/22/2024 11:09 PM Page 2



## ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਵੱਲੋਂ ਅਕਤੂਬਰ 2023 ਵਿੱਚ ਅਖ਼ਬਾਰੀ ਇਸ਼ਤਿਹਾਰ ਰਾਹੀਂ ਸਿਹਤ ਵਿਭਾਗ ਵਿੱਚ 986 ਰੈਗੂਲਰ ਮਲਟੀਪਰਪਜ਼ ਹੈਲਥ ਵਰਕਰ (ਇਸਤਰੀ) ਰੈਗੂਲਰ ਪੋਸਟਾਂ ਭਰਨ ਲਈ ਬਿਨੈ ਪੱਤਰ ਮੰਗੇ ਗਏ ਸਨ, ਜਿਸ ਲਈ ਪੰਜਾਬੀ ਦਾ ਪੇਪਰ 17-12-23 ਨੂੰ ਤੇ ਉਸ ਤੋਂ ਬਾਅਦ ਸਬਜੈਕਟ ਦਾ ਪੇਪਰ 7-1-24 ਨੂੰ ਹੋ ਗਿਆ ਸੀ।ਇਸ ਦੀ ਕੌਂਸਲਿੰਗ ਵੀ ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਫਰਵਰੀ 24 ਤੋਂ ਅਪ੍ਰੈਲ ਤੱਕ ਹੋ ਚੁੱਕੀ ਹੈ। ਏਨਾ ਸਮਾਂ ਬੀਤਣ ਦੇ ਬਾਵਜੂਦ ਸਿਹਤ ਵਿਭਾਗ ਇਨ੍ਹਾਂ 986 ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਨੂੰ ਨਿਯੁਕਤੀ ਪੱਤਰ ਸਿਹਤ ਵਿਭਾਗ ਵੱਲੋਂ ਨਹੀਂ ਦਿੱਤੇ ਗਏ।ਨਿਯੁਕਤੀ ਪੱਤਰ ਦੇਣ ਦੀ ਮੰਗ ਨੂੰ ਲੈ ਕੇ ਸਬੰਧਤ ਉਮੀਦਵਾਰਾਂ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਇੱਕ ਮੰਗ ਪੱਤਰ ਮੁੱਖ ਮੰਤਰੀ ਨੂੰ ਭੇਜਿਆ ਗਿਆ, ਜਿਸ ਵਿੱਚ ਜਲਦੀ ਨਿਯੁਕਤੀ ਪੱਤਰ ਦੇਣ ਸਬੰਧੀ ਗੁਹਾਰ ਲਾਈ ਗਈ ਹੈ।ਇਸ ਮੌਕੇ ਹਾਜ਼ਰ ਵੈਰੀਫਿਕੇਸ਼ਨ ਕਰਾ ਚੁੱਕੇ ਉਮੀਦਵਾਰ ਸਵਰਨ ਲਤਾ, ਕਰਮਜੀਤ ਕੌਰ, ਹਰਦੀਪ ਕੌਰ, ਲਖਵੀਰ ਕੌਰ, ਬਿੰਦਰ ਕੌਰ ਅਤੇ ਨਸੀਬ ਕੌਰ ਨੇ ਸਰਕਾਰ ਨੂੰ ਚਿਤਾਵਨੀ ਭਰੇ ਲਹਿਜ਼ੇ 'ਚ ਕਿਹਾ ਕਿ ਜੇਕਰ ਉਨ੍ਹਾਂ ਨੂੰ ਜਲਦੀ ਨਿਯੁਕਤੀ ਪੱਤਰ ਨਾ ਦਿੱਤੇ ਗਏ ਤਾਂ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਸਰਕਾਰ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

## ਆਪ ਆਗੂਆਂ ਦੀ ਪਾਰਟੀ ਦੀਆਂ ਨੀਤੀਆਂ ਸੰਬੰਧੀ ਮੀਟਿੰਗ



ਮੁਕਤਸਰ (ਸ਼ਮਿੰਦਰਪਾਲ, ਪੂਜਾ)-ਗਿੱਦੜਬਾਹਾ ਵਿਖੇ ਸੁਖਮੰਦਰ ਸਿੰਘ ਬਲਾਕ ਪ੍ਰਧਾਨ ਦੀ ਵਰਕਸ਼ਾਪ 'ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਸਬੰਧੀ ਮੀਟਿੰਗ ਹੋਈ।ਮੀਟਿੰਗ 'ਚ ਜਸਵੰਤ ਸਿੰਘ ਸੰਧੂ ਬਲਾਕ ਪ੍ਰਭਾਰੀ ਹਲਕਾ ਗਿੱਦੜਬਾਹਾ, ਵਰਿੰਦਰ ਢੋਸੀਵਾਲ ਜੁਆਇੰਟ ਸੈਕਟਰੀ ਪੰਜਾਬ, ਜ਼ਿਲ੍ਹਾ ਈਵੈਂਟ ਇੰਚਾਰਜ, ਅਮਰਰਣਜੀਤ ਸਿੰਘ ਰਿਟਾਇਰਡ ਕਾਨੂੰਨਗੋ, ਬਲਤੇਜ ਸਿੰਘ ਵਾਰਡ ਇੰਚਾਰਜ, ਡਾ. ਜਸਮੇਲ ਸਿੰਘ, ਸਾਹਿਬ ਸਿੰਘ ਮਾਨ ਵਾਰਡ ਨੰਬਰ 15, ਕੋਮਲਪ੍ਰੀਤ ਸਿੰਘ, ਵਿੱਕੀ ਗੁਰੂਸਰ, ਗੁਰਪ੍ਰੀਤ ਸਿੰਘ ਇੰਚਾਰਜ ਵਾਰਡ ਨੰਬਰ 10, ਕੁਸ਼ਲ ਵਰਮਾ ਤੇ ਹੋਰ ਵੀ ਮੈਂਬਰ ਹਾਜ਼ਰ ਹੋਏ।ਇਸ ਮੌਕੇ ਸੰਬੋਧਨ ਕਰਦਿਆਂ ਜਸਵੰਤ ਸਿੰਘ ਸੰਧੂ ਬਲਾਕ ਪ੍ਰਭਾਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਦੋ ਸਾਲਾਂ ਦੇ ਕਾਰਜਕਾਲ 'ਚ ਪੰਜਾਬ ਦਾ ਵਿਕਾਸ ਕੀਤਾ ਹੈ, ਉਹ ਪਿਛਲੀਆਂ ਸਰਕਾਰਾਂ 70 ਸਾਲਾਂ 'ਚ ਨਹੀਂ ਕਰ ਸਕੀਆਂ।ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਹੈ, ਨਸ਼ਿਆਂ ਨੂੰ ਠੱਲ੍ਹ ਪਾਈ ਹੈ, ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬਾ ਵਿਕਾਸ ਦੀਆਂ ਲੀਹਾਂ 'ਤੇ ਚੱਲ ਰਿਹਾ ਹੈ।ਇਸ ਦੌਰਾਨ ਉਨ੍ਹਾਂ ਜ਼ਿਮਨੀ ਚੋਣਾਂ ਬਾਰੇ ਚਰਚਾ ਕੀਤੀ।ਸਾਰਿਆਂ ਨੇ ਸਰਬਸੰਮਤੀ ਨਾਲ ਵਿਚਾਰ ਦਿੱਤਾ ਕਿ ਪਾਰਟੀ ਆਮ ਆਦਮੀ ਦੇ ਵਰਕਰ ਨੂੰ ਟਿਕਟ ਦੇਵੇ ਤੇ ਸਾਰਿਆਂ ਨੇ ਵਧ ਚੜ੍ਹ ਕੇ ਕੰਮ ਕਰਨ ਦੀ ਸਹਿਮਤੀ ਦਿੱਤੀ।

## ਬਸਪਾ ਹਲਕਾ ਫਰੀਦਕੋਟ ਦੇ ਅਹੁਦੇਦਾਰਾਂ ਦੀ ਚੋਣ



ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਫਰੀਦਕੋਟ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਬਖ਼ਸ਼ ਸਿੰਘ ਚੌਹਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਬਹੁਜਨ ਸਮਾਜ ਪਾਰਟੀ ਦੇ ਹਲਕਾ ਫਰੀਦਕੋਟ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਇਸ ਵਿੱਚ ਗੁਰਜੰਟ ਸਿੰਘ ਗਿੱਲ ਹਲਕਾ ਪ੍ਰਧਾਨ ਫਰੀਦਕੋਟ, ਪੱਪੂ ਸਿੰਘ ਸਾਦਿਕ ਸੀਨੀਅਰ ਮੀਤ ਪ੍ਰਧਾਨ, ਸੇਵਕ ਸਿੰਘ ਪਿੱਪਲੀ ਜਨਰਲ ਸੈਕਰੇਟਰੀ, ਨਿਰਮਲ ਸਿੰਘ ਸਾਦਿਕ ਜਨਰਲ ਸੈਕਟਰੀ, ਗੁਰਟੇਕ ਸਿੰਘ ਸਿਮਰੇਵਾਲਾ ਸੈਕਰੇਟਰੀ, ਧਰਮਪਾਲ ਸਿੰਘ ਡੋਡ ਸੈਕਰੇਟਰੀ, ਨਰਿੰਦਰ ਸਿੰਘ ਹੈਪੀ ਸ਼ਹਿਰੀ ਪ੍ਰਧਾਨ, ਬਾਬਾ ਫੂਲਾ ਸਿੰਘ ਪਿਪਲੀ ਮੀਤ ਪ੍ਰਧਾਨ ਤੇ ਬਲਵਿੰਦਰ ਸਿੰਘ ਮੁਮਾਰਾ ਖਜ਼ਾਨਚੀ ਨਿਯੁਕਤ ਕੀਤਾ ਗਿਆ।

## ਜ਼ਿਲ੍ਹਾ ਸਿਹਤ ਅਫ਼ਸਰ ਵੱਲੋਂ ਅੱਧੀ ਦਰਜਨ ਸਿਹਤ ਕੇਂਦਰਾਂ ਦੀ ਚੈਕਿੰਗ



ਮਾਲੇਰਕੋਟਲਾ (ਅਸਗਰ ਪਰਿਹਾਰ)-ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ ਵੱਲੋਂ ਜ਼ਿਲ੍ਹੇ ਦੇ ਕਰੀਬ ਅੱਧੀ ਦਰਜਨ ਸਿਹਤ ਕੇਂਦਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।ਇਸ ਬਾਰੇ ਜਾਣਕਾਰੀ ਦਿੰਦਿਆਂ ਸਹਾਇਕ ਮੁਹੰਮਦ ਰਾਸ਼ਿਦ ਨੇ ਦੱਸਿਆ ਕੇ ਜ਼ਿਲ੍ਹਾ ਸਿਹਤ ਅਫ਼ਸਰ ਵੱਲੋਂ ਸਿਹਤ ਕੇਂਦਰ ਪਿੰਡ ਸਦਾਤਪੁਰ, ਪਿੰਡ ਬੁਰਜ, ਹਥਨ, ਹਿੰਮਤਨਾ, ਸੰਗਾਲਾ, ਰਟੋਲਾਂ ਦਾ ਨਰੀਖਣ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਪੁਨੀਤ ਸਿੱਧੂ ਨੇ ਕਿਹਾ ਕਿ ਵੈੱਲਨੈੱਸ ਕੇਂਦਰਾਂ ਦੀ ਸਾਫ ਸਫਾਈ ਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ, ਸਟਾਫ ਦੀ ਹਾਜ਼ਰੀ, ਮਰੀਜ਼ਾਂ ਦਾ ਰਿਕਾਰਡ, ਟੀ ਬੀ ਦੇ ਮਰੀਜ਼ਾਂ ਦੀ ਗਿਣਤੀ ਤੇ ਮਹੀਨਾਵਾਰ ਭੇਜੇ ਜਾਂਦੇ ਸੈਂਪਲਾਂ ਦੀ ਗਿਣਤੀ, ਗਰਭਵਤੀ ਔਰਤਾਂ ਦੀ ਗਿਣਤੀ, ਹਾਈ ਰਿਸਕ ਔਰਤਾਂ ਦੀ ਗਿਣਤੀ, ਜਨਮ ਤੇ ਮੌਤ ਰਜਿਸਟਰ ਅਤੇ ਦਵਾਈਆਂ ਦੀ ਉਪਲਬਧਤਾ ਬਾਰੇ ਨਰੀਖਣ ਕੀਤਾ ਗਿਆ।ਉਨ੍ਹਾ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੀ ਅਚਨਚੇਤ ਨਰੀਖਣ ਜਾਰੀ ਰਹਿਣਗੇ ਤਾਂ ਜੋ ਵਧੀਆ ਸਿਹਤ ਸਹੂਲਤਾਂ ਨੂੰ ਲੋਕਾਂ ਤੱਕ ਪੁੱਜਦਾ ਕਰਨਾ ਯਕੀਨੀ ਬਣਾਇਆ ਜਾ ਸਕੇ।

## ਪਸ਼ੂਆਂ ਦੀ ਸਾਂਭ ਸੰਭਾਲ ਤੇ ਦੁੱਧ ਦੀ ਪੈਦਾਵਾਰ ਵਧਾਉਣ ਲਈ ਜਾਗਰੂਕਤਾ ਕੈਂਪ



ਬੁਢਲਾਡਾ (ਅਸ਼ੋਕ ਲਾਕੜਾ)-ਪਸ਼ੂਆਂ ਦੀ ਸਾਂਭ ਸੰਭਾਲ ਅਤੇ ਚੰਗੀ ਖੁਰਾਕ ਤੇ ਦੁੱਧ ਦੀ ਪੈਦਾਵਾਰ ਨੂੰ ਵਧਾਉਣ ਲਈ ਸਥਾਨਕ ਚਾਵਲਾ ਰੈਸਟੋਰੈਂਟ ਵਿੱਚ ਪ੍ਰਾਈਵੇਟ ਕੰਪਨੀ ਡੀ-ਹਿਊਜ਼ ਵੱਲੋਂ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਕਰੀਬ 200 ਤੋਂ ਵੱਧ ਪਸ਼ੂ ਪਾਲਕਾਂ, ਦੋਧੀ ਤੇ ਫੀਡ ਵਿਕ੍ਰੇਤਾਵਾਂ ਨੇ ਹਿੱਸਾ ਲਿਆ।ਇਸ ਕੈਂਪ ਦੀ ਸ਼ੁਰੂਆਤ ਸ਼ਹਿਰ ਦੇ ਫੀਡ ਵਿਕ੍ਰੇਤਾ ਕੀਮਤ ਚੰਦ ਤੇ ਪੰਕਜ ਗੋਇਲ ਵੱਲੋਂ ਪਹੁੰਚੇ ਪਤਵੰਤਿਆਂ ਦਾ ਸਵਾਗਤ ਕਰਦਿਆਂ ਕੀਤਾ ਗਿਆ।ਇਸ ਮੌਕੇ ਕੰਪਨੀ ਦੇ ਡਾਇਰੈਕਟਰ ਅਮਿਤ ਮਿਤਾਨ, ਡਾ. ਪਦਮਵੀਰ ਸਿੰਘ ਨੇ ਪਸ਼ੂਆਂ ਦੀ ਚੰਗੀ ਸਾਂਭ ਸੰਭਾਲ, ਪਸ਼ੂਆਂ ਨੂੰ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ, ਦੁੱਧ ਦੀ ਪੈਦਾਵਾਰ ਨੂੰ ਵਧਾਉਣ ਬਾਰੇ ਜਾਗਰੂਕ ਕੀਤਾ।ਉਨ੍ਹਾਂ ਪਸ਼ੂਆਂ ਅੰਦਰ ਗੱਭਣ ਹੋਣ ਸੰਬੰਧੀ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਦੇ ਨੁਕਤੇ ਸਾਂਝੇ ਕੀਤੇ।ਉਨ੍ਹਾਂ ਪਸ਼ੂ ਪਾਲਕਾਂ ਨੂੰ ਚੰਗੀ ਫੀਡ ਸੰਬੰਧੀ, ਸਮੇਂ ਸਮੇਂ ਚੈੱਕਅਪ ਆਦਿ ਕਈ ਸਮੱਸਿਆਵਾਂ ਦਾ ਹੱਲ ਆਪਣੇ ਤੌਰ 'ਤੇ ਕਰਨ ਬਾਰੇ ਵੀ ਦੱਸਿਆ ਕਿ ਅਸੀਂ ਕਿਸ ਤਰ੍ਹਾਂ ਪਸ਼ੂਆਂ ਦੀ ਸਾਂਭ ਸੰਭਾਲ ਕਰਕੇ ਦੁੱਧ ਦੀ ਪੈਦਾਵਾਰ ਨੂੰ ਵਧਾ ਸਕਦੇ ਹਾਂ।ਇਸ ਮੌਕੇ ਰੀਜਨਲ ਮੈਨੇਜਰ ਦੀਨੇਸ਼ ਸ਼ਰਮਾ ਨੇ ਪਹੁੰਚੇ ਪਸ਼ੂ ਪਾਲਕਾਂ, ਦੋਧੀਆਂ ਨੂੰ ਆ ਰਹੀਆਂ ਪ੍ਰਸ਼ਾਨੀਆਂ ਲਈ ਸਵਾਲਾਂ ਦੇ ਜੁਆਬ ਦਿੰਦਿਆਂ ਸੰਪੂਰਨ ਜਾਣਕਾਰੀ ਦਿੱਤੀ।ਇਸ ਮੌਕੇ ਲੱਕੀ ਡਰਾਅ ਵਿਜੇਤਾ ਸੁਰਿੰਦਰ ਪਾਲ ਤੇ ਲਖਵਿੰਦਰ ਸਿੰਘ ਸੈਦੇਵਾਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਜਲ ਸਪਲਾਈ ਮੁਲਾਜ਼ਮਾਂ ਵੱਲੋਂ ਮੋਹਾਲੀ ਵਿਖੇ ਧਰਨਾ 27 ਨੂੰ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਸਾਹਿਬ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਬ੍ਰਾਂਚ ਪ੍ਰਧਾਨ ਰਾਮ ਸਿੰਘ, ਜਸਵੀਰ ਸਿੰਘ ਦੀ ਅਗਵਾਈ ਵਿੱਚ ਹੋਈ। ਉਕਤ ਆਗੂਆਂ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿਰਤ ਕਾਨੂੰਨ ਦੇ ਵਾਧੇ ਮੁਤਾਬਿਕ ਹੋਏ ਉਜ਼ਰਤਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਲ ਸਪਲਾਈ ਵਿਭਾਗ ਦੇ ਸਮੂਹ ਕਾਮਿਆਂ ਵੱਲੋਂ 27 ਜੂਨ ਨੂੰ ਮੁੱਖ ਦਫ਼ਤਰ ਮੋਹਾਲੀ ਵਿਖੇ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲ ਸਪਲਾਈ ਵਿਭਾਗ ਦੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਜਿੱਥੇ ਕਿਤੇ ਵੀ ਜਾਣਗੇ, ਉਨ੍ਹਾਂ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ। ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾਉਣ ਦੇ ਫੈਸਲੇ ਨੂੰ ਰੱਦ ਕੀਤਾ ਜਾਵੇ ਅਤੇ ਸਕੀਮਾਂ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀ ਬਜਾਏ ਸਰਕਾਰ ਵੱਲੋਂ ਪਹਿਲਾਂ ਵਾਂਗ ਖੁਦ ਚਲਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਵੇ ਅਤੇ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਦਾ ਪ੍ਰਬੰਧ ਖੁਦ ਸਰਕਾਰ ਵੱਲੋਂ ਕੀਤਾ ਜਾਵੇ। ਇਸ ਸਮੇਂ ਹਰਪ੍ਰੀਤ ਸਿੰਘ, ਦਿਲਬਾਗ ਸਿੰਘ, ਮਨਦੀਪ ਸਿੰਘ, ਗੁਰਤੇਜ ਤੇਜ਼ੀ, ਹਰਦੀਪ ਸਿੰਘ, ਸੁਖਦੇਵ ਸਿੰਘ ਆਦਿ ਸ਼ਾਮਲ ਸਨ।

# ਘੁੰਗਰਾਲੀ ਗੈਸ ਫੈਕਟਰੀ ਬੰਦ ਕਰਵਾਉਣ ਲਈ ਹਰ ਕੁਰਬਾਨੀ ਲਈ ਤਿਆਰ : ਪ੍ਰਧਾਨ ਚੜੂਨੀ

### ਪ੍ਰਸ਼ਾਸਨ ਫੈਕਟਰੀ ਦੇ ਮਾਮਲੇ 'ਤੇ ਕਮੇਟੀ ਗਠਿਤ ਕਰੇ, ਸਰਕਾਰ ਯਾਦ ਰੱਖੇ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਾਂਗੇ



ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਪ੍ਰਦੂਸ਼ਣ ਫੈਲਾਅ ਰਹੀ ਤੇ ਕਿਸਾਨਾਂ ਦੀ ਜ਼ਮੀਨ ਅਤੇ ਪਾਣੀ ਬਰਬਾਦ ਕਰਨ ਦੀ ਜ਼ਿੰਮੇਵਾਰ ਘੁੰਗਰਾਲੀ ਗੈਸ ਫੈਕਟਰੀ ਬੰਦ ਕਰਵਾਉਣ ਲਈ ਬੀਕੇਯੂ ਚੜੂਨੀ ਹਰ ਕੁਰਬਾਨੀ ਲਈ ਤਿਆਰ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਅੱਜ ਘੁੰਗਰਾਲੀ ਮੋਰਚੇ ਵਿੱਚ ਵਿਸ਼ੇਸ਼ ਤੌਰ 'ਤੇ ਸੰਘਰਸ਼ ਕਮੇਟੀ ਦੇ ਸੱਦੇ 'ਤੇ ਧਰਨੇ ਵਿੱਚ ਸ਼ਮੂਲੀਅਤ ਕਰਦਿਆਂ ਸਾਂਝੇ ਕੀਤੇ।ਉਨ੍ਹਾ ਪ੍ਰਸ਼ਾਸਨ ਤੇ ਸਰਕਾਰ ਨੂੰ ਸਖ਼ਤ ਲਫਜ਼ਾਂ ਵਿਚ ਤਾੜਨਾ ਕਰਦਿਆਂ ਹੋਰ ਕਿਹਾ ਕਿ ਪ੍ਰਸ਼ਾਸਨ, ਇਸ ਫੈਕਟਰੀ ਦੇ ਮਾਮਲੇ 'ਤੇ ਇਕ ਕਮੇਟੀ ਗਠਿਤ ਕਰੇ, ਜਿਸ ਵਿੱਚ ਸੰਘਰਸ਼ ਕਮੇਟੀ ਦੇ ਮੈਂਬਰ ਸ਼ਾਮਲ ਕਰਕੇ ਮਸਲੇ ਦਾ ਹੱਲ ਕੱਢੇ। ਉਨ੍ਹਾ ਕਿਹਾ ਕਿ ਸਰਕਾਰ ਯਾਦ ਰੱਖੇ ਕਿ ਧਰਨੇ ਵਿੱਚ ਕਿਸੇ ਕਿਸਮ ਦੀ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਨਾ ਕਰੇ, ਯੂਨੀਅਨ ਕਿਸੇ ਵੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰੇਗੀ। ਫੈਕਟਰੀ ਸੰਚਾਲਕ ਵੀ ਨਿਯਮਾਂ ਦੀ ਹੂਬਹੂ ਪਾਲਨਾ ਕਰਨ, ਜੇਕਰ ਕਿਸੇ ਕਿਸਮ ਦੀ ਕੁਤਾਹੀ ਸਾਹਮਣੇ ਆਵੇਗੀ ਤਾਂ ਹਰ ਹਾਲਤ ਵਿੱਚ ਕਾਨੂੰਨੀ ਕਰਵਾਈ ਕਰਾਵਾਂਗੇ।ਫੈਕਟਰੀ ਖ਼ਿਲਾਫ਼ ਧਰਨੇ ਸਬੰਧੀ ਫੈਕਟਰੀ ਦੇ ਮਾਲਕ ਤੇ ਸਰਕਾਰ ਇਸ ਗੱਲ ਦਾ ਧਿਆਨ ਰੱਖੇ ਕਿ ਪਿੰਡ ਵਾਸੀਆਂ ਦੇ ਸੰਘਰਸ਼ ਨਾਲ ਸਾਰੀ ਬੀਕੇਯੂ, ਸਾਰਾ ਪੰਜਾਬ ਤੇ ਸਾਰੇ ਹਰਿਆਣੇ ਦੇ ਲੋਕ ਚਟਾਨ ਵਾਂਗ ਖੜੇ ਹਨ। ਲੋੜ ਪਈ ਤਾਂ ਮੈਂ ਵੀ ਧਰਨੇ ਵਿੱਚ ਆ ਕੇ ਬੈਠ ਸਕਦਾ ਹੈ।ਸੰਘਰਸ਼ ਕਮੇਟੀ ਨੇ ਪ੍ਰਧਾਨ ਚੜੂਨੀ ਨੂੰ ਦੱਸਿਆ ਕਿ ਫੈਕਟਰੀ ਦਾ ਲਾਇਸੰਸ ਰੱਦ ਹੋਣ ਦੇ ਬਾਵਜੂਦ ਫੈਕਟਰੀ ਮਾਲਕ ਟਸ ਤੋਂ ਮਸ ਨਹੀਂ ਹੋ ਰਹੇ।ਲਾਇਸੰਸ ਰੱਦ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਪ੍ਰਧਾਨ ਚੜੂਨੀ ਨੇ ਕਿਹਾ ਕਿ ਜੇਕਰ ਅਜਿਹਾ ਹੋਇਆ ਹੈ ਤਾਂ ਫੈਕਟਰੀ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਹੋ ਸਕਦਾ ਹੈ।ਫੈਕਟਰੀ ਸਰਕਾਰ ਦੇ ਮਾਪਦੰਡਾਂ ਅਨੁਸਾਰ ਕਿਰਿਆਸ਼ੀਲ ਹੋਵੇ।ਜੇਕਰ ਫੈਕਟਰੀ ਮਿੱਥੇ ਮਾਪਦੰਡਾਂ 'ਤੇ ਖਰਾ ਨਹੀਂ ਉਤਰਦੀ ਤਾਂ ਵੀ ਕਰਵਾਈ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।ਉਨ੍ਹਾ ਧਰਨਾਕਾਰੀਆ ਨੂੰ ਕਿਹਾ ਕਿ ਦ੍ਰਿੜਤਾ ਨਾਲ ਸੰਘਰਸ਼ ਉਪਰ ਪਹਿਰਾ ਦਿਉ, ਲੋਕਾਂ ਦੇ ਸੰਘਰਸ਼ ਅੱਗੇ ਵੱਡੀਆਂ ਵੱਡੀਆਂ ਸਰਕਾਰਾਂ ਵੀ ਗੋਡੇ ਟੇਕ ਦਿੰਦੀਆਂ ਹਨ।ਉਨ੍ਹਾ ਇਕ ਵਾਰ ਫਿਰ ਫੈਕਟਰੀ ਦੇ ਮਾਮਲੇ 'ਤੇ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਫੈਕਟਰੀ ਨੂੰ ਨਿਯਮਾਂ ਦੀ ਹੂਬਹੂ ਪਾਲਣਾ ਕਰਵਾਈ ਜਾਵੇ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਏਜੰਟ ਨੇ ਠੱਗੇ 12 ਲੱਖ ਰੁਪਏ, ਸਦਮੇ 'ਚ ਔਰਤ ਨੇ ਕੀਤੀ ਖ਼ੁਦਕੁਸ਼ੀ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਸਾਡੀ ਨੌਜਵਾਨ ਪੀੜ੍ਹੀ ਉੱਪਰ ਵਿਦੇਸ਼ ਜਾਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਕਈ ਵਾਰ ਉਹ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ।ਕਈ ਏਜੰਟ ਲੋਕਾਂ ਦੇ ਪੈਸੇ ਲੈ ਕੇ ਰਫੂ ਚੱਕਰ ਹੋ ਰਹੇ ਹਨ।ਅਜਿਹਾ ਹੀ ਮਾਮਲਾ ਬਠਿੰਡਾ ਜ਼ਿਲ੍ਹੇ ਦੇ ਪਿੰਡ ਸੇਲਵਰਾਹ ਵਿੱਚ ਸਾਹਮਣੇ ਆਇਆ ਹੈ, ਜਿੱਥੇ ਇੱਕ ਟਰੈਵਲ ਏਜੰਟ ਨੇ ਇਕ ਵਿਅਕਤੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 12 ਲੱਖ ਰੁਪਏ ਦੀ ਠੱਗੀ ਮਾਰ ਲਈ।ਥਾਣਾ ਫੂਲ ਦੀ ਪੁਲਸ ਨੇ ਟਰੈਵਲ ਏਜੰਟ ਖਿਲਾਫ ਔਰਤ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।ਕਥਿਤ ਦੋਸ਼ੀ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ।ਇਹ ਕਾਰਵਾਈ ਮ੍ਰਿਤਕਾ ਦੇ ਪਤੀ ਦੀ ਸ਼ਿਕਾਇਤ 'ਤੇ ਅਮਲ ਵਿੱਚ ਲਿਆਂਦੀ ਗਈ ਹੈ।ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਅਨੁਸਾਰ ਬਲਵਿੰਦਰ ਸਿੰਘ ਵਾਸੀ ਪਿੰਡ ਸੇਲਬਰਾਹ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਲੜਕਾ ਕੈਨੇਡਾ ਜਾਣਾ ਚਾਹੁੰਦਾ ਸੀ, ਜਿਸ ਲਈ ਉਸ ਨੇ ਸੁਮਨ ਗੋਇਲ ਵਾਸੀ ਭਾਈ ਰੂਪਾ ਨਾਲ ਸੰਪਰਕ ਕੀਤਾ ਸੀ।ਪੀੜਤ ਵਿਅਕਤੀ ਅਨੁਸਾਰ ਸੁਮਨ ਗੋਇਲ ਨੇ ਉਸ ਦੇ ਲੜਕੇ ਨੂੰ ਬਾਹਰ ਭੇਜਣ ਦੇ ਨਾਮ 'ਤੇ 12 ਲੱਖ 12 ਹਜ਼ਾਰ ਰੁਪਏ ਲਏ ਸਨ, ਪਰ ਉਕਤ ਵਿਅਕਤੀ ਨੇ ਨਾ ਤਾਂ ਉਸੇ ਲੜਕੇ ਨੂੰ ਬਾਹਰ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ।ਜਦ ਉਸ ਦੀ ਪਤਨੀ ਗੁਰਮੇਲ ਕੌਰ ਨੇ ਉਕਤ ਏਜੰਟ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ ਕਿ ਉਹ ਪੈਸੇ ਨਹੀਂ ਮੋੜਦਾ, ਜਿਸ ਤੋਂ ਬਾਅਦ ਉਸ ਦੀ ਪਤਨੀ ਨੇ ਸਦਮੇ ਵਿੱਚ ਆ ਕੇ ਕੋਈ ਜ਼ਹਿਰੀਲੀ ਦਵਾਈ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ।ਜਾਂਚ ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਅਧਾਰ 'ਤੇ ਕਥਿਤ ਦੋਸ਼ੀ ਖਿਲਾਫ ਆਤਮਹੱਤਿਆ ਲਈ ਮਜਬੂਰ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਹੈ।ਉਕਤ ਵਿਅਕਤੀ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ।

# ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਬਾਰੇ ਵਰਤੀ ਸ਼ਬਦਾਵਲੀ ਨਿੰਦਣਯੋਗ : ਸੂਬਾ ਕਮੇਟੀ



ਮਾਨਸਾ (ਆਤਮਾ ਸਿੰਘ ਪਮਾਰ)-ਮੈਡੀਕਲ ਪ੍ਰੈਕਟੀਸ਼ਨਰਜ਼ ਅਸੋਸੀਏਸ਼ਨ ਪੰਜਾਬ ਵੱਲੋਂ ਇੱਕ ਪੰਜਾਬੀ ਅਖ਼ਬਾਰ 'ਚ 18 ਜੂਨ ਨੂੰ 'ਸਰਹੱਦੀ ਇਲਾਕਿਆਂ 'ਚ ਝੋਲਾ ਛਾਪ ਡਾਕਟਰਾਂ ਦੀ ਭਰਮਾਰ' ਸਿਰਲੇਖ ਹੇਠ ਇੱਕ ਖ਼ਬਰ ਪ੍ਰਕਾਸ਼ਤ ਹੋਈ ਸੀ, ਜਿਸ ਵਿੱਚ ਸ਼ਹਿਰੀ ਗਰੀਬ ਬਸਤੀਆਂ ਤੇ ਪਿੰਡਾਂ ਵਿੱਚ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਬਾਰੇ ਬੇਤੁਕੀ ਤੇ ਝੋਲਾ ਛਾਪ ਵਰਗੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਜਿਸ ਦੀ ਜਥੇਬੰਦੀ ਵੱਲੋਂ ਸਖ਼ਤ ਨਿੰਦਾ ਕੀਤੀ ਜਾਂਦੀ ਹੈ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਐੱਚ ਐੱਸ ਰਾਣੂ ਬਠਿੰਡਾ, ਸਹਾਇਕ ਸਕੱਤਰ ਨਛੱਤਰ ਸਿੰਘ ਚੀਮਾ ਤੇ ਜ਼ਿਲ੍ਹਾ ਤਰਨਤਾਰਨ ਦੇ ਆਗੂ ਸੁਖਚੈਨ ਸਿੰਘ ਵਲਟੋਹਾ, ਸ਼ਮਸ਼ੇਰ ਸਿੰਘ ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਅਰਜਿੰਦਰ ਸਿੰਘ ਕੋਹਾਲੀ, ਮੁਖਤਿਆਰ ਸਿੰਘ ਚੇਤਨਪੁਰਾ, ਗੁਰਪ੍ਰਤਾਪ ਸਿੰਘ ਕੱਕੜ ਆਦਿ ਆਗੂਆਂ ਨੇ ਕਿਹਾ ਕਿ ਉਪਰੋਕਤ ਸ਼ਬਦਾਂਵਲੀ ਵਰਤਣ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਿਹਤ ਸੇਵਾਵਾਂ ਦੇ ਅੰਕੜੇ ਤੇ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਆਰਥਿਕ ਹਾਲਤਾਂ ਬਾਰੇ ਜ਼ਰੂਰ ਜਾਣ ਲੈਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਤਕਰੀਬਨ 13000 ਪਿੰਡਾਂ ਤੇ ਜ਼ਿਲ੍ਹਾ, ਤਹਿਸੀਲਾਂ ਪੱਧਰ 'ਤੇ ਪੰਜਾਬ ਸਰਕਾਰ ਵੱਲੋਂ ਪਿਛਲੇ 77 ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ 'ਤੇ ਪੰਛੀ ਝਾਤ ਮਾਰੀਏ ਤਾਂ ਹਾਲਾਤ ਚਿੱਟੇ ਦਿਨ ਵਾਂਗ ਸਾਫ ਹੋ ਜਾਣਗੇ।ਸਰਕਾਰ ਵੱਲੋਂ ਜ਼ਿਲ੍ਹਾ ਪੱਧਰ 'ਤੇ 23 ਹਸਪਤਾਲ, ਤਹਿਸੀਲ ਪੱਧਰ ਤੇ 41 ਕਮਿਊਨਿਟੀ ਸੈਂਟਰ 162 ਪੀ ਐੱਚ ਸੀ, ਸਬ ਸੈਂਟਰ 441 ਹੋਮਿਓਪੈਥਿਕ ਡਿਸਪੈਂਸਰੀਆਂ 111 ਆਯੁਰਵੈਦਿਕ ਤੇ ਯੂਨਾਨੀ ਡਿਸਪੈਂਸਰੀਆਂ 567 ਤੇ ਐਲੋਪੈਥਿਕ ਡਿਸਪੈਂਸਰੀਆਂ 2989 ਹਨ।ਇਨ੍ਹਾਂ ਡਿਸਪੈਂਸਰੀਆਂ ਵਿੱਚੋਂ 1188 ਜ਼ਿਲ੍ਹਾ ਪ੍ਰੀਸ਼ਦ ਅਧੀਨ ਕਰ ਦਿੱਤੀਆਂ, ਉਨ੍ਹਾਂ ਵਿੱਚੋਂ 500 ਦੇ ਕਰੀਬ ਮੁਹੱਲਾ ਕਲੀਨਿਕਾਂ ਵਿੱਚ ਤਬਦੀਲ ਹੋ ਚੁੱਕੀਆਂ ਹਨ।10000 ਦੀ ਅਬਾਦੀ ਪਿੱਛੇ ਇੱਕ ਕੁਆਲੀਫਾਈਡ ਡਾਕਟਰ ਤੇ 50000 ਦੀ ਅਬਾਦੀ ਪਿੱਛੇ ਇਕ ਹਸਪਤਾਲ ਹੈ।ਹਸਪਤਾਲਾਂ ਵਿੱਚ ਵੱਡੀ ਪੱਧਰ ਮਾਹਰ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ।ਦਵਾਈਆਂ ਤੇ ਲੋੜੀਂਦੇ ਸਾਮਾਨ ਦੀ ਵੀ ਬੇਹੱਦ ਕਮੀ ਪਾਈ ਜਾ ਰਹੀ ਹੈ।ਸਰਕਾਰੀ ਅੰਕੜਿਆਂ ਮੁਤਾਬਕ ਇੰਨੀਆਂ ਸਿਹਤ ਸੇਵਾਵਾਂ ਨਾਲ ਸਿਰਫ਼ 20% ਲੋਕਾਂ ਨੂੰ ਹੀ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ।ਬਾਕੀ 80% ਲੋਕ ਜਾਂ ਤਾਂ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਵਾਉਂਦੇ ਹਨ ਜਾਂ ਫਿਰ ਵੱਡੀ ਪੱਧਰ 'ਤੇ ਇਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਤੋਂ ਹੀ ਇਲਾਜ ਕਰਵਾਉਂਦੇ ਹਨ ਤੇ ਇਨ੍ਹਾਂ ਦੁਆਰਾ ਦਿੱਤੀਆਂ ਸਿਹਤ ਸੇਵਾਵਾਂ ਤੋ ਲੋਕ ਸੰਤੁਸ਼ਟ ਵੀ ਹਨ। ਪੰਜਾਬ ਵਿੱਚ ਅੱਤਵਾਦ ਸਮੇਂ ਜਦੋਂ ਕੋਈ ਵੀ ਰਾਤਾਂ ਨੂੰ ਘਰਾਂ ਤੋਂ ਬਾਹਰ ਪੈਰ ਰੱਖਣ ਲਈ ਤਿਆਰ ਨਹੀਂ ਸੀ, ਉਸ ਸਮੇਂ ਇਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਦੁੱਖ ਦੀ ਘੜੀ ਵਿੱਚ ਸਾਥ ਦਿੱਤਾ।ਕੋਰੋਨਾ ਕਾਲ ਸਮੇਂ, ਜਦੋਂ ਪ੍ਰਾਈਵੇਟ ਹਸਪਤਾਲਾਂ ਨੇ ਆਮ ਲੋਕਾਂ ਲਈ ਬੂਹੇ ਬੰਦ ਕਰ ਲਏ ਸਨ ਤਾਂ ਇਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਹੀ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਲੋਕਾਂ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ।ਸੋ ਅਸੀਂ ਪੱਤਰਕਾਰ ਭਾਈਚਾਰੇ ਤੇ ਸਮਾਜ ਚਿੰਤਕਾਂ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਸੰਸਥਾ ਜਾਂ ਵਿਅਕਤੀ ਸਬੰਧੀ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਉਸ ਦੀ ਹਾਂ-ਪੱਖੀ ਭੂਮਿਕਾ ਸਬੰਧੀ ਜ਼ਰੂਰ ਜਾਣ ਲੈਣਾ ਚਾਹੀਦਾ ਹੈ, ਅਜਿਹਾ ਨਾ ਹੋਣ ਦੀ ਸੂਰਤ 'ਚ ਜਥੇਬੰਦੀ ਨੂੰ ਮਜਬੂਰਨ ਭਵਿੱਖ 'ਚ ਕੁਝ ਸੋਚਣਾ ਪੈ ਸਕਦਾ ਹੈ।



ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸੰਤ ਨਿਰੰਕਾਰੀ ਸਤਸੰਗ ਭਵਨ ਬਰਾਂਚ ਫਰੀਦਕੋਟ ਵਿਖੇ ਯੋਗਾ ਦਿਵਸ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਨਿਰੰਕਾਰੀ ਸ਼ਰਧਾਲੂਆਂ ਤੇ ਹੋਰ ਸ਼ਹਿਰ ਨਿਵਾਸੀਆਂ ਨੇ ਹਿੱਸਾ ਲਿਆ।ਇਸ ਮੌਕੇ ਸ੍ਰੀ ਕ੍ਰਿਸ਼ਨ ਸੰਚਾਲਕ ਬਰਾਂਚ ਫਰੀਦਕੋਟ ਵੱਲੋਂ ਨਿਰੰਕਾਰੀ ਭਗਤਾਂ ਤੇ ਸ਼ਹਿਰ ਨਿਵਾਸੀਆਂ ਦਾ ਕੈਂਪ 'ਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।



ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਵਿੱਚ ਕਾਲਜ ਦੇ ਟੀਚਿੰਗ ਸਟਾਫ ਤੇ ਨਾਨ-ਟੀਚਿੰਗ ਸਟਾਫ ਨੇ ਭਾਗ ਲਿਆ।



ਮਾਊਂਟ ਲਿਟਰਾ ਜ਼ੀ ਸਕੂਲ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਸਮੂਹ ਬੱਚਿਆਂ ਤੇ ਅਧਿਆਪਕਾਂ ਨੇ ਭਾਗ ਲਿਆ।ਅੰਤ ਵਿੱਚ ਚੇਅਰਮੈਨ ਸ੍ਰੀ ਚਮਨ ਲਾਲ ਗੁਲਾਟੀ ਨੇ ਸ੍ਰੀਮਾਨ ਨਾਇਰ ਤੇ ਡਾ. ਰਵੀ ਬਾਂਸਲ ਨੂੰ ਮੰਚ 'ਤੇ ਟ੍ਰਾਫੀ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। (ਫੋਟੋਆਂ ਤੇ ਵੇਰਵਾ : ਐਲਿਗਜ਼ੈਂਡਰ ਡਿਸੂਜ਼ਾ, ਫਰੀਦਕੋਟ)

## ਬੀ ਕੇ ਯੂ ਕ੍ਰਾਂਤੀਕਾਰੀ ਨੇ ਫਸਲਾਂ ਦੇ ਭਾਅ 'ਚ ਵਾਧੇ ਨੂੰ ਕੀਤਾ ਨਾ-ਮਨਜ਼ੂਰ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਵੈਰੋਕੇ ਨੇ ਕਿਹਾ ਕਿ ਸ਼ੰਭੂ-ਖਨੌਰੀ ਬਾਰਡਰਾਂ ਤੋਂ ਕਿਸਾਨ ਮੋਰਚਿਆਂ ਨੇ ਮੰਗ ਉਠਾਈ ਸੀ ਕਿ 23 ਫਸਲਾਂ ਤੇ ਐੱਮ.ਐੱਸ.ਪੀ. ਦਿੱਤੀ ਜਾਵੇ ਤੇ ਐੱਮ.ਐੱਸ.ਪੀ. ਗਰੰਟੀ ਕਨੂੰਨ ਪਾਸ ਕੀਤਾ ਜਾਵੇ, ਪਰ ਕੇਂਦਰ ਸਰਕਾਰ ਨੇ 14 ਫਸਲਾਂ ਦੇ ਭਾਵਾਂ ਵਿੱਚ ਨਿਗੂਣਾ ਵਾਧਾ ਕਰਕੇ ਐਲਾਨ ਕਰ ਦਿੱਤਾ ਕਿ 14 ਫਸਲਾਂ ਤੇ ਮੋਦੀ ਸਰਕਾਰ ਨੇ ਐੱਮ.ਐੱਸ.ਪੀ. ਦੇ ਦਿੱਤੀ ਹੈ। ਮੋਦੀ ਸਰਕਾਰ ਦਾ ਇਸ ਤਰ੍ਹਾਂ ਦਾ ਬਿਆਨ ਦੇਣਾ ਕਿਸਾਨਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣਾ ਹੈ। ਕਿਸਾਨ ਜਥੇਬੰਦੀਆਂ ਨੇ ਸਪਸ਼ਟ ਕਿਹਾ ਸੀ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ। ਫਾਰਮੂਲਾ ਕੀ ਹੈ ? ਐੱਮ.ਐੱਸ.ਪੀ.= 3-2+3-2 ਦਾ 50 ? ਹੈ 3-2 ਵਿੱਚ ਸਾਰੇ ਖਰਚੇ (ਸਮੇਤ ਜ਼ਮੀਨ ਦਾ ਠੇਕਾ ਵੀ) ਆਉਂਦਾ ਹੈ। ਉਦਾਹਰਣ ਦੇ ਤੌਰ 'ਤੇ 3-2 ਮੁਤਾਬਕ ਝੋਨੇ 'ਤੇ 2800 ਰੁਪਏ ਖਰਚ ਆਉਂਦਾ ਹੈ। ਇਸ ਵਿੱਚ 50 ?ਵਾਲਾ 1400 ਰੁਪੈ ਜੋੜ ਕੇ 4200 ਰੁਪਏ ਭਾਅ ਬਣਦਾ ਸੀ, ਪਰ ਮੋਦੀ ਸਰਕਾਰ ਨੇ 2300 ਰੁਪਏ ਐਲਾਨਿਆ ਹੈ। ਜਿਹੜਾ ਕਿ 1900 ਰੁਪਏ ਘੱਟ ਹੈ। ਸਰਕਾਰ 1-2 6 ਮੁਤਾਬਕ 2300 ਰੁਪਏ ਐਲਾਨ ਕੇ 50 ਮੁਨਾਫ਼ਾ ਦੇਣ ਤੋਂ ਮੁੱਕਰ ਰਹੀ ਹੈ। ਭਾਵਾਂ ਵਿੱਚ 5.35 ?ਦਾ ਵਾਧਾ ਕਰਕੇ ਐੱਮ.ਐੱਸ.ਪੀ. ਦੇਣ ਦੇ ਝੂਠੇ ਐਲਾਨ ਕੀਤੇ ਗਏ ਹਨ। ਆਗੂ ਨੇ ਕਿਹਾ ਕਿ ਜਥੇਬੰਦੀਆਂ ਵਿੱਚ ਆ ਕੇ ਕਿਸਾਨ ਸਿਆਣੇ ਹੋ ਗਏ ਹਨ। ਭਾਰਤੀ ਕਿਸਾਨ ਯੂਨੀਅਨ ਇਸ ਨਿਗੂਣੇ ਵਾਧੇ ਨੂੰ ਰੱਦ ਕਰਦੀ ਹੈ ਤੇ ਸਰਕਾਰ ਦੇ ਐੱਮ.ਐੱਸ.ਪੀ. ਦੇਣ ਐਲਾਨ ਨੂੰ ਰੱਦ ਕਰਦੀ ਹੈ।

## ਐੱਸ ਐੱਸ ਪੀ ਨੇ ਥਾਣਾ ਸਦਰ ਤੇ ਸਿਟੀ ਦੀ ਕੀਤੀ ਅਚਨਚੇਤ ਚੈਕਿੰਗ



ਮਾਲੇਰਕੋਟਲਾ (ਅਸਗਰ ਪਰਿਹਾਰ)-ਜ਼ਿਲ੍ਹੇ ਦੀ ਸਬ ਡਵੀਜ਼ਨ ਅਹਿਮਦਗੜ੍ਹ ਅਧੀਨ ਪੈਂਦੇ ਥਾਣਾ ਸਦਰ ਅਤੇ ਸਿਟੀ ਅਹਿਮਦਗੜ੍ਹ ਦੀ ਅਚਨਚੇਤ ਚੈਕਿੰਗ ਸੀਨੀਅਰ ਕਪਤਾਨ ਪੁਲਸ ਮਾਲੇਰਕੋਟਲਾ ਡਾ.ਸਿਮਰਤ ਕੌਰ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੌਕੇ ਕਪਤਾਨ ਪੁਲਸ (ਸਥਾਨਕ) ਮਾਲੇਰਕੋਟਲਾ ਸ਼੍ਰੀਮਤੀ ਸਵਰਨਜੀਤ ਕੌਰ, ਉਪ ਕਪਤਾਨ ਪੁਲਸ ਸਬ-ਡਵੀਜ਼ਨ ਅਹਿਮਦਗੜ੍ਹ ਅੰਮ੍ਰਿਤਪਾਲ ਸਿੰਘ ਮੌਜੂਦ ਸਨ। ਉਨ੍ਹਾਂ ਮੁੱਖ ਅਫ਼ਸਰ ਥਾਣਾ ਸਦਰ ਅਹਿਮਦਗੜ੍ਹ ਸੁਰਿੰਦਰ ਕੁਮਾਰ, ਮੁੱਖ ਅਫ਼ਸਰ ਥਾਣਾ ਸਿਟੀ ਅਹਿਮਦਗੜ੍ਹ ਇੰਸਪੈਕਟਰ ਸੁਖਪਾਲ ਕੌਰ, ਮੁੱਖ ਮੁਨਸ਼ੀ ਥਾਣਾ ਸਦਰ ਅਹਿਮਦਗੜ੍ਹ ਤੇ ਸਿਟੀ ਅਹਿਮਦਗੜ੍ਹ ਅਤੇ ਥਾਣਿਆਂ 'ਚ ਤਾਇਨਾਤ ਤਫ਼ਤੀਸ਼ੀ ਸਟਾਫ਼ ਨਾਲ ਮੀਟਿੰਗ ਕੀਤੀ।ਇਸ ਮੌਕੇ ਐਸ.ਐਸ.ਪੀ ਮਾਲੇਰਕੋਟਲਾ ਡਾ.ਸਿਮਰਤ ਕੌਰ ਨੇ ਡਾਇਰੈਕਟਰ ਜਨਰਲ ਪੁਲਸ ਚੰਡੀਗੜ੍ਹ ਪੰਜਾਬ ਦੀਆ ਹਦਾਇਤਾਂ ਤੋਂ ਜਾਣੂ ਕਰਾਇਆ ਅਤੇ ਪਾਲਣਾ ਕਰਨ ਸਬੰਧੀ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਬਦਲੀਆਂ (ਟਰਾਂਸਫ਼ਰ ਨੀਤੀ) ਸਬੰਧੀ ਪਾਲਿਸੀ ਅਨੁਸਾਰ ਜਿਜ਼ਲ੍ਹੇ ਦੇ 73 ਕਰਮਚਾਰੀਆਂ ਦਾ ਤਬਾਦਲਾ ਕੀਤਾ ਗਿਆ ਅਤੇ ਥਾਣਿਆਂ ਦੇ ਕ੍ਰਾਈਮ ਸਬੰਧੀ ਸਮੀਖਿਆ ਕੀਤੀ ਗਈ। ਕਰਮਚਾਰੀਆਂ ਦੀਆ ਦੁੱਖ ਤਕਲੀਫ਼ਾਂ ਸੁਣੀਆਂ ਗਈਆਂ ਅਤੇ ਕਪਤਾਨ ਪੁਲਸ (ਸਥਾਨਕ) ਮਾਲੇਰਕੋਟਲਾ ਅਤੇ ਸਰਕਲ ਅਫ਼ਸਰ ਨੂੰ ਨਿਪਟਾਰਾ ਕਰਨ ਸਬੰਧੀ ਹਦਾਇਤ ਕੀਤੀ ਗਈ।ਡਾ.ਸਿਮਰਤ ਕੌਰ ਨੇ ਹੋਰ ਦੱਸਿਆ ਕਿ ਥਾਣਿਆਂ 'ਚ ਤਾਇਨਾਤ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਨੂੰ ਆਮ ਲੋਕਾਂ ਦੀਆਂ ਸ਼ਿਕਾਇਤਾਂ/ਦੁੱਖ ਤਕਲੀਫ਼ਾਂ ਦਾ ਨਿਪਟਾਰਾ ਪਹਿਲ ਦੇ ਅਧਾਰ 'ਤੇ ਸਮਾਂਬੱਧ ਕਰਨ ਅਤੇ ਇਨਸਾਫ ਦੇਣ ਦੀ ਹਦਾਇਤ ਕੀਤੀ ਗਈ ਤੇ ਆਮ ਪਬਲਿਕ ਚੰਗਾ ਵਿਵਹਾਰ ਕਰਨ ਸਬੰਧੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਥਾਣਿਆਂ 'ਚ ਪੈਂਡਿੰਗ ਮਾਲ ਮੁਕੱਦਮਾ, ਜੇਰ ਤਫਤੀਸ਼ ਮੁਕੱਦਮਿਆਂ ਆਦਮਪਤਾ, ਅਖਰਾਜ ਦੇ ਨਿਪਟਾਰੇ ਸਬੰਧੀ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਤਸਕਰਾਂ, ਸ਼ੱਕੀ ਅਨਸਰਾਂ 'ਤੇ ਨਿਗਰਾਨੀ ਵਧਾਉਣ ਦੇ ਨਾਲ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕਰਕੇ ਉਨ੍ਹਾਂ ਵੱਲੋਂ ਨਸ਼ਾ ਤਸਕਰੀ ਰਾਹੀਂ ਬਣਾਈ ਜਾਇਦਾਦ ਜ਼ਬਤ ਕਰਾਉਣ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਅਤੇ ਆਪਣੀ ਡਿਊਟੀ ਪੂਰੀ ਇਮਾਨਦਾਰੀ, ਤਨਦੇਹੀ ਅਤੇ ਲਗਨਤਾ ਨਾਲ ਨਿਭਾਉਂਦੇ ਹੋਏ ਪਬਲਿਕ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਬਾਰੇ ਸੈਮੀਨਾਰ ਲਗਾਏ ਜਾਣ।

## ਹਲਕਾ ਵਿਧਾਇਕ ਨੇ ਭੋੜੇ ਸਾਈਫਨ ਦੀ ਸਫਾਈ ਦਾ ਕੰਮ ਸ਼ੁਰੂ ਕਰਾਇਆ



ਨਾਭਾ (ਵਰਿੰਦਰ ਵਰਮਾ)-ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਸਾਰੀਆਂ ਡਰੇਨਾਂ ਦੀ ਸਫਾਈ ਲਈ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ, ਜਿਸ ਦੇ ਤਹਿਤ ਭੋੜੇ ਸਾਇਫਨ ਦੀ ਸਫਾਈ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਭੋੜੇ ਸਾਇਫਨ ਦੀ ਸਫਾਈ ਦਾ ਕੰਮ ਸ਼ੁਰੂ ਕਰਨ ਉਪਰੰਤ ਕੀਤਾ।ਉਨ੍ਹਾ ਦੱਸਿਆ ਕਿ ਪਿਛਲੇ ਸਾਲ ਹੜ੍ਹਾਂ ਦੇ ਪਾਣੀ ਨਾਲ ਕਾਫੀ ਪਿੰਡਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਸੀ।ਇਸ ਵਾਰ ਨੁਕਸਾਨ ਨੂੰ ਰੋਕਣ ਲਈ ਸਫਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਨਾਭਾ ਹਲਕੇ ਦੀਆਂ ਹੋਰ ਡਰੇਨਾਂ ਦੀ ਸਫਾਈ ਦਾ ਕੰਮ ਸ਼ੁਰੂ ਹੋ ਰਿਹਾ ਹੈ। ਉਨ੍ਹਾ ਵਿਭਾਗ ਦੇ ਅਧਿਕਾਰੀਆਂ ਤੇ ਠੇਕੇਦਾਰ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਕੰਮ ਵਿੱਚ ਕੋਈ ਵੀ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਜੇ ਕੰਮ ਸਹੀ ਤਰੀਕੇ ਨਾਲ ਨਾ ਕੀਤਾ ਗਿਆ ਤਾਂ ਉਸ ਅਧਿਕਾਰੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਤਰਸੇਮ ਚੰਦ ਐੱਸ ਡੀ ਐੱਮ ਨਾਭਾ, ਰਾਘਵ ਗਰਗ ਐੱਸ ਡੀ ਓ ਡਰੇਨ, ਗੌਰਵ ਸਿੰਗਲਾ ਜੇ ਈ ਡਰੇਨ, ਤੇਜਿੰਦਰ ਸਿੰਘ ਖਹਿਰਾ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕਿਟ ਕਮੇਟੀ ਭਾਦਸੋਂ, ਕਪਿਲ ਮਾਨ, ਧਰਮਿੰਦਰ ਸਿੰਘ ਸੁੱਖੇਵਾਲ, ਨਿਰਭੈ ਸਿੰਘ ਘੁੰਡਰ, ਗੁਰਮੁੱਖ ਸਿੰਘ ਮੋਹਲ ਗੁਆਰਾ, ਟੋਨਾ ਮੁੰਗੋ, ਗੁਰਪ੍ਰੀਤ ਸਿੰਘ ਮੱਲੇਵਾਲ, ਸੁਖਦੀਪ ਸਿੰਘ ਖਹਿਰਾ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ, ਮਿਅੰਕ ਬਾਤਿਸ਼ ਠੇਕੇਦਾਰ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ਪਤੀ ਸਮੇਤ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ ਕੈਬਨਿਟ ਮੰਤਰੀ ਮਾਨ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਪਿਛਲੇ ਦਿਨੀਂ ਵਿਆਹ ਬੰਧਨ 'ਚ ਬੱਝੇ ਪੰਜਾਬ ਦੇ ਸੈਰ ਸਪਾਟਾ ਮਹਿਕਮੇ ਦੀ ਕੈਬਨਿਟ ਮੰਤਰੀ ਬੀਬਾ ਗਗਨ ਅਨਮੋਲ ਮਾਨ ਅਪਣੇ ਪਤੀ ਐਡਵੋਕੇਟ ਸ਼ਾਹਬਾਜ਼ ਸਿੰਘ ਸੋਹੀ, ਸੱਸ ਸ੍ਰੀਮਤੀ ਸੀਲਮ ਸੋਹੀ ਤੇ ਸਹੁਰਾ ਪਰਿਵਾਰ ਦੇ ਕਈ ਹੋਰਨਾਂ ਮੈਂਬਰਾਂ ਸਮੇਤ ਸਿੱਖ ਕੌਮ ਦੇ ਚੌਥੇ ਤਖ਼ਤ, ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ।ਆਪਣੇ ਸਿਰਫ ਪਰਿਵਾਰਕ ਮੈਂਬਰਾਂ ਨਾਲ ਤਖਤ ਸਾਹਿਬ ਪੁੱਜਣ ਤੇ ਕੈਬਨਿਟ ਮੰਤਰੀ ਗਗਨਦੀਪ ਕੌਰ ਉਰਫ ਗਗਨ ਅਨਮੋਲ ਮਾਨ ਦਾ ਸਬ ਡਵੀਜ਼ਨ ਦੇ ਸਿਵਲ ਤੇ ਪੁਲਸ ਅਧਿਕਾਰੀ ਤੇ ਐੱਸ ਡੀ ਐੱਮ ਹਰਵਿੰਦਰ ਸਿੰਘ ਜੱਸਲ ਅਤੇ ਡੀ.ਐੱਸ.ਪੀ. ਰਾਜੇਸ਼ ਸਨੇਹੀ ਨੇ ਰਸਮੀ ਸਵਾਗਤ ਕੀਤਾ।ਤਖਤ ਸਾਹਿਬ ਮੱਥਾ ਟੇਕਣ ਉਪਰੰਤ ਬੀਬਾ ਮਾਨ ਤੇ ਪਰਿਵਾਰਕ ਮੈਂਬਰਾਂ ਨੇ ਕੀਰਤਨ ਸ੍ਰਵਣ ਕੀਤਾ, ਜਦੋਂਕਿ ਜਥੇਦਾਰ ਰਣਜੀਤ ਸਿੰਘ ਨੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਗਗਨ ਅਨਮੋਲ ਮਾਨ ਅਤੇ ਉਨ੍ਹਾਂ ਦੇ ਪਤੀ ਨੂੰ ਸਿਰੋਪਾਓ ਦੀ ਬਖ਼ਸ਼ਿਸ਼ ਕਰਦਿਆਂ ਤਖਤ ਸਾਹਿਬ ਦੀ ਤਸਵੀਰ ਭੇਟ ਕੀਤੀ।

ਤਖਤ ਸਾਹਿਬ ਮੱਥਾ ਟੇਕਣ ਉਪਰੰਤ ਬੀਬਾ ਮਾਨ ਨੇ ਇਸ ਨੂੰ ਪਰਵਾਰ ਦਾ ਸ਼ੁਕਰਾਨਾ ਦੌਰਾ ਦੱਸਦਿਆਂ ਕਿਸੇ ਕਿਸਮ ਦੀ ਵੀ ਗੱਲਬਾਤ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਾਇਬ ਤਹਿਸੀਲਦਾਰ ਤੇ ਥਾਣਾ ਤਲਵੰਡੀ ਸਾਬੋ ਮੁਖੀ ਪਰਬਤ ਸਿੰਘ ਵੀ ਮੌਜੂਦ ਰਹੇ।

## ਯੂਥ ਖੱਤਰੀ ਸਭਾ ਨੇ ਜ਼ਰੂਰਤਮੰਦ ਮਰੀਜ਼ ਲਈ ਕੀਤਾ ਖ਼ੂਨ ਦਾਨ

ਮੋਗਾ (ਇਕਬਾਲ ਸਿੰਘ ਖਹਿਰਾ)-ਸਿਵਲ ਹਸਪਤਾਲ ਵਿਚ ਦਾਖ਼ਲ ਇੱਕ ਮਰੀਜ਼ ਨੂੰ ਫੌਰੀ ਤੌਰ 'ਤੇ ਓ ਪੌਜ਼ਟਿਵ ਬਲੱਡ ਦੇ ਇੱਕ ਯੂਨਿਟ ਦੀ ਜ਼ਰੂਰਤ ਸੀ, ਖ਼ੂਨਦਾਨ ਮਹਾਂਦਾਨ ਦੇ ਸਲੋਗਨ ਨੂੰ ਸਾਰਥਕ ਕਰਨ ਵਾਲੀ ਯੂਥ ਖੱਤਰੀ ਸਭਾ ਦੇ ਪ੍ਰਧਾਨ ਗੌਰਵ ਕਪੂਰ ਦੀ ਅਗਵਾਈ 'ਚ ਉਕਤ ਜ਼ਰੂਰਤਮੰਦ ਮਰੀਜ਼ ਲਈ ਫੌਰੀ ਤੌਰ 'ਤੇ ਬਲੱਡ ਦੇ ਇਕ ਯੂਨਿਟ ਦਾ ਇੰਤਜ਼ਾਮ ਕੀਤਾ ਗਿਆ। ਯੂਥ ਖੱਤਰੀ ਸਭਾ ਦੀ ਬਲੱਡ ਡੋਨੇਸ਼ਨ ਟੀਮ ਦੇ ਮੈਂਬਰ ਕਮਲ ਕੁਮਾਰ ਨੇ ਸਿਵਿਲ ਹਸਪਤਾਲ 'ਚ ਬਲੱਡ ਬੈਂਕ 'ਚ ਜਾ ਕੇ ਉਕਤ ਮਰੀਜ਼ ਨੂੰ ਖ਼ੂਨ ਦਾਨ ਕੀਤਾ। ਇਸ ਮੌਕੇ ਖੱਤਰੀ ਸਭਾ ਮੋਗਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ, ਸਾਬਕਾ ਕੌਂਸਲਰ ਕ੍ਰਿਸ਼ਨ ਸੂਦ, ਯੂਥ ਖੱਤਰੀ ਸਭਾ ਦੇ ਸਲਾਹਕਾਰ ਮਨਦੀਪ ਕਪੂਰ ਤੇ ਕਮਰ ਸਭਰਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਯੂਥ ਕਤਰੀ ਸਭਾ ਦੇ ਪ੍ਰਧਾਨ ਗੌਰਵ ਕਪੂਰ ਨੇ ਬਲੱਡ ਬੈਂਕ ਦੇ ਇੰਚਾਰਜ ਸਟੀਫਨ ਅਤੇ ਸਟਾਫ ਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ।



## ਸਕੂਲ 'ਚ ਕਬੀਰ ਜੈਯੰਤੀ ਸ਼ਰਧਾ ਭਾਵਨਾ ਨਾਲ ਮਨਾਈ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਮਹਾਨ ਸਮਾਜ ਸੁਧਾਰਕ ਸੰਤ ਕਬੀਰ ਦਾਸ ਜੀ ਦੀ ਜਯੰਤੀ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਆਯੋਜਿਤ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸੰਤ ਕਬੀਰ ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ ਤੇ ਸਟਾਫ਼ ਨੇ ਭਗਤ ਕਬੀਰ ਦਾਸ ਜੀ ਦੀ ਤਸਵੀਰ ਨੂੰ ਫੁੱਲ ਮਾਲਾਵਾਂ ਅਰਪਨ ਕਰਕੇ ਮਹਾਨ ਸੰਤ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਤ ਕਬੀਰ ਜੀ ਦੇ ਦੋਹੇ ਲੋਕਾਂ ਨੂੰ ਜੀਵਨ ਵਿੱਚ ਚੰਗੇ ਕੰਮ ਕਰਨ ਦੀ ਪ੍ਰੇਰਮਾ ਦਿੰਦੇ ਹਨ। ਐੱਮ. ਡੀ. ਪ੍ਰੋ. ਅਰੋੜਾ ਨੇ ਸਾਰਿਆਂ ਨੂੰ ਕਬੀਰ ਜੀ ਦੀਆਂ ਸਿੱਖਿਆਵਾਂ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਚਾਰੇ ਪਾਸੇ ਸਮਾਨਤਾ ਤੇ ਖ਼ੁਸ਼ਹਾਲੀ ਆ ਸਕੇ।

## 2 ਚੋਰੀ ਦੇ ਮੋਟਰਸਾਈਕਲਾਂ ਸਮੇਤ 4 ਵਿਅਕਤੀ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਚੋਰੀ ਦੇ 2 ਮੋਟਰਸਾਈਕਲ ਸਣੇ 4 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਜਾਂਚ ਅਧਿਕਾਰੀ ਐਚ.ਸੀ. ਸਤਪਾਲ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਵਿਖੇ ਮੌਜੂਦ ਸੀ ਤਾਂ ਸਾਹਿਲ ਸਿੰਘ, ਸਾਜਨ, ਬਲਜਿੰਦਰ ਸਿੰਘ ਅਤੇ ਗੁਰਚਰਨ ਸਿੰਘ ਚੋਰੀ ਕੀਤੇ ਮੋਟਰਸਾਈਕਲਾਂ ਨੂੰ ਅੱਗੇ ਵੇਚਣ ਲਈ ਪਿੰਡ ਟਿਵਾਣਾ ਕਲਾਂ ਦੀ ਸੁਸਾਇਟੀ ਦੀ ਬੈਕਸਾਈਡ ਇੱਟਾਂ ਵਾਲੀ ਸੜਕ ਤੇ ਖੜ੍ਹੇ ਗਾਹਕਾਂ ਦੀ ਉਡੀਕ ਕਰ ਰਹੇ ਹਨ। ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ 2 ਚੋਰੀ ਦੇ ਮੋਟਰਸਾਈਕਲਾਂ ਸਣੇ ਉਕਤ 4 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਜਾਂਚ ਅਧਿਕਾਰੀ ਸਤਪਾਲ ਸਿੰਘ ਨੇ ਅੱਗੇ ਦੱਸਿਆ ਕਿ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਸਾਹਿਲ ਸਿੰਘ ਉਰਫ ਸਾਹਿਲ ਕੁਲਦੀਪ ਸਿੰਘ ਵਾਸੀ ਲੱਲ੍ਹਾ ਬਸਤੀ ਜਲਾਲਾਬਾਦ, ਸਾਜਨ ਉਰਫ ਸੋਨੂੰ ਪੁੱਤਰ ਮੰਗਲ ਸਿੰਘ ਵਾਸੀ ਲੱਲਾ ਬਸਤੀ, ਬਲਜਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਲੱਲਾ ਬਸਤੀ ਜਲਾਲਾਬਾਦ, ਗੁਰਚਰਨ ਸਿੰਘ ਉਰਫ ਕਾਕੂ ਪੁੱਤਰ ਪਰਮਜੀਤ ਸਿੰਘ ਵਾਸੀ ਦਸ਼ਮੇਸ਼ ਨਗਰ ਜਲਾਲਾਬਾਦ ਖਿਲਾਫ ਧਾਰਾ ਮੁਕੱਦਮਾ ਦਰਜ ਕੀਤਾ ਗਿਆ।

## 400 ਲੀਟਰ ਲਾਹਣ ਸਣੇ ਵਿਅਕਤੀ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਕੱਢਣ ਲਈ ਪਾਈ 400 ਲੀਟਰ ਲਾਹਣ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦਾਸ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਦਾਣਾ ਮੰਡੀ ਵੈਰੋਕੇ ਵਿਖੇ ਪੁੱਜੇ ਤਾਂ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸੁਰਿੰਦਰ ਸਿੰਘ ਉਰਫ ਸ਼ਿੰਦਰ ਪੁੱਤਰ ਗੁਰਬਚਨ ਸਿੰਘ ਵਾਸੀ ਚੱਕ ਬਲੋਚਾ ਨੂੰ 400 ਲੀਟਰ ਲਾਹਣ ਸਣੇ ਕਾਬੂ ਕੀਤਾ ਗਿਆ। ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਪੀਰ ਬਾਬਾ ਰੌਸ਼ਨ ਸ਼ਾਹ ਦਾ ਮੇਲਾ ਤੇ ਭੰਡਾਰਾ ਕਰਵਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਕਾਉਂਕੇ ਵਿਖੇ ਪੀਰ ਬਾਬਾ ਰੌਸ਼ਨ ਸ਼ਾਹ ਜੀ ਦਾ ਸਾਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਸਮੇਂ ਪੀਰ ਬਾਬਾ ਰੌਸ਼ਨ ਸ਼ਾਹ ਜੀ ਦੀ ਮਜ਼ਾਰ 'ਤੇ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ, ਨਗਰ ਨਿਵਾਸੀਆਂ ਤੇ ਪ੍ਰਬੰਧਕ ਕਮੇਟੀ ਵੱਲੋਂ ਚਾਦਰ ਚੜ੍ਹਾਈ ਗਈ ਤੇ ਅਟੁੱਟ ਲੰਗਰ ਦੀ ਸ਼ੁਰੂਆਤ ਕਰਵਾਈ ਗਈ। ਮੇਲੇ ਵਿਚ ਸੰਗੀਤਕਾਰ ਸੁਰਿੰਦਰ ਬੱਬੂ ਦੀ ਅਗਵਾਈ ਵਿੱਚ ਕੱਵਾਲ ਲਾਲੀ ਹੰਸ, ਸਰਬਜੀਤ ਕੌਰ, ਸਮਸ਼ੇਰ ਸਿੰਘ ਘੁੰਗਰਾਲੀ ਤੇ ਕਾਮੇਡੀਅਨ ਜਸਪਾਲ ਹੰਸ ਨੇ ਹਾਜ਼ਰੀ ਲਵਾਈ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਸਵ. ਗਾਇਕ ਨਛੱਤਰ ਛੱਤਾ ਦੀ ਧੀ ਹਰਮਨ ਛੱਤਾ, ਕੁਲਵੰਤ ਬਿੱਲਾ ਤੇ ਕੁਲਵੰਤ ਕੌਰ ਤੇ ਗਾਇਕ ਜੋੜੀ ਅਮਰ ਅਰਸ਼ੀ ਤੇ ਨਰਿੰਦਰਜੋਤ ਨੇ ਆਪਣੇ ਗੀਤ ਰਾਹੀਂ ਮੇਲਾ ਸਿਖ਼ਰਾਂ 'ਤੇ ਪਹੁੰਚਾ ਦਿੱਤਾ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ, ਜਸਪਾਲ ਸਿੰਘ ਪ੍ਰਧਾਨ, ਗੁਰਦੇਵ ਸਿੰਘ ਫੌਜੀ ਖਜ਼ਾਨਚੀ, ਅਵਤਾਰ ਸਿੰਘ ਕਾਉਂਕੇ ਗੀਤਕਾਰ, ਸਾਬਕਾ ਸਰਪੰਚ ਪੂਰਨ ਸਿੰਘ, ਬੂਟਾ ਸਿੰਘ ਕੋਰੀਆ, ਨਿਰਮਲ ਸਿੰਘ ਬਿੱਟੂ, ਬਾਬਾ ਗੁਰਦੇਵ ਸਿੰਘ, ਮਹਿੰਦਰ ਸਿੰਘ, ਜੋਗਾ ਸਿੰਘ, ਨਾਜਰ ਸਿੰਘ ਸਪੇਨ, ਗੁਰਦੇਵ ਸਿੰਘ, ਵਲੈਤ ਸਿੰਘ, ਜੋਗਾ ਸਿੰਘ ਨੇ ਸਨਮਾਨਤ ਕੀਤਾ। ਆਈਆਂ ਸੰਗਤਾਂ ਲਈ ਠੰਢੇ-ਮਿੱਠੇ ਪਾਣੀ ਦੀ ਛਬੀਲ ਤੇ ਅਟੁੱਟ ਲੰਗਰ ਵਰਤਾਏ ਗਏ। ਮੇਲੇ ਦੇ ਅਖੀਰ ਵਿੱਚ ਪ੍ਰਧਾਨ ਜਸਪਾਲ ਸਿੰਘ ਨੇ ਮੇਲੇ 'ਚ ਪੁੱਜੇ ਕਲਾਕਾਰਾਂ, ਸੰਗਤਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਮੋਬਾਈਲ ਚੋਰੀ ਦੇ ਦੋਸ਼ 'ਚ ਇਕ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੋਬਾਈਲ ਫੋਨ ਚੋਰੀ ਕਰਨ ਦੇ ਦੋਸ਼ ਹੇਠ ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।

ਐਸ.ਐਚ.ਓ. ਥਾਣੇਦਾਰ ਰਤਨ ਲਾਲ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸੁਗਰੀਵ ਚੰਦ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਸਰਹਿੰਦ ਰੇਲਵੇ ਸਟੇਸ਼ਨ 'ਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਕਾਹਲੇ ਕਦਮੀਂ ਤੁਰਿਆ ਆ ਰਿਹਾ ਇੱਕ ਵਿਅਕਤੀ ਚੈਕਿੰਗ ਹੁੰਦੀ ਦੇਖ ਕੇ ਘਬਰਾ ਗਿਆ, ਜਿਸ ਨੇ ਜਦੋਂ ਉੱਥੋਂ ਖਿਸਕਣ ਦੀ ਕੋਸ਼ਿਸ਼ ਕੀਤੀ ਤਾਂ ਸ਼ੱਕ ਪੈਣ 'ਤੇ ਉਸ ਨੂੰ ਕਾਬੂ ਕਰਕੇ ਉਸ ਦਾ ਨਾਂਅ ਪਤਾ ਪੁੱਛਿਆ, ਜਿਸ ਨੇ ਆਪਣੀ ਪਹਿਚਾਣ ਓਮ ਪ੍ਰਕਾਸ਼ ਵਾਸੀ ਪਿੰਡ ਸ਼ਾਹਬਾਦ ਜ਼ਿਲ੍ਹਾ ਰਾਮਪੁਰ (ਉੱਤਰ ਪ੍ਰਦੇਸ਼) ਵਜੋਂ ਦੱਸੀ।ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਮੋਬਾਈਲ ਫੋਨ ਬਰਾਮਦ ਹੋਇਆ ਜਿਸ ਸਬੰਧੀ ਉਹ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਦੇ ਸਕਿਆ।ਸਖਤੀ ਨਾਲ ਪੁੱਛੇ ਜਾਣ 'ਤੇ ਉਸ ਨੇ ਦੱਸਿਆ ਕਿ ਉਕਤ ਮੋਬਾਈਲ ਫੋਨ ਇੱਕ ਰੇਲ ਯਾਤਰੀ ਦਾ ਚੋਰੀ ਕੀਤਾ ਹੈ।ਐਸ.ਐਚ.ਓ. ਰਤਨ ਲਾਲ ਨੇ ਦੱਸਿਆ ਕਿ ਇਸ ਸਬੰਧੀ ਜੀ.ਆਰ.ਪੀ. ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਓਮ ਪ੍ਰਕਾਸ਼ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੇ ਅਦਾਲਤ ਨੇ ਉਸ ਨੂੰ ਜੁਡੀਸ਼ੀਅਲ ਰਿਮਾਂਡ ਤਹਿਤ 14 ਦਿਨ ਲਈ ਜੇਲ੍ਹ ਭੇਜਣ ਦੇ ਹੁਕਮ ਸੁਣਾਏ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

23-June-PAGE-3-Majha-24.qxd 6/22/2024 11:15 PM Page 1



# ਆਰ ਐੱਮ ਪੀ ਆਈ ਵੱਲੋਂ ਪੁਲਸ ਪ੍ਰਸ਼ਾਸਨ ਤੇ ਪੰਚਾਇਤ ਵਿਭਾਗ ਖਿਲਾਫ ਤਿੱਖੇ ਸੰਘਰਸ਼ ਦਾ ਐਲਾਨ



ਪਠਾਨਕੋਟ (ਦਵਿੰਦਰ ਸਿੰਘ) ਪੁਲਸ ਪ੍ਰਸ਼ਾਸਨ ਅਤੇ ਪੰਚਾਇਤੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਅਣਦੇਖੀ ਕੀਤੇ ਜਾਣ ਵਿਰੁੱਧ ਇੱਕ ਹਫਤੇ ਦੇ ਇੰਤਜ਼ਾਰ ਤੋਂ ਬਾਅਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਉਪਰੋਕਤ ਵਿਭਾਗਾਂ ਨਾਲ ਸਬੰਧਤ ਦੋ ਮਸਲਿਆਂ ਨੂੰ ਲੈ ਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਜ਼ਿਲ੍ਹਾ ਪਠਾਨਕੋਟ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਸਾਥੀ ਰਛਪਾਲ ਸਿੰਘ ਵਾਸੀ ਮੁਦਾਰਪੁਰ ਨੇ ਦੱਸਿਆ ਕਿ ਮੇਰੇ ਪਰਿਵਾਰ ਵੱਲੋਂ ਪਿੰਡ ਬੈਦੋਚੱਕ ਥਾਣਾ ਤਾਰਾਗੜ੍ਹ ਵਿਖੇ ਖਰੀਦੀ ਜ਼ਮੀਨ ਉੱਪਰ ਗਵਾਂਢੀਆਂ ਵਲੋਂ ਧੱਕੇਸ਼ਾਹੀ ਕਰਦਿਆਂ ਸਾਡਾ ਕਬਜ਼ਾ ਤੋੜ ਕੇ ਜ਼ਮੀਨ ਵਾਹੀ ਜਾ ਰਹੀ ਹੈ ਜਿਸ ਦੇ ਖਿਲਾਫ ਮੈਂ ਅਦਾਲਤ ਦਾ ਦਰਵਾਜ਼ਾ ਖੜਕਾਇਆ। ਮਾਨਯੋਗ ਅਦਾਲਤ ਨੇ ਮੇਰੀ ਸੁਣਵਾਈ ਕਰਦਿਆਂ 18 ਮਈ 2024 ਨੂੰ 6 ਜੁਲਾਈ 2024 ਤਕ ਦੋਵਾਂ ਧਿਰਾਂ ਨੂੰ ਅਗਲੇ ਹੁਕਮਾਂ ਤੱਕ ਕੋਈ ਵੀ ਜ਼ਮੀਨੀ ਹਰਕਤ ਕਰਨ ਤੋਂ ਰੋਕ ਦਿੱਤਾ ਸੀ।ਰਛਪਾਲ ਸਿੰਘ ਨੇ 25 ਮਈ ਨੂੰ ਥਾਣਾ ਤਾਰਾਗੜ੍ਹ ਵਿਖੇ ਨਿੱਜੀ ਤੌਰ 'ਤੇ ਅਦਾਲਤ ਦੀ ਸਟੇ ਦਿੱਤੀ, ਵਾਰ-ਵਾਰ ਗੇੜੇ ਮਾਰਨ ਉਪਰੰਤ ਡੀਐੱਸਪੀ ਦਿਹਾਤੀ ਅਤੇ ਡੀਐੱਸਪੀ ਹੈੱਡਕੁਆਰਟਰ ਪਠਾਨਕੋਟ ਵਿਖੇ ਵੀ ਪਹੁੰਚ ਕੀਤੀ ਪਰ ਹੁਣ ਤੱਕ ਕੋਈ ਸੁਣਵਾਈ ਨਹੀਂ ਹੋਈ।ਦੂਸਰੇ ਮਸਲੇ ਬਾਰੇ ਜਾਣਕਾਰੀ ਦਿੰਦਿਆਂ ਪਿੰਡ ਭਰਿਆਲ ਲਾਹੜੀ ਦੇ ਸਾਬਕਾ ਸਰਪੰਚ ਬਲਕਾਰ ਚੰਦ ਨੇ ਦੱਸਿਆ ਕਿ ਚਾਰ ਪੰਚਾਇਤੀ ਗੜ੍ਹਿਆਂ ਉਪਰ ਇੱਕ ਵਿਅਕਤੀ ਵੱਲੋਂ ਨਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ ਜਿਸ ਨੂੰ ਰੋਕਣ ਲਈ ਅਪ੍ਰੈਲ 2024 ਤੋਂ ਬੀਡੀਪੀਓ ਘਰੋਟਾ ਅਤੇ ਡੀਡੀਪੀਓ ਜ਼ਿਲ੍ਹਾ ਗੁਰਦਾਸਪੁਰ ਨੂੰ ਲਿਖਤੀ ਰੂਪ ਵਿੱਚ ਦਿੱਤਾ ਗਿਆ। ਵਾਰ ਵਾਰ ਗੇੜੇ ਮਾਰੇ, ਕਾਰਵਾਈ ਨਹੀਂ ਹੋਈ। ਪ੍ਰੈੱਸ ਕਾਨਫਰੰਸ ਵਿੱਚ ਸ਼ਾਮਲ ਕਾਮਰੇਡ ਸ਼ਿਵ ਕੁਮਾਰ, ਹਰਿੰਦਰ ਸਿੰਘ ਰੰਧਾਵਾ, ਮਾਸਟਰ ਸੁਭਾਸ਼ ਸ਼ਰਮਾ, ਕਾਮਰੇਡ ਬਲਵੰਤ ਸਿੰਘ ਘੋਹ ਅਤੇ ਬਲਦੇਵ ਰਾਜ ਭੋਆ ਨੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਅਦਾਲਤ ਦੇ ਹੁਕਮਾਂ ਨੂੰ ਵੀ ਲਾਗੂ ਕਰਵਾਉਣ ਤੋਂ ਆਨਾਕਾਨੀ ਕੀਤੀ ਜਾ ਰਹੀ। ਆਗੂਆਂ ਨੇ ਕਿਹਾ ਕਿ ਜੇਕਰ ਇੱਕ ਹਫਤੇ ਦੇ ਅੰਦਰ ਅੰਦਰ ਸੁਣਵਾਈ ਨਾ ਕੀਤੀ ਤਾਂ ਆਰ ਐੱਮ ਪੀ ਆਈ ਵੱਲੋਂ ਜ਼ਿਲ੍ਹਾ ਪੱਧਰ 'ਤੇ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।

# ਸੜਕ ਹਾਦਸੇ ਦੌਰਾਨ ਜ਼ਖ਼ਮੀ ਵਿਅਕਤੀ ਦੀ ਜ਼ੇਰੇ ਇਲਾਜ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਥਾਨਕ ਦਾਣਾ ਮੰਡੀ ਧਾਰੀਵਾਲ ਨੇੜੇ ਇਕ ਨਾ-ਮਾਲੂਮ ਤੇਜ਼ ਰਫਤਾਰ ਕਾਰ ਵੱਜਣ ਨਾਲ ਗੰਭੀਰ ਜ਼ਖ਼ਮੀ ਹੋਏ ਇਕ ਵਿਅਕਤੀ ਦੀ ਜ਼ੇਰੇ ਇਲਾਜ ਹਸਪਤਾਲ ਵਿੱਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਾਲੀ ਚਰਨ ਪੁੱਤਰ ਦੂਨੀ ਚੰਦ ਵਾਸੀ ਈਸਾਪੁਰ ਥਾਣਾ ਨਗੋਈ ਜ਼ਿਲ੍ਹਾ ਸੁਜਾਨਪੁਰ (ਉੱਤਰ ਪ੍ਰਦੇਸ਼) ਵਜੋਂ ਹੋਈ,ਜੋ ਦਾਣਾ ਮੰਡੀ ਧਾਰੀਵਾਲ ਵਿਖੇ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ। ਮ੍ਰਿਤਕ ਦੇ ਰਿਸ਼ਤੇਦਾਰ ਅਸ਼ੋਕ ਪੁੱਤਰ ਮਦਨ ਵਾਸੀ ਬਨਬਸਾ ਚੰਪਾਵਤ ਉੱਤਰਾਖੰਡ ਹਾਲ ਦਾਣਾ ਮੰਡੀ ਅਹਿਮਦਾਬਾਦ ਧਾਰੀਵਾਲ ਨੇ ਪੁਲਸ ਨੂੰ ਦੱਸਿਆ ਕਿ ਉਹ ਅਤੇ ਉਸਦੇ ਮਾਮੇ ਦਾ ਜਵਾਈ ਕਾਲੀ ਚਰਨ ਪੁੱਤਰ ਦੂਨੀ ਚੰਦ ਵਾਸੀ ਈਸਾਪੁਰ ਥਾਣਾ ਨਗੋਈ ਜ਼ਿਲ੍ਹਾ ਸੁਜਾਨਪੁਰ (ਉੱਤਰ ਪ੍ਰਦੇਸ਼), ਦਾਣਾ ਮੰਡੀ ਧਾਰੀਵਾਲ ਵਿਖੇ ਮਿਹਨਤ ਮਜ਼ਦੂਰੀ ਦਾ ਕੰਮ ਕਰਦੇ ਹਨ। ਉਹ ਅਤੇ ਕਾਲੀ ਚਰਨ 20 ਜੂਨ ਨੂੰ ਰਾਤ ਦਾ ਖਾਣਾ ਖਾ ਕੇ ਪਿੰਡ ਲੇਹਲ ਸਾਈਡ ਨੂੰ ਪੈਦਲ ਜਾ ਰਹੇ ਸਨ। 10.30 ਵਜੇ ਜਦ ਉਹ ਦਾਣਾ ਮੰਡੀ ਧਾਰੀਵਾਲ ਤੋਂ ਬਾਹਰ ਸ਼ਰਾਬ ਦੇ ਠੇਕੇ ਨੇੜੇ ਪੁੱਜੇ ਤਾਂ ਪਿੰਡ ਖੁੰਡਾ ਸਾਈਡ ਤੋਂ ਇੱਕ ਚਿੱਟੇ ਰੰਗ ਦੀ ਕਾਰ ਤੇਜ਼ ਰਫਤਾਰ ਨਾਲ ਆਈ ਜਿਸਨੂੰ ਨਾ-ਮਲੂਮ ਵਿਅਕਤੀ ਚਲਾ ਰਿਹਾ ਸੀ, ਜਿਸਨੇ ਆਪਣੀ ਕਾਰ ਲਾਪ੍ਰਵਾਹੀ ਗਲਤ ਸਾਈਡ ਪਿੱਛੇ ਤੋਂ ਲਿਆ ਕੇ ਕਾਲੀ ਚਰਨ ਦੇ ਵਿੱਚ ਮਾਰ ਦਿੱਤੀ। ਇਸ ਦੌਰਾਨ ਕਾਲੀ ਚਰਨ ਦੇ ਕਾਫੀ ਗੰਭੀਰ ਸੱਟਾਂ ਲੱਗ ਗਈਆਂ, ਜਿਸਦੀ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਮੌਤ ਹੋ ਗਈ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਨਿਰਮਲ ਸਿੰਘ ਨੇ ਅਸ਼ੋਕ ਦੇ ਬਿਆਨਾਂ ਅਨੁਸਾਰ ਚਿੱਟੇ ਰੰਗ ਦੀ ਕਾਰ ਦੇ ਨਾ-ਮਾਲੂਮ ਡਰਾਈਵਰ ਵਿਰੁੱਧ ਧਾਰਾ 304-ਏ, 279 ਭ.ਦ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਸੀ ਪੀ ਆਈ ਨੇ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਕੇ ਪਾਰਟੀ ਦੇ ਵਿਚਾਰ ਪਿੰਡਾਂ ਤੇ ਸ਼ਹਿਰਾਂ 'ਚ ਪਹੁੰਚਾਏ : ਦੇਵੀ ਕੁਮਾਰੀ



ਤਰਨਤਾਰਨ (ਨਜ਼ਸ)—ਸੀ ਪੀ ਆਈ ਤਰਨਤਾਰਨ ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਬਾਬਾ ਅਰਜਨ ਸਿੰਘ ਗੜਗੱਜ ਭਵਨ ਬਾਠ ਰੋਡ ਵਿਖੇ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਨੇ ਕਿਹਾ ਕਿ ਸੀ ਪੀ ਆਈ ਨੇ ਪਾਰਲੀਮੈਂਟ ਹਲਕਾ ਖਡੂਰ ਸਾਹਿਬ ਦੀ ਚੋਣ ਲੜ ਕੇ ਪਾਰਟੀ ਦੇ ਵਿਚਾਰ ਪਿੰਡਾਂ ਤੇ ਸ਼ਹਿਰਾਂ ਵਿੱਚ ਪਹੁੰਚਾਏ ਹਨ।

ਆਗੂਆਂ ਨੇ ਕਿਹਾ ਕਿ ਪਾਰਟੀ ਦੀਆਂ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਵਾਸਤੇ ਪਿੰਡਾਂ ਦੀਆਂ ਪੰਚਾਇਤਾਂ, ਕਾਰਪੋਰੇਸ਼ਨਾਂ, ਮਿਊਸਪਲ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ।ਮੀਟਿੰਗ ਵਿੱਚ ਫੈਸਲਾ ਹੋਇਆ ਕਿ 30 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਵਿਸ਼ਾਲ ਪੱਧਰ 'ਤੇ ਤਰਨਤਾਰਨ ਵਿਖੇ ਮਨਾਇਆ ਜਾਵੇਗਾ।

ਮੀਟਿੰਗ ਵਿੱਚ ਸੀਪੀਆਈ ਦੇ ਮੈਂਬਰ ਤਾਰਾ ਸਿੰਘ ਖਹਿਰਾ, ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਖਡੂਰ ਸਾਹਿਬ, ਪੰਜਾਬ ਇਸਤਰੀ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਸੀਮਾ ਸੋਹਲ, ਕਿਰਨਜੀਤ ਕੌਰ ਵਲਟੋਹਾ, ਚਰਨ ਸਿੰਘ ਤਰਨਤਾਰਨ, ਬਲਵਿੰਦਰ ਸਿੰਘ ਦਦੇਹਰ ਸਾਹਿਬ ਤੇ ਹਰਭਿੰਦਰ ਸਿੰਘ ਕਸੇਲ ਨੇ ਵੀ ਸੰਬੋਧਨ ਕੀਤਾ।

# ਸੀਐੱਮ ਦੀ ਯੋਗਸ਼ਾਲਾ ਤਹਿਤ ਵੱਖ-ਵੱਖ ਥਾਵਾਂ 'ਤੇ ਮਨਾਇਆ ਯੋਗ ਦਿਵਸ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਅੰਤਰਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿੱਚ ਜ਼ਿਲ੍ਹਾ ਗੁਰਦਾਸਪੁਰ ਵਿੱਚ ਸੀਐੱਮ ਦੀ ਯੋਗਸ਼ਾਲਾ ਦੇ ਅੰਤਰਗਤ ਵੱਖ-ਵੱਖ ਯੋਗ ਕੈਂਪ ਲਗਾਏ ਗਏ।ਸਰਕਾਰੀ ਕਾਲਜ ਗੁਰਦਾਸਪੁਰ ਦੇ ਹਾਕੀ ਗਰਾਊਂਡ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਸਬੰਧੀ ਕਰਵਾਏ ਗਏ ਵਿਸ਼ੇਸ਼ ਯੋਗਾ ਅਭਿਆਸ ਦੌਰਾਨ ਗੁਰਦਾਸਪੁਰ ਸ਼ਹਿਰ ਵਾਸੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਐੱਸ. ਡੀ. ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਯੋਗਾ ਮਾਹਿਰਾਂ ਵੱਲੋਂ ਯੋਗ ਅਭਿਆਸ ਦੇ ਵੱਖ-ਵੱਖ ਆਸਣ ਕਰਵਾ ਕੇ ਉਨ੍ਹਾਂ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ।ਇਸ ਦੌਰਾਨ ਐੱਸ. ਡੀ. ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਯੋਗ ਸਾਡੇ ਭਾਰਤ ਦੀ ਸੰਸਕ੍ਰਿਤੀ ਹੈ ਜਿਸ ਨੇ ਪੂਰੀ ਮਨੁੱਖਤਾ ਨੂੰ ਸਰੀਰਕ ਅਤੇ ਆਤਮਿਕ ਤੌਰ 'ਤੇ ਨਿਰੋਗ ਰਹਿਣ ਦਾ ਰਾਹ ਦੱਸਿਆ ਹੈ।ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਤੰਦਰੁਸਤ ਜ਼ਿੰਦਗੀ ਲਈ ਯੋਗ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਸੀਐੱਮ ਦੀ ਯੋਗਸ਼ਾਲਾ ਤਹਿਤ 164 ਕਲਾਸਾਂ ਚੱਲ ਰਹੀਆਂ ਹਨ ਜਿਨ੍ਹਾਂ ਵਿੱਚ ਲਗਭਗ 5000 ਦੇ ਕਰੀਬ ਲੋਕੀਂ ਭਾਗ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਮੁਹੱਲੇ ਜਾਂ ਪਿੰਡ ਦੇ ਵਾਸੀ ਸੀਐੱਮ ਦੀ ਯੋਗਸ਼ਾਲਾ ਪ੍ਰੋਜੈਕਟ ਦੇ ਅੰਤਰਗਤ.ਆਪਣੇ ਮੁਹੱਲੇ ਜਾਂ ਪਿੰਡ ਵਿੱਚ ਯੋਗਾ ਕਲਾਸਾਂ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਮੋਬਾਇਲ ਨੰਬਰ 7669400500 ਉਪਰ ਕਾਲ ਕਰ ਸਕਦੇ ਹਨ।ਸੀਐੱਮ ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਦੀਨਾਨਗਰ ਵਿੱਚ ਸਿਟੀ ਪਾਰਕ, ਕਲਾਨੌਰ ਦੇ ਸ਼ਿਵ ਮੰਦਰ ਪਾਰਕ, ਡੇਰਾ ਬਾਬਾ ਨਾਨਕ ਦੀ ਅਜਿਤਾ ਰੰਧਾਵਾ ਪਾਰਕ, ਫ਼ਤਿਹਗੜ੍ਹ ਚੂੜੀਆਂ ਦੇ ਚੇਅਰਮੈਨ ਪੈਲੇਸ, ਕਾਦੀਆਂ ਦੇ ਭਗਤਪੁਰਾ ਮਿਡਲ ਸਕੂਲ, ਬਟਾਲਾ ਦੇ ਮੁਰਗ਼ੀ ਮੁਹੱਲੇ ਵਿੱਚ ਯੋਗਾ ਅਭਿਆਸ ਕਰਵਾਏ ਗਏ।ਬਟਾਲਾ ਦੇ ਆਰ. ਡੀ. ਖੋਸਲਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਯੋਗਾ ਦਿਵਸ ਮਨਾਇਆ ਗਿਆ ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਅਤੇ ਐੱਸ. ਡੀ. ਐੱਮ. ਬਟਾਲਾ ਸ਼ਾਇਰੀ ਭੰਡਾਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

# ਅਮਨਜੋਤ ਸਿੰਘ ਸਿੱਧੂ ਆਸਟਰੇਲੀਆ 'ਚ ਬਣਿਆ ਪਹਿਲਾ ਪੁਲਸ ਪ੍ਰੋਸੀਕਿਊਟਰ



**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁਲਾਜ਼ਮ ਦੇ ਹੋਣਹਾਰ ਪੁੱਤਰ ਅਮਨਜੋਤ ਸਿੰਘ ਸਿੱਧੂ ਦੱਖਣੀ ਅਸਟਰੇਲੀਆ ਵਿਖੇ ਭਾਰਤੀ ਮੂਲ ਦੇ ਪਹਿਲੇ ਪੁਲਸ ਪ੍ਰੋਸਿਕਿਊਟਰ ਬਣੇ ਹਨ। ਉਨ੍ਹਾਂ ਨੇ ਐਡੀਲੈਂਡ (ਅਸਟਰੇਲੀਆ) ਵਿਖੇ ਮਾਰਚ 2024 ਵਿੱਚ ਵਕਾਲਤ ਦੀ ਪੜ੍ਹਾਈ ਪੂਰੀ ਕਰਕੇ 17 ਜੂਨ ਨੂੰ ਸਰਕਾਰੀ ਵਕੀਲ ਦਾ ਅਹੁਦਾ ਸੰਭਾਲਿਆ। ਅਮਨਜੋਤ ਸਿੰਘ ਪਿੰਡ ਮਹਿਰਾਜ ਜ਼ਿਲ੍ਹਾ ਬਠਿੰਡਾ ਦੇ ਰਹਿਣ ਵਾਲੇ ਹਨ ਅਤੇ ਮਾਨਸਾ ਵਿਖੇ ਵਿਆਹੇ ਹੋਏ ਹਨ। ਜ਼ਿਕਰਯੋਗ ਹੈ ਕਿ ਅਮਨਜੋਤ ਸਿੰਘ ਦੇ ਪਿਤਾ ਸੇਵਾ ਮੁਕਤ ਸੁਪਰਡੰਟ ਹਰਪਾਲ ਸਿੰਘ ਸਿੱਧੂ ਅਤੇ ਮਾਤਾ ਸੇਵਾ ਮੁਕਤ ਸੁਪਰਡੰਟ ਰਾਜ ਪ੍ਰੀਤ ਕੌਰ ਦਾ ਹੋਣਹਾਰ ਪੁੱਤਰ ਹੈ।ਸਿੱਧੂ ਦੀ ਮਾਸੀ ਸਿੱਖਿਆ ਬੋਰਡ ਵਿੱਚੋਂ ਸੇਵਾ ਮੁਕਤ ਸੁਪਰਡੰਟ ਸ੍ਰੀਮਤੀ ਹਰਪ੍ਰੀਤ ਕੌਰ ( ਗੱਪੂ ) ਨੇ ਅਮਨਜੋਤ ਸਿੰਘ ਸਿੱਧੂ ਦੀ ਇਸ ਉਪਲਬੱਧੀ 'ਤੇ ਵਧਾਈ ਦਿੱਤੀ। ਉਨ੍ਹਾਂ ਦੇ ਸਹੁਰਾ ਸ਼ਮਸ਼ੇਰ ਸਿੰਘ ਬੋੜਾਵਾਲ ਸੇਵਾ ਮੁਕਤ ਸੈਂਟਰ ਹੈੱਡ ਟੀਚਰ ਹਨ। ਉਨ੍ਹਾਂ ਕਿਹਾ ਕਿ ਇਹ ਇਕ ਵੱਡੀ ਪ੍ਰਾਪਤੀ ਤੇ ਮਾਣ ਵਾਲੀ ਗੱਲ ਹੈ ਕਿ ਉਸ ਦੇ ਮਾਤਾ-ਪਿਤਾ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁਲਾਜਮ ਸਨ। ਉਨ੍ਹਾਂ ਕਿਹਾ ਕਿ ਕਿ ਉਹ ਪੜ੍ਹਾਈ ਦੌਰਾਨ ਹਮੇਸ਼ਾ ਹੀ ਹੁਸ਼ਿਆਰ ਰਹੇ ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ ਵੀ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਰਹੀਆਂ ਅਤੇ ਹੁਣ ਉਨ੍ਹਾਂ ਨੇ ਵਿਦੇਸ਼ ਤੇ ਧਰਤੀ ਉਪਰ ਵੱਡਾ ਨਾਮਣਾ ਖੱਟਿਆ ਹੈ।

ਅਮਨਜੋਤ ਸਿੰਘ ਸਿੱਧੂ 2012 ਤੋਂ 20 17 ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ ਵਕੀਲ ਅਤੇ ਲਾਅ ਰਿਸਰਚ ਦੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

# ਸਾਲਾਨਾ ਜੋੜ ਮੇਲਾ ਭਲਕੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) -ਪਿੰਡ ਪੰਡੋਰੀ ਕੱਦ ਵਿਖੇ ਦਰਬਾਰ ਪੀਰ ਬਾਬਾ ਅੰਮੀਏ ਸ਼ਾਹ ਜੀ ਅਬਲ ਕਾਦਰੀ, ਪੀਰ ਬਾਬਾ ਮੋਤੀ ਸ਼ਾਹ ਜੀ ਦੀ ਮਜ਼ਾਰ 'ਤੇ ਉਨ੍ਹਾਂ ਦੀ ਯਾਦ 'ਚ ਸਾਲਾਨਾ ਜੋੜ ਮੇਲਾ 24 ਜੂਨ ਨੂੰ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਜੰਗੀ ਸ਼ਾਹ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। 23 ਜੂਨ ਨੂੰ ਚਿਰਾਗ, ਚਾਦਰ, ਮਹਿੰਦੀ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ।24 ਜੂਨ ਨੂੰ ਪੰਜਾਬ ਦੇ ਨਾਮਵਰ ਕਲਾਕਾਰ, ਨਕਾਲ ਕਵਾਲ ਪੀਰਾਂ ਦੀ ਮਹਿਫਿਲ ਸਜਾਉਣੇ। ਮੇਲੇ ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਆਸ਼ਾ ਵਰਕਰਾਂ ਦੀ ਕਲਮਛੋੜ ਹੜਤਾਲ ਦੂਸਰੇ ਦਿਨ 'ਚ ਦਾਖਲ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ ਏਟਕ ਗਰੁੱਪ ਵੱਲੋਂ ਆਪਣੀਆ ਹੱਕੀ ਮੰਗਾਂ ਨੂੰ ਲੈ ਕੇ ਸਿਵਲ ਹਸਪਤਾਲ ਘਰਿਆਲਾ ਦੇ ਬਾਹਰ ਕੜਕਦੀ ਧੁੱਪ 'ਚ ਰੋਸ ਧਰਨਾ ਦੂਸਰੇ ਦਿਨ ਵੀ ਜਾਰੀ ਰਿਹਾ।

ਸਰਕਾਰ ਦੀ ਵਾਅਦਾਖਿਲਾਫੀ ਨੂੰ ਲੈ ਕੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਗਰੁੱਪ ਏਟਕ ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਆਪਣੀਆਂ ਹੱਕੀ ਮੰਗਾਂ ਤੋਂ ਜਾਣੂ ਕਰਵਾਇਆ।

ਆਗੂਆਂ ਨੇ ਆਖਿਆ ਕਿ 28 ਜੂਨ ਤੱਕ ਕਲਮਛੋੜ ਹੜ੍ਹਤਾਲ ਕਰਕੇ ਸਿਹਤ ਵਿਭਾਗ ਦੇ ਸਾਰੇ ਕੰਮ ਠੱਪ ਕਰਦਿਆਂ ਸੂਬੇ ਭਰ ਦੇ ਸਾਰੇ ਐੱਸ. ਐੱਮ. ਓ. ਦੇ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਜਾਰੀ ਰਹੇਗਾ । ਰੋਸ ਧਰਨੇ ਦੌਰਾਨ ਹੋਣ ਵਾਲੇ ਨੁਕਸਾਨ ਦੀ ਜ਼ੁੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।ਇਸ ਮੌਕੇ ਸਰਬਜੀਤ ਕੌਰ ਮੀਤ ਪ੍ਰਧਾਨ, ਵੀਰਪਾਲ ਕੌਰ ਸੈਕਟਰੀ, ਅਮਨਦੀਪ ਕੌਰ, ਬਲਾਕ ਪ੍ਰਧਾਨ, ਹਰਮਿੰਦਰ ਕੌਰ ਹਰੀਕੇ, ਰਣਜੀਤ ਕੌਰ, ਗੁਰਜਿੰਦਰ ਕੌਰ ਆਸਾ ਫੈਸਿਲੀਟੇਟਰਜ਼, ਰਣਜੀਤ ਕੌਰ ਆਸ਼ਾ ਫੈਸਿਲੀਟੇਟਰ, ਮਨਪ੍ਰੀਤ ਕੌਰ ਆਸ਼ਾ ਫੈਸਿਲੀਟੇਟਰ, ਰਾਜਬੀਰ ਕੌਰ ਆਸਾ ਫੈਸਿਲੀਟੇਟਰ, ਪੁਸ਼ਪਿੰਦਰ ਕੌਰ, ਰਾਜਵਿੰਦਰ ਕੌਰ, ਬਲਵਿੰਦਰ ਕੌਰ ਘਰਿਆਲਾ, ਰਾਜਵਿੰਦਰ ਕੌਰ, ਗੀਤਾ ਆਦਿ ਹਾਜ਼ਰ ਸਨ।

# ਕਟਾਰੂਚੱਕ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਮਿਲ ਕੇ ਕੀਤੀ ਯੋਗ ਸਾਧਨਾ



ਪਠਾਨਕੋਟ: (ਦਵਿੰਦਰ ਸਿੰਘ)-ਪੰਜਾਬ ਸਰਕਾਰ ਅਤੇ ਆਯੁਰਵੈਦਿਕ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਰਵੀ ਡੂਮਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੈ ਅਤੇ ਸਮਾਜ ਲਈ ਯੋਗ ਥੀਮ ਦੇ ਅਧੀਨ ਜ਼ਿਲ੍ਹਾ ਪੱਧਰੀ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਲਟੀਪਰਪਜ਼ ਸਪੋਰਟਸ ਸਟੇਡੀਅਮ ਪਠਾਨਕੋਟ ਵਿਖੇ ਜ਼ਿਲ੍ਹਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਪਠਾਨਕੋਟ ਡਾ. ਮਲਕੀਤ ਸਿੰਘ ਘੱਗਾ ਦੀ ਪ੍ਰਧਾਨਗੀ ਵਿੱਚ ਮਨਾਇਆ ਗਿਆ।ਯੋਗ ਦਿਵਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਆਦਿੱਤਿਆ ਉਪਲ ਡਿਪਟੀ ਕਮਿਸ਼ਨਰ ਪਠਾਨਕੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ), ਅਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ ਆਮ ਆਦਮੀ ਪਾਰਟੀ, ਡੀ. ਜੀ. ਸਿੰਘ ਡਿਪਟੀ ਡੀ. ਈ. ਓ. ਪ੍ਰਾਇਮਰੀ, ਠਾਕੁਰ ਭੁਪਿੰਦਰ ਸਿੰਘ ਕਾਰਜਕਰਤਾ ਆਮ ਆਦਮੀ ਪਾਰਟੀ, ਆਰਟ ਆਫ ਲਿਵਿੰਗ ਤੋਂ ਸੰਜੀਵ ਕੁਮਾਰ, ਜਗਜੀਵਨ ਸਿੰਘ ਜ਼ਿਲ੍ਹਾ ਖੇਡ ਅਫਸਰ, ਯੁਗੇਸ਼ ਕੁਮਾਰ ਕਾਨੂੰਗੋ ਚੋਣਾਂ, ਸਤੀਸ਼ ਸੈਣੀ ਐੱਸ. ਈ. ਕਾਰਪੋਰੇਸ਼ਨ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਅਰੁਣ ਸ਼ਰਮਾ ਕੋਆਰਡੀਨੇਟਰ ਸਿੱਖਿਆ ਵਿਭਾਗ ਖੇਡਾਂ, ਜਤਿੰਦਰ ਕੁਮਾਰ ਪੀ. ਏ. ਟੂ ਡਿਪਟੀ ਕਮਿਸ਼ਨਰ ਅਤੇ 700 ਤੋਂ ਵੱਧ ਅਧਿਕਾਰੀਆਂ, ਕਰਮਚਾਰੀਆਂ, ਆਮ ਜਨਤਾ ਅਤੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰ ਵੀ ਹਾਜ਼ਰ ਸਨ।ਜ਼ਿਲ੍ਹਾ ਪੱਧਰੀ ਯੋਗਸ਼ਾਲਾ ਵਿੱਚ ਆਰਟ ਆਫ ਲਿਵਿੰਗ, ਪ੍ਰਕ੍ਰਿਤੀ ਚੈਰੀਟੇਬਲ ਸੋਸਾਇਟੀ ਅਤੇ ਜ਼ਿਲ੍ਹਾ ਕੋਆਰਡੀਨੇਟਰ ਸੀ. ਐੱਮ. ਦੀ ਯੋਗਸ਼ਾਲਾ ਵੱਲੋਂ ਵੀ ਪੂਰਨ ਸਹਿਯੋਗ ਦਿੱਤਾ ਜਾ ਰਿਹਾ। ਇਸ ਮੌਕੇ ਸੰਬੋਧਨ ਕਰਦਿਆਂ ਆਦਿੱਤਿਆ ਉਪਲ ਨੇ ਕਿਹਾ ਕਿ ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਅਸੀਂ ਹਰੇਕ ਕਾਰਜ ਲਈ ਸਮਾਂ ਤਾਂ ਕੱਢ ਲੈਂਦੇ ਹਾਂ ਪਰ ਆਪਣੇ ਆਪ ਲਈ ਵੀ ਸਾਨੂੰ ਸਮਾਂ ਕੱਢਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਯੋਗ ਸਾਨੂੰ ਕੇਵਲ ਸਰੀਰਕ ਤੌਰ 'ਤੇ ਹੀ ਤੰਦਰੁਸਤੀ ਪ੍ਰਦਾਨ ਨਹੀਂ ਕਰਦਾ ਬਲਕਿ ਮਾਨਸਿਕ ਤੌਰ 'ਤੇ ਵੀ ਪੂਰੀ ਤਰ੍ਹਾਂ ਨਾਲ ਤੰਦਰੁਸਤ ਰੱਖਦਾ ਹੈ।ਸਮਾਰੋਹ ਦੇ ਅੰਤ ਵਿੱਚ ਯੋਗ ਦਿਵਸ 'ਤੇ ਸ਼ਾਮਲ ਹੋਣ ਵਾਲੇ ਅਧਿਕਾਰੀਆਂ ਨੂੰ ਪੌਦੇ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰਿਤੂ, ਡਾ. ਨਮਿਤਾ, ਜਤਿਨ ਸੀਨੀਅਰ ਸਹਾਇਕ, ਅੰਕੁਸ਼, ਡਾ. ਜਸਵਿੰਦਰ , ਡਾ. ਰਾਜਿੰਦਰ, ਡਾ. ਪੰਕਜ ਠਾਕੁਰ, ਡਾ. ਮੀਨਾ, ਡਾ. ਮਾਲਤੀ ਰਾਣਾ, ਉਪਵੈਦ ਅਭਿਸ਼ੇਕ, ਉਪਵੈਦ ਸੰਦੀਪ, ਗੁਰਮੀਤ ਸਿੰਘ ਸੁਪਰਡੈਂਟ, ਅੰਕੁਸ਼ ਸ਼ਰਮਾ ਅਤੇ ਹੋਰ ਵਿਭਾਗੀ ਅਧਿਕਾਰੀ/ਕਰਮਚਾਰੀ ਵੀ ਹਾਜ਼ਰ ਸਨ ।

# ਪੀ ਐੱਚ ਸੀ ਰਾਜੋਕੇ ਵਿਖੇ ਐਂਟੀ ਮਲੇਰੀਆ ਦਿਵਸ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਸਿਵਲ ਸਰਜਨ ਤਰਨਤਾਰਨ ਡਾ. ਭਾਰਤ ਭੂਸ਼ਣ ਜ਼ਿਲ੍ਹਾ ਐਪੀਡੀਮੋਲੋਜਿਸਟ ਅਫਸਰ ਤਰਨਤਾਰਨ, ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਦੀ ਯੋਗ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਖੇਮਕਰਨ ਡਾ. ਸਰਬਜੀਤ ਸਿੰਘ ਦੀ ਦੇਖ-ਰੇਖ ਹੇਠ ਪੀ. ਐੱਚ. ਸੀ. ਰਾਜੋਕੇ ਵਿਖੇ ਮਲੇਰੀਆ ਬੁਖਾਰ ਸੰਬੰਧੀ ਜਾਣਕਾਰੀ ਦਿੱਤੀ ਗਈ।ਸਰਬਜੀਤ ਸਿੰਘ ਸਿੰਘ ਐੱਸ. ਆਈ. ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਗੰਦੀਆਂ ਥਾਵਾਂ ਅਤੇ ਗੰਦੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਸਾਨੂੰ ਆਪਣੇ ਘਰਾਂ ਦੇ ਆਲ਼ੇ-ਦੁਆਲੇ ਦੀ ਸਾਫ਼ ਸਫ਼ਾਈ ਰੱਖਣੀ ਚਾਹੀਦੀ ਹੈ ਅਤੇ ਘਰਾਂ ਦੇ ਲਾਗੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਹੈ ਅਤੇ ਛੱਪੜਾਂ ਵਿੱਚ ਗੰਬੂਜੀਆ ਫਿਸ਼ ਜਾਂ ਸੜਿਆ ਕਾਲ਼ਾ ਤੇਲ ਪਾ ਦੇਣਾ ਚਾਹੀਦਾ ਹੈ ਤਾਂ ਜੋ ਮਲੇਰੀਆ ਬੁਖਾਰ ਦੇ ਮੱਛਰ ਦੇ ਲਾਰਵੇ ਤੋਂ ਬਚਿਆ ਜਾਂ ਸਕੇ। ਮਲੇਰੀਆਂ ਬੁਖਾਰ ਦੇ ਲੱਛਣ ਤੇਜ਼ ਬੁਖਾਰ ਅਤੇ ਕਾਂਬੇ ਨਾਲ ਬੁਖਾਰ, ਸਿਰ ਦਰਦ ਹੁੰਦਾ ਹੈ। ਸਮੂਹ ਸਿਹਤ ਕੇਂਦਰਾਂ ਵਿੱਚ ਮਲੇਰੀਆ ਬੁਖਾਰ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਤੋਂ ਬਚਾਅ ਵਾਸਤੇ ਘਰਾਂ ਨੂੰ ਜਾਲੀਦਾਰ ਦਰਵਾਜ਼ਿਆਂ, ਮੱਛਰ ਭਜਾਊ ਕਰੀਮਾਂ ਅਤੇ ਮੱਛਰ ਦਾਨੀਆ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।ਇਸ ਮੌਕੇ ਜੁਗਰਾਜ ਸਿੰਘ ਐੱਸਆਈ, ਜਗਤਾਰ ਸਿੰਘ ਐੱਮਪੀਡਬਲਿਊ, ਬਲਜਿੰਦਰ ਸਿੰਘ ਐੱਮਪੀਡਬਲਿਊ ਮੇਲ, ਹਰਜੀਤ ਸਿੰਘ ਬੀਈਈ, ਹਰਭਜਨ ਸਿੰਘ, ਕੁਲਵੰਤ ਸਿੰਘ, ਦਰਜਾਚਾਰ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖ਼ਸੀਅਤ ਡਾ. ਐੱਸ. ਪੀ. ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਸਮੂਹ ਟੀਮ ਮੈਂਬਰਾਂ ਵੱਲੋਂ ਵਿਧਵਾ ਔਰਤਾਂ, ਅੰਗਹੀਣਾਂ, ਗਰੀਬਾਂ, ਬੇਸਹਾਰਾ ਅਤੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡਣ ਲਈ ਸਥਾਨਕ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਖੇ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਨਰੇਸ਼ ਗੋਇਲ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸਮਾਜ ਸੇਵੀ ਸ਼ਖ਼ਸ਼ੀਅਤ ਤੇ ਪ੍ਰਧਾਨ ਗੁਰਮੀਤ ਸਿੰਘ ਮਠਾਰੂ, ਵਿਜੇ ਤਰੇਹਨ ਸ਼ਾਮਲ ਸਨ।ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਭੇਟ ਕਰਦਿਆਂ ਚੇਅਰਮੈਨ ਨਰੇਸ਼ ਗੋਇਲ ਨੇ ਕਿਹਾ ਕਿ ਡਾ. ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ ਜਦਕਿ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਉੱਚਾ ਚੁੱਕਣ ਲਈ ਡਾ. ਓਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ।ਚੇਅਰਮੈਨ ਨਰੇਸ਼ ਗੋਇਲ ਨੇ ਕਿਹਾ ਕਿ ਡਾ. ਓਬਰਾਏ ਦੀ ਯੋਗ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਅਤੇ ਉਹਨਾਂ ਦੀ ਸਮੁੱਚੀ ਟੀਮ ਬਹੁਤ ਹੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੈ। ਚੇਅਰਮੈਨ ਤੇ ਸਮਾਜ ਸੇਵੀ ਸ਼ਖ਼ਸ਼ੀਅਤ ਨਰੇਸ਼ ਗੋਇਲ ਨੇ ਕਿਹਾ ਕਿ ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਸਰਬੱਤ ਦਾ ਭਲਾ ਟਰੱਸਟ ਦੇ ਰਾਹੀਂ ਜਾਤਪਾਤ ਅਤੇ ਹੱਦਾਂ ਸਰਹੱਦਾਂ ਤੋਂ ਉਪਰ ਉੱਠ ਕੇ ਇਨਸਾਨੀਅਤ ਅਤੇ ਮਨੁੱਖਤਾ ਨੂੰ ਬਚਾਉਣ ਲਈ ਕਾਰਜ ਕੀਤੇ ਜਾ ਰਿਹੇ ਹਨ ।

ਇਸ ਦੌਰਾਨ ਪੈਨਸ਼ਨਾਂ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਨੇ ਡਾ. ਓਬਰਾਏ ਦਾ ਧੰਨਵਾਦ ਵੀ ਕੀਤਾ ।ਇਸ ਮੌਕੇ ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਵਿੱਤ ਸਕੱਤਰ ਰਜਿੰਦਰ ਸਿੰਘ ਰਾਜੂ ਸਰਪੰਚ, ਸਲਾਹਕਾਰ ਸਲਵਿੰਦਰ ਸਿੰਘ ਬਿੱਟੂ ਰੰਧਾਵਾ, ਇੰਦਰਪ੍ਰੀਤ ਸਿੰਘ ਰਿੱਕੀ, ਤੇਜਪਾਲ ਸਿੰਘ, ਰੋਹਿਤ ਕੁਮਾਰ, ਜੋਧਵੀਰ ਸਿੰਘ, ਹਰਵਿੰਦਰ ਸਿੰਘ ਟਿੰਕੂ, ਕੇਵਲ ਕੁਮਾਰ ਤੇ ਹੋਰ ਵੀ ਆਗੂ ਹਾਜ਼ਰ ਸਨ।

# ਇਨਸਾਫ ਦਾ ਭਰੋਸਾ ਮਿਲਣ 'ਤੇ ਕੱਚੇ-ਪੱਕੇ ਥਾਣੇ ਅੱਗੇ ਲੱਗਾ ਧਰਨਾ ਸਮਾਪਤ



ਵਲਟੋਹਾ (ਰਣਜੀਤ ਸਿੰਘ ਵਲਟੋਹਾ)—ਮਈ 17 ਨੂੰ ਕਤਲ ਹੋਏ ਲਖਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਅਹਿਮਦਪੁਰ ਦੇ ਕਾਤਲ ਨਾ ਲੱਭਣ ਕਰਕੇ ਜਮਹੂਰੀ ਕਿਸਾਨ ਸਭਾ ਵੱਲੋਂ ਗੁਰਨਾਮ ਸਿੰਘ ਬਾਸਰਕੇ ਦੀ ਪ੍ਰਧਾਨਗੀ ਹੇਠ ਔਰਤਾਂ/ਮਰਦਾਂ ਵੱਲੋਂ ਕਾਤਲ ਨੂੰ ਲੱਭਣ ਅਤੇ ਦਰਬਾਰਾ ਸਿੰਘ ਦੇ ਘਰ ਚੋਰੀ ਕਰਨ ਵਾਲੇ ਚੋਰਾਂ ਨੂੰ ਲੱਭਣ ਲਈ ਕੱਚੇ-ਪੱਕੇ ਥਾਣੇ ਅੱਗੇ ਧਰਨਾ ਸ਼ੁਰੂ ਕੀਤਾ ਸੀ।ਇਸ ਧਰਨੇ ਨੂੰ ਦਲਜੀਤ ਸਿੰਘ ਦਿਆਲਪੁਰਾ, ਕੇਵਲ ਸਿੰਘ ਕੰਬੋਕੇ, ਬਲਦੇਵ ਸਿੰਘ ਅਹਿਦਪੁਰਾ, ਧਰਮ ਸਿੰਘ ਪੱਟੀ, ਗੁਰਮੀਤ ਸਿੰਘ ਮਾਣਕਪੁਰਾ, ਬਲਜੀਤ ਸਿੰਘ, ਭਾਈ ਮੱਸਾ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਇੱਥੇ ਜੰਗਲ ਦਾ ਰਾਜ ਬਣ ਗਿਆ ਹੈ।ਝਪਟਮਾਰਾਂ ਵੱਲੋਂ ਲੁੱਟਾਂ-ਖੋਹਾਂ, ਦਿਨ ਦੀਵੀਂ ਬਾਜ਼ਾਰਾਂ ਤੇ ਬੈਂਕਾਂ ਵਿੱਚ ਡਾਕੇ ਅਤੇ ਲੋਕਾਂ ਤੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ।ਰਾਜ ਕਰਦੀ ਪਾਰਟੀ ਦੇ ਐੱਮ. ਐੱਲ. ਏ. ਦੇ ਦਫਤਰ ਵਿੱਚ ਚੋਰੀ ਅਤੇ ਮਹਿਲਾ ਜੱਜ ਦੇ ਘਰੋਂ ਹੋਈ ਚੋਰੀ ਨੇ ਤਾਂ ਲੋਕਾਂ ਦਾ ਸਰਕਾਰ ਦੀ ਮਸ਼ੀਨਰੀ 'ਤੇ ਬਚਿਆ-ਖੁਚਿਆ ਭਰੋਸਾ ਹੀ ਉਡਾ ਦਿੱਤਾ ਹੈ।ਡੀ. ਐੱਸ. ਪੀ. ਪੱਟੀ ਵੱਲੋਂ ਹਫਤੇ ਦੇ ਵਿਚ-ਵਿੱਚ ਕਾਤਲ ਨੂੰ ਫੜਨ ਦਾ ਵਿਸ਼ਵਾਸ ਦੁਆਉਣ ਅਤੇ ਥਾਣੇ ਦੀ ਪੁਲਸ ਨੂੰ ਦਰਬਾਰਾ ਸਿੰਘ ਦੇ ਘਰ ਹੋਈ ਚੋਰੀ ਦਾ ਕੇਸ ਦਰਜ ਕਰਨ ਦੀ ਹਦਾਇਤ ਦੇ ਭਰੋਸੇ 'ਤੇ ਧਰਨਾ ਸਮਾਪਤ ਕਰ ਦਿੱਤਾ ਗਿਆ।ਧਰਨੇ ਵਿਚ ਸ਼ਾਮਲ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦਾ ਤਹਿਸੀਲ ਪ੍ਰਧਾਨ ਗੁਰਨਾਮ ਸਿੰਘ ਬਾਸਰਕੇ ਵੱਲੋਂ ਧੰਨਵਾਦ ਕੀਤਾ ਗਿਆ।

# ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ 'ਚ ਯੋਗ ਦਿਵਸ ਬੜੀ ਧੂਮਧਾਮ ਨਾਲ ਮਨਾਇਆ




ਝਬਾਲ (ਹਰਜਿੰਦਰ ਸਿੰਘ ਸੋਨੀ)-ਆਰੀਆ ਰਤਨ ਡਾ: ਪੂਨਮ ਸੂਰੀ, ਵੀ. ਕੇ. ਚੋਪੜਾ, ਆਰ. ਓ. ਡੀ. ਏ. ਵੀ ਪਬਲਿਕ ਸਕੂਲ ਪੰਜਾਬ ਜ਼ੋਨ (ਸੀ), ਡਾ: ਅੰਜਨਾ ਗੁਪਤਾ, ਸਕੂਲ ਪ੍ਰਬੰਧਕ ਡਾ: ਨੀਰਾ ਸ਼ਰਮਾ ਅਤੇ ਪਿੰ. ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਹੇਠ ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।

ਯੋਗਾ ਸਰੀਰਕ ਅਤੇ ਮਾਨਸਿਕ ਸਿਹਤ ਲਈ ਲਾਭਦਾਇਕ ਹੈ।ਇਹ ਸਰੀਰ ਨੂੰ ਰੋਗਾਂ ਤੋਂ ਮੁਕਤ ਰੱਖਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ।

ਭਾਰਤੀ ਸੰਸਕ੍ਰਿਤੀ ਨਾਲ ਜੁੜੀ ਇਹ ਗਤੀਵਿਧੀ ਹੁਣ ਵਿਦੇਸ਼ਾਂ ਵਿੱਚ ਵੀ ਫੈਲ ਚੁੱਕੀ ਹੈ।

ਇਸ ਮੌਕੇ ਬੱਚਿਆਂ ਨੂੰ ਯੋਗਾ ਬਾਰੇ ਜਾਣਕਾਰੀ ਦਿੱਤੀ ਗਈ।ਸਕੂਲ ਦੇ ਵਿਹੜੇ ਵਿੱਚ ਐੱਲ. ਐੱਮ. ਸੀ. ਮੈਂਬਰ ਰਮੇਸ਼ ਸੂਦ, ਸੰਜੀਵ ਸੂਦ, ਬੱਚਿਆਂ, ਅਧਿਆਪਕਾਂ ਅਤੇ ਪ੍ਰਿੰ. ਅਸ਼ਵਨੀ ਕੁਮਾਰ ਵੱਲੋਂ ਯੋਗ ਅਭਿਆਸ ਕਰਵਾਇਆ ਗਿਆ।ਪ੍ਰਿੰ. ਨੇ ਦੱਸਿਆ ਕਿ ਭਾਰਤ ਦੇ ਵਿਸ਼ਵ ਗੁਰੂ ਬਣਨ ਦਾ ਸਮਾਂ ਆ ਗਿਆ ਹੈ।ਇਸ ਸਮੇਂ ਦੁਨੀਆ ਭਰ ਦੇ ਲੋਕ ਸਮੂਹਿਕ ਤੌਰ 'ਤੇ ਯੋਗਾ ਕਰਦੇ ਹਨ।

ਇਸ ਮੌਕੇ ਨਮਨ ਕੁਮਾਰ ਨੇ ਵਿਦਿਆਰਥੀਆਂ ਨੂੰ ਯੋਗਾ ਦਾ ਅਭਿਆਸ ਕਰਵਾਇਆ।ਸਾਰਿਆਂ ਨੂੰ ਰਿਫਰੈਸ਼ਮੈਂਟ ਵਜੋਂ ਫਲ ਵੀ ਦਿੱਤੇ ਗਏ।

# ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਬਾਰੇ ਬੇਤੁਕੀ ਬਿਆਨਬਾਜ਼ੀ ਦੀ ਸਖਤ ਨਿੰਦਾ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ)- ਮੈਡੀਕਲ ਪ੍ਰੈਕਟੀਸ਼ਨਰਜ਼ ਅਸੋਸੀਏਸ਼ਨ ਪੰਜਾਬ ਵੱਲੋਂ ਪੰਜਾਬੀ ਦੀ ਇਕ ਅਖਬਾਰ 'ਚ 18 ਜੂਨ ਨੂੰ 'ਸਰਹੱਦੀ ਇਲਾਕਿਆਂ 'ਚ 'ਝੋਲਾ ਛਾਪ ਡਾਕਟਰਾਂ ਦੀ ਭਰਮਾਰ' ਸਿਰਲੇਖ ਹੇਠ ਖਬਰ ਪ੍ਰਕਾਸ਼ਿਤ ਹੋਈ ਸੀ ਜਿਸ ਵਿੱਚ ਸ਼ਹਿਰੀ ਗਰੀਬ ਬਸਤੀਆਂ ਅਤੇ ਪਿੰਡਾਂ ਵਿੱਚ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਬਾਰੇ ਬੇਤੁਕੀ ਅਤੇ ਝੋਲਾ ਛਾਪ ਵਰਗੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਜਿਸ ਦੀ ਜਥੇਬੰਦੀ ਵੱਲੋਂ ਸਖ਼ਤ ਨਿੰਦਾ ਕੀਤੀ ਜਾਂਦੀ ਹੈ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ , ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਐੱਚ. ਐੱਸ. ਰਾਣੂ ਬਠਿੰਡਾ, ਸਹਾਇਕ ਸਕੱਤਰ ਨਛੱਤਰ ਸਿੰਘ ਚੀਮਾ ਅਤੇ ਜ਼ਿਲ੍ਹਾ ਤਰਨਤਾਰਨ ਦੇ ਆਗੂ ਸੁਖਚੈਨ ਸਿੰਘ ਵਲਟੋਹਾ, ਜੈਮਲ ਸਿੰਘ ਸੈਦੋ, ਸਰਦਾਰਾ ਸਿੰਘ, ਬਲਵਿੰਦਰ ਸਿੰਘ ਕੋਟਲੀ, ਸ਼ਮਸ਼ੇਰ ਸਿੰਘ ਅਤੇ ਜ਼ਿਲ੍ਹਾ ਅਮ੍ਰਿਤਸਰ ਦੇ ਪ੍ਰਧਾਨ ਅਰਜਿੰਦਰ ਸਿੰਘ ਕੋਹਾਲੀ, ਮੁਖਤਿਆਰ ਸਿੰਘ ਚੇਤਨਪੁਰਾ, ਗੁਰਪ੍ਰਤਾਪ ਸਿੰਘ ਕੱਕੜ, ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਸੱਤ ਪਾਲ ਰਿਸ਼ੀ ਆਦਿ ਆਗੂਆਂ ਨੇ ਕਿਹਾ ਕਿ ਉਪਰੋਕਤ ਸ਼ਬਦਾਵਲੀ ਵਰਤਣ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਿਹਤ ਸੇਵਾਵਾਂ ਦੇ ਅੰਕੜੇ ਅਤੇ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਆਰਥਿਕ ਹਾਲਤਾਂ ਬਾਰੇ ਜ਼ਰੂਰ ਜਾਣ ਲੈਣਾ ਚਾਹੀਦਾ ਸੀ।ਸੋ ਅਸੀਂ ਪੱਤਰਕਾਰ ਭਾਈਚਾਰੇ ਅਤੇ ਸਮਾਜ ਚਿੰਤਕਾਂ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਸੰਸਥਾ ਜਾਂ ਵਿਅਕਤੀ ਸਬੰਧੀ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਉਸਦੀ ਹਾਂ-ਪੱਖੀ ਭੂਮਿਕਾ ਸਬੰਧੀ ਜ਼ਰੂਰ ਜਾਣ ਲੈਣਾ ਚਾਹੀਦਾ ਹੈ, ਅਜਿਹਾ ਨਾ ਹੋਣ ਦੀ ਸੂਰਤ 'ਚ ਜਥੇਬੰਦੀ ਨੂੰ ਮਜਬੂਰਨ ਭਵਿੱਖ 'ਚ ਸਖ਼ਤ ਫ਼ੈਸਲੇ ਲੈਣੇ ਪੈਣਗੇ ਜਿਸ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਆਪਣੀ ਹੋਵੇਗੀ।

# ਸਠਿਆਲਾ ਕਾਲਜ 'ਚ ਐੱਨ ਸੀ ਸੀ ਯੂਨਿਟ/ਐੱਨ ਐੱਸ ਐੱਸ ਵਲੰਟੀਅਰਾਂ ਨੇ ਕੀਤਾ ਯੋਗ



ਬੁਤਾਲਾ (ਨਿਰਮਲ ਸਿੰਘ ਸੰਘਾ)-ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਵਿਖੇ ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਮੰਤਰਾਲੇ ਅਤੇ ਮਨਿਸਟਰੀ ਆਫ਼ ਆਯੂਸ਼ ਵੱਲੋਂ ਜਾਰੀ ਹਦਾਇਤਾਂ ਤਹਿਤ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਓ. ਐੱਸ. ਡੀ. ਡਾ. ਤੇਜਿੰਦਰ ਕੌਰ ਸ਼ਾਹੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਕਾਲਜ ਦੇ ਐਨ. ਸੀ. ਸੀ ਯੂਨਿਟ ਅਤੇ ਐੱਨ. ਐੱਸ. ਐੱਸ ਵਲੰਟੀਅਰਾਂ ਨੇ ਹਿੱਸਾ ਲਿਆ।ਇਸ ਮੌਕੇ ਪ੍ਰੋ. ਹੀਰਾ ਲਾਲ ਵਲੋਂ ਯੋਗਾ ਟ੍ਰੇਨਰ ਦੀ ਭੂਮਿਕਾ ਨਿਭਾਈ ਗਈ।ਕਾਲਜ ਦੇ ਓ. ਐੱਸ. ਡੀ. ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੋਗਾ ਨਾਲ ਅਸੀਂ ਆਪਣੇ ਆਪ ਨੂੰ ਨਿਰੋਗ ਅਤੇ ਤਰੋਤਾਜ਼ਾ ਰੱਖ ਸਕਦੇ ਹਾਂ ਅਤੇ ਉਨ੍ਹਾਂ ਅਜੋਕੇ ਸਮੇਂ ਵਿੱਚ ਯੋਗਾ ਦੀ ਮਹੱਤਤਾ ਤੋਂ ਜਾਣੂ ਕਰਵਾਇਆ ।ਇਸ ਯੋਗ ਦਿਵਸ ਦਾ ਸੰਚਾਲਨ ਸਮੂਹ ਸਟਾਫ਼ ਦੇ ਸਾਂਝੇ ਯਤਨਾਂ ਸਦਕਾ ਕੀਤਾ ਗਿਆ।ਇਸ ਮੌਕੇ ਪ੍ਰੋ. ਸਤਬੀਰ ਸਿੰਘ ਮੱਤੇਵਾਲ, ਪ੍ਰੋ. ਅਰੁਣ ਗੁਸਾਈਂ, ਪ੍ਰੋ. ਕਰਮਬੀਰ ਸਿੰਘ, ਪ੍ਰੋ. ਰੋਹਿਤ ਗੁਪਤਾ, ਪ੍ਰੋ. ਹੀਰਾ ਲਾਲ, ਡਾ. ਹਰਸਿਮਰਨ ਕੌਰ , ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਰਾਬੀਆ ਅਰੋੜਾ, ਪ੍ਰੋ. ਸੁਪਰੀਤ ਕੌਰ ਅਤੇ ਪ੍ਰੋ. ਮਨੂੰ ਬਾਲਾ ਨੇ ਅਹਿਮ ਭੂਮਿਕਾ ਨਿਭਾਈ।

# ਬਾਬਾ ਲਾਲ ਜੀ ਮੰਦਰ ਵਿਖੇ ਮਨਾਇਆ 20ਵਾਂ ਸਾਲਾਨਾ ਮਹਾਂ ਉਤਸਵ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- 20ਵਾਂ ਸਾਲਾਨਾ ਮਹਾਂ ਉਤਸਵ ਹਰ ਸਾਲ ਦੀ ਤਰ੍ਹਾਂ ਬੜੀ ਧੂਮਧਾਮ ਨਾਲ ਬਾਬਾ ਲਾਲ ਜੀ ਮੰਦਰ ਅਜਨਾਲਾ ਵਿਖੇ ਮਨਾਇਆ ਗਿਆ ਜਿਸ ਵਿੱਚ ਧਿਆਨਪੁਰ ਗੱਦੀ ਤੇ ਬਿਰਾਜਮਾਨ ਮਹਾਰਾਜ ਮਹੰਤ ਸ਼੍ਰੀ ਰਾਮ ਸੁੰਦਰ ਦਾਸ ਵਿਸ਼ੇਸ਼ ਕਰਕੇ ਪਹੁੰਚੇ। ਉਨ੍ਹਾਂ ਨੇ ਸੰਗਤ ਨੂੰ ਪਰਮਾਤਮਾ ਦੇ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਪ੍ਰਸਿੱਧ ਗੀਤਕਾਰ ਕੌਸ਼ਲਦੀਪ ਵੱਲੋਂ ਬਾਬਾ ਲਾਲ ਜੀ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਮੰਦਰ ਵਿਖੇ ਪਹੁੰਚ ਕੇ ਮਹੰਤ ਸ਼੍ਰੀ ਰਾਮ ਸੁੰਦਰ ਦਾਸ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਪ੍ਰਦੀਪ ਕੁਮਾਰ ਬੰਟਾ, ਬੀਬੀ ਜਗਦੀਸ਼ ਕੌਰ, ਦੀਪੂ ਅਰੋੜਾ, ਡਾ, ਦੀਪਕ ਸਰਪਾਲ, ਧਰਮਿੰਦਰ ਸਿੰਘ, ਪ੍ਰਿੰਸ, ਵਿਜੇ ਸਰੀਨ, ਐਡਵੋਕੇਟ ਸੰਦੀਪ, ਵਿਨੋਦ ਅਰੋੜਾ, ਸੌਰਵ ਸਰੀਨ, ਅਤਿੰਦਰ ਸਿੰਘ ਬੱਬਰ, ਰਾਜੇਸ਼ ਆਦਿ ਹਾਜ਼ਰ ਸਨ।ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਰਾਕੇਸ਼ ਮਰਵਾਹਾ, ਸਤੀਸ਼ ਕੁਮਾਰ, ਵਰਿੰਦਰ ਸਚਦੇਵਾ ਅਤੇ ਹਰਜਿੰਦਰ ਹਾਜ਼ਰ ਸਨ।

# ਐੱਮਵੇ ਇੰਡੀਆ ਦਾ ਮਿਸ਼ਨ ਚੰਗੇਰੇ ਭਵਿੱਖ ਲਈ ਸਿਹਤਮੰਦ ਆਦਤਾਂ 'ਤੇ ਫੋਕਸ ਕਰਨਾ

ਅੰਮ੍ਰਿਤਸਰ : ਐੱਮਵੇ ਇੰਡੀਆ ਜੋ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਨਿਰੰਤਰ ਸਮਰਪਣ ਨਾਲ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੰਮ ਕਰਦੀ ਹੈ, ਨੇ ਯੋਗਾ ਦੇ ਸਹਿਜ ਏਕੀਕਰਣ ਦੁਆਰਾ ਆਮ ਲੋਕਾਂ ਵਿੱਚ ਸੰਪੂਰਨ ਸਿਹਤ ਦੀ ਮਹੱਤਤਾ ਨੂੰ ਉਜਾਗਰ ਕਰਕੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ।ਇਸ ਪਹਿਲਕਦਮੀ ਦਾ ਉਦੇਸ਼ ਲੋਕਾਂ ਨੂੰ ਯੋਗ ਦੀ ਜੀਵਨ ਸ਼ੈਲੀ ਅਪਣਾਉਣ ਅਤੇ ਉਨ੍ਹਾਂ ਦੇ ਖਾਣ-ਪੀਣ ਦੀਆਂ ਆਦਤਾਂ 'ਤੇ ਨਜ਼ਰ ਰੱਖਣ ਅਤੇ ਉਸ ਅਨੁਸਾਰ ਆਪਣੀ ਸਵੇਰ ਦੀ ਰੁਟੀਨ ਬਣਾਉਣ ਲਈ ਪ੍ਰੇਰਿਤ ਕਰਨਾ ਸੀ।ਇਸ ਪਹਿਲਕਦਮੀ ਦੇ ਤਹਿਤ, ਐੱਮਵੇ ਇੰਡੀਆ ਨੇ ਵੱਖ-ਵੱਖ ਸਥਾਨਾਂ 'ਤੇ ਯੋਗਾ ਸੈਸ਼ਨਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ।ਇਸ ਮੌਕੇ ਬੋਲਦੇ ਹੋਏ ਗੁਰਸ਼ਰਨ ਚੀਮਾ, ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਉੱਤਰੀ ਅਤੇ ਦੱਖਣੀ, ਐੱਮਵੇ ਇੰਡੀਆ ਨੇ ਕਿਹਾ ਕਿ ਅਸੀਂ ਲੋਕਾਂ ਦੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਬਾਰੇ ਸੰਜੀਦਾ ਹਾਂ, ਇਸ ਲਈ ਅਸੀਂ ਯੋਗਾ ਨੂੰ ਵਿਸ਼ਵ ਪੱਧਰ 'ਤੇ ਲੈ ਕੇ ਜਾਣ ਦੀ ਉਮੀਦ ਕਰ ਰਹੇ ਹਾਂ।

# 'ਆਪ' ਕੇਂਦਰ ਦੀਆਂ ਸਕੀਮਾਂ ਜਾਣ-ਬੁੱਝ ਕੇ ਲੋਕਾਂ ਤੱਕ ਨਹੀਂ ਪਹੁੰਚਾਉਂਦੀ: ਬੋਨੀ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅੱਜ ਭਾਰਤੀ ਜਨਤਾ ਪਾਰਟੀ ਅਜਨਾਲੇ ਦੇ ਦਫਤਰ ਵਿੱਚ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਅਜਨਾਲੇ ਦੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਇੱਕ ਪ੍ਰੈੱਸ ਕਾਨਫਰੰਸ ਕਰਕੇ ਆਮ ਪਾਰਟੀ ਸਰਕਾਰ 'ਤੇ ਇਲਜ਼ਾਮ ਲਾਏ ਕਿ ਉਹ ਕੇਂਦਰ ਸਰਕਾਰ ਦੀਆਂ ਸਕੀਮਾਂ ਘਰ-ਘਰ ਪਹੁੰਚਾਉਣ ਵਿੱਚ ਨਾਕਾਮਯਾਬ ਹੋਈ ਹੈ। ਉਨ੍ਹਾਂ ਕਿਹਾ ਕਿ ਸੱਤਾ ਧਿਰ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੀ ਹਾਰ ਦੀ ਕਿੜ ਕੱਢਦਿਆਂ ਅਜਨਾਲੇ ਦੇ ਕਈ ਪਿੰਡਾਂ ਦੀ ਡਿੱਪੂਆਂ 'ਤੇ ਵੰਡੀ ਜਾਣ ਵਾਲੀ ਕਣਕ ਲਾਭਪਾਤਰੀਆਂ ਨੂੰ ਦੇਣ ਲਈ ਨਹੀਂ ਦੇ ਰਹੀ। ਅਜਨਾਲੇ ਦੇ ਲਗਭਗ 30 ਪਿੰਡਾਂ ਦੀ ਕਣਕ ਅਤੇ 3000 ਦੇ ਕਰੀਬ ਕਣਕ ਦੇ ਤੋੜੇ ਪਰਿਵਾਰਾਂ ਨੂੰ ਨਹੀਂ ਮਿਲ ਰਹੇ। ਜਿਨ੍ਹਾਂ ਪਰਿਵਾਰਾਂ ਨੇ ਆਪਣੇ ਅੰਗੂਠੇ ਡਿੱਪੂਆਂ 'ਤੇ ਜਾ ਕੇ ਮਸ਼ੀਨਾਂ 'ਤੇ ਲਗਾਏ ਹਨ ਹੁਣ ਡਿੱਪੂਆਂ ਤੇ ਫੇਰੇ ਮਾਰ ਰਹੇ ਹਨ ਪਰ ਉਨ੍ਹਾਂ ਨੂੰ ਕਣਕ ਨਹੀਂ ਚੁਕਾਈ ਜਾ ਰਹੀ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਪ੍ਰਦੀਪ ਕੁਮਾਰ ਬੰਟਾ, ਐਡਵੋਕੇਟ ਸੰਦੀਪ ਕੌਸ਼ਲ, ਧਰਮਿੰਦਰ ਪ੍ਰਿੰਸ ਕੌਂਸਲਰ, ਵਿਕਰਮ ਬੇਦੀ, ਦੀਪੂ ਅਰੋੜਾ, ਕਸ਼ਮੀਰ ਸਿੰਘ ਕਾਕੂ, ਮਨੋਜ ਅਰੋੜਾ, ਵਿਜੇ ਸਰੀਨ, ਵਿਪਨ ਖੱਤਰੀ, ਸੌਰਵ ਸਰੀਨ, ਰਜੇਸ਼ ਚੌਹਾਨ, ਡਾਕਟਰ ਦੀਪਕ ਸਰਪਾਲ, ਹਤਿੰਦਰ ਸਿੰਘ ਬੱਬਰ ਆਦਿ ਹਾਜ਼ਰ ਸਨ।

# ਫੋਰ ਐੱਸ ਸਕੂਲ 'ਚ ਬੱਚਿਆਂ ਨੂੰ ਯੋਗ ਕਰਵਾਇਆ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਫੋਰ ਐੱਸ ਸਕੂਲ ਬੂਹ ਹਰੀਕੇ ਵਿਖੇ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਯੋਗਾ ਦੌਰਾਨ ਮੁੱਖ ਪੰਜ ਕੈਡਿਟਾਂ ਨੇ ਭਾਗ ਲਿਆ।106 ਵੱਖ-ਵੱਖ ਸੰਸਥਾਵਾਂ ਦੇ ਕੈਡੇਟ ਨੇ ਭਾਗ ਲਿਆ।4 ਐੱਸ ਤੋਂ 38, ਹੀਰੋ ਸਕੂਲ ਮੱਖੂ ਤੋਂ 32, ਸੈਂਟਰਲ ਕਾਨਵੈਂਟ ਸਕੂਲ ਪੱਟੀ ਤੋਂ 16, ਸਰਕਾਰੀ ਸਕੂਲ ਬੱਠੇ ਭੈਣੀ ਤੋਂ 10।ਇਸ ਸਮਾਗਮ ਦੌਰਾਨ 2 ਏ. ਐੱਨ. ਓਜ਼, (ਦੂਜੇ ਅਧਿਕਾਰੀ ਸੁਖਦੇਵ ਰਾਜ, ਤੀਜੇ ਅਧਿਕਾਰੀ ਵਿਨੋਦ ਕੁਮਾਰ) 2 ਸੀ. ਟੀ. ਓਜ਼, 1 ਪੀ. ਓ. ਐੱਸ. ਕੇ ਸਿੰਘ ਅਤੇ 5 ਸਟਾਫ਼ ਮੈਂਬਰ ਹਾਜ਼ਰ ਸਨ।ਇਸ ਸਮਾਗਮ ਦੀਆਂ ਸਾਰੀਆਂ ਗਤੀਵਿਧੀਆਂ ਸਮੇਂ ਸਿਰ ਕੀਤੀਆਂ ਗਈਆਂ।ਨੋਡਲ ਅਫਸਰ ਏ. ਐੱਨ. ਓ. ਵਿਨੋਦ ਕੁਮਾਰ ਯੋਗਾ ਦੇ ਮੁੱਖ ਮਾਰਗਦਰਸ਼ਕ ਸਨ ।ਉਨ੍ਹਾਂ ਦੇ ਨਿਰਦੇਸ਼ਾਂ ਤਹਿਤ ਸਾਰੇ ਕੈਡਿਟਾਂ ਅਤੇ ਸਟਾਫ਼ ਨੇ ਵਧੀਆ ਪ੍ਰਦਰਸ਼ਨ ਕੀਤਾ।ਇਹ ਸਮਾਗਮ ਸਕੂਲ ਮੈਨੇਜਮੈਂਟ ਪ੍ਰਿੰ. ਸੀ. ਓ. ਕਮਾਂਡਰ ਅਜੈ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਰਹਿਨੁਮਾਈ ਹੇਠ ਸਫਲ ਹੋਇਆ।ਇਸ ਸਮਾਗਮ ਉਪਰੰਤ ਕੈਡਿਟਾਂ ਨੂੰ ਰਿਫਰੈਸ਼ਮੈਂਟ ਵੀ ਵੰਡੀ ਗਈ।

# ਵੱਖ-ਵੱਖ ਥਾਈਂ ਅੰਤਰਰਾਸ਼ਟਰੀ ਯੋਗਾ ਦਿਵਸ ਉਤਸ਼ਾਹ ਨਾਲ ਮਨਾਇਆ


ਲੁਧਿਆਣਾ


ਖੰਨਾ


ਬੁਢਲਾਡਾ


ਰਾਜਪੁਰਾ

**ਲੁਧਿਆਣਾ (ਰਾਜ ਸਿੰਗਲਾ)**-ਅੰਤਰਰਾਸ਼ਟਰੀ ਯੋਗਾ ਦਿਵਸ ਵੱਖ ਵੱਖ ਥਾਈਂ ਉਤਸ਼ਾਹ ਨਾਲ ਮਨਾਇਆ ਗਿਆ। ਇਸੇ ਤਹਿਤ ਸਥਾਨਕ ਸਰਕਾਰੀ ਕਾਲਜ (ਲੜਕੀਆਂ) ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਯੋਗਾ ਨੂੰ ਸਿਹਤਮੰਦ, ਸਦਭਾਵਨਾ ਤੇ ਖ਼ੁਸ਼ੀ ਦਾ ਜ਼ਰੂਰੀ ਮਾਧਿਅਮ ਕਰਾਰ ਦਿੰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਵੱਲੋਂ ਸਰਬਸੰਮਤੀ ਨਾਲ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਭਾਰਤ ਦੁਆਰਾ ਪਾਏ ਮਤੇ ਨੂੰ ਸਵੀਕਾਰ ਕਰਨ ਤੋਂ ਬਾਅਦ ਇਹ ਦਿਨ ਹਰ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜੋ ਕਿ ਉੱਤਰੀ ਗੋਲਾਕਾਰ ਦਾ ਸਾਲ ਦਾ ਸਭ ਤੋਂ ਲੰਬਾ ਦਿਨ ਹੈ। ਉਨ੍ਹਾਂ ਕਿਹਾ ਕਿ ਯੋਗਾ ਸਾਡੇ ਪੂਰਵਜ਼ਾਂ ਦੁਆਰਾ ਦੁਨੀਆ ਨੂੰ ਦਿੱਤਾ ਗਿਆ ਸਭ ਤੋਂ ਮਹਾਨ ਤੇ ਪ੍ਰਾਚੀਨ ਤੋਹਫਾ ਰਿਹਾ ਹੈ।ਉਨ੍ਹਾਂ ਕਿਹਾ ਕਿ ਯੋਗਾ ਇੱਕ ਕੁਦਰਤੀ ਬੀਮਾ ਕਵਚ ਹੈ, ਜੋ ਬਿਮਾਰੀਆਂ ਨੂੰ ਦੂਰ ਰੱਖਦਾ ਹੈ ਅਤੇ ਸਰੀਰ, ਮਨ ਤੇ ਆਤਮਾ ਦੀ ਸਮੁੱਚੀ ਤੰਦਰੁਸਤੀ ਲਈ ਪ੍ਰਤੀਰੋਧਕ


ਜ਼ੀਰਾ

ਸ਼ਕਤੀ ਨੂੰ ਵਧਾਉਂਦਾ ਹੈ।ਉਨ੍ਹਾਂ ਲੋਕਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਉਹ ਰੋਜ਼ਾਨਾ ਘੱਟੋ-ਘੱਟ ਇੱਕ ਘੰਟਾ ਯੋਗਾ ਕਰਨ ਤਾਂ ਜੋ ਉਹ ਸਿਹਤਮੰਦ ਜੀਵਨ ਦਾ ਲਾਭ ਉਠਾ ਸਕਣ।ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਯੋਗਾ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਦੇ ਤਹਿਤ ਪਹਿਲਾਂ ਹੀ ਮੁੱਖ ਮੰਤਰੀ ਦੀ ਯੋਗਸ਼ਾਲਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ।ਉਨ੍ਹਾ ਕਿਹਾ ਕਿ ਸਰੀਰਕ ਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਦੇ ਯਤਨਾਂ ਤਹਿਤ ਜ਼ਿਲ੍ਹੇ ਵਿੱਚ 'ਸੀ.ਐੱਮ. ਦੀ ਯੋਗਸ਼ਾਲਾ' ਪਹਿਲਕਦਮੀ ਤਹਿਤ 185 ਯੋਗਾ ਕਲਾਸਾਂ ਲੋਕਾਂ ਦੇ ਘਰਾਂ ਨੇੜੇ ਮੁਫਤ ਸਿਖਲਾਈ ਪ੍ਰਦਾਨ ਕਰ ਰਹੀਆਂ ਹਨ।

**ਜਗਰਾਉਂ (ਅਮਿਤ ਖੰਨਾ)** : ਇਥੇ ਭੱਦਰਕਾਲੀ ਮੰਦਰ ਵਿਖੇ ਅੰਤਰਰਾਸ਼ਟਰੀ ਯੋਗਾ ਡੇਅ ਤੇ ਪਤੰਜਲੀ ਯੋਗਪੀਠ, ਹਰਦਵਾਰ ਤੋਂ ਪ੍ਰਮਾਣਿਤ ਸ਼ਸ਼ੀ ਭੂਸ਼ਣ ਜੈਨ ਨੇ ਭਾਰੀ ਇਕੱਠ ਨੂੰ ਯੋਗ ਆਸਨ ਅਤੇ ਪ੍ਰਾਣਾਯਾਮ ਕਰਵਾਏ।ਸੇਵਾ ਭਾਰਤੀ ਜਗਰਾਉਂ ਦੇ ਪ੍ਰਧਾਨ ਡਾਕਟਰ ਵਿਪਨ ਗੁਪਤਾ, ਭਾਰਤ ਵਿਕਾਸ ਪ੍ਰੀਸ਼ਦ ਜਗਰਾਉਂ ਦੇ ਪ੍ਰਧਾਨ ਸੁਖਦੇਵ ਗਰਗ ਤੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਡਾਕਟਰ ਭਾਰਤ ਭੂਸ਼ਣ ਸਿੰਗਲਾ ਦੀ ਨਿਗਰਾਨੀ ਹੇਠ ਲਗਾਏ ਇਸ ਯੋਗ ਸ਼ਿਵਿਰ ਵਿੱਚ ਮਹਿਲਾਵਾਂ, ਪੁਰਸ਼ਾਂ, ਬੱਚਿਆਂ ਤੇ ਨੌਜਵਾਨਾਂ ਨੇ ਹਿੱਸਾ ਲਿਆ। ਸ਼ਸ਼ੀ ਭੂਸ਼ਣ ਜੈਨ ਤੇ ਡਾਕਟਰ ਭਾਰਤ ਭੂਸ਼ਣ ਸਿੰਗਲਾ ਨੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਯੋਗ ਦੀ ਮਹੱਤਤਾ ਬਾਰੇ ਦੱਸਿਆ।ਸ਼ਸ਼ੀ ਭੂਸ਼ਣ ਜੈਨ ਪਤੰਜਲੀ ਯੋਗਪੀਠ ਹਰਦਵਾਰ ਦੇ ਪ੍ਰਮਾਣਿਤ ਯੋਗਾ ਟ੍ਰੇਨਰ ਤੋਂ ਇਲਾਵਾ ਸ਼ਿਵਰ ਵਿੱਚ ਸ਼ੈਲੀ ਗੁਪਤਾ, ਪੰਕਜ ਉੱਪਲ, ਵਾਨੀ ਉੱਪਲ, ਸੋਨੂੰ ਜੈਨ, ਕੁਲਭੂਸ਼ਨ ਅੱਗਰਵਾਲ, ਰਵਿੰਦਰ ਕੌਰ, ਜਵਾਹਰ ਲਾਲ ਵਰਮਾ, ਰਾਜੇਸ਼ ਲੂੰਬਾ, ਅੰਜੂ ਗੁਪਤਾ, ਵਨੀਤ ਦੁਆ, ਲਲਿਤ ਅੱਗਰਵਾਲ, ਰਾਕੇਸ਼ ਕੁਮਾਰ, ਸੁਦੇਸ਼ ਸਪਰਾ, ਜਗਦੀਸ਼ ਸਪਰਾ ਤੇ ਭਾਰੀ ਗਿਣਤੀ ਵਿੱਚ ਯੋਗ ਸਾਧਕ ਹਾਜ਼ਰ ਸਨ।


ਬਰੇਟਾ

ਇਸੇ ਤਰ੍ਹਾਂ ਮੋਰਨਿੰਗ ਵਾਕ ਕਲੱਬ ਜਗਰਾਉਂ ਵੱਲੋਂ ਪ੍ਰਧਾਨ ਜਿੰਦਰ ਪਾਲ ਧੀਮਾਨ ਦੀ ਯੋਗ ਅਗਵਾਈ ਹੇਠ ਲਾਜਪਤ ਰਾਏ ਡੀ ਏ ਵੀ ਕਾਲਜ ਜਗਰਾਉਂ ਵਿੱਚ ਪ੍ਰਿੰਸੀਪਲ ਡਾਕਟਰ ਅਨੁਜ ਸ਼ਰਮਾ ਦੇ ਸਹਿਯੋਗ ਨਾਲ ਯੋਗਾ ਡੇ ਮਨਾਇਆ ਗਿਆ। ਇਸ ਮੌਕੇ ਵਰਿੰਦਾਵਨ ਤੋਂ ਯੋਗਾ ਮਾਹਰ ਮੈਡਮ ਨਿਹਾਰੀਕਾ ਸ਼ਰਮਾ, ਗੁੜਗਾਉਂ ਤੋਂ ਮੈਡਮ ਨੀਤੂ ਤੇ ਜਗਰਾਉਂ ਤੋਂ ਮੋਹਿਤ ਅੱਗਰਵਾਲ ਨੇ ਯੋਗਾ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਅਨੁਜ ਸ਼ਰਮਾ, ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ ਤੇ ਡਾਕਟਰ ਮਦਨ ਮਿੱਤਲ ਨੇ ਕਿਹਾ ਕਿ ਯੋਗ ਸਭ ਨਾਲੋਂ ਉੱਤਮ ਹੈ ਤੇ ਸਾਰੇ ਰੋਗਾਂ ਤੋਂ ਦੂਰ ਰੱਖਦਾ ਹੈ। ਇਸ ਮੌਕੇ ਮੁਕੇਸ਼ ਮਲਹੋਤਰਾ, ਸੁਰਿੰਦਰ ਪੁਰੀ, ਜਿੰਦਰ ਪਾਲ ਧੀਮਾਨ, ਮੁਕੇਸ਼ ਮਲਹੋਤਰਾ, ਡਾਕਟਰ ਮਦਨ ਮਿੱਤਲ, ਰਾਕੇਸ਼ ਗੁਪਤਾ, ਨਵਦੀਪ ਗੋਇਲ, ਸੁਰਿੰਦਰ ਪੁਰੀ, ਰਾਜੀਵ ਗੁਪਤਾ, ਸੁਖਦੀਪ ਨਾਹਰ, ਇਕਬਾਲ ਖੁਰਾਣਾ ਤੋਂ ਇਲਾਵਾ ਸੈਂਕੜੇ ਦੀ ਤਾਦਾਤ 'ਚ ਪੁਰਸ਼ ਤੇ ਔਰਤਾਂ ਨੇ ਸ਼ਮੂਲੀਅਤ ਕੀਤੀ।

**ਬੁਢਲਾਡਾ (ਅਸ਼ੋਕ ਲਾਕੜਾ)** : ਸੀ ਐੱਮ ਦੀ ਯੋਗਸ਼ਾਲਾ ਅੰਤਰਗਤ ਇਥੇ ਦਸਵਾਂ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਐੱਸ ਡੀ ਐੱਮ ਬੁਢਲਾਡਾ ਸ੍ਰੀ ਗਗਨਦੀਪ ਸਿੰਘ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਉਨ੍ਹਾਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਸੀ ਐੱਮ ਦੀ ਯੋਗਸ਼ਾਲਾ ਨਾਲ ਜੁੜਨ ਤੇ ਇਸ ਦਾ ਲਾਹਾ ਲੈਣ ਦੀ ਅਪੀਲ ਕੀਤੀ ਗਈ। ਉਨ੍ਹਾਂ ਵੱਲੋਂ ਖੁਦ ਯੋਗਾ ਕਰਦੇ ਹੋਏ ਲੋਕਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਯੋਗਾ ਟਰੇਨਰ ਸ੍ਰੀ ਹਰਵਿੰਦਰ ਸਿੰਘ ਵੱਲੋਂ ਰਸਮੀ ਤੌਰ 'ਤੇ ਸ਼ੁਰੂਆਤ ਕਰਵਾਉਂਦੇ ਹੋਏ ਯੋਗ ਦੇ ਫਾਈਦੇ ਦੱਸੇ। ਉਨ੍ਹਾਂ ਅੱਗੇ ਦੱਸਿਆ ਕਿ ਯੋਗ ਸਾਨੂੰ ਰਿਸ਼ੀਆਂ-ਮੁਨੀਆਂ ਤੋਂ ਮਿਲਿਆ ਹੈ ਤੇ ਯੋਗ ਸਾਡੀ ਪੁਰਾਤਨ ਸੱਭਿਅਤਾ ਹੈ ਤੇ ਇਸ ਨੂੰ ਪੂਰੀ ਦੁਨੀਆ ਨੇ ਅਪਣਾਇਆ ਹੈ। ਇਸ ਮੌਕੇ ਯੋਗਾ ਟ੍ਰੇਨਰ ਜਯੋਤੀ ਸ਼ਰਮਾ, ਹਰਚਰਨ ਸਿੰਘ, ਸਟੇਟ ਐਵਾਰਡੀ ਮੱਖਣ ਸਿੰਘ ਲੈਕਚਰਾਰ ਮਾਸਟਰ ਗੁਰਵਿੰਦਰ ਸਿੰਘ ਤੇ ਮਾਸਟਰ ਮੁਨੀਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਯੋਗ ਦਿਵਸ ਵਿੱਚ ਪੂਰੇ ਮਾਨਸਾ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ ਵਿੱਚ ਹਜ਼ਾਰਾਂ ਲੋਕਾਂ ਨੇ ਭਾਗ ਲਿਆ।

**ਲੁਧਿਆਣਾ (ਰਾਜ ਸਿੰਗਲਾ)** : ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਤੇ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਵੱਲੋਂ ਜਾਰੀ ਹਦਾਇਤਾਂ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵੱਲੋਂ 10ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਜ਼ਿਲ੍ਹਾ ਕਚਹਿਰੀਆਂ ਲੁਧਿਆਣਾ ਵਿਖੇ ਮਨਾਇਆ ਗਿਆ, ਜਿਸ ਵਿੱਚ ਯੋਗ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਲੁਧਿਆਣਾ ਦੇ ਜੁਡੀਸ਼ੀਅਲ ਅਧਿਕਾਰੀਆਂ, ਐਡਵੋਕੇਟਸ ਤੇ ਸਟਾਫ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਯੋਗ ਕੈਂਪ ਵਿੱਚ ਹਿੱਸਾ ਲਿਆ।ਇਸ ਮੌਕੇ ਯੋਗਾ ਟ੍ਰੇਨਰ ਹੋਸ਼ਿਆਰ ਸਿੰਘ ਨੇ ਯੋਗਾ ਕੈਂਪ ਵਿੱਚ ਆਏ ਅਧਿਕਾਰੀਆਂ, ਐਡਵੋਕੇਟਸ ਤੇ ਸਟਾਫ ਮੈਂਬਰਾਂ ਨੂੰ ਯੋਗਾ ਕਰਵਾਇਆ ਅਤੇ ਇਸ ਦੇ ਮਹੱਤਵ ਬਾਰੇ ਦੱਸਿਆ।ਇਸ ਮੌਕੇ ਡਾ. ਰਜਨੀਸ਼ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਮੈਡਮ ਰਾਧਿਕਾ ਪੁਰੀ ਸੀ.ਜੇ.ਐੱਮ. ਲੁਧਿਆਣਾ, ਹਰਵਿੰਦਰ ਸਿੰਘ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ, ਮੈਡਮ ਨਿਰਮਲਾ ਦੇਵੀ, ਸਿਮਰਨਦੀਪ ਸਿੰਘ, ਗੁਰਦੇਵ ਸਿੰਘ, ਮੈਡਮ ਸ਼ਵੈਤਾ, ਮੈਡਮ ਪ੍ਰਭਾ ਪਰਾਸ਼ਰ, ਜੇ.ਐੱਮ.ਆਈ.ਸੀ. ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।

**ਮਾਲੇਰਕੋਟਲਾ (ਅਸਗਰ ਪਰਿਹਾਰ)** : 10ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਡਿਪਟੀ ਕਮਿਸ਼ਨਰ ਡਾ. ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਲੇਰਕੋਟਲਾ ਸਮੇਤ ਜ਼ਿਲ੍ਹੇ ਦੀਆਂ ਸਮੁੱਚੀਆਂ ਸਬ ਡਵੀਜ਼ਨਾਂ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾ ਕੇ ਸਿਹਤਮੰਦ ਨਾਗਰਿਕ ਦਾ ਸੁਨੇਹਾ ਦਿੱਤਾ ਗਿਆ। ਸਮਾਗਮ ਦੌਰਾਨ ਬੱਚੇ, ਨੌਜਵਾਨ ਤੇ ਬਜ਼ੁਰਗ ਵੱਡੀ ਗਿਣਤੀ ਵਿੱਚ ਪੁੱਜੇ ਤੇ ਯੋਗਾ ਕੀਤਾ।ਸਥਾਨਕ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਡੀ.ਡੀ.ਐੱਫ.ਆਸੀਫ਼ ਖਾਨ ਨੇ ਕਿਹਾ ਕਿ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਯੋਗ ਸਭ ਤੋਂ ਵਧੀਆ ਕਸਰਤ ਹੈ ਇਸ ਨਾਲ ਮਨ ਤੇ ਤਨ ਨੂੰ ਸ਼ਕਤੀ ਮਿਲਦੀ ਹੈ।ਇਸ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਅਗਵਾਈ ਹੇਠ 'ਸੀ ਐੱਮ ਦੀ ਯੋਗਸ਼ਾਲਾ' ਸ਼ਹਿਰ ਦੇ ਵੱਖ ਵੱਖ ਸਾਂਝੇ ਸਥਾਨਾਂ 'ਚ ਚਲਾਈਆਂ ਜਾ ਰਹੀਆਂ ਹਨ, ਜਿੱਥੇ ਯੋਗ ਦੀ ਸਿਖਲਾਈ ਦੇਣ ਲਈ ਪੰਜਾਬ ਸਰਕਾਰ ਵੱਲੋਂ ਮਾਹਰ ਯੋਗਾ ਟਰੇਨਰ ਤਾਇਨਾਤ ਕੀਤੇ ਗਏ ਹਨ।ਲੋਕਾਂ ਨੂੰ ਹਰ ਰੋਜ਼ ਯੋਗ ਕਰਨ ਦਾ ਸੱਦਾ ਦਿੰਦਿਆਂ ਉਨ੍ਹਾ ਕਿਹਾ ਕਿ ਮੁਫ਼ਤ ਵਿੱਚ ਯੋਗ ਸਿਖਲਾਈ ਲੈਣ ਲਈ ਲੋਕ ਟੋਲ ਫਰੀ ਨੰਬਰ 76694-00500 'ਤੇ ਸੰਪਰਕ ਕਰ ਸਕਦੇ ਹਨ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** : ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਵੱਲੋਂ ਨਿੱਕੇ ਬੱਚਿਆਂ ਨੂੰ ਯੋਗ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਯੋਗ ਦਿਵਸ ਮਨਾਇਆ ਗਿਆ। ਉਨ੍ਹਾਂ ਬੱਚਿਆਂ ਨੂੰ ਜਾਗਰੂਕ ਕਰਦਿਆਂ ਦੱਸਿਆ ਕਿ ਯੋਗ ਕਰਨ ਨਾਲ ਮਨ ਨਿਰੋਗ ਤੇ ਸਰੀਰ ਤਾਕਤਵਰ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਯੋਗ ਕਰਨਾ ਬਹੁਤ ਜ਼ਰੂਰੀ ਹੈ, ਜਿਸ ਨਾਲ ਤਨ, ਮਨ ਦੀ ਸ਼ੁੱਧੀ ਹੁੰਦੀ ਹੈ। ਇਸ ਮੌਕੇ ਕਿਰਨ ਬਾਲਾ, ਪ੍ਰਵੀਨ ਕੌਰ, ਹਰਸਿਮਰਨਜੀਤ ਕੌਰ, ਜਪਇੰਦਰ ਸਿੰਘ, ਸਮਰ ਤੇ ਮਲਕੀਤ ਕੌਰ ਆਦਿ ਮੌਜੂਦ ਸਨ।

**ਜ਼ੀਰਾ (ਨਰਿੰਦਰ ਅਨੇਜਾ)** : ਦਸਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੀ. ਐੱਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਦੀਆਂ ਵੱਖ ਵੱਖ ਥਾਵਾਂ 'ਤੇ ਯੋਗ ਦਿਵਸ ਮਨਾਇਆ ਗਿਆ।ਇਸ ਤਹਿਤ ਅੱਜ ਜ਼ੀਰਾ ਤੇ ਮੱਖੂ ਵਿੱਚ ਵੀ ਬੱਚੇ, ਜਵਾਨ ਤੇ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਯੋਗ ਸਮਾਗਮ ਵਿੱਚ ਪੁੱਜੇ ਕੇ ਯੋਗ ਕੀਤਾ। ਇਸ ਮੌਕੇ ਐੱਸ.ਡੀ.ਐੱਮ. ਗੁਰਮੀਤ ਸਿੰਘ ਨੇ ਕਿਹਾ ਕਿ ਯੋਗ ਲੋਕਾਂ ਨੂੰ ਸਰੀਰਕ ਤੌਰ 'ਤੇ ਆਰੋਗ ਤਾਂ ਰੱਖਦਾ ਹੀ ਹੈ, ਨਾਲ ਹੀ ਮਾਨਸਿਕ ਚੇਤਨ ਦਾ ਵਿਕਾਸ ਵੀ ਕਰਦਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਪ੍ਰਤੀ ਬਹੁਤ ਚਿੰਤਤ ਹੈ, ਜਿਸ ਤਹਿਤ ਸੀ ਐੱਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ 74 ਵੱਖ ਵੱਖ ਥਾਵਾਂ 'ਤੇ ਯੋਗਾ ਕਲਾਸਾਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਯੋਗ ਕਲਾਸ ਲਗਾਉਣ ਦੀ ਇੱਛਾ ਰੱਖਦੇ ਜ਼ੀਰਾ ਵਾਸੀ ਟੋਲ ਫਰੀ ਨੰਬਰ 7669400500 ਮਿਸ ਕਾਲ ਜਾਂ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ 7888-840115 ਨਾਲ ਗੱਲ ਕਰਕੇ ਰਜਿਸਟ੍ਰੇਸ਼ਨ ਕਰ ਸਕਦੇ ਹਨ।ਜੇ ਕਿਸੇ ਵੀ ਪਿੰਡ ਦਾ ਕੋਈ ਸਮੂਹ 25 ਮੈਂਬਰ ਰਜਿਸਟਰ ਕਰਾਉਂਦਾ ਹੈ ਤਾਂ ਨਵੀਂ ਕਲਾਸ ਉਸ ਦੇ ਮੁੱਹਲੇ ਵਿੱਚ ਹੀ ਸ਼ੁਰੂ ਕਰ ਦਿੱਤੀ ਜਾਵੇਗੀ।

**ਰਾਜਪੁਰਾ (ਰਮੇਸ਼ ਕਟਾਰੀਆ)** : ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੀ ਅਗਵਾਈ ਵਿੱਚ ਅਤੇ ਐੱਨ.ਐੱਸ.ਐੱਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਅਵਤਾਰ ਸਿੰਘ ਤੇ ਪ੍ਰੋ. ਗਗਨਦੀਪ ਕੌਰ ਦੀ ਦੇਖ ਰੇਖ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਇਸ ਵਿੱਚ ਆਮਨਾ ਵਾਰਸੀ ਯੋਗਾ ਟ੍ਰੇਨਰ ਦੇ ਤੌਰ 'ਤੇ ਪਹੁੰਚੇ।ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਨੇ ਯੋਗ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਯੋਗਾ ਟ੍ਰੇਨਰ ਆਮਨਾ ਵਾਰਸੀ ਨੇ ਲਗਭਗ ਪੰਜਾਹ ਐੱਨ.ਐੱਸ.ਐੱਸ. ਵਲੰਟੀਅਰਜ਼ ਨੂੰ ਯੋਗ ਦੇ ਵੱਖੋ-ਵੱਖਰੇ ਆਸਣ ਕਰਵਾਏ।ਪ੍ਰੋਗਰਾਮ ਵਿੱਚ ਸ਼ਾਮਲ ਹੋਏ ਵਲੰਟੀਅਰਾਂ ਨੂੰ ਸੰਬੋਧਨ ਹੁੰਦਿਆਂ ਪ੍ਰੋਗਰਾਮ ਅਫਸਰਾਂ ਨੇ ਯੋਗ ਦੇ ਸ਼ਾਬਦਿਕ ਅਰਥ ਤੇ ਯੋਗ ਦਾ ਸਾਡੇ ਜੀਵਨ ਵਿੱਚ ਕੀ ਸਥਾਨ ਹੈ, ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਤੇ ਪ੍ਰੋਗਰਾਮ ਪ੍ਰਬੰਧਕਾਂ ਵੱਲੋਂ ਆਮਨਾ ਵਾਰਸੀ ਯੋਗਾ ਟ੍ਰੇਨਰ ਨੂੰ ਯਾਦ ਚਿੰਨ੍ਹ ਭੇਟ ਕੀਤਾ।ਪ੍ਰੋ. ਅਵਤਾਰ ਸਿੰਘ ਨੇ ਆਏ ਹੋਏ ਮਹਿਮਾਨ ਦਾ ਧੰਨਵਾਦ ਕੀਤਾ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਬੀ.ਐੱਫ.ਜੀ.ਆਈ. ਦੇ ਸਪੋਰਟਸ ਵਿਭਾਗ ਵੱਲੋਂ ਸੰਸਥਾ ਦੇ ਵੱਖ-ਵੱਖ ਐੱਨ.ਸੀ.ਸੀ. ਯੂਨਿਟਾਂ ਦੇ ਸਹਿਯੋਗ ਨਾਲ ਸਥਾਨਕ ਰੋਜ਼ ਗਾਰਡਨ ਵਿਖੇ 'ਅੰਤਰਰਾਸ਼ਟਰੀ ਯੋਗ ਦਿਵਸ' ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਗਤੀਵਿਧੀ ਵਿੱਚ ਬੀ.ਐੱਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ, ਬਾਬਾ ਫ਼ਰੀਦ ਕਾਲਜ ਦੇ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਸਮੇਤ ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਫੈਕਲਟੀ ਮੈਂਬਰਾਂ, ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ।ਇਸ ਮੌਕੇ ਯੋਗਾ ਬਾਰੇ ਜਾਣਕਾਰੀ ਦੇਣ ਲਈ ਯੋਗਾ ਟ੍ਰੇਨਰ ਗੁਰਵਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਯੋਗ ਦੀ ਮਹੱਤਤਾ ਤੇ ਵੱਖ-ਵੱਖ ਸਰੀਰਕ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਯੋਗ ਕਿਰਿਆਵਾਂ ਬਾਰੇ ਦੱਸਿਆ।ਬਾਬਾ ਫ਼ਰੀਦ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਨੇ ਇਸ ਗਤੀਵਿਧੀ ਵਿੱਚ ਹਿੱਸਾ ਲੈਣ ਵਾਲੇ ਫੈਕਲਟੀ ਮੈਂਬਰਾਂ, ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਖ਼ਾਸ ਤੌਰ 'ਤੇ ਯੋਗਾ ਟ੍ਰੇਨਰ ਗੁਰਵਿੰਦਰ ਸਿੰਘ ਲਈ ਵਿਸ਼ੇਸ਼ ਧੰਨਵਾਦੀ ਸ਼ਬਦ ਕਹੇ।ਇਸ ਮੌਕੇ


ਸਮਰਾਲਾ

ਬੀ.ਐੱਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ ਨੇ ਮਾਰਗ ਦਰਸ਼ਨ ਕਰਦਿਆਂ ਕਿਹਾ ਕਿ ਇਸ ਤਣਾਅ ਭਰੀ ਜ਼ਿੰਦਗੀ ਵਿੱਚ ਯੋਗਾ ਸਾਡੇ ਸਾਰਿਆਂ ਲਈ ਬਹੁਤ ਜ਼ਰੂਰੀ ਹੈ।ਅੰਤ ਵਿੱਚ ਯੋਗਾ ਟ੍ਰੇਨਰ ਗੁਰਵਿੰਦਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਸੰਸਥਾ ਦੇ ਸਪੋਰਟਸ ਵਿਭਾਗ ਤੇ ਐੱਨ.ਸੀ.ਸੀ. ਯੂਨਿਟਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

**ਬਰੇਟਾ (ਰੀਤਵਾਲ)** : ਸਰਕਾਰੀ ਹਾਈ ਸੈਕੰਡਰੀ ਸਮਾਰਟ ਸਕੂਲ ਬਰੇਟਾ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਇਸ ਦੌਰਾਨ ਯੋਗ ਅਧਿਆਪਕ ਜੋਗਿੰਦਰ ਸਿੰਘ ਕਮਲ ਬਰੇਟਾ ਵੱਲੋਂ ਯੋਗਾ ਬਾਰੇ ਦੱਸਦਿਆਂ ਯੋਗ ਅਭਿਆਸ ਵੀ ਕਰਵਾਇਆ ਗਿਆ।ਉਨ੍ਹਾ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਹੀ ਅਸੀਂ ਯੋਗ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਇਆ ਹੋਇਆ ਹੈ ਤੇ ਇਸੇ ਕਾਰਨ ਹੀ ਸਮਾਜ ਵਿੱਚ ਚੱਲ ਰਹੀਆਂ ਭਿਆਨਕ ਬੀਮਾਰੀਆਂ ਦੌਰਾਨ ਉਨ੍ਹਾਂ ਨੇ ਆਪਣਾ ਤੇ ਪਰਿਵਾਰ ਦਾ ਸਰੀਰਕ ਸਿਸਟਮ ਮਜ਼ਬੂਤ ਬਣਾਇਆ ਹੋਇਆ ਹੈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੀ ਬ੍ਰਹਮ ਕੁਮਾਰੀ ਸੰਸਥਾ ਦੀ ਇੰਚਾਰਜ ਨੀਰੂ ਨੇ ਕਿਹਾ ਕਿ ਯੋਗ ਅਭਿਆਸ ਕਰਨ ਨਾਲ


ਰਾਮਪੁਰਾ ਫੂਲ

ਇਨਸਾਨ ਨੂੰ ਮਾਨਸਿਕ ਤਾਕਤ ਵੀ ਮਿਲਦੀ ਹੈ।ਇਸ ਮੌਕੇ ਸਕੂਲ ਮੁਖੀ ਮੋਨਿਕਾ ਰਾਣੀ, ਪ੍ਰਿੰਸੀਪਲ ਦਰਸ਼ਨ ਸਿੰਘ, ਦਵਿੰਦਰ ਕਟੌਦੀਆ, ਰਿਟਾਇਰਡ ਇੰਸਪੈਕਟਰ ਟੇਕ ਦਾਸ, ਰਘਵੀਰ ਸਿੰਘ ਤੇ ਬਹੁ-ਗਿਣਤੀ ਵਿੱਚ ਯੋਗ ਅਭਿਆਸੀ ਹਾਜ਼ਰ ਸਨ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਸਿਵਲ ਏਅਰਪੋਰਟ ਵਿਰਕ ਕਲਾਂ ਵਿਖੇ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਇਸ ਮੌਕੇ ਯੋਗ ਗੁਰੂ ਰੋਹਿਤ ਸ਼ਰਮਾ ਨੇ ਯੋਗ ਲਈ ਆਏ ਹੋਏ ਲੋਕਾਂ ਨੂੰ ਯੋਗ ਦੀ ਵਿਧੀ ਤੇ ਯੋਗ ਬਾਰੇ ਜਾਣਕਾਰੀ ਸਾਂਝੀ ਕੀਤੀ।ਸਮਾਗਮ ਉਪਰੰਤ ਏਅਰਪੋਰਟ ਦੇ ਡਾਇਰੈਕਟਰ ਸੰਵਰਮਲ ਸਿੰਗਾਰੀਆ ਨੇ ਸਥਾਨਕ ਯੋਗ ਗੁਰੂ ਰੋਹਿਤ ਸ਼ਰਮਾ ਨੂੰ ਸਲਾਹਕਾਰ ਕਮੇਟੀ ਡਾ. ਗੁਰਚਰਨ ਸਿੰਘ ਵਿਰਕਲਾ, ਸੀਨੀਅਰ ਅਫਸਰ ਦੇਵੇਂਦਰ ਪ੍ਰਸਾਦ, ਅਕਸ਼ੈ ਕੁਮਾਰ, ਕੁਵਿੰਦਰ ਸਿੰਘ ਤੇ ਪੰਜਾਬ ਪੁਲਸ ਅਫਸਰ ਵਿੱਕੀ ਬੱਤਾ, ਸੰਯੁਕਤ ਰੂਪ 'ਚ ਸਿਵਲ ਏਅਰਪੋਰਟ ਵਿਰਕ ਕਲਾਂ ਦੀ ਤਰਫੋਂ ਰਸਮੀ ਤੌਰ 'ਤੇ ਯੋਗ ਗੁਰੂ ਸਨਮਾਨ ਚਿੰਨ੍ਹ ਸੌਂਪਿਆ।ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਵਿਰਕ ਕਲਾਂ ਦੀ ਸੰਗਤ ਨੇ ਘਰੇਲੂ ਲੱਸੀ ਤੇ ਠੰਡੇ ਜਲ ਦਾ ਲੰਗਰ ਵਰਤਾਇਆ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਅੰਦਰ ਬਣੇ ਗਰਾਊਂਡ ਵਿੱਚ ਸਮੂਹ ਬੰਦੀਆਂ ਨੂੰ ਯੋਗਾ ਕਰਵਾਇਆ ਗਿਆ। ਇਸ ਸਮੇਂ ਸੁਪਰਡੈਂਟ ਜੇਲ੍ਹ ਵੱਲੋਂ ਆਰਟ ਆਫ ਲਿਵਿੰਗ ਸੰਸਥਾ ਦੇ ਯੋਗ ਇੰਸਟਰਕਟਰ ਸੁਮਨ ਡਾਵਰਾ ਨਾਲ



ਦੋਰਾਹਾ

ਤਾਲਮੇਲ ਕਰਕੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਅਤੇ ਉਨ੍ਹਾਂ ਵੱਲੋਂ ਸਮੂਹ ਬੰਦੀਆਂ ਨੂੰ ਯੋਗ ਕਰਵਾਉਣ ਉਪਰੰਤ ਯੋਗ ਦੀ ਮਹੱਤਤਾ ਦੱਸਦੇ ਹੋਏ ਯੋਗਾ ਨੂੰ ਰੋਜ਼ਾਨਾ ਆਪਣੇ ਜੀਵਨ ਦਾ ਅੰਗ ਬਣਾਉਣ ਬਾਰੇ ਪ੍ਰੇਰਿਤ ਕੀਤਾ ਗਿਆ।ਜੇਲ੍ਹ ਸੁਪਰਡੈਂਟ ਵਰੁਣ ਸ਼ਰਮਾ ਵੱਲੋਂ ਆਏ ਹੋਏ ਮੁੱਖ ਮਹਿਮਾਨ ਸੁਮਨ ਡਾਵਰਾ ਨੂੰ ਗੁਲਦਸਤਾ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸਹਾਇਕ ਸੁਪਰਡੈਂਟ ਤਰਸੇਮ ਸਿੰਘ, ਗੁਰਦਿੱਤ ਸਿੰਘ, ਵਰਿੰਦਰ ਕੁਮਾਰ, ਜਸਵਿੰਦਰ ਸਿੰਘ, ਚੱਕਰ ਹੌਲਦਾਰ ਮੰਗਲਦਾਸ ਸਿੰਘ ਤੇ ਕੁਲਦੀਪ ਸਿੰਘ ਬਰਾੜ ਹਾਜ਼ਰ ਸਨ।

**ਸਮਰਾਲਾ (ਸੁਰਜੀਤ ਸਿੰਘ)** : ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਸਮਰਾਲਾ ਦੇ ਬੱਚਿਆਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਗਰਮੀ ਦੀਆਂ ਛੁੱਟੀਆਂ ਕਾਰਨ ਬੱਚਿਆਂ ਨੇ ਘਰ ਵਿੱਚ ਹੀ ਵੱਖ-ਵੱਖ ਤਰ੍ਹਾਂ ਤਰ੍ਹਾਂ ਨਾਲ ਯੋਗ ਦਾ ਅਭਿਆਸ ਕੀਤਾ। ਪ੍ਰਿੰਸੀਪਲ ਸਾਹਿਬਾਨ ਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਇਸ ਗਤੀਵਿਧੀ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਮੋਨਿਕਾ ਮਲਹੋਤਰਾ ਨੇ ਸਕੂਲੀ ਬੱਚਿਆਂ, ਮਾਪਿਆਂ ਤੇ ਟੀਚਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਹਿਜ਼ ਅੱਜ ਦੇ ਦਿਨ ਯੋਗਾ ਦਿਵਸ ਮਨਾ ਕੇ ਕੰਮ ਨਿੱਬੜ ਨਹੀਂ ਜਾਂਦਾ, ਬਲਕਿ ਜ਼ਿੰਦਗੀ ਨੂੰ ਸਿਹਤਯਾਬ ਰੱਖਣ ਲਈ ਯੋਗਾ ਨੂੰ ਮੁਕੰਮਲ ਤੌਰ 'ਤੇ ਅਪਣਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਨਿਯਮਿਤ ਯੋਗਾ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਤੇ ਬਿਮਾਰੀਆਂ ਤੋਂ ਬਚਾਓ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਇਹ ਯੋਗ ਜਿੱਥੇ ਮਨ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ, ਉਥੇ ਸਰੀਰ ਵਿੱਚ ਤਾਕਤ ਤੇ ਲਚੀਲਾਪਣ ਪੈਦਾ ਕਰਦਾ ਹੈ।ਯੋਗ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਬਹੁਤ ਜ਼ਿਆਦਾ ਸਹਾਇਕ ਹੁੰਦਾ ਹੈ, ਹਰ ਰੋਜ਼ ਸਵੇਰੇ ਤੇ ਸ਼ਾਮ ਨੂੰ ਯੋਗਾ ਕਰਨਾ ਚਾਹੀਦਾ ਹੈ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** : ਲੜਕੀਆਂ ਦੀ ਮਿਆਰੀ ਸਿੱਖਿਆ ਲਈ ਇਲਾਕੇ ਦੀ ਮਸ਼ਹੂਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਕੌਮੀ ਸੇਵਾ ਯੋਜਨਾ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ, ਜਿਸ ਵਿੱਚ ਇਸ ਗਰੁੱਪ ਦੀਆਂ ਵੱਖ ਵੱਖ ਸ਼ਾਖਾਵਾਂ ਮਾਤਾ ਸੁੰਦਰੀ ਗਰਲਜ਼ ਕਾਲਜ, ਮਾਤਾ ਸੁੰਦਰੀ ਐਜੂਕੇਸ਼ਨ ਕਾਲਜ, ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਤੇ ਮਾਤਾ ਸੁੰਦਰੀ ਇੰਸਟੀਚਿਊਟ ਆਫ਼ ਨਰਸਿੰਗ ਦੇ ਕੌਮੀ ਸੇਵਾ ਯੋਜਨਾ ਯੂਨਿਟਾਂ ਦੇ ਵਲੰਟੀਅਰਜ਼ ਨੇ ਭਾਗ ਲਿਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਯੋਗਾ ਭਾਰਤੀ ਸੰਸਕ੍ਰਿਤੀ ਦਾ ਇੱਕ ਵੱਡਮੁੱਲਾ ਅੰਗ ਹੈ।ਸਾਨੂੰ ਸਾਡੇ ਦੇਸ਼ ਦੀ ਪੁਰਾਤਨ ਸੱਭਿਅਕ ਸੰਸਕ੍ਰਿਤੀ 'ਤੇ ਮਾਣ ਹੋਣਾ ਚਾਹੀਦਾ ਹੈ।ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਯੋਗਾ ਕੈਂਪ ਵਿੱਚ ਭਾਗ ਲਿਆ ਤੇ ਵਲੰਟੀਅਰਜ਼ ਨੂੰ ਸਿਹਤਮੰਦ ਜੀਵਨ ਜਿਊਣ ਲਈ ਯੋਗਾ ਅਭਿਆਸ ਅਪਨਾਉਣ ਦੀ ਅਪੀਲ ਕੀਤੀ।ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਵੀ ਯੋਗਾ ਅਭਿਆਸ ਵਿੱਚ ਹਿੱਸਾ ਲਿਆ ਤੇ ਆਪਣੇ ਭਾਸ਼ਣ ਦੌਰਾਨ ਵਲੰਟੀਅਰਜ਼ ਨੂੰ ਦੱਸਿਆ ਕਿ ਤਨ ਤੇ ਮਨ ਨੂੰ ਸਿਹਤਮੰਦ ਰੱਖਣ ਲਈ ਯੋਗਾ ਬਹੁਤ ਮਹੱਤਵਪੂਰਨ ਹੈ।ਇਸ ਮੌਕੇ ਕੌਮੀ ਸੇਵਾ ਯੋਜਨਾ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਵੀਰਇੰਦਰ ਕੌਰ ਤੇ ਪ੍ਰੋ. ਸੋਨਦੀਪ ਕੌਰ ਨੇ ਦੱਸਿਆ ਕਿ ਇਸ ਯੋਗਾ ਕੈਂਪ ਵਿੱਚ ਵਿਦਿਆਰਥੀਆਂ, ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ਼ ਨੇ ਵਧ ਚੜ੍ਹ ਕੇ ਹਿੱਸਾ ਲਿਆ।

**ਦੋਰਾਹਾ (ਹਰਮਿੰਦਰ ਸੇਠ)** : ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਦਸਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਾਲਜ ਦੇ ਐੱਨ. ਐੱਸ. ਐੱਸ. ਯੂਨਿਟ ਤੇ ਸਰੀਰਕ ਸਿੱਖਿਆ ਵਿਭਾਗ ਦੁਆਰਾ ਭਾਰਤੀ ਜੀਵਨ ਬੀਮਾ ਨਿਗਮ ਦੇ ਸਹਿਯੋਗ ਨਾਲ ਇੱਕ ਯੋਗ-ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਸਰਕਾਰੀ ਹਦਾਇਤਾਂ ਅਨੁਸਾਰ ਕਰਵਾਏ ਗਏ ਇਸ ਯੋਗ-ਸੈਸ਼ਨ ਵਿੱਚ ਰੁਪਿੰਦਰ ਕੌਰ ਨੇ ਬਤੌਰ ਯੋਗ ਮਾਹਰ ਸ਼ਿਰਕਤ ਕਰਦਿਆਂ ਸੈਸ਼ਨ ਦੀ ਅਗਵਾਈ ਕੀਤੀ।ਇਸ ਮੌਕੇ 'ਸਵੈ ਤੇ ਸਮਾਜ ਲਈ ਯੋਗ' ਦੇ ਥੀਮ ਅਧੀਨ ਸਿਹਤਮੰਦ ਮਨੁੱਖ ਤੇ ਸਮਾਜ ਦੀ ਕਾਮਨਾ ਕਰਦਿਆਂ ਸਾਡੇ ਜੀਵਨ ਵਿੱਚ ਯੋਗ ਦੀ ਮਹੱਤਤਾ ਬਾਰੇ ਦੱਸਿਆ ਗਿਆ ਤੇ ਯੋਗ ਅਪਨਾਉਣ ਲਈ ਪ੍ਰੇਰਿਆ ਗਿਆ। ਯੋਗ ਸੈਸ਼ਨ ਦੇ ਆਰੰਭ ਵਿੱਚ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਸਾਰਿਆਂ ਦਾ ਸਵਾਗਤ ਕੀਤਾ।ਅੰਤ ਵਿੱਚ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਭਾਰਤੀ ਜੀਵਨ ਬੀਮਾ ਨਿਗਮ, ਦੋਰਾਹਾ ਵੱਲੋਂ ਬਰਾਂਚ ਮੈਨੇਜਰ ਮਲਕੀਤ ਸਿੰਘ, ਕਬੀਰ ਜਲੋਟਾ (ਡਿਵੈਲਪਮੈਂਟ ਅਫ਼ਸਰ), ਮੋਹਨਜੀਤ ਸਿੰਘ, ਜਸਵਿੰਦਰ ਸਿੰਘ, ਬ੍ਰਿਜੇਸ਼ ਤਿਵਾੜੀ ਤੇ ਸ੍ਰੀਮਤੀ ਹੇਮਲਤਾ ਹਾਜ਼ਰ ਸਨ।ਇਸ ਯੋਗ-ਸੈਸ਼ਨ 'ਚ ਡੀਨ ਐਕਸਟੈਸ਼ਨ ਐਕਟੀਵਿਟੀਜ਼ ਡਾ. ਲਵਲੀਨ ਬੈਂਸ, ਪ੍ਰੋ. ਅਮਨਦੀਪ ਚੀਮਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਮਨਿੰਦਰ ਸਿੰਘ ਤੇ ਕਾਲਜ ਸੁਪਰਡੈਂਟ ਅੰਮ੍ਰਿਤਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।ਇਸ ਯੋਗ ਸੈਸ਼ਨ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

**ਸੰਗਰੂਰ (ਪ੍ਰਵੀਨ ਸਿੰਘ)** : ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਪ੍ਰੋਫ਼ੈਸਰ (ਡਾ.) ਸੁਖਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਅਤੇ ਐੱਨ.ਐੱਸ.ਐੱਸ. ਯੂਨਿਟ ਇੱਕ ਦੇ ਪ੍ਰੋਗ੍ਰਾਮ ਅਫ਼ਸਰ ਅਸਿਸਟੈਂਟ ਪ੍ਰੋਫ਼ੈਸਰ ਰੁਪਿੰਦਰ ਕੁਮਾਰ ਸ਼ਰਮਾ, ਐੱਨ.ਐੱਸ.ਐੱਸ. ਯੂਨਿਟ ਦੋ ਦੇ ਪ੍ਰੋਗਰਾਮ ਅਫ਼ਸਰ ਅਸਿਸਟੈਂਟ ਪ੍ਰੋਫ਼ੈਸਰ ਸੁਧਾ ਰਾਣੀ ਸ਼ਰਮਾ, ਐੱਨ.ਐੱਸ.ਐੱਸ. ਯੂਨਿਟ ਚਾਰ ਦੇ ਪ੍ਰੋਗਰਾਮ ਅਫ਼ਸਰ ਅਸਿਸਟੈਂਟ ਪ੍ਰੋਫ਼ੈਸਰ ਤਪਿੰਦਰ ਕੌਰ ਤੇ ਐੱਨ.ਸੀ.ਸੀ. ਲੜਕੀਆਂ ਦੇ ਕੇਅਰ ਟੇਕਰ ਅਸਿਸਟੈਂਟ ਪ੍ਰੋਫ਼ੈਸਰ ਰਮਨਦੀਪ ਕੌਰ ਦੀ ਅਗਵਾਈ ਵਿੱਚ 10ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਇਸ ਮੌਕੇ ਯੋਗਾ ਇੰਸਟਰਕਟਰ ਮੋਦਨ ਸਿੰਘ ਤੇ ਪਰਸ਼ੋਤਮ ਸਿੰਗਲਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਪ੍ਰਿੰਸੀਪਲ ਪ੍ਰੋਫ਼ੈਸਰ (ਡਾ.) ਸੁਖਵਿੰਦਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਯੋਗਾ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਸਾਲ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਥੀਮ 'ਸਵੈ ਤੇ ਸਮਾਜ ਲਈ ਯੋਗ' ਹੈ।ਇਸ ਮੌਕੇ ਯੋਗਾ ਇੰਸਟਰਕਟਰਾਂ ਨੇ ਵੱਖ ਵੱਖ ਯੋਗ ਅਭਿਆਸ ਕਰਵਾਏ।ਇਸ ਮੌਕੇ ਕਾਲਜ ਪ੍ਰਬੰਧਕਾਂ ਤੇ ਕਾਲਜ ਪ੍ਰਿੰਸੀਪਲ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।ਕਾਲਜ ਦੇ ਵਾਇਸ ਪ੍ਰਿੰਸੀਪਲ ਐਸੋਸੀਏਟ ਪ੍ਰੋਫ਼ੈਸਰ ਮੀਨਾਕਸ਼ੀ ਮੜਕਨ ਨੇ ਸਮੂਹ ਸਟਾਫ਼ ਮੈਂਬਰਾਨ, ਕਾਲਜ ਕਾਊਂਸਲ ਮੈਂਬਰਾਨ ਤੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਦੀ ਵਧਾਈ ਦਿੱਤੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋਫ਼ੈਸਰ (ਡਾ.) ਸੁਖਵਿੰਦਰ ਸਿੰਘ ਨੂੰ ਵੀ ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰਾਂ ਤੇ ਐੱਨ.ਸੀ.ਸੀ. ਕੇਅਰ ਟੇਕਰ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।


ਸ੍ਰੀ ਮੁਕਤਸਰ ਸਾਹਿਬ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)** : ਵਿਸ਼ਵ ਯੋਗਾ ਦਿਵਸ 'ਤੇ ਜ਼ਿਲ੍ਹਾ ਪੱਧਰੀ ਸਮਾਗਮ ਕੀਤਾ ਗਿਆ, ਜਿਸ ਵਿੱਚ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਯੋਗਾ ਕਰਨ ਨਾਲ ਜਿੱਥੇ ਸਰੀਰਕ ਸ਼ਕਤੀ ਮਿਲਦੀ ਹੈ, ਉਸਦੇ ਨਾਲ-ਨਾਲ ਅੰਦਰੂਨੀ ਤਾਕਤ ਵੀ ਪੈਦਾ ਹੁੰਦੀ ਹੈ ਅਤੇ ਅੱਜ ਦੇ ਯੁੱਗ ਵਿਚ ਯੋਗਾ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾਅ ਰਿਹਾ ਹੈ।ਉਨ੍ਹਾ ਕਿਹਾ ਕਿ ਸਾਨੂੰ ਆਪਣੇ ਸਰੀਰ ਨੂੰ ਹਮੇਸ਼ਾ ਤੰਦਰੁਸਤ ਰੱਖਣ ਲਈ ਖੁਰਾਕ ਵਾਂਗ ਹੀ ਯੋਗ ਨੂੰ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।ਚੰਗੀ ਸਿਹਤ ਲਈ ਚੰਗਾ ਖਾਣ ਪਾਣ, ਕਸਰਤ, ਯੋਗ ਆਦਿ ਜ਼ਰੂਰੀ ਹੈ।ਇਸ ਮੌਕੇ ਵਿਧਾਇਕ ਸੇਖੋਂ ਤੇ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਹਾਜ਼ਰੀਨ ਨੂੰ ਮੁਫਤ ਬੂਟੇ ਵੰਡੇ ਗਏ।

**ਨਾਭਾ (ਵਰਿੰਦਰ ਵਰਮਾ)** : ਡੀ.ਏ.ਵੀ. ਪਬਲਿਕ ਸਕੂਲ ਦੁਲੱਦੀ ਗੇਟ ਨਾਭਾ ਵਿਖੇ ਸਕੂਲ ਮੁਖੀ ਸ੍ਰੀਮਤੀ ਪੁਸ਼ਪਾ ਸੋਫਤ ਤੇ ਸਕੂਲ ਦੀ ਪ੍ਰਬੰਧਕ ਸ੍ਰੀਮਤੀ ਜਯਾ ਭਾਰਦਵਾਜ ਅਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਵੀ. ਕੇ. ਮਿੱਤਲ ਦੀ ਗਤੀਸ਼ੀਲ



ਸੰਗਰੂਰ

ਅਗਵਾਈ ਹੇਠ 10ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਦੋ ਰੋਜ਼ਾ ਯੋਗਾ ਕੈਂਪ ਲਗਾਇਆ ਗਿਆ। ਯੋਗਾ ਦੀ ਸਿਖਲਾਈ ਪ੍ਰਮਾਣਿਤ ਯੋਗਾ ਇੰਸਟ੍ਰਕਟਰਾਂ ਸ੍ਰੀਮਤੀ ਸੰਗੀਤਾ ਸਿੰਗਲਾ, ਸ੍ਰੀਮਤੀ ਲਲਿਤਾ ਵਰਮਾ ਤੇ ਸ੍ਰੀਮਤੀ ਜਸਵੀਰ ਕੌਰ ਵੱਲੋਂ ਦਿੱਤੀ ਗਈ।ਯੋਗਾ ਸੈਸ਼ਨ ਦੀ ਸ਼ੁਰੂਆਤ ਓਮ ਧੁਨੀ ਦੇ ਜਾਪ ਨਾਲ ਹੋਈ।ਕੈਂਪ ਵਿੱਚ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ ਦੀ ਸਮਾਪਤੀ ਸਮਾਰੋਹ ਦੇ ਨਾਲ ਹੋਈ, ਜਿੱਥੇ ਪ੍ਰਿੰਸੀਪਲ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਯੋਗਾ ਇੰਸਟ੍ਰਕਟਰਾਂ, ਪ੍ਰਤੀਭਾਗੀਆਂ ਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।ਯੋਗ ਪ੍ਰਿੰਸੀਪਲ ਵੀ ਕੇ ਮਿੱਤਲ ਵੱਲੋਂ ਟ੍ਰੇਨਰਾਂ ਨੂੰ ਪ੍ਰਸ਼ੰਸਾ ਦੇ ਟੋਕਨ ਭੇਟ ਕੀਤੇ ਗਏ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** : ਰਾਮ ਬਾਗ ਧੂਰੀ ਵਿਖੇ ਮਾਨਵ ਕਲਿਆਣ ਯੋਗ ਟਰੱਸਟ ਦੇ ਬਾਨੀ ਬਾਬਾ ਜਗਤਾਰ ਸਿੰਘ ਦੀ ਅਗਵਾਈ ਹੇਠ ਇੰਟਰਨੈਸ਼ਨਲ ਯੋਗਾ ਦਿਵਸ ਮਨਾਇਆ ਗਿਆ।ਇਸ ਸਮੇਂ ਰਾਮ ਕ੍ਰਿਸ਼ਨ, ਰੂਪ ਚੰਦ ਗਰਗ, ਭਾਰਤੀ ਯੋਗ ਸੰਸਥਾਨ ਦੇ ਪ੍ਰਧਾਨ ਮਦਨ ਲਾਲ, ਭਾਰਤ ਭੂਸ਼ਣ, ਅਸ਼ੋਕ ਕੁਮਾਰ ਸੀ ਏ, ਵੇਦ ਪ੍ਰਕਾਸ਼, ਸੁਨੀਲ ਬਾਂਸਲ, ਬੱਬੂ ਆਦਿ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਬਾਬਾ ਜਗਤਾਰ ਸਿੰਘ ਨੇ ਕਿਹਾ ਕਿ ਮਹਿਲਾਵਾਂ


ਨਾਭਾ

ਸਰਵਾਈਕਲ, ਗੋਡਿਆਂ ਦੇ ਦਰਦ, ਵੱਧ ਭਾਰ, ਮਾਨਸਿਕ ਤਣਾਅ, ਨੀਂਦ ਨਾ ਆਉਣ ਤੋਂ ਪੀੜਤ ਸਨ, ਜਿਨ੍ਹਾਂ ਨੂੰ ਯੋਗ ਦੀਆਂ ਕਲਾਸਾਂ ਵਿੱਚ ਆਉਣ ਨਾਲ ਕਾਫੀ ਲਾਭ ਮਿਲਿਆ ਹੈ। ਇਸੇ ਤਰ੍ਹਾਂ ਮਦਨ ਲਾਲ ਬਾਂਸਲ ਜ਼ਿਲ੍ਹਾ ਪ੍ਰਧਾਨ, ਭਾਰਤੀ ਯੋਗ ਸੰਸਥਾਨ ਧੂਰੀ ਤੇ ਕੇਂਦਰ ਪ੍ਰਮੁੱਖ ਗੋਪਾਲ ਦਾਸ ਦੀ ਯੋਗ ਅਗਵਾਈ ਵਿੱਚ ਸਥਾਨਕ ਸ਼ਾਂਤੀ ਨਿਕੇਤਨ ਪਾਰਕ ਰਾਮ ਬਾਗ ਧੂਰੀ ਵਿਖੇ 10ਵਾਂ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਮਦਨ ਲਾਲ ਬਾਂਸਲ ਨੇ ਸਮੂਹ ਸਾਧਕਾਂ ਨੂੰ ਅੰਤਰ-ਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਯੋਗ ਨਾਲ ਜੁੜ ਕੇ ਅਸੀਂ ਖਤਰਨਾਕ ਬਿਮਾਰੀਆਂ ਤੋਂ ਬਚ ਸਕਦੇ ਹਾਂ ਤੇ ਆਪਣੀ ਜ਼ਿੰਦਗੀ ਨੂੰ ਸਫਲ ਬਣਾ ਸਕਦੇ ਹਾਂ।ਜ਼ੋਨ ਪ੍ਰਧਾਨ ਨਿਸ਼ੀ ਗੋਇਲ ਤੇ ਸਰੋਜ ਗਰਗ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਤੇ ਸ਼ੂਗਰ ਨੂੰ ਯੋਗ ਰਾਹੀਂ ਕੰਟਰੋਲ ਕਰਨ ਦੇ ਢੰਗ ਵੀ ਦੱਸੇ।ਕੈਂਪ ਇੰਚਾਰਜ ਮਹਿੰਦਰ ਕੁਮਾਰ ਗਰਗ ਤੇ ਲੁਕੇਸ਼ ਸਿੰਗਲਾ ਨੇ ਦੱਸਿਆ ਕਿ ਲੋਕਾਂ ਦਾ ਰੁਝਾਨ ਯੋਗ ਪ੍ਰਤੀ ਦਿਨੋਂ ਦਿਨ ਵਧ ਰਿਹਾ ਹੈ ਤੇ ਲੋਕ ਯੋਗ ਨੂੰ ਅਪਨਾ ਕੇ ਨਿਰੋਗ ਹੋ ਕੇ ਆਪਣਾ ਜੀਵਨ ਸਫਲ ਬਣਾ ਰਹੇ ਹਨ।ਨਰੇਸ਼ ਕੁਮਾਰ ਗਰਗ ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੁੰਜਲ ਕ੍ਰਿਆ, ਜਲ ਨੇਤਰੀ, ਰਬੜ ਨੇਤਰੀ, ਸੂਤਰ ਨੇਤਰੀ ਅਤੇ ਆਈ ਵਾਸ਼ ਕੱਪ ਦਾ ਇਸਤੇਮਾਲ ਕਰਕੇ ਵਿਖਾਇਆ ਗਿਆ।

# ਅਰੁੰਧਤੀ ਰਾਏ ਤੇ ਪ੍ਰੋ. ਹੁਸੈਨ ਖ਼ਿਲਾਫ਼ ਯੂ ਏ ਪੀ ਏ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣਾ ਜਮਹੂਰੀਅਤ ਦਾ ਘਾਣ : ਡੀ ਟੀ ਐੱਫ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਕੇਂਦਰੀ ਮੋਦੀ ਹਕੂਮਤ ਦੇ ਇਸ਼ਾਰੇ 'ਤੇ ਦਿੱਲੀ ਦੇ ਉੱਪ-ਰਾਜਪਾਲ ਵੱਲੋਂ ਉੱਘੀ ਸਮਾਜਿਕ ਕਾਰਕੁੰਨ ਤੇ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਤੇ ਕਸ਼ਮੀਰੀ ਪ੍ਰੋ. ਸ਼ੇਖ ਸ਼ੌਕਤ ਹੁਸੈਨ ਖਿਲਾਫ ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੂਆਣਾ ਤੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਨੇ ਸਮੂਹ ਲੋਕਾਂ ਨੂੰ ਇਸ ਧੱਕੇਸ਼ਾਹੀ ਖਿਲਾਫ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਭਰ ਦੀਆਂ ਅਦਾਲਤਾਂ ਤੇ ਸਿਖਰਲੀ ਅਦਾਲਤ ਵੱਲੋਂ ਵੱਖ-ਵੱਖ ਸਮੇਂ ਇਸ ਕਨੂੰਨ ਦੀ ਦੁਰਵਰਤੋਂ ਸਬੰਧੀ ਟਿੱਪਣੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ।ਸੀਨੀਅਰ ਮੀਤ ਪ੍ਰਧਾਨ ਬਰਜਿੰਦਰ ਸਿੰਘ, ਮੀਤ ਪ੍ਰਧਾਨ ਵਿਕਾਸ ਗਰਗ ਨੇ ਦੋਸ਼ ਲਾਇਆ ਕਿ ਲੰਘੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਭਾਸ਼ਣਾਂ



ਦੌਰਾਨ ਘੱਟ ਗਿਣਤੀਆਂ ਪ੍ਰਤੀ ਕੀਤੀਆਂ ਨਫ਼ਰਤੀ ਟਿੱਪਣੀਆਂ, ਭਾਜਪਾਈ ਆਗੂ ਅਨੁਰਾਗ ਠਾਕੁਰ ਤੇ ਅਜੇ ਮਿਸ਼ਰਾ ਟੈਣੀ ਦੇ ਕਾਰਨਾਮੇ ਪੂਰਾ ਦੇਸ਼ ਜਾਣਦਾ ਹੈ, ਪ੍ਰੰਤੂ ਇਨ੍ਹਾਂ ਲੋਕਾਂ ਲਈ ਕਨੂੰਨ ਦੇ ਮਾਪਦੰਡ ਕਥਿਤ ਤੌਰ 'ਤੇ ਵੱਖਰੇ ਹਨ ਤੇ ਆਮ ਲੋਕਾਂ ਲਈ ਵੱਖਰੇ।ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਲੋਕ ਪੱਖੀ ਬੁੱਧੀਜੀਵੀਆਂ ਨੂੰ ਹਕੂਮਤੀ ਗੁੰਡਾਗਰਦੀ ਦੇ ਜ਼ੋਰ 'ਤੇ ਝੂਠੇ ਕੇਸਾਂ ਤਹਿਤ ਫ਼ਸਾ ਕੇ ਜੇਲ੍ਹਾਂ ਵਿੱਚ ਡੱਕਣ ਦੀ ਨੀਤੀ 'ਤੇ ਪਿਛਲੇ ਦਸ ਸਾਲਾਂ ਤੋਂ ਚੱਲਦੀ ਆਈ ਹੈ।ਇਸ ਨੇ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਦੀ ਇਸ ਮੰਤਵ ਲਈ ਬੇਦਰੇਗ ਵਰਤੋਂ ਕੀਤੀ ਹੈ।ਈ.ਡੀ. ਸਮੇਤ ਹਰ ਤਰ੍ਹਾਂ ਦੇ ਸਰਕਾਰੀ ਅਦਾਰਿਆਂ ਨੂੰ ਸਿਆਸੀ ਵਿਰੋਧੀਆਂ ਖਿਲਾਫ਼ ਖੁੱਲ੍ਹ ਕੇ ਵਰਤਿਆ ਹੈ।ਦੇਸ਼ ਵਿਦੇਸ਼ਾਂ ਵਿੱਚੋਂ ਇਸ ਵਰਤਾਰੇ ਖ਼ਿਲਾਫ਼ ਉਠਣ ਵਾਲੀ ਆਵਾਜ਼ ਨੂੰ ਦਰਕਿਨਾਰ ਕੀਤਾ ਹੈ।ਜ਼ਿਲ੍ਹਾ ਵਿੱਤ ਸਕੱਤਰ ਅਨਿਲ ਭੱਟ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ, ਪ੍ਰੈੱਸ ਸਕੱਤਰ ਗੁਰਪ੍ਰੀਤ ਖੇਮੂਆਣਾ ਨੇ ਕਿਹਾ ਕਿ ਭਾਜਪਾ ਹਕੂਮਤ ਸਟੈਨਸਵਾਮੀ ਵਰਗੇ ਸਮਾਜਿਕ ਕਾਰਕੁਨ ਦੀ ਮੌਤ ਸਮੇਤ ਲੰਬੇ ਸਮੇਂ ਤੱਕ ਲੋਕ ਪੱਖੀ ਲੇਖਕਾਂ ਬੁੱਧੀਜੀਵੀਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਤੇ ਜੇਲ੍ਹਾਂ ਵਿੱਚ ਡੱਕੀ ਰੱਖਣ ਦੀ ਜ਼ਿੰਮੇਵਾਰ ਹੈ।ਹੁਣ ਤੀਜੀ ਵਾਰ ਸੱਤਾ ਵਿੱਚ ਆ ਕੇ ਉਹ ਉਸੇ ਅਮਲ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਲੱਗੀ ਹੋਈ ਹੈ।

ਆਗੂਆਂ ਨੇ ਕਿਹਾ ਕਿ ਅਰੁੰਧਤੀ ਰਾਏ ਅਜਿਹੀ ਬੇਬਾਕ ਆਵਾਜ਼ ਹੈ, ਜੋ ਹਕੂਮਤ ਦੀਆਂ ਧੱਕੇਸ਼ਾਹੀਆਂ ਖਿਲਾਫ ਵਾਰ ਵਾਰ ਉੱਠਦੀ ਰਹੀ ਹੈ।ਉਨ੍ਹਾ ਕਿਹਾ ਕਿ ਗੋਦੀ ਮੀਡੀਆ ਸਰਕਾਰ ਨੂੰ ਸੁਆਲ ਕਰਨ ਵਾਲੇ ਪੱਤਰਕਾਰਾਂ, ਬੁੱਧੀਜੀਵੀਆਂ ਖ਼ਿਲਾਫ਼ ਲਗਾਤਾਰ ਮਿੱਥ ਕੇ ਨਾ-ਪੱਖੀ ਪ੍ਰਚਾਰ ਕਰਨ ਵਿੱਚ ਵੱਧ ਚੜ੍ਹ ਕੇ ਜੁਟਿਆ ਹੋਇਆ ਹੈ।ਜਥੇਬੰਦੀ ਦੇ ਆਗੂਆਂ ਨੇ ਦੇਸ਼ ਭਰ ਦੇ ਜਮਹੂਰੀ ਹਿੱਸਿਆਂ ਨੂੰ ਅਰੁੰਧਤੀ ਰਾਏ ਤੇ ਕਸ਼ਮੀਰੀ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਦੇ ਹੱਕ ਵਿੱਚ ਖੜੇ ਹੋਣ ਦੀ ਅਪੀਲ ਕਰਦਿਆਂ ਇਸ ਧੱਕੇਸ਼ਾਹੀ ਖ਼ਿਲਾਫ਼ ਪੈਦਾ ਹੋਣ ਵਾਲੇ ਲੋਕ ਰੋਹ ਦਾ ਬਾ-ਅਵਾਜ਼ ਹਿੱਸਾ ਬਣਨ ਦਾ ਅਹਿਦ ਕੀਤਾ।ਇਸ ਸਮੇਂ ਵੱਖ ਵੱਖ ਬਲਾਕਾਂ ਤੋਂ ਬਲਾਕ ਪ੍ਰਧਾਨ ਰਾਜਵਿੰਦਰ ਸਿੰਘ ਜਲਾਲ, ਭੁਪਿੰਦਰ ਸਿੰਘ ਮਾਈਸਰਖਾਨਾ, ਭੋਲਾ ਰਾਮ ਤਲਵੰਡੀ, ਬਲਕਰਨ ਕੋਟ ਸ਼ਮੀਰ, ਅਸ਼ਵਨੀ ਕੁਮਾਰ, ਰਣਦੀਪ ਕੌਰ ਖਾਲਸਾ, ਮੈਡਮ ਬਲਜਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

# ਨੀਲ ਕੰਠ ਮੋਟਰਜ਼ ਸਾਹਮਣੇ ਪੌਦਾ ਲਗਾਇਆ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਗਰਮੀ ਦੇ ਮੌਸਮ ਦੌਰਾਨ ਦਿਨੋਂ ਦਿਨ ਵਧ ਰਹੀ ਤਪਸ਼ ਦੇ ਮੱਦੇਨਜ਼ਰ ਸ਼ਹਿਰ ਵਾਸੀਆਂ ਨੂੰ ਖਾਲੀ ਥਾਵਾਂ 'ਤੇ ਪੌਦੇ ਲਾਉਣ ਦੀ ਕੀਤੀ ਗਈ ਅਪੀਲ ਮਗਰੋਂ ਉੱਤਰੀ ਭਾਰਤ ਵਿੱਚ ਪੁਰਾਣੀਆਂ ਕਾਰਾਂ ਦੀ ਵੇਚ ਖਰੀਦ ਲਈ ਪ੍ਰਸਿੱਧ ਪਾਤੜਾਂ ਦੇ ਕਾਰ ਬਾਜ਼ਾਰ ਵਿੱਚ ਨੀਲਕੰਠ ਮੋਟਰਜ਼ ਦੇ ਐੱਮ ਡੀ ਜੀਵਨ ਸਿੰਗਲਾ ਨੇ ਪਹਿਲਕਦਮੀ ਕਰਦਿਆਂ ਆਪਣੀ ਦੁਕਾਨ ਸਾਹਮਣੇ ਪੌਦਾ ਲਗਾਇਆ।ਪੌਦਾ ਲਗਾਉਣ ਦੀ ਰਸਮ ਅਦਾ ਕਰਨ ਮਗਰੋਂ ਆਲ ਇੰਡੀਆ ਕਾਰ ਡੀਲਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਗਦੀਸ਼ ਰਾਏ ਪੱਪੂ ਵੱਲੋਂ ਹਰ ਵਿਅਕਤੀ ਨੂੰ ਆਪਣੀ ਦੁਕਾਨ, ਸੈਲਰਾਂ, ਫੈਕਟਰੀਆਂ ਜਾਂ ਕੋਈ ਵੀ ਕਾਰੋਬਾਰ ਕਰਦਾ ਹੈ, ਉਸ ਨੂੰ ਦੋ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੀਵਨ ਸਿੰਗਲਾ, ਸ਼ਿਵ ਚੰਦ ਡੀ ਸੀ, ਭਾਰਤ ਭੂਸ਼ਨ, ਟੀ ਟੀ ਸਿੰਗਲਾ, ਨਰੇਸ਼ ਕੁਮਾਰ ਤੇ ਡਿੰਪਲ ਸ਼ਰਮਾ ਆਦਿ ਹਾਜ਼ਰ ਸਨ।

# ਨਰੇਗਾ ਮੇਟਾਂ ਨੂੰ ਬਦਲਣ ਦੇ ਮਾਮਲੇ ਸੰਬੰਧੀ ਸੀ ਪੀ ਆਈ ਦਾ ਵਫ਼ਦ ਏ ਡੀ ਸੀ ਨੂੰ ਮਿਲਿਆ

## ਮਾਮਲਾ ਜਲਦ ਹੱਲ ਨਾ ਕੀਤਾ ਤਾਂ 25 ਨੂੰ ਕੀਤਾ ਜਾਵੇਗਾ ਜ਼ਿਲ੍ਹਾ ਪੱਧਰ 'ਤੇ ਐਕਸ਼ਨ : ਕੁਲਦੀਪ ਭੋਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਬਲਾਕ ਮੋਗਾ 2 ਦੇ ਖੋਸਾ ਪਾਂਡੋ, ਕਾਲੀਏ ਵਾਲਾ ਤੇ ਨਿਧਾ ਵਾਲਾ ਆਦਿ ਪਿੰਡਾਂ ਦੇ ਨਰੇਗਾ ਮੇਟਾਂ ਨੂੰ ਸਿਆਸੀ ਦਬਾਅ ਹੇਠ ਬਦਲਣ ਦੇ ਚੱਲ ਰਹੇ ਮਾਮਲੇ ਸੰਬੰਧੀ ਸੀ.ਪੀ.ਆਈ. ਦਾ ਇੱਕ ਵਫ਼ਦ ਏ.ਡੀ.ਸੀ. (ਵਿਕਾਸ) ਨੂੰ ਕੁਲਦੀਪ ਸਿੰਘ ਭੋਲਾ ਤੇ ਜਗਸੀਰ ਖੋਸਾ ਦੀ ਅਗਵਾਈ ਵਿੱਚ ਮਿਲਿਆ। ਵਫ਼ਦ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਦੇ ਮੇਟ ਬਿਨਾਂ ਕਿਸੇ ਲੋੜੀਂਦੀ ਕਾਰਵਾਈ ਦੇ ਜਾਂ ਜਾਲ੍ਹੀ ਕਾਰਵਾਈਆਂ ਦੇ ਆਧਾਰ 'ਤੇ ਬਦਲੇ ਹਨ। ਇਨ੍ਹਾਂ ਬਦਲੀਆਂ ਪੁਰਾਣੀਆਂ ਮੇਟਾਂ ਦੇ ਹੱਕ ਵਿੱਚ ਪਿੰਡਾਂ ਦੇ ਨਰੇਗਾ ਕਾਮੇ ਡੱਟ ਕੇ ਖੜ ਗਏ ਹਨ। ਵਫ਼ਦ ਨੇ ਏ.ਡੀ.ਸੀ. ਨੂੰ ਕਿਹਾ ਕਿ ਜਿਨ੍ਹਾਂ ਮੇਟਾਂ ਨਾਲ ਧੱਕਾ ਹੋਇਆ, ਉਨ੍ਹਾਂ ਨੂੰ ਤਰੁੰਤ ਇਨਸਾਫ਼ ਦਿੰਦਿਆਂ ਬਹਾਲ ਕੀਤਾ ਜਾਵੇ। ਸੁਖਾਵੇਂ ਮਾਹੌਲ ਵਿੱਚ ਹੋਈ ਗੱਲਬਾਤ ਵਿੱਚ ਏ.ਡੀ.ਸੀ. (ਵਿਕਾਸ) ਜਗਵਿੰਦਰਜੀਤ ਸਿੰਘ ਨੇ ਆਗੂਆਂ ਨੂੰ ਸੋਮਵਾਰ ਤੱਕ ਮਸਲੇ ਦਾ ਹੱਲ ਕੱਢਣ ਦਾ ਭਰੋਸਾ ਦਿੱਤਾ। ਦਫ਼ਤਰ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਜੇਕਰ ਦਿੱਤੇ ਗਏ ਭਰੋਸੇ ਮੁਤਾਬਕ ਕੰਮ ਮੇਟ ਬਹਾਲ ਨਾ ਹੋਇਆ ਤਾਂ ਮੰਗਲਵਾਰ 25 ਜੂਨ 24 ਨੂੰ ਜ਼ਿਲ੍ਹਾ ਪੱਧਰ ਤੇ ਐਕਸ਼ਨ ਕੀਤਾ ਜਾਵੇਗਾ। ਉਨ੍ਹਾਂ ਹੋਰ ਵੀ ਰਾਜਨੀਤਕ ਪਾਰਟੀਆਂ ਤੇ ਇਨਸਾਫਪਸੰਦ ਜਥੇਬੰਦੀਆਂ ਨੂੰ ਇਸ ਹੱਕ ਸੱਚ ਦੀ ਲੜਾਈ ਵਿੱਚ ਸਾਥ ਦੇਣ ਦੀ ਅਪੀਲ ਕੀਤੀ। ਇਸ ਵਫਦ ਵਿੱਚ ਕਾਮਰੇਡ ਜਗਜੀਤ ਸਿੰਘ ਧੂੜਕੋਟ, ਸੁਖਜਿੰਦਰ ਮਹੇਸ਼ਰੀ, ਗੁਰਦਿੱਤ ਦੀਨਾ, ਸਿਕੰਦਰ ਮਧੇ ਕੇ, ਜਗਵਿੰਦਰ ਕਾਕਾ ਤੇ ਬਿੰਦਰ ਡੰਡੇਆਣਾ ਹਾਜ਼ਰ ਸਨ।

# ਸੜਕ ਪੁੱਟ ਕੇ ਲਾਈਆਂ ਇੰਟਰਲਾਕ ਟਾਈਲਾਂ ਨੇ ਲਈ ਜਾਨ, ਬੇਕਾਬੂ ਹੋਈ ਕਾਰ ਦਰੱਖਤ 'ਚ ਵੱਜੀ


ਪਾਤੜਾਂ-ਪਟਿਆਲਾ ਰੋਡ 'ਤੇ ਹੋਈ ਹਾਦਸਾਗ੍ਰਸਤ ਕਾਰ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਾਤੜਾਂ-ਪਟਿਆਲਾ ਮੁੱਖ ਮਾਰਗ 'ਤੇ ਪਿੰਡ ਬੂਰੜ ਦੇ ਬੱਸ ਅੱਡੇ ਨਜ਼ਦੀਕ ਕੁਝ ਸਮਾਂ ਪਹਿਲਾਂ ਸੜਕ ਪੁੱਟ ਕੇ ਲਗਾਈ ਗਈ ਇੰਟਰਲਾਕ ਟਾਇਲ ਤੋਂ ਬੇਕਾਬੂ ਹੋਈ ਕਾਰ ਨਾਲ ਵਾਪਰੇ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ ਤੇ ਇੱਕ ਜ਼ਖਮੀ ਹੋ ਗਿਆ।ਜ਼ਖਮੀ ਵਿਅਕਤੀ ਨੂੰ ਇਲਾਜ ਲਈ ਤੁਰੰਤ ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਪਾਤੜਾਂ ਲਿਆਂਦਾ, ਜਿੱਥੋਂ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਰਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ ਗਿਆ। ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਭੇਜ ਦਿੱਤਾ ਗਿਆ। ਮੌਕੇ ਉੱਤੇ ਪਹੁੰਚ ਕੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਘਟਨਾ ਸਥਾਨ 'ਤੇ ਪੁੱਜੇ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਦੱਸਿਆ ਕਿ ਪਾਤੜਾਂ ਤੋਂ ਪਟਿਆਲੇ ਵੱਲ ਜਾ ਰਹੀ ਸਵਿਫਟ ਡਿਜ਼ਾਇਰ ਕਾਰ ਜਿਉਂ ਹੀ ਪਿੰਡ ਬੂਰੜ ਦੇ ਬੱਸ ਅੱਡੇ ਕੋਲ ਪਹੁੰਚੀ ਤਾਂ ਸੜਕ 'ਤੇ ਲੱਗੀ ਇੰਟਲਾਕ ਦੱਬੀ ਹੋਣ ਕਰਕੇ ਕਾਰ ਆਪਣਾ ਸੰਤੁਲਨ ਗਵਾ ਕੇ ਸੜਕ ਕਿਨਾਰੇ ਲੱਗੇ ਇੱਕ ਦਰੱਖਤ ਵਿੱਚ ਜਾ ਵੱਜੀ।ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਹਿਚਾਣ ਤੇਜਵੀਰ ਸਿੰਘ ਤੇ ਜ਼ਖ਼ਮੀ ਦੀ ਪ੍ਰਭਜੀਤ ਸਿੰਘ ਵਜੋਂ ਹੋਈ ਹੈ।ਇਹ ਦੋਵੇਂ ਨਾਭਾ ਦੇ ਰਹਿਣ ਵਾਲੇ ਸਨ।

# ਖਾਣ-ਪੀਣ ਵਾਲੀਆਂ ਵਸਤਾਂ 'ਤੇ ਸਰਕਾਰ ਤੇ ਵਿਭਾਗ ਸਖਤੀ ਨਾਲ ਪਹਿਰਾ ਦੇਵੇ : ਰਘਵੀਰ ਸਿੰਘ

**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਦੜੇ ਸੱਟੇ ਤੇ ਨਸ਼ਿਆਂ ਆਦਿ ਦਾ ਕਾਰੋਬਾਰ ਤਾਂ ਸ਼ਰੇਆਮ ਚੱਲਦਾ ਹੀ ਰਹਿੰਦਾ ਹੈ।ਇਸ ਤੋਂ ਇਲਾਵਾ ਸ਼ਹਿਰ 'ਚ ਨਕਲੀ ਮਿਠਾਈ ਦਾ ਕਾਰੋਬਾਰ ਵੀ ਵੱਡੇ ਪੱਧਰ 'ਤੇ ਤਿਉਹਾਰਾਂ ਦੇ ਸਮੇਂ ਧੜੱਲੇ ਨਾਲ ਚਲਦਾ ਹੀ ਰਹਿੰਦਾ ਹੈ।ਇਨ੍ਹਾਂ ਸਭ ਗੱਲਾਂ ਬਾਰੇ ਅਨੇਕਾਂ ਵਾਰ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਜਾਣੂੰ ਕਰਵਾਇਆ ਜਾ ਚੁੱਕਾ ਹੈ, ਪਰ ਫਿਰ ਵੀ ਸ਼ਹਿਰ 'ਚ ਇਹ ਧੰਦਾ ਬਿਨਾਂ ਰੋਕ ਟੋਕ ਦੇ ਧੜੱਲੇ ਨਾਲ ਚੱਲਦਾ ਨਜ਼ਰ ਆ ਰਿਹਾ ਹੈ।ਇੱਥੇ ਇਹ ਗੱਲ ਵੀ ਡੂੰਘਾਈ ਨਾਲ ਸੋਚਣ ਵਾਲੀ ਹੈ ਕਿ ਜਦ ਸ਼ਹਿਰ 'ਚ ਚੱਲ ਰਹੇ ਇਨ੍ਹਾਂ ਗੋਰਖ ਧੰਦਿਆਂ ਦਾ ਆਮ ਲੋਕਾਂ ਨੂੰ ਪਤਾ ਹੈ ਤਾਂ ਫਿਰ ਪ੍ਰਸ਼ਾਸਨ ਨੂੰ ਅਜਿਹਾ ਕਾਰੋਬਾਰ ਕਰਨ ਵਾਲੇ ਲੋਕਾਂ ਦਾ ਕਿਉਂ ਨਹੀਂ ਪਤਾ ਹੋ ਸਕਦਾ, ਪਰ ਸਰਕਾਰ ਬੇਪ੍ਰਵਾਹ ਹੈ ਤੇ ਪ੍ਰਸ਼ਾਸਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ।ਸਭ ਤੋਂ ਵੱਡੀ ਹੈਰਾਨੀ ਤੇ ਦੁੱਖ ਦੀ ਗੱਲ ਇਹ ਹੈ ਕਿ ਇਸ ਲਈ ਇੱਕ ਵਿਭਾਗ ਬਣਿਆ ਹੋਇਆ ਹੈ, ਪਰ ਇਸ ਦੇ ਬਾਵਜੂਦ ਹਰ ਕੋਈ ਜ਼ਹਿਰ ਦੀ ਥੋੜ੍ਹੀ ਥੋੜ੍ਹੀ ਮਾਤਰਾ ਲੈ ਰਿਹਾ ਹੈ।ਜਦੋਂ ਵੀ ਤਿਉਹਾਰਾਂ ਦੇ ਦਿਨ ਨੇੜੇ ਆਉਂਦੇ ਹਨ ਤਾਂ ਕੁਝ



ਦੁਕਾਨਦਾਰਾਂ ਵੱਲੋਂ ਸਥਾਨਕ ਸ਼ਹਿਰ ਵਿੱਚ ਹਰਿਆਣਾ ਦੇ ਸ਼ਹਿਰ ਟੋਹਾਣਾ ਦੀ ਨਕਲੀ ਮਿਠਾਈ ਦਾ ਧੰਦਾ ਧੜੱਲੇ ਨਾਲ ਚਲਾਇਆ ਜਾਂਦਾ ਹੈ ਜੋ ਸ਼ਰੇਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹੁੰਦੇ ਹਨ ਪਰੰਤੂ ਉਹਨਾਂ ਦੇ ਖਿਲਾਫ ਕਾਰਵਾਈ ਕਰਨ ਵਾਲਾ ਵਿਭਾਗ ਗਹਿਰੀ ਨੀਂਦ ਸੁੱਤਾ ਪਿਆ ਰਹਿੰਦਾ ਹੈ।ਕੁੱਝ ਦੁਕਾਨਦਾਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਮਿਠਾਈ ਦੇ ਕੁੱਝ ਕੁ ਦੁਕਾਨਦਾਰਾਂ ਨੂੰ ਸਸਤੀ ਮਿਠਾਈ ਲਈ ਕੁਝ ਸਰਮਾਏਦਾਰ ਲੋਕ ਪਹਿਲਾਂ ਹੀ ਵੱਡੇ ਵੱਡੇ ਆਰਡਰ ਦੇ ਜਾਂਦੇ ਹਨ ਤੇ ਉਨ੍ਹਾਂ ਲੋਕਾਂ ਦਾ ਕਹਿਣਾ ਹੁੰਦਾ ਹੈ ਕਿ ਮਿਠਾਈ ਚਾਹੇ ਕਿਹੋ ਜਿਹੀ ਹੋਵੇ ਅਸੀ ਕਿਹੜਾ ਇਹ ਮਿਠਾਈ ਖੁਦ ਖਾਣੀ ਹੈ।ਇਹ ਤਾਂ ਅਸੀ ਆਪਣੀਆਂ ਫੈਕਟਰੀਆਂ, ਕਾਰਖਾਨਿਆਂ, ਸ਼ੈਲਰਾਂ ਆਦਿ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਵੰਡਣੀ ਹੁੰਦੀ ਹੈ।ਅਜਿਹਾ ਕੁਝ ਹੁੰਦਾ ਦੇਖਕੇ ਇੰਨਸਾਫ ਪਸੰਦ ਲੋਕ ਇਹ ਵੀ ਕਹਿੰਦੇ ਸੁਣੇ ਜਾ ਰਹੇ ਹਨ ਕਿ ਕਦੇ ਵੀ ਬਿਨ੍ਹਾਂ ਕਿਸੇ ਸ਼ਹਿ ਦੇ ਮਿਲਾਟਵਖੋਰੀ ਤੇ ਨਕਲੀ ਮਿਠਾਈ ਦੀ ਵਿਕਰੀ ਦਾ ਗੋਰਖਧੰਦਾ ਨਹੀਂ ਚੱਲ ਸਕਦਾ । ਜਿਸ ਨੂੰ ਦੇਖ ਕੇ ਜਾਪ ਰਿਹਾ ਹੈ ਕਿ ਦਾਲ 'ਚ ਕੁਝ ਕਾਲਾ ਨਹੀਂ ਸਗੋਂ ਪੂਰੀ ਦਾਲ ਹੀ ਕਾਲੀ ਹੈ।ਸਮਾਜਸੇਵੀ ਰਘਵੀਰ ਸਿੰਘ ਨੇ ਕਿਹਾ ਕਿ ਨਕਲੀ ਮਿਠਾਈ ਦਾ ਕਾਰੋਬਾਰ ਵਧਦਾ ਫੁੱਲਦਾ ਦੇਖ ਕੇ ਇੰਝ ਲੱਗ ਰਿਹਾ ਹੈ ਕਿ ਖਾਣ-ਪੀਣ ਵਾਲੀਆਂ ਵਸਤਾਂ ਦੀ ਵਿੱਕਰੀ ਸ਼ੁੱਧ ਤੇ ਸਾਫ ਸੁਥਰੀ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਸਿਹਤ ਵਿਭਾਗ ਨੂੰ ਸਖਤੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਸਿਰਫ ਕਾਗਜ਼ਾਂ ਦੀਆਂ ਖਾਨਾਪੂਰਤੀ ਤੱਕ ਹੀ ਸੀਮਤ ਰਹਿ ਗਈਆਂ ਹਨ।ਇਸ ਸਬੰਧੀ ਜ਼ਿਲ੍ਹਾ ਸਿਹਤ ਅਫਸਰ ਰਣਜੀਤ ਸਿੰਘ ਰਾਇ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਐੱਫਐੱਸਓ ਦਿਵਿਆ ਗੋਸਵਾਮੀ ਵੱਲੋਂ ਲਗਾਤਾਰ ਛਾਪੇਮਾਰੀ ਜਾਰੀ ਰਹਿੰਦੀ ਹੈ ਤੇ ਕੁੱਝ ਸੈਂਪਲ ਟੈਸਟ ਹੋਣ ਲਈ ਭੇਜੇ ਹੋਏ ਹਨ।ਇਸ ਉਪਰੰਤ ਕੋਈ ਦੋਸ਼ੀ ਪਾਇਆ ਗਿਆ ਤਾਂ ਬਖਸ਼ਿਆ ਨਹੀਂ ਜਾਵੇਗਾ।

# ਨਸ਼ਿਆਂ ਖਿਲਾਫ਼ ਮੁਹਿੰਮ ਨੂੰ ਲੋਕ ਭਰਵਾਂ ਹੁੰਗਾਰਾ ਦੇ ਰਹੇ ਹਨ : ਡੀ ਆਈ ਜੀ

## ਪੁਲਸ ਜ਼ਿਲ੍ਹਾ ਖੰਨਾ ਵੱਲੋਂ ਵੱਖ-ਵੱਖ ਪਿੰਡਾਂ 'ਚ ਸਰਚ ਅਭਿਆਨ ਜਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਸ਼ਾ ਤਸਕਰਾਂ ਖਿਲਾਫ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਖ਼ਤ ਕਾਰਵਾਈ ਦੀਆਂ ਹਦਾਇਤਾਂ ਦੇਣ ਤੋਂ ਬਾਅਦ ਪੁਲਸ ਲਗਾਤਾਰ ਵੱਖ-ਵੱਖ ਪਿੰਡਾਂ ਤੇ ਸ਼ਹਿਰ ਵਿੱਚ ਸਰਚ ਅਭਿਆਨ ਕਰ ਰਹੀ ਹੈ, ਜਿਸ ਤਹਿਤ ਡੀ.ਆਈ.ਜੀ. ਰੇਂਜ ਲੁਧਿਆਣਾ ਧੰਨਪ੍ਰੀਤ ਕੌਰ ਦੀ ਅਗਵਾਈ ਵਿੱਚ ਐੱਸ.ਐੱਸ.ਪੀ. ਅਵਨੀਤ ਕੌਂਡਲ ਦੀ ਟੀਮ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਛਾਪੇਮਾਰੀ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਆਈ.ਜੀ. ਧੰਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਆਮ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਲੋਕ ਪੁਲਸ ਦਾ ਸਾਥ ਦੇ ਰਹੇ ਹਨ, ਜਿਸ ਕਾਰਨ ਨਸ਼ਾ ਵੇਚਣ ਵਾਲੇ ਡਰੇ ਹੋਏ ਹਨ। ਉਨ੍ਹਾ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਨਸ਼ੇ ਦੀ ਸਪਲਾਈ ਨਹੀਂ ਹੋਣ ਦਿੱਤੀ ਜਾਵੇਗੀ ਤੇ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਫੜਿਆ ਜਾਂਦਾ ਹੈ ਤਾਂ ਉਸ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਾਥ ਦੇਣ ਤੇ ਜੇਕਰ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦੇਣ ਵਾਲੇ ਦਾ ਨਾਮ ਤੇ ਪਤਾ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਰਚ ਅਭਿਆਨ ਜਾਰੀ ਰਹੇਗਾ ਤੇ ਤਲਾਸ਼ੀ ਦੌਰਾਨ ਕਿਸੇ ਤੋਂ ਵੀ ਨਸ਼ੀਲਾ ਪਦਾਰਥ ਜਾਂ ਗੈਰ-ਕਾਨੂੰਨੀ ਵਸਤੂ ਬਰਾਮਦ ਹੋਈ ਉਹ ਬਖਸ਼ਿਆ ਨਹੀਂ ਜਾਵੇਗਾ। ਅੱਜ ਉਨ੍ਹਾਂ ਵੱਲੋਂ ਪਿੰਡ ਗੜ੍ਹੀ ਤਰਖਾਣਾ, ਅਢਿਆਣਾ ਤੇ ਮਾਛੀਵਾੜਾ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਮੌਕੇ ਐੱਸ.ਪੀ. ਹੈੱਡਕੁਆਰਟਰ ਤਰੁਣ ਰਤਨ, ਡੀ.ਐੱਸ.ਪੀ. (ਸੀ.ਆਈ.ਏ.) ਕੁਲਵੰਤ ਸਿੰਘ, ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ, ਥਾਣਾ ਮੁਖੀ ਮਾਛੀਵਾੜਾ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਤੇ ਪੁਲਸ ਕਰਮਚਾਰੀ ਮੌਜੂਦ ਸਨ।

23-JUNE-PAGE-5.qxd 6/22/2024 11:11 PM Page 1



# ਘੱਗਰ 'ਚ ਪਏ ਪਾੜਾਂ ਨੂੰ ਬੰਦ ਕਰਨ 'ਚ ਸਰਕਾਰ ਨਾਕਾਮ!

## ਸੱਤ ਪਿੰਡਾਂ ਦੇ ਕਿਸਾਨ ਪੱਲਿਓਂ ਉਗਰਾਹੀ ਕਰਕੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਦੇ ਕੰਮ 'ਚ ਜੁਟੇ


ਘੱਗਰ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਹੋਏ ਕਿਸਾਨ।ਕਿਸਾਨ ਆਗੂ ਕੁਲਵੰਤ ਸਿੰਘ ਮੌਲਵੀਵਾਲਾ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਦਾ ਦਸਤੂਰ ਰਿਹਾ ਹੈ ਕਿ ਜਦੋਂ ਕਿਸੇ ਵੀ ਕੰਮ ਨੂੰ ਕਰਨ ਵਿੱਚ ਸਰਕਾਰਾਂ ਨਾਕਾਮ ਹੋ ਜਾਣ ਤਾਂ ਲੋਕ ਆਪਣੇ ਪੱਧਰ ਉੱਤੇ ਉਸ ਕੰਮ ਨੂੰ ਆਪਣੇ ਹੱਥਾਂ ਵਿੱਚ ਲੈ ਲੈਂਦੇ ਹਨ।ਪਿਛਲੇ ਸਾਲ ਬਰਸਾਤੀ ਸੀਜ਼ਨ ਦੌਰਾਨ ਘੱਗਰ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਨਾਲ ਸਬ ਡਵੀਜ਼ਨ ਪਾਤੜਾਂ ਦੇ ਢਾਈ ਦਰਜਨ ਦੇ ਕਰੀਬ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਸੀ। ਪਾਣੀ ਦੇ ਤੇਜ਼ ਵਹਾਅ ਕਾਰਨ ਘੱਗਰ ਦਰਿਆ ਵਿੱਚ ਦਰਜਨ ਤੋਂ ਵੱਧ ਥਾਵਾਂ 'ਤੇ ਪਾੜ ਪੈ ਗਏ ਸਨ। ਇੱਕ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਘੱਗਰ ਦਰਿਆ ਦੇ ਬੰਨਿਆਂ ਨੂੰ ਮਜ਼ਬੂਤ ਕਰਨ ਵਿੱਚ ਸੂਬੇ ਦੀ ਭਗਵੰਤ ਮਾਨ ਸਰਕਾਰ ਨਾਕਾਮ ਰਹਿਣ ਮਗਰੋਂ ਹੁਣ ਇਲਾਕੇ ਦੇ ਸੱਤ ਪਿੰਡਾਂ ਦੇ ਕਿਸਾਨ ਆਪਣੇ ਪੱਧਰ ਉੱਤੇ ਘੱਗਰ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਲੱਗ ਗਏ ਹਨ।

ਜਾਣਕਾਰੀ ਅਨੁਸਾਰ ਪਿਛਲੇ ਸਾਲ 11 ਜੁਲਾਈ ਨੂੰ ਘੱਗਰ ਦਰਿਆ ਵਿੱਚ ਅਚਾਨਕ ਆਏ ਭਿਆਨਕ ਹੜ੍ਹਾਂ ਨੇ ਇਲਾਕੇ ਵਿੱਚ ਭਾਰੀ ਤਬਾਹੀ ਮਚਾਈ ਸੀ।ਇਲਾਕੇ ਵਿੱਚ ਹਜ਼ਾਰਾਂ ਏਕੜ ਖੜੀਆਂ ਫਸਲਾਂ ਪਾਣੀ ਦੀ ਲਪੇਟ ਵਿੱਚ ਆ ਗਈਆਂ ਸਨ।ਬਾਦਸ਼ਾਹਪੁਰ ਤੋਂ ਖਨੌਰੀ ਹੈੱਡ ਤੱਕ ਅਣਗਿਣਤ ਥਾਵਾਂ ਉੱਤੇ ਘੱਗਰ ਦੇ ਬੰਨੇ ਪਾਣੀ ਵਿੱਚ ਰੁੜ ਗਏ।ਪਾਣੀ ਉੱਤਰ ਜਾਣ ਮਗਰੋਂ ਕਿਸਾਨਾਂ ਨੇ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਲੀਹ 'ਤੇ ਲਿਆਉਂਦਿਆਂ ਫਸਲਾਂ ਤਾਂ ਬੀਜ ਲਈਆਂ, ਪਰ ਘੱਗਰ ਦੇ ਬੰਨੇ ਜਿਉਂ ਦੀ ਤਿਉਂ ਪਏ ਹੋਏ ਸਨ, ਪਰ ਆਉਣ ਵਾਲੀ ਮੁਸੀਬਤ ਨੂੰ ਦੇਖਦਿਆਂ ਆਸ-ਪਾਸ ਦੇ ਸੱਤ ਪਿੰਡਾਂ ਜੋਗੇਵਾਲਾ, ਗੁਲਾਹੜ, ਨਾਈਵਾਲਾ, ਸ਼ੁਤਰਾਣਾ, ਰਸੌਲੀ, ਹੋਤੀਪੁਰ ਤੇ ਨਵਾਂਗਾਓਂ ਸਮੇਤ ਖਨੌਰੀ ਪਿੰਡ ਦੇ ਕਿਸਾਨਾਂ ਨੇ ਆਪਣੇ ਪੱਧਰ ਉੱਤੇ ਘੱਗਰ ਦੇ ਬੰਨਿਆਂ ਨੂੰ ਮਜ਼ਬੂਤ ਕਰਨ ਦਾ ਕੰਮ ਆਰੰਭ ਦਿੱਤਾ ਹੈ।ਬੰਨ੍ਹ ਮਜ਼ਬੂਤ ਕਰਨ ਵਿੱਚ ਲੱਗੇ ਹੋਏ ਕਿਸਾਨ ਫਤਿਹ ਸਿੰਘ ਜੋਗੇਵਾਲਾ, ਕਾਬਲ ਸਿੰਘ ਹੋਤੀਪੁਰ, ਸੂਰਤ ਸਿੰਘ, ਦਰਸ਼ਨ ਸਿੰਘ ਗੁਲਾਹੜ, ਰਮਨ ਸਿੰਘ, ਮਨਧੀਰ ਸਿੰਘ, ਗੁਲਾਬ ਸਿੰਘ, ਲਖਵਿੰਦਰ ਸਿੰਘ, ਜਗਵਿੰਦਰ ਸਿੰਘ, ਵਿੱਕੀ ਢਿੱਲੋਂ, ਬੂਟਾ ਸਿੰਘ ਸ਼ੁਤਰਾਣਾ, ਇੰਦਰਜੀਤ ਸਿੰਘ ਧਾਲੀਵਾਲ, ਬਾਬਾ ਬੂਟਾ ਸਿੰਘ ਤੇ ਪਿੰਡ ਨਵਾਂਗਾਓਂ ਦੇ ਸਰਪੰਚ ਕੁਲਵੰਤ ਸਿੰਘ ਨੇ ਦੱਸਿਆ ਕਿ ਘੱਗਰ ਪਾਰ ਦੇ ਪਿੰਡਾਂ ਵਾਲੇ ਪਾਸੇ ਦਾ ਬੰਨ੍ਹ ਮਨਰੇਗਾ ਵਰਕਰਾਂ ਤੋਂ ਮਿੱਟੀ ਪਵਾ ਕੇ ਮਜ਼ਬੂਤ ਕੀਤਾ ਜਾ ਰਿਹਾ ਹੈ, ਜਦੋਂਕਿ ਰਸੌਲੀ ਤੋਂ ਖਨੌਰੀ ਤੱਕ ਪਏ ਦਰਜਨਾਂ ਪਾੜਾਂ ਨੂੰ ਬੰਦ ਕਰਨ ਦਾ ਸਰਕਾਰ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਉਕਤ ਪਿੰਡਾਂ ਦੇ ਕਿਸਾਨਾਂ ਵੱਲੋਂ 200 ਰੁਪਏ ਪ੍ਰਤੀ ਏਕੜ ਉਗਰਾਹੀ ਕਰਕੇ ਆਪਣੇ ਪੱਧਰ ਉੱਤੇ ਲੱਖਾਂ ਰੁਪਏ ਖਰਚ ਕਰਕੇ ਪਿਛਲੇ 20 ਦਿਨਾਂ ਤੋਂ ਡੇਢ ਦਰਜਨ ਦੇ ਕਰੀਬ ਟਰੈਕਟਰਾਂ ਤੇ ਚਾਰ ਜੇਸੀਬੀ ਮਸ਼ੀਨਾਂ ਦੀ ਮਦਦ ਨਾਲ ਲਗਾਤਾਰ ਬੰਨੇ ਮਜ਼ਬੂਤ ਕਰਨ ਦਾ ਕੰਮ ਚੱਲ ਰਿਹਾ ਹੈ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਸਾਨਾਂ ਵੱਲੋਂ ਆਪਣੇ ਪੱਧਰ ਉੱਤੇ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰਾਂ ਦੇ ਕੰਮ ਲੋਕਾਂ ਨੂੰ ਕਰਨੇ ਪੈ ਰਹੇ ਹਨ, ਜਦੋਂਕਿ ਵੋਟਾਂ ਵਕਤ ਘੱਗਰ ਦਰਿਆ ਦਾ ਪੱਕਾ ਹੱਲ ਕਰਨ ਦੇ ਹਰ ਵਾਰ ਵਾਅਦੇ ਕੀਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਦਿਨੀਂ ਘੱਗਰ ਦਰਿਆ ਦਾ ਦੌਰਾ ਕਰਕੇ ਹੜ੍ਹਾਂ ਤੋਂ ਬਚਾਉਣ ਲਈ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦੀ ਗੱਲ ਕਰਕੇ ਗਏ ਹਨ, ਪਰ ਅਸਲੀਅਤ ਵਿੱਚ ਸਭ ਕੁਝ ਕਾਗਜ਼ੀ ਪੱਤਰੀ ਹੋ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਘੱਗਰ ਦਰਿਆ ਦੇ ਬੰਨਿਆਂ ਨੂੰ ਮਜ਼ਬੂਤ ਕਰਨ ਦਾ ਕੰਮ ਆਪਣੇ ਹੱਥਾਂ ਵਿੱਚ ਲਵੇ।

# ਸੜਕ ਹਾਦਸੇ 'ਚ ਇੱਕ ਵਿਅਕਤੀ ਦੀ ਮੌਤ, ਤਿੰਨ ਜ਼ਖ਼ਮੀ


ਮ੍ਰਿਤਕ ਸਤਵੰਤ ਸਿੰਘ ਦੀ ਫਾਈਲ ਤਸਵੀਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਜੀ. ਟੀ. ਰੋਡ 'ਤੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਅਤੇ ਉਸ ਦੇ ਪੁੱਤਰ ਤੇ ਪੋਤਰੇ ਸਣੇ ਤਿੰਨ ਵਿਅਕਤੀਆਂ ਦੇ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੇ ਬਿਆਨਾਂ 'ਚ ਜੰਗ ਸਿੰਘ (30) ਵਾਸੀ ਪਿੰਡ ਚੱਕ ਕਲਾਂ (ਲੁਧਿਆਣਾ) ਨੇ ਦੱਸਿਆ ਕਿ ਉਸ ਦੇ ਪਿਤਾ ਸਤਵੰਤ ਸਿੰਘ (57) ਨੇ ਅਮਰੀਕਾ ਤੋਂ ਵਾਪਸ ਆਉਣਾ ਸੀ, ਜਿਨ੍ਹਾਂ ਨੂੰ ਦਿੱਲੀ ਏਅਰਪੋਰਟ ਤੋਂ ਲੈ ਕੇ ਆਉਣ ਲਈ ਉਸ ਨੇ ਸੰਦੀਪ ਸਿੰਘ ਵਾਸੀ ਪਿੰਡ ਟੂਸੇ ਦੀ ਔਰਾ ਗੱਡੀ ਕਿਰਾਏ 'ਤੇ ਲਈ ਤੇ ਉਹ ਆਪਣੇ ਤਾਏ ਦੇ ਪੋਤਰੇ ਤਨਰਾਜਵੀਰ ਸਿੰਘ (13) ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਏ।18 ਤੇ 19 ਜੂਨ ਦੀ ਦਰਮਿਆਨੀ ਰਾਤ ਨੂੰ ਜਦੋਂ ਉਹ ਏਅਰਪੋਰਟ ਤੋਂ ਆਪਣੇ ਪਿਤਾ ਸਤਵੰਤ ਸਿੰਘ ਨੂੰ ਨਾਲ ਲੈ ਕੇ ਘਰ ਵਾਪਸ ਪਰਤ ਰਹੇ ਸਨ ਤਾਂ ਕਾਰ ਦਾ ਡਰਾਇਵਰ ਸੰਦੀਪ ਸਿੰਘ ਕਾਰ ਨੂੰ ਬਹੁਤ ਤੇਜ਼ ਰਫਤਾਰੀ ਤੇ ਅਣਗਹਿਲੀ ਨਾਲ ਚਲਾਉਣ ਲੱਗ ਪਿਆ, ਜਿਸ ਨੂੰ ਉਸ ਦੇ ਪਿਤਾ ਨੇ ਅਜਿਹਾ ਨਾ ਕਰਨ ਤੋਂ ਵਰਜਿਆ ਵੀ, ਪਰ ਜਦੋਂ ਉਹ ਰਾਤ ਕਰੀਬ 12.40 ਵਜੇ ਸਰਹਿੰਦ ਦੇ ਮਾਧੋਪੁਰ ਬ੍ਰਿਜ ਕੋਲ ਪਹੁੰਚੇ ਤਾਂ ਸੰਦੀਪ ਸਿੰਘ ਨੇ ਬਹੁਤ ਅਣਗਹਿਲੀ ਤੇ ਤੇਜ਼ ਰਫਤਾਰੀ ਨਾਲ ਕਾਰ ਚਲਾਉਂਦੇ ਹੋਏ ਅੱਗੇ ਆਪਣੀ ਸਾਈਡ ਜਾ ਰਹੇ ਇੱਕ ਟਰੱਕ 'ਚ ਮਾਰੀ, ਜਿਸ ਕਾਰਨ ਉਸ ਦੇ, ਉਸ ਦੇ ਪਿਤਾ ਸਤਵੰਤ ਸਿੰਘ, ਤਨਰਾਜਵੀਰ ਸਿੰਘ ਅਤੇ ਡਰਾਇਵਰ ਸੰਦੀਪ ਸਿੰਘ ਦੇ ਸੱਟਾਂ ਵੱਜੀਆਂ ਤੇ ਉਹ ਕਾਰ ਦੇ ਵਿੱਚ ਹੀ ਫਸ ਗਏ ਤੇ ਰਾਹਗੀਰਾਂ ਵੱਲੋਂ ਉਨ੍ਹਾਂ ਨੂੰ ਕਾਰ 'ਚੋਂ ਕੱਢ ਕੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਪਹੁੰਚਾਇਆ ਗਿਆ, ਜਿੱਥੇ ਪਹੁੰਚਣ 'ਤੇ ਡਾਕਟਰਾਂ ਨੇ ਉਸ ਦੇ ਪਿਤਾ ਸਤਵੰਤ ਸਿੰਘ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।ਜੰਗ ਸਿੰਘ ਨੇ ਦੋਸ਼ ਲਗਾਏ ਕਿ ਉਕਤ ਹਾਦਸਾ ਕਾਰ ਦੇ ਚਾਲਕ ਸੰਦੀਪ ਸਿੰਘ ਦੀ ਗਲਤੀ ਕਰਕੇ ਵਾਪਰਿਆ ਹੈ।ਸੰਦੀਪ ਸਿੰਘ ਵਾਸੀ ਪਿੰਡ ਟੂਸੇ (ਲੁਧਿਆਣਾ) ਵਿਰੁੱਧ ਅ/ਧ 279,337,304ਏ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਦਾਦੇ ਦੇ ਮੋਬਾਇਲ 'ਚੋਂ 2.16 ਲੱਖ ਰੁਪਏ ਪਿਓ ਦੇ ਖਾਤੇ 'ਚ ਕੀਤੇ ਟਰਾਂਸਫਰ

## ਕੁੱਟ ਤੋਂ ਡਰਦਾ ਘਰੋਂ ਹੋਇਆ ਫਰਾਰ, ਪੁਲਸ ਨੇ ਹਰਿਮੰਦਰ ਸਾਹਿਬ ਤੋਂ ਲੱਭ ਕੇ ਮਾਪਿਆਂ ਹਵਾਲੇ ਕੀਤਾ



**ਜ਼ੀਰਾ (ਨਰਿੰਦਰ ਅਨੇਜਾ)**-ਬੱਚਿਆਂ ਨੂੰ ਲੋੜ ਤੋਂ ਵੱਧ ਮੋਬਾਇਲ ਦੇਣਾ ਤੇ ਗੂਗਲ ਪੇ ਵਿੱਚੋਂ ਬੱਚਿਆਂ ਦੇ ਸਾਹਮਣੇ ਖਾਤਿਆਂ ਵਿੱਚ ਪੈਸੇ ਪਾਉਣਾ ਤੇ ਉਨ੍ਹਾਂ ਨੂੰ ਪਾਸਵਰਡ ਦਾ ਪਤਾ ਲੱਗ ਜਾਣਾ, ਉਸ ਵੇਲੇ ਮਹਿੰਗਾ ਪੈ ਗਿਆ, ਜਦੋਂ ਥਾਣਾ ਸਦਰ ਜ਼ੀਰਾ ਦੇ ਨਜ਼ਦੀਕ ਪੈਂਦੇ ਪਿੰਡ ਬਹਿਕ ਗੁਜਰਾਂ 13 ਸਾਲ ਦੇ ਲੜਕੇ ਗੁਰਵਿੰਦਰ ਸਿੰਘ ਨੇ ਆਪਣੇ ਦਾਦਾ ਜੀ ਬਲਵੀਰ ਸਿੰਘ, ਜੋ ਕਿ ਪੁਲਸ ਵਿੱਚੋਂ ਰਿਟਾਇਰਮੈਂਟ ਹੋਏ ਹਨ, ਜੋ ਕਿ ਉਨ੍ਹਾਂ ਦੇ ਖਾਤੇ ਵਿੱਚ ਕਰੀਬ 2 ਲੱਖ 16 ਹਜ਼ਾਰ ਰੁਪਏ ਸਨ, ਉਨ੍ਹਾਂ ਦੇ ਪੋਤੇ ਗੁਰਵਿੰਦਰ ਸਿੰਘ ਨੇ ਆਪਣੇ ਪਿਤਾ ਸੁਖਮੰਦਰ ਸਿੰਘ ਦੇ ਖਾਤੇ 'ਚ ਚਲਾਕੀ ਨਾਲ ਰੁਪਏ ਪਾ ਦਿੱਤੇ। ਮਾਂ-ਪਿਓ ਨੇ ਸ਼ਾਮ ਦੇ ਕਰੀਬ ਵੇਖਿਆ ਕਿ ਗੁਰਵਿੰਦਰ ਸਿੰਘ ਘਰ ਵਿੱਚ ਨਹੀਂ ਹੈ ਤਾਂ ਉਨ੍ਹਾਂ ਦੇ ਹੱਥਾਂ ਪੈਰਾਂ ਦੀ ਪੈ ਗਈ ਤੇ ਦਾਦੇ ਨੇ ਵੀ ਦੇਖਿਆ ਕਿ ਉਨ੍ਹਾਂ ਦੇ ਖਾਤੇ ਵਿੱਚੋਂ ਪੈਸੇ ਗਾਇਬ ਹਨ, ਫਿਰ ਥਾਣਾ ਸਦਰ ਵਿੱਚ ਉਨ੍ਹਾਂ ਨੇ ਰਿਪੋਰਟ ਲਿਖਵਾਈ।

ਇੰਸਪੈਕਟਰ ਜਗਦੇਵ ਸਿੰਘ ਨੇ ਬੜੀ ਗੰਭੀਰਤਾ ਨਾਲ ਇਸ ਕੇਸ ਨੂੰ ਦੇਖਦਿਆਂ, ਜੋ ਬੱਚੇ ਕੋਲ ਮੋਬਾਇਲ ਸੀ, ਉਸ ਦੀ ਲੋਕੇਸ਼ਨ ਪਤਾ ਕਰਵਾਈ ਤਾਂ ਪਤਾ ਲੱਗਾ ਕਿ ਬੱਚਾ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਅੰਦਰ ਹੈ। ਇੰਸਪੈਕਟਰ ਜਗਦੇਵ ਸਿੰਘ ਨੇ ਦੇਰੀ ਨਾ ਕਰਦਿਆਂ ਉਸੇ ਵਕਤ ਅੰਮ੍ਰਿਤਸਰ ਵੱਲ ਗੱਡੀ ਲੈ ਕੇ ਚਲੇ ਗਏ। ਬੜੀ ਮਸ਼ੱਕਤ ਨਾਲ ਗੁਰਵਿੰਦਰ ਸਿੰਘ ਨੂੰ ਲੱਭ ਕੇ ਉਨ੍ਹਾਂ ਦੇ ਮਾਂ-ਬਾਪ ਨੂੰ ਸੌਂਪ ਦਿੱਤਾ। ਜਦੋਂ ਬੱਚੇ ਨੂੰ ਪੁੱਛਿਆ ਗਿਆ ਕਿ ਤੂੰ ਘਰੋਂ ਕਿਉਂ ਚਲਾ ਗਿਆ ਤਾਂ ਉਸ ਨੇ ਦੱਸਿਆ ਕਿ ਮੈਂ ਆਪਣੇ ਦਾਦੇ ਦੇ ਖਾਤੇ ਵਿੱਚੋਂ ਆਪਣੇ ਪਿਤਾ ਦੇ ਖਾਤੇ ਵਿੱਚ ਪੈਸੇ ਪਾ ਦਿੱਤੇ ਸਨ।

ਦਾਦਾ ਜੀ ਮੈਨੂੰ ਮਾਰਨਗੇ ਉਸ ਦੇ ਡਰ ਨਾਲ ਹੀ ਮੈਂ ਘਰੋਂ ਭੱਜ ਕੇ ਹਰਿਮੰਦਰ ਸਾਹਿਬ ਚਲਾ ਗਿਆ ਸੀ। ਜਦੋਂ ਇਸ ਬਾਬਤ ਦਾਦਾ ਬਲਵੀਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੈਸੇ ਬਿਲਕੁਲ ਉਸ ਦੇ ਬੇਟੇ ਦੇ ਖਾਤੇ ਵਿੱਚ ਸੇਫ ਹਨ, ਪੈਸੇ ਨਾਲ ਕੋਈ ਵੀ ਛੇੜਖਾਨੀ ਨਹੀਂ ਹੋਈ। ਇਸ ਘਟਨਾ ਤੋਂ ਮਾਂ-ਪਿਓ ਨੂੰ ਸੀਖ ਲੈਣੀ ਚਾਹੀਦੀ ਹੈ ਕਿ ਬੱਚਿਆਂ ਨੂੰ ਖਾਤੇ ਦੇ ਲੈਣ ਦੇਣ ਵਿੱਚੋਂ ਦੂਰ ਰੱਖਣਾ ਚਾਹੀਦਾ। ਉਨ੍ਹਾਂ ਸਾਹਮਣੇ ਕਿਸੇ ਨੂੰ ਵੀ ਪੈਸੇ ਟ੍ਰਾਂਸਫਰ ਨਹੀਂ ਕਰਨੇ ਚਾਹੀਦੇ ਤਾਂ ਜੋ ਉਨ੍ਹਾਂ ਨੂੰ ਪਾਸਵਰਡ ਪਤਾ ਨਾ ਲੱਗ ਸਕੇ ਅਗਰ ਬੱਚਾ ਕਿਸੇ ਹੋਰ ਦੇ ਖਾਤੇ ਵਿੱਚ ਪੈਸੇ ਪਾ ਦਿੰਦਾ ਤਾਂ ਉਸ ਦੇ ਦਾਦੇ ਨੂੰ ਇਸ ਦਾ ਵੱਡੀ ਰਕਮ ਦਾ ਖਮਿਆਜ਼ਾ ਭੁਗਤਣਾ ਪੈਣਾ ਸੀ।

## ਕਾਤਰਾਂ

### ਪ੍ਰਭਜੋਤ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਦੇਸ਼ ਭਗਤ ਯਾਦਗਾਰ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ, ਸਲਾਈਟ ਇੰਪਲਾਈਜ਼ ਯੂਨੀਅਨ ਆਦਿ ਸੰਸਥਾਵਾਂ ਨੇ ਲੋਕਪੱਖੀ ਧਾਰਾ ਦੇ ਧਾਰਨੀ ਤੇ ਹਮਦਰਦ ਪ੍ਰਭਜੋਤ ਸਿੰਘ ਦੇ ਅਚਾਨਕ ਬੇਵਕਤੇ ਵਿਛੋੜੇ 'ਤੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾਵਾਂ ਦੇ ਆਗੂਆਂ ਜੁਝਾਰ ਲੌਂਗੋਵਾਲ, ਬਲਵੀਰ ਚੰਦ ਲੌਂਗੋਵਾਲ, ਅਨਿਲ ਸ਼ਰਮਾ, ਸੁਖਪਾਲ ਸਿੰਘ, ਸੰਦੀਪ ਸਿੰਘ, ਬੀਰਬਲ ਸਿੰਘ, ਕਮਲਜੀਤ ਵਿੱਕੀ, ਗੁਰਮੇਲ ਸਿੰਘ, ਲਖਵੀਰ ਲੌਂਗੋਵਾਲ, ਅਮਨਦੀਪ ਸਿੰਘ, ਕੇਵਲ ਸਿੰਘ ਆਦਿ ਆਗੂਆਂ ਨੇ ਇਸ ਨੂੰ ਪਰਵਾਰ ਤੇ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ।ਜੁਝਾਰ ਲੌਂਗੋਵਾਲ ਤੇ ਸੁਖਪਾਲ ਸਿੰਘ ਨੇ ਭਾਵਕ ਹੁੰਦਿਆਂ ਦੱਸਿਆ ਕਿ ਸਮਾਜ ਦੀ ਬਿਹਤਰੀ ਲਈ ਸਰਗਰਮ ਜਥੇਬੰਦੀਆਂ ਤੇ ਸੰਸਥਾਵਾਂ ਲਈ ਹਰ ਸਾਲ ਪ੍ਰਭਜੋਤ ਆਪਣੀ ਕਮਾਈ 'ਚੋਂ ਵੱਡੇ ਰੂਪ ਵਿੱਚ ਹਿੱਸਾ ਦੇਣਾ ਕਦੇ ਨਹੀਂ ਭੁੱਲਦਾ ਸੀ।

### ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ 379, 411 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਜ਼ੀਰਾ ਗੇਟ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਨਕੁਲ ਪੁੱਤਰ ਸੁਰੇਸ਼ ਚੰਦ ਵਾਸੀ ਨੇੜੇ ਰੋਹਿਤ ਪਬਲਿਕ ਸਕੂਲ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਮੋਟਰਸਾਈਕਲ ਚੋਰੀ ਕਰਕੇ ਵੇਚਣ ਦਾ ਆਦੀ ਹੈ, ਜੋ ਹੁਣ ਵੀ ਦਾਣਾ ਮੰਡੀ ਵਿਖੇ ਖੜਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਸ ਪਾਰਟੀ ਵੱਲੋਂ ਮੁਲਜ਼ਮ ਨੂੰ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 1 ਮੋਟਰਸਾਈਕਲ ਪਲਸਰ ਬਿਨਾਂ ਨੰਬਰੀ ਬਰਾਮਦ ਹੋਇਆ।

### 1.67 ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼ 'ਚ ਇੱਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਦੇ ਸਹਿਕਾਰੀ ਸਭਾਵਾਂ ਵਿਖੇ 1 ਕਰੋੜ 67 ਲੱਖ 85 ਹਜ਼ਾਰ ਰੁਪਏ ਦੀ ਧੋਖਾ ਧੜੀ ਕਰਨ ਦੇ ਗਬਨ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਇੱਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 46 ਪੀਸੀਡੀਸੀ ਰਾਹੀਂ ਸਹਿਕਾਰੀ ਸਭਾਵਾਂ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀ ਸੁਰਿੰਦਰ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਸੋਢੇ ਵਾਲਾ ਥਾਣਾ ਸਦਰ ਫਿਰੋਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ ਸਾਬਕਾ ਸਕੱਤਰ ਬੰਨ੍ਹਵਾਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਵੱਲੋਂ ਮੁਬਲਗ 30,60,224 ਰੁਪਏ ਦਾ ਸਹਿਕਾਰੀ ਖੇਤੀਬਾੜੀ ਸਭਾ ਵਿੱਚ ਤੈਨਾਤੀ ਦੌਰਾਨ ਸਟਾਕ ਖੁਰਦ ਬੁਰਦ ਕਰਨ ਅਤੇ 35 ਮੈਂਬਰਾਂ ਪਾਸੋਂ ਵਸੂਲ ਕੀਤੇ ਮੁਬਲਗ 1,37,24,280 ਰੁਪਏ ਬੈਂਕ ਵਿੱਚ ਜਮ੍ਹਾਂ ਨਾ ਕਰਵਾਉਣ 'ਤੇ ਕੁੱਲ ਰਕਮ 1,67,85,004 ਰੁਪਏ ਧੋਖਾਧੜੀ ਕਰਕੇ ਗਬਨ ਕੀਤਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# 20 ਗ੍ਰਾਮ ਹੈਰੋਇਨ, 1 ਮੋਟਰਸਾਈਕਲ, 1 ਛੋਟਾ ਕੰਪਿਊਟਰ ਕੰਡਾ ਸਮੇਤ 3 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਅਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਦੋ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਕੇ 20 ਗ੍ਰਾਮ ਹੈਰੋਇਨ, ਇਕ ਛੋਟਾ ਕੰਪਿਊਟਰ ਕੰਡਾ, 1 ਮੋਟਰਸਾਈਕਲ ਸਣੇ 3 ਜਣਿਆਂ ਨੂੰ ਕਾਬੂ ਕੀਤਾ ਗਿਆ ਹੈ, ਜਿਸ ਵਿਚ ਇਕ ਔਰਤ ਵੀ ਸ਼ਾਮਲ ਹੈ। ਥਾਣਾ ਸਿਟੀ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਬਾਹਮਣੀਵਾਲਾ ਚੌਕ ਜਲਾਲਾਬਾਦ ਮੌਜੂਦ ਸੀ ਤਾਂ ਇਕ ਇਤਲਾਹ ਮਿਲੀ ਕਿ ਕ੍ਰਿਸ਼ਨ ਸਿੰਘ ਉਰਫ ਬੱਬੂ ਅਤੇ ਲਖਵਿੰਦਰ ਸਿੰਘ ਉਰਫ ਬਿੱਟੂ ਹੈਰੋਇਨ ਵੇਚਣ ਅਤੇ ਪੀਣ ਦੇ ਆਦੀ ਹਨ, ਜੋ ਹੁਣ ਵੀ ਮੋਟਰਸਾਈਕਲ ਹੀਰੋ ਹਾਂਡਾ ਨੰਬਰ ਪੀ ਬੀ-04-ਐਲ-7851 'ਤੇ ਮੰਨੇਵਾਲਾ ਨਹਿਰ ਦੇ ਪੁਲ ਕੋਲ ਖੜ੍ਹੇ ਹਨ ਅਤੇ ਹੈਰੋਇਨ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਹਨ। ਪੁਲਸ ਨੇ ਕਾਰਵਾਈ ਕਰਦੇ ਹੋਏ 10 ਗ੍ਰਾਮ ਹੈਰੋਇਨ, ਇਕ ਛੋਟਾ ਕੰਪਿਊਟਰ ਕੰਡਾ, ਇਕ ਮੋਟਰਸਾਈਕਲ ਹੀਰੋ ਹਾਂਡਾ ਨੰਬਰ ਪੀ ਬੀ-04-ਐਲ-7851 ਸਮੇਤ ਇਨ੍ਹਾਂ ਦੋਵਾਂ ਵਿਅਕਤੀਆਂ ਨੂੰ ਕਾਬੂ ਕਰ ਲਿਆ। ਥਾਣਾ ਸਿਟੀ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਕ੍ਰਿਸ਼ਨ ਸਿੰਘ ਉਰਫ ਬੱਬੂ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਟਿਵਾਣਾ ਅਤੇ ਲਖਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਸੁਰਜੀਤ ਸਿੰਘ ਵਾਸੀ ਬਸਤੀ ਬੱਲੂਆਣਾ ਦੇ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਉਧਰ ਥਾਣਾ ਵੈਰੋਕੇ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਚੰਦਰ ਸ਼ੇਖਰ ਨੇ ਦੱਸਿਆ ਕਿ 21 ਜੂਨ ਨੂੰ ਏ.ਐਸ.ਆਈ. ਸੁਰੇਸ਼ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ 'ਤੇ ਥਾਣਾ ਵੈਰੋਕੇ ਏਰੀਏ ਵਿਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਵੈਰੋਕੇ ਬਿਜਲੀ ਘਰ ਦੇ ਕੋਲ ਪੁੱਜੀ ਤਾਂ ਸਾਹਮਣੇ ਤੋਂ ਇਕ ਔਰਤ ਖੱਬੇ ਹੱਥ ਦਾਣਾ ਮੰਡੀ ਦੇ ਕੋਲ ਖੜ੍ਹੀ ਸੀ, ਜਿਸ ਦੇ ਸੱਜੇ ਹੱਥ 'ਚ ਫੜਿਆ ਹੋਇਆ ਲਿਫਾਫਾ ਸੁੱਟ ਕੇ ਖਿਸਕਣ ਲੱਗੀ, ਜਿਸ ਨੂੰ ਲੇਡੀ ਸਿਪਾਹੀ ਮਨਜੀਤ ਕੌਰ ਦੀ ਮਦਦ ਨਾਲ ਕਾਬੂ ਕੀਤਾ ਗਿਆ। ਜਿਸ 'ਤੇ ਯੋਗ ਕਾਰਵਾਈ ਕਰਨ ਲਈ ਥਾਣਾ ਵੈਰੋਕੇ ਵਿਖੇ ਇਤਲਾਹ ਦਿੱਤੀ ਗਈ, ਜਿਸ ਦੇ ਬਾਅਦ ਪੁਲਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਹਿਰਾਸਤ ਵਿਚ ਲਈ ਔਰਤ ਦੀ ਪਹਿਚਾਣ ਮਨਜੀਤ ਕੌਰ ਉਰਫ ਜੀਤੋ ਪਤਨੀ ਮਲਕੀਤ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਵਜੋਂ ਹੋਈ ਹੈ, ਜਿਸ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਥਾਣਾ ਵੈਰੋਕੇ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਮਨਜੀਤ ਕੌਰ ਉਰਫ ਜੀਤੋ ਬਾਈ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

# ਡੀ ਆਈ ਜੀ ਦੀ ਅਗਵਾਈ 'ਚ ਕਾਸੋ ਆਪ੍ਰੇਸ਼ਨ ਤਹਿਤ ਤਲਾਸ਼ੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਵਿੱਚ ਡੀ ਆਈ ਜੀ ਇੰਦਰਬੀਰ ਸਿੰਘ ਤੇ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਦੀ ਅਗਵਾਈ ਹੇਠ ਸਬ ਡਵੀਜ਼ਨਾਂ ਵਿੱਚ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਸ਼ੱਕੀ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ ਆਈ ਜੀ ਇੰਦਰਬੀਰ ਸਿੰਘ ਨੇ ਦੱਸਿਆ ਕਿ ਕਾਸੋ ਆਪ੍ਰੇਸ਼ਨ ਤਹਿਤ ਐੱਸ ਪੀ ਡੀ ਬਾਲਕਿਸ਼ਨ ਸਿੰਗਲਾ, ਐੱਸ ਪੀ ਗੁਰਸ਼ਰਨ ਸਿੰਘ ਸੰਧੂ, ਡੀ ਐੱਸ ਪੀ ਸਿਟੀ ਰਵਿੰਦਰ ਸਿੰਘ, ਡੀ ਐੱਸ ਪੀ ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ ਸੰਧੂ ਤੇ ਸੁਮਹ ਥਾਣਿਆਂ ਦੇ ਮੁਖੀਆ ਸਮੇਤ 350 ਮੁਲਾਜ਼ਮਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਤਹਿਤ ਹੈਰੋਇਨ ਬਰਾਮਦ ਕੀਤੀ ਗਈ ਹੈ ਤੇ ਕੁੱਝ ਵਿਅਕਤੀਆਂ ਵਿਰੁੱਧ ਮਕੁੱਦਮੇ ਵੀ ਦਰਜ ਕੀਤੇ ਗਏ ਹਨ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਸਖ਼ਤ ਨਿਰਦੇਸ਼ਾਂ ਤਹਿਤ ਨਸ਼ਾ ਵਿਕਰੀ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਵੱਡੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਸੀਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਵੀ ਲਿਖ ਕੇ ਭੇਜਿਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਈ ਵਾਰ ਚੇਤਾਵਨੀ ਦਿੱਤੀ ਹੈ ਕਿ ਉਹ ਕਾਲਾ ਧੰਦਾ ਛੱਡ ਦੇਣ, ਪ੍ਰੰਤੂ ਫ਼ਿਰ ਵੀ ਇਹ ਸੁਧਰੇ ਨਹੀਂ, ਜਿਸ ਕਰਕੇ ਹੁਣ ਕਾਨੂੰਨ ਤਹਿਤ ਸਖ਼ਤ ਸਜ਼ਾ ਦਿੱਤੀ ਜਾ ਰਹੀ ਹੈ।

# ਤੋਲਾਵਾਲ 'ਚ ਪੰਚਾਇਤੀ ਥਾਵਾਂ 'ਤੇ ਬੂਟੇ ਲਗਾਏ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਤੋਲਾਵਾਲ ਵਿਖੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਗੁਰਦੀਪ ਸਿੰਘ ਦੀਪਾ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੰਚਾਇਤੀ ਥਾਵਾਂ 'ਤੇ 500 ਦੇ ਲਗਭਗ ਬੂਟੇ ਲਗਾਏ ਗਏ। ਇਸ ਮੌਕੇ ਗੁਰਦੀਪ ਸਿੰਘ ਦੀਪਾ ਨੇ ਕਿਹਾ ਕਿ ਦਿਨ ਬਦਿਨ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ। ਜ਼ਿਆਦਾ ਗਰਮੀ ਪੈਣੀ ਜ਼ਿਆਦਾ ਠੰਢ ਪੈਣੀ, ਇਹ ਸਭ ਦਰੱਖਤਾਂ ਦੀ ਘਾਟ ਕਾਰਨ ਹੀ ਹੋ ਰਿਹਾ ਹੈ। ਸੋ ਅਸੀਂ ਪਿੰਡ ਵਾਸੀਆਂ ਨੇ ਵਾਤਾਵਰਣ ਦੀ ਸੰਭਾਲ ਲਈ ਇਹ ਬੀੜਾ ਚੁੱਕਿਆ ਹੈ ਤੇ ਸਾਰੇ ਪਿੰਡ ਦੇ ਸਹਿਯੋਗ ਨਾਲ ਅੱਜ ਪਿੰਡ ਵਿਖੇ ਪੰਚਾਇਤੀ ਥਾਵਾਂ 'ਤੇ ਬੂਟੇ ਲਗਾਏ ਗਏ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਦਾ ਵੀ ਪ੍ਰਣ ਕੀਤਾ। ਇਸ ਮੌਕੇ ਕ੍ਰਿਸ਼ਨ ਸਿੰਘ, ਲਾਭ ਸਿੰਘ, ਗੁਰਜੰਟ ਸਿੰਘ, ਗਰਪ੍ਰੀਤ ਸਿੰਘ, ਬੰਟੀ ਸਿੰਘ, ਲੱਖੀ ਸਿੰਘ, ਵਿੱਕੀ ਸਿੰਘ ਅਤੇ ਬੂਟੀ ਸਿੰਘ ਆਦਿ ਹਾਜ਼ਰ ਸਨ।

# ਏ ਡੀ ਸੀ ਗਰੇਵਾਲ ਨੂੰ ਸਦਮਾ, ਮਾਤਾ ਦਾ ਦੇਹਾਂਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਮੋਗਾ ਦੇ ਵਧੀਕ ਡਿਪਟੀ ਕਮਿਸ਼ਨਰ ਸ੍ਰ ਜਗਵਿੰਦਰਜੀਤ ਸਿੰਘ ਗਰੇਵਾਲ ਪੀ ਸੀ ਐੱਸ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਸਰਦਾਰਨੀ ਸੁਰਜੀਤ ਕੌਰ ਸੁਪਤਨੀ ਦਰਸ਼ਨ ਸਿੰਘ ਗਰੇਵਾਲ (ਸਾਬਕਾ ਸਰਪੰਚ ਪਿੰਡ ਕਿਲ੍ਹਾ ਰਾਏਪੁਰ) ਬੀਤੀ ਸ਼ਾਮ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 84 ਸਾਲਾਂ ਦੇ ਸਨ ਤੇ ਅੱਜ 22 ਜੂਨ ਨੂੰ ਹੀ ਉਨ੍ਹਾਂ ਦਾ ਜਨਮ ਦਿਨ ਸੀ। ਜਗਵਿੰਦਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਮਾਤਾ ਸਰਦਾਰਨੀ ਸੁਰਜੀਤ ਕੌਰ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 23 ਜੂਨ ਨੂੰ ਪਿੰਡ ਕਿਲ੍ਹਾ ਰਾਏਪੁਰ ਨੇੜੇ ਡੇਹਲੋਂ ਵਿਖੇ ਸ਼ਾਮ 3 ਵਜੇ ਕੀਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿੱਚ ਗਰੇਵਾਲ ਪਰਵਾਰ ਨਾਲ ਉਨ੍ਹਾਂ ਦੇ ਸਾਕ ਸਬੰਧੀਆਂ, ਰਿਸ਼ਤੇਦਾਰਾਂ, ਦੋਸਤਾਂ ਤੇ ਸ਼ੁਭ ਚਿੰਤਕਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਜੂਏ ਦੀ ਰਾਸ਼ੀ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਦੀ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ 1210 ਰੁਪਏ ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਕਾਸੋ ਆਪ੍ਰੇਸ਼ਨ ਸਬੰਧੀ ਪਿੰਡ ਸੋਢੀ ਨਗਰ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਅਨਮੋਲ ਮੋਗਾ ਪੁੱਤਰ ਜਗਸੀਰ ਸਿੰਘ ਵਾਸੀ ਪਿੰਡ ਸੋਢੀ ਨਗਰ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਹੁਣ ਵੀ ਆਪਣੀ ਦੁਕਾਨ ਅੰਦਰ ਸ਼ਰੇਆਮ ਦੜਾ ਸੱਟਾ ਲਗਾ ਰਿਹਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 1210 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ।

# ਚਰਨਜੀਤ ਸਿੰਘ ਬਰਾੜ ਦੂਜਿਆਂ ਖਿਲਾਫ ਦੋਸ਼ ਲਾਉਣ ਤੋਂ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ : ਸਰਕਲ ਪ੍ਰਧਾਨ

## ਸੁਖਬੀਰ ਸਿੰਘ ਬਾਦਲ ਦੀ ਹਮਾਇਤ 'ਚ ਆਏ ਹਲਕੇ ਦੇ ਸਰਕਲ ਪ੍ਰਧਾਨ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਮਾੜਾ ਪ੍ਰਦਰਸ਼ਨ ਕਰਨ ਕਰਕੇ ਅਕਾਲੀ ਆਗੂ ਚਰਨਜੀਤ ਸਿੰਘ ਬਰਾੜ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਉੱਪਰ ਉਠਾਏ ਜਾ ਰਹੇ ਸਵਾਲਾਂ ਨੂੰ ਲੈ ਕੇ ਗੁਰੂ ਹਰਸਹਾਏ ਹਲਕੇ ਦੇ ਅਕਾਲੀ ਦਲ ਦੇ ਸਰਕਲ ਪ੍ਰਧਾਨ ਗੁਰਬਾਜ਼ ਸਿੰਘ ਦੁਸਾਂਝ, ਮੇਜ਼ਰ ਸਿੰਘ ਸੋਢੀ ਵਾਲਾ, ਲਾਡਾ ਵੋਹਰਾ, ਗੁਰਸੇਵਕ ਸਿੰਘ ਸੰਧੂ, ਜਸਪਾਲ ਸਿੰਘ ਲੱਖੇ ਕੇ ਆਦਿ ਨੇ ਪ੍ਰੈੱਸ ਕਾਨਫਰੰਸ ਦੌਰਾਨ ਚਰਨਜੀਤ ਸਿੰਘ ਬਰਾੜ ਖਿਲਾਫ ਮੋਰਚਾ ਖੋਲ੍ਹਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ 'ਤੇ ਗੁਰੂ ਹਰਸਹਾਏ ਦੇ ਹਲਕਾ ਇੰਚਾਰਜ ਵਰਦੇਵ ਸਿੰਘ ਨੋਨੀ ਮਾਨ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਬੰਟੀ ਰੋਮਾਣਾ ਖਿਲਾਫ ਬੋਲਣ ਤੋਂ ਪਹਿਲਾਂ ਚਰਨਜੀਤ ਸਿੰਘ ਬਰਾੜ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਲੋੜ ਹੈ।ਸਰਕਲ ਪ੍ਰਧਾਨਾਂ ਨੇ ਕਿਹਾ ਕਿ ਚਰਨਜੀਤ ਸਿੰਘ ਬਰਾੜ ਰਾਜਪੁਰਾ ਹਲਕੇ ਤੋਂ ਵਿਧਾਨ ਸਭਾ ਚੋਣਾਂ ਤੇ ਲੋਕ ਸਭਾ ਚੋਣਾਂ ਦੌਰਾਨ ਬੁਰੀ ਤਰ੍ਹਾਂ ਹਾਰੇ ਹਨ, ਜਦਕਿ ਇਨ੍ਹਾਂ ਆਗੂਆਂ ਦੇ ਹਲਕਿਆਂ ਤੋਂ ਅਕਾਲੀ ਦਲ ਨੇ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿੱਚ ਸਭ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਉਹ ਹਲਕਾ ਇੰਚਾਰਜ ਵਰਦੇਵ ਸਿੰਘ ਮਾਨ ਦੀ ਅਗਵਾਈ ਹੇਠ ਸੁਖਬੀਰ ਸਿੰਘ ਬਾਦਲ ਨਾਲ ਚਟਾਨ ਦੀ ਤਰ੍ਹਾਂ ਖੜੇ ਹਨ।ਚਰਨਜੀਤ ਸਿੰਘ ਬਰਾੜ ਵੱਲੋਂ ਵਰਦੇਵ ਸਿੰਘ ਨੋਨੀ ਮਾਨ ਖਿਲਾਫ ਕੀਤੀਆਂ ਟਿੱਪਣੀਆਂ ਪ੍ਰਤੀ ਸਰਕਲ ਪ੍ਰਧਾਨਾਂ ਨੇ ਕਿਹਾ ਕਿ ਵਰਦੇਵ ਸਿੰਘ ਨੋਨੀ ਮਾਨ ਹਲਕਾ ਗੁਰੂ ਹਰਸਹਾਏ ਦੇ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੇ ਹਰ ਦੁੱਖ ਵਿੱਚ ਆਉਂਦੇ ਜਾਂਦੇ ਹਨ ਤੇ ਹਲਕੇ ਦੇ ਲੋਕਾਂ ਨਾਲ਼ ਮਾਨ ਪਰਵਾਰ ਢਾਲ ਬਣ ਕੇ ਖੜਦਾ ਹੈ।ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਬਰਾੜ ਪਾਰਟੀ ਨੂੰ ਨੁਕਸਾਨ ਪਹੁਚਾਉਣ ਦੇ ਮਕਸਦ ਨਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂਆਂ ਖ਼ਿਲਾਫ਼ ਬੇਤੁਕੀ ਬਿਆਨਬਾਜ਼ੀ ਕਰ ਰਹੇ ਹਨ, ਜੋ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ।ਇਸ ਮੌਕੇ ਉਨ੍ਹਾਂ ਨਾਲ਼ ਜਸਵਿੰਦਰ ਸਿੰਘ ਬਾਘੂ ਵਾਲਾ, ਹਰਵਿੰਦਰ ਸਿੰਘ ਲਾਲਚੀਆਂ ਆਦਿ ਮੌਜੂਦ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਅਕਾਲੀ ਦਲ ਦਾ ਸਾਬਕਾ ਸਰਕਲ ਜਥੇਦਾਰ ਗ੍ਰਿਫ਼ਤਾਰ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਬੋਲੀ ਦਾ ਇਹ ਅਖਾਣ ਕਿ ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ ਉਸ ਵਕਤ ਇੰਨ ਬਿੰਨ ਢੁਕ ਗਿਆ, ਜਦੋਂ ਪੁਲਸ ਨੇ ਤਲਵੰਡੀ ਸਾਬੋ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਕਲ ਜਥੇਦਾਰ ਜਸਵਿੰਦਰ ਸਿੰਘ ਸਿੱਧੂ ਦੀ ਦੁਕਾਨ ਤੋਂ ਕਈ ਦਰਜਨ ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਜਥੇਦਾਰ ਜੀ ਤੇ ਉਸ ਦੇ ਪੁੱਤਰ ਇੰਦਰਪ੍ਰੀਤ ਸਿੰਘ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ, ਜਦੋਂ ਕਿ ਇਹ ਖਬਰ ਲਿਖੇ ਜਾਣ ਵੇਲੇ ਤੱਕ ਦੋਵਾਂ ਪਿਓ-ਪੁੱਤਰਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰ ਦਿੱਤਾ ਗਿਆ ਦੱਸਿਆ ਜਾ ਰਿਹਾ ਹੈ।ਪੁਲਸ ਮੁਕੱਦਮੇ ਦੀ ਕਹਾਣੀ ਅਨੁਸਾਰ ਜਥੇਦਾਰ ਜਸਵਿੰਦਰ ਸਿੰਘ ਸਿੱਧੂ ਦੀ ਤਲਵੰਡੀ ਸਾਬੋ ਦੇ ਪੁਰਾਣੇ ਬੱਸ ਅੱਡੇ ਵਿੱਚ ਨੇੜੇ ਸਿਵਲ ਹਸਪਤਾਲ ਤਲਵੰਡੀ ਸਾਬੋ ਚਲਦੇ ਫਤਹਿ ਮੈਡੀਕਲ ਹਾਲ ਦੀ ਜਾਂਚ ਡਰੱਗ ਇੰਸਪੈਕਟਰ ਹਰਜਿੰਦਰ ਸਿੰਘ ਸਿਵਲ ਸਰਜਨ ਦਫ਼ਤਰ ਫਰੀਦਕੋਟ ਦੀ ਹਾਜ਼ਰੀ ਵਿੱਚ ਕੀਤੀ ਗਈ।ਦਿਲਚਸਪ ਮਾਜਰਾ ਤਾਂ ਇਹ ਹੈ ਕਿ ਜਥੇਦਾਰ ਸਿੱਧੂ ਨਾ ਸਿਰਫ ਪੁਰਾਣੇ ਤੇ ਟਕਸਾਲੀ ਆਗੂਆਂ ਵਿੱਚੋਂ ਇੱਕ ਗਿਣੇ ਜਾਂਦੇ ਹਨ, ਸਗੋਂ ਪਿਛਲੇ ਲੰਬੇ ਅਰਸੇ ਤੋਂ ਉਨ੍ਹਾਂ ਨੂੰ ਬਾਦਲ ਪਰਵਾਰ ਦੇ ਆਲ੍ਹਾ ਉੱਚ ਆਗੂਆਂ ਨਾਲ ਅਕਸਰ ਹੀ ਪ੍ਰਛਾਵੇਂ ਦੀ ਤਰ੍ਹਾਂ ਵੇਖਿਆ ਜਾਂਦਾ ਚਲਿਆ ਆ ਰਿਹਾ ਹੈ।ਜਥੇਦਾਰ ਜਸਵਿੰਦਰ ਸਿੰਘ ਸਿੱਧੂ ਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਉੱਚ ਹੈਸੀਅਤ ਦਾ ਹੀ ਸ਼ਾਇਦ ਇਹ ਨਤੀਜਾ ਹੈ ਕਿ ਉਨ੍ਹਾਂ ਨੂੰ ਪਿਛਲੀਆਂ ਅਕਾਲੀ ਸਰਕਾਰਾਂ ਦੇ ਵਕਤ ਤੋਂ ਹੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਦੇ ਅਹੁਦੇ ਉੱਪਰ ਵੀ ਬਿਰਾਜ਼ਮਾਨ ਕੀਤਾ ਗਿਆ ਹੈ।

ਉਧਰ ਤਲਵੰਡੀ ਸਾਬੋ ਪੁਲਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਦੇ ਚਲਦਿਆਂ ਨਸ਼ਿਆਂ ਖਿਲਾਫ ਐਕਟ ਦੇ ਤਹਿਤ ਮੁਕੱਦਮਾ ਨੰਬਰ 88 ਮਿਤੀ 20-6-24 ਦਰਜ ਕਰਕੇ ਜਥੇਦਾਰ ਜਸਵਿੰਦਰ ਸਿੰਘ ਸਿੱਧੂ ਤੇ ਉਸ ਦੇ ਪੁੱਤਰ ਇੰਦਰਪ੍ਰੀਤ ਸਿੰਘ ਖਿਲਾਫ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਡੀ ਐੱਸ ਪੀ ਦੀ ਅਗਵਾਈ 'ਚ ਚਲਾਇਆ ਕਾਸੋ ਆਪ੍ਰੇਸ਼ਨ

## ਸ਼ੱਕੀ ਘਰਾਂ ਦੀ ਪੁਲਸ ਅਧਿਕਾਰੀਆਂ ਨੇ ਲਈ ਤਲਾਸ਼ੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਦੇ ਨਿਰਦੇਸ਼ਾਂ 'ਤੇ ਬਾਘਾ ਪੁਰਾਣਾ ਦੇ ਡੀ ਐੱਸ ਪੀ ਦਲਵੀਰ ਸਿੰਘ ਤੇ ਥਾਣਾ ਬਾਘਾ ਪੁਰਾਣਾ ਮੁਖੀ ਇੰਸਪੈਕਟਰ ਜਸਵਰਿੰਦਰ ਸਿੰਘ ਵੱਲੋਂ ਮੋਗਾ ਰੋਡ 'ਤੇ ਸ਼ੱਕੀ ਘਰਾਂ ਵਿੱਚ ਕਾਸੋ ਆਪ੍ਰੇਸ਼ਨ ਤਹਿਤ ਸ਼ੱਕੀ ਘਰਾਂ ਵਿੱਚ ਤਲਾਸ਼ੀ ਲਈ ਗਈ।ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਹਾਜ਼ਰ ਸਨ।ਪੁਲਸ ਵੱਲੋਂ ਇਸ ਆਰ੍ਰੇਸ਼ਨ ਤਹਿਤ ਸ਼ੱਕੀ ਘਰਾਂ ਦੀ ਤਲਾਸ਼ੀ ਲੈਣ ਦੇ ਇਲਾਵਾ ਆਉਣ ਜਾਣ ਵਾਲੇ ਵ੍ਹੀਕਲਾਂ ਦੀ ਵੀ ਤਲਾਸ਼ੀ ਲਈ ਗਈ ਅਤੇ ਕਈ ਲੋਕਾਂ ਕੋਲੋਂ ਪੁੱਛਗਿੱਛ ਵੀ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਦਲਵੀਰ ਸਿੰਘ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਦਾ ਮਕਸਦ ਜਿੱਥੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਹੈ, ਉਥੇ ਹੀ ਮਾੜੇ ਅਨਸਰਾਂ ਨੂੰ ਵੀ ਕਾਬੂ ਕਰਨਾ ਹੈ। ਉਨ੍ਹਾ ਕਿਹਾ ਕਿ ਮੋਗਾ ਪੁਲਸ ਦਾ ਮੁੱਖ ਉਦੇਸ਼ ਅਮਨ ਕਾਨੂੰਨ ਨੂੰ ਬਹਾਲ ਰੱਖਣਾ ਹੈ ਤੇ ਲੋਕਾਂ ਵਿੱਚ ਪੁਲਸ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਹੈ।ਉਨ੍ਹਾ ਕਿਹਾ ਕਿ ਆਮ ਲੋਕਾਂ ਨੂੰ ਵੀ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਮਾੜੇ ਅਨਸਰਾਂ ਤੇ ਨਸ਼ਾ ਸਮੱਗਲਰਾਂ ਨੂੰ ਕਾਬੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਨਸ਼ਾ ਸਮੱਗਲਰ ਫੜਿਆ ਗਿਆ ਤਾਂ ਉਸ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਦੇ ਇਲਾਵਾ ਜੇਕਰ ਕੋਈ ਵੀ ਮੁਲਾਜ਼ਮ ਦੀ ਨਸ਼ਾ ਸਮੱਗਲਰਾਂ ਨਾਲ ਮਿਲੀਭੁਗਤ ਹੋਣ ਦੀ ਜਾਣਕਾਰੀ ਮਿਲੀ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।ਆਖਰ ਵਿਚ ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਸ਼ੱਕੀ ਵਿਅਕਤੀ ਜਾਂ ਕੋਈ ਨਸ਼ਾ ਸਮੱਗਲਰ ਦੀ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ।ਉਨ੍ਹਾਂ ਨਸ਼ਾ ਸਮੱਗਲਰਾਂ ਨੂੰ ਵੀ ਨਸ਼ੇ ਦਾ ਕਾਰੋਬਾਰ ਬੰਦ ਕਰਨ ਤੇ ਆਪਣੀ ਰੋਜ਼ੀ ਰੋਟੀ ਦੇ ਹੋਰ ਪ੍ਰਬੰਧ ਕਰਨ ਲਈ ਕਿਹਾ, ਕਿਉਂਕਿ ਨਸ਼ਿਆਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸਮੇਂ ਸਮੇਂ ਸਿਰ ਸਮੱਗਲਰਾਂ ਤੇ ਮਾੜੇ ਅਨਸਰਾਂ ਖ਼ਿਲਾਫ਼ ਅਜਿਹੀਆਂ ਮੁਹਿੰਮਾਂ ਜਾਰੀ ਰਹਿਣਗੀਆਂ।

# ਗਤਕਾ ਦਿਵਸ ਧੂਮਧਾਮ ਨਾਲ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਗੱਤਕਾ ਦਿਵਸ ਜ਼ਿਲ੍ਹਾ ਜਥੇਬੰਦੀ ਫਿਰੋਜ਼ਪੁਰ ਨੇ ਬੜੀ ਧੂਮਧਾਮ ਨਾਲ ਮਨਾਇਆ, ਜਿਸ ਵਿੱਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਗੱਤਕਾ ਟੀਮ ਮੱਲਾਂਵਾਲਾ ਖ਼ਾਸ, ਫਿਰੋਜ਼ਪੁਰ ਗੱਤਕਾ ਟੀਮ ਨੇ ਹਿੱਸਾ ਲਿਆ ਤੇ ਜੰਗਜੂ ਖੇਡ ਗੱਤਕੇ ਦੇ ਜੌਹਰ ਦਿਖਾਏ।ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਤੇ ਪੀਏਸੀ ਮੈਂਬਰ ਗੁਰਚਰਨ ਸਿੰਘ ਭੁੱਲਰ ਨੇ ਨੌਜਵਾਨਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਖੇਡ ਗਤਕੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਗੱਤਕਾ ਮੁਕਾਬਲਿਆਂ ਦੀ ਸ਼ੁਰੂਆਤ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਨ ਉਪਰੰਤ ਕੀਤੀ ਗਈ ਤੇ ਟੀਮ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ।ਇਸ ਮੌਕੇ ਇੰਚਾਰਜ ਯੂਥ ਵਿੰਗ ਪੰਜਾਬ ਤੇਜਿੰਦਰ ਸਿੰਘ ਦਿਓਲ ਅਤੇ ਜ਼ਿਲ੍ਹਾ ਦਫਤਰ ਸਕੱਤਰ ਜਗਜੀਤ ਸਿੰਘ ਹੋਰਾਂ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਰ ਸਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਥਕ ਰਵਾਇਤਾਂ ਅਨੁਸਾਰ 21 ਜੂਨ ਨੂੰ ਇੰਟਰਨੈਸ਼ਨਲ ਗੱਤਕਾ ਦਿਵਸ ਮਨਾਉਂਦਾ ਆ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਗੱਤਕਾ ਸਿੱਖਣਾ ਚਾਹੀਦਾ ਹੈ ਤੇ ਖੇਡਣਾ ਚਾਹੀਦਾ ਹੈ।ਇਸ ਮੌਕੇ ਆਗੂ ਸਾਹਿਬਾਨਾਂ ਵੱਲੋਂ ਜਗਜੀਤ ਸਿੰਘ, ਕਰਨਜੀਤ ਸਿੰਘ, ਰਣਜੋਧ ਸਿੰਘ ਤੇ ਪਹੁੰਚੀ ਹੋਈ ਟੀਮ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਕਰਤਾਰ ਸਿੰਘ ਬਸਤੀ ਅੰਮ੍ਰਿਤਸਰੀਆਂ, ਮਨਮੀਤ ਸਿੰਘ ਐਡਵੋਕੇਟ, ਮੋਹਨ ਸਿੰਘ ਨਿਆਜ਼ੀਆਂ, ਸਰਬਜੀਤ ਸਿੰਘ ਕੋਟਕਰੋੜ, ਗੁਰਪ੍ਰੀਤ ਸਿੰਘ ਬੈਰਕਾਂ, ਸੁਖਚੈਨ ਸਿੰਘ ਮਮਦੋਟ, ਗੱਜਣ ਸਿੰਘ ਸਹਿਜ਼ਾਦੀ ਆਦਿ ਹਾਜ਼ਰ ਸਨ।

# ਨੀਟ ਪ੍ਰੀਖਿਆ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਤੋਂ ਕਰਵਾਈ ਜਾਵੇ : ਚੱਠਾ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਪੰਜਾਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਇਸ ਸਾਲ 5 ਮਈ ਨੂੰ ਐਨ ਟੀ ਏ ਨੀਟ ਪ੍ਰੀਖਿਆ ਦੇਣ ਵਾਲੇ 24 ਲੱਖ ਵਿਦਿਆਰਥੀਆਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾਉਣ ਲਈ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ ਹੈ। ਪਾਰਟੀ ਨੇ ਸੁਪਰੀਮ ਕੋਰਟ ਨੂੰ ਇਸ ਮਾਮਲੇ ਦੀ ਜਾਂਚ ਲਈ ਐਸ ਆਈ ਟੀ ਬਣਾਉਣ ਦੀ ਅਪੀਲ ਕੀਤੀ ਅਤੇ ਇਸ ਵਿੱਚ ਸ਼ਾਮਲ ਹਰ ਵਿਅਕਤੀ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਗੱਲਬਾਤ ਦੌਰਾਨ ਨੇ ਪੇਪਰ ਲੀਕ, ਨਤੀਜੇ ਦੀ ਮਿਤੀ, ਗ੍ਰੇਸ ਅੰਕਾਂ ਅਤੇ ਇਸ ਮਾਮਲੇ 'ਤੇ ਐਨ ਟੀ ਏ (ਨੈਸ਼ਨਲ ਟੈਸਟਿੰਗ ਏਜੰਸੀ) ਦੀ ਚੁੱਪ 'ਤੇ ਸਵਾਲ ਉਠਾਏ। ਆਪ ਆਗੂ ਨੇ ਕਿਹਾ ਕਿ ਅਸੀਂ ਇਸ ਮਾਮਲੇ 'ਤੇ ਕਿਸੇ ਦੀ ਚੁੱਪ ਬਰਦਾਸ਼ਤ ਨਹੀਂ ਕਰ ਸਕਦੇ, ਕਿਉਂਕਿ ਇਹ 24 ਲੱਖ ਵਿਦਿਆਰਥੀਆਂ ਦੇ ਭਵਿੱਖ ਨਾਲ ਜੁੜਿਆ ਮਾਮਲਾ ਹੈ, ਇਸ ਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ।ਉਨ੍ਹਾਂ ਕਿਹਾ ਕਿ ਨੀਟ ਪ੍ਰੀਖਿਆ 5 ਮਈ ਨੂੰ ਆਯੋਜਿਤ ਕੀਤੀ ਗਈ ਸੀ ਅਤੇ ਇਸ ਦਾ ਨਤੀਜਾ 14 ਜੂਨ ਨੂੰ ਆਉਣਾ ਸੀ, ਪਰ ਐਨ ਟੀ ਏ ਨੇ ਉਸੇ ਦਿਨ ਆਮ ਚੋਣਾਂ ਦੇ ਨਤੀਜਿਆਂ ਦੀ ਹਫੜਾ-ਦਫੜੀ ਦੇ ਵਿਚਕਾਰ 4 ਜੂਨ ਨੂੰ ਇਸ ਦਾ ਨਤੀਜਾ ਘੋਸ਼ਿਤ ਕਰ ਦਿੱਤਾ। ਜਿਸ ਵਿੱਚ 720/720 ਅੰਕਾਂ ਨਾਲ 67 ਵਿਦਿਆਰਥੀਆਂ ਨੂੰ ਟਾਪਰ ਵਜੋਂ ਐਲਾਨਿਆ ਗਿਆ। ਇਸ 'ਚ ਅਜਿਹੇ ਵਿਦਿਆਰਥੀ ਵੀ ਸਨ ਜਿਨ੍ਹਾਂ ਨੇ 719, 718, 717 ਆਦਿ ਅੰਕ ਪ੍ਰਾਪਤ ਕੀਤੇ, ਜੋ ਕਿ ਅਸੰਭਵ ਹੈ। ਇਸ ਇਮਤਿਹਾਨ ਵਿੱਚ ਇੱਕ ਉਮੀਦਵਾਰ ਨੂੰ ਸਹੀ ਉੱਤਰ ਲਈ 4 ਅੰਕ ਦਿੱਤੇ ਜਾਂਦੇ ਹਨ, ਨੈਗੇਟਿਵ ਮਾਰਕਿੰਗ ਵੀ ਹੁੰਦੀ ਹੈ, ਗਲਤ ਉੱਤਰ ਲਈ 1 ਅੰਕ ਕੱਟਿਆ ਜਾਂਦਾ ਹੈ। ਇਸ ਲਈ 715, 710, 705 ਅਤੇ ਇਸ ਤਰ੍ਹਾਂ ਦੇ ਅੰਕ ਹੋ ਸਕਦੇ ਹਨ ਪਰ 719, 718, 717 ਨਹੀਂ। ਐਨ ਟੀ ਏ ਨੇ ਗਲਤ ਮਾਰਕਿੰਗ ਨੂੰ ਗ੍ਰੇਸ ਮਾਰਕ ਕਹਿ ਕੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਕਦੇ ਵੀ ਗ੍ਰੇਸ ਮਾਰਕ ਦੇ ਆਧਾਰ ਅਤੇ ਨਿਯਮਾਂ ਦੀ ਜਨਤਕ ਤੌਰ 'ਤੇ ਵਿਆਖਿਆ ਨਹੀਂ ਕੀਤੀ। ਇਸ ਪ੍ਰੀਖਿਆ ਲਈ ਵਿਦਿਆਰਥੀ ਸਖ਼ਤ ਮਿਹਨਤ ਕਰਦੇ ਹਨ ਅਤੇ ਪਾਸ ਕਰਨ ਲਈ ਦਿਨ ਵਿੱਚ 16-18 ਘੰਟੇ ਪੜ੍ਹਦੇ ਹਨ। ਇਸ ਲਈ ਐਨ ਟੀ ਏ ਪਾਰਦਰਸ਼ੀ ਅਤੇ ਪਹਿਲਾਂ ਦੱਸੀ ਪ੍ਰਕਿਰਿਆ ਤੋਂ ਬਿਨਾਂ ਆਪਣੀ ਪਸੰਦ ਦੇ ਕੁਝ ਚੁਣੇ ਹੋਏ ਵਿਦਿਆਰਥੀਆਂ ਨੂੰ ਗ੍ਰੇਸ ਅੰਕ ਨਹੀਂ ਦੇ ਸਕਦਾ। ਚੱਠਾ ਨੇ ਦੱਸਿਆ ਕਿ ਕੁਝ ਵਿਦਿਆਰਥੀਆਂ ਨੇ ਪ੍ਰਸ਼ਨ ਪੱਤਰ ਲੀਕ ਕੀਤੇ ਸਨ। ਵਿਦਿਆਰਥੀਆਂ ਨੇ ਮੰਨਿਆ ਹੈ ਕਿ ਪ੍ਰੀਖਿਆ ਤੋਂ ਪਹਿਲਾਂ ਉਨ੍ਹਾਂ ਕੋਲ ਇਹੀ ਪ੍ਰਸ਼ਨਾਵਲੀ ਸੀ, ਪਰ ਐਨ ਟੀ ਏ ਨੇ ਇਸ ਨੂੰ ਸਹੀ ਢੰਗ ਨਾਲ ਹੱਲ ਕਰਨ ਦੀ ਬਜਾਏ ਸਿਰਫ਼ ਇੱਕ ਪ੍ਰੈਸ ਬਿਆਨ ਜਾਰੀ ਕਰ ਦਿੱਤਾ ਅਤੇ ਕਿਹਾ ਕਿ ਕੋਈ ਪੇਪਰ ਲੀਕ ਨਹੀਂ ਹੋਇਆ। ਜੇਕਰ ਇਹ ਸੱਚ ਸੀ ਤਾਂ ਇਸ ਮਾਮਲੇ ਵਿੱਚ ਬਿਹਾਰ ਅਤੇ ਗੁਜਰਾਤ ਵਿੱਚ ਗ੍ਰਿਫਤਾਰੀਆਂ ਕਿਉਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਐਨ ਟੀ ਏ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ, ਉਹ ਭਾਜਪਾ ਸਰਕਾਰ ਦੇ ਦਬਾਅ ਹੇਠ ਹੈ। ਉਨ੍ਹਾਂ ਕਿਹਾ ਕਿ ਭਾਜਪਾ ਗੁਜਰਾਤ ਮਾਡਲ ਨੂੰ ਭਾਰਤ ਵਿੱਚ ਲਾਗੂ ਕਰਨ ਦੀ ਗੱਲ ਕਰਦੀ ਹੈ, ਪਰ ਗੁਜਰਾਤ ਵਿੱਚ ਪਿਛਲੇ 11 ਸਾਲਾਂ ਵਿੱਚ ਅਜਿਹੇ 11 ਪੇਪਰ ਲੀਕ ਹੋਏ ਹਨ। ਇਸੇ ਤਰ੍ਹਾਂ ਯੂਪੀ ਵਿੱਚ ਪੇਪਰ ਲੀਕ ਹੋਣਾ ਆਮ ਗੱਲ ਹੈ। ਵਿਆਪਮ ਘੁਟਾਲੇ ਤੋਂ ਵੀ ਹਰ ਕੋਈ ਜਾਣੂ ਹੈ। ਭਾਜਪਾ ਸਰਕਾਰ ਹੁਣ ਪੇਪਰ ਲੀਕ ਵਾਲੀ ਸਰਕਾਰ ਬਣ ਗਈ ਹੈ। ਉਹ ਸਾਡੇ ਦੇਸ਼ ਦੇ ਲੱਖਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਵਰਤਮਾਨ ਅਤੇ ਭਵਿੱਖ ਨੂੰ ਲਗਾਤਾਰ ਖ਼ਤਰੇ ਵਿੱਚ ਪਾ ਰਹੀ ਹੈ। ਆਮ ਆਦਮੀ ਪਾਰਟੀ (ਆਪ) ਨੇ ਸੁਪਰੀਮ ਕੋਰਟ ਨੂੰ ਇਸ ਘੁਟਾਲੇ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਐਸ ਆਈ ਟੀ ਬਣਾਉਣ ਦੀ ਅਪੀਲ ਕੀਤੀ ਅਤੇ 24 ਲੱਖ ਵਿਦਿਆਰਥੀਆਂ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ।

# ਪੁਰਾਣੇ ਝਗੜੇ ਦੇ ਚਲਦਿਆਂ ਫਾਇਰਿੰਗ 'ਚ ਵਿਅਕਤੀ ਜ਼ਖ਼ਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਕੋਲ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਨੂੰ ਜਾਨੋਂ ਮਾਰਨ ਦੀ ਨੀਯਤ ਨਾਲ ਫਾਇਰ ਕਰਕੇ ਜ਼ਖਮੀਂ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ 307, 34 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਲਲਿਤ ਪਾਸੀ ਉਰਫ ਪਾਸੀ ਪੁੱਤਰ ਜਵਾਲਾ ਪ੍ਰਸ਼ਾਦ ਵਾਸੀ ਮਕਾਨ ਨੰਬਰ 9 ਖਟੀਕ ਮੰਡੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਇਨੋਵਾ ਕਾਰ 'ਤੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰ ਖੜੇ ਸੀ ਤਾਂ ਰਵੀ ਜੋ ਉਨ੍ਹਾਂ ਦਾ ਦੋਸਤ ਹੈ, ਨੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚੋਂ ਜ਼ਮਾਨਤ 'ਤੇ ਬਾਹਰ ਆਉਣਾ ਸੀ, ਦੀ ਉਡੀਕ ਕਰ ਰਹੇ ਸੀ ਤਾਂ ਅਚਾਨਕ ਇਕ ਬੁਲਟ ਮੋਟਰਸਾਈਕਲ 'ਤੇ ਤਿੰਨ ਨੌਜਵਾਨ, ਜਿਨ੍ਹਾਂ ਨੂੰ ਉਹ ਪਹਿਲਾਂ ਤੋਂ ਜਾਣਦਾ ਹੈ, ਨੰਨਾ ਮੁੱਸਲਾ ਪਿਸਟਲ, ਸਲੀਮ ਮੁੱਸਲਾ ਪਿਸਟਲ ਤੇ ਅਜੈ ਮੋਟਰਸਾਈਕਲ ਚਲਾ ਰਿਹਾ ਸੀ। ਲਲਿਤ ਪਾਸੀ ਨੇ ਦੱਸਿਆ ਕਿ ਮੁਲਜ਼ਮ ਨੰਨਾ ਤੇ ਸਲੀਮ ਨੇ ਦਸਤੀ ਪਿਸਟਲਾਂ ਨਾਲ ਮਾਰ ਦੇਣ ਦੀ ਨੀਅਤ ਨਾਲ ਸਿੱਧੇ ਫਾਇਰ ਉਸ ਵੱਲ ਕੀਤੇ ਜੋ ਇੱਕ ਫਾਇਰ ਉਸ ਦੇ ਪੇਟ 'ਤੇ ਦੂਜਾ ਖੱਬੇ ਪੱਟ ਤੋਂ ਥੋੜ੍ਹਾ ਉਪਰ ਲੱਗਾ ਤੇ ਦੋਸ਼ੀਆਨ ਸ਼ਹਿਰ ਵੱਲ ਆਪਣੇ ਹਥਿਆਰਾਂ ਸਮੇਤ ਭੱਜ ਗਏ। ਲਲਿਤ ਪਾਸੀ ਨੇ ਦੱਸਿਆ ਕਿ ਉਸ ਦਾ ਇਲਾਜ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਵਿੱਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣਾਦਾਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਾਸੋ ਤਹਿਤ ਵਜੀਦਕੇ ਖੁਰਦ 'ਚ ਪੁਲਸ ਨੇ ਲਈ ਤਲਾਸ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਵੱਲੋਂ ਪਿੰਡ ਵਜੀਦਕੇ ਖੁਰਦ ਵਿਖੇ ਸਰਚ ਆਪ੍ਰੇਸ਼ਨ (ਕਾਸੋ) ਅਧੀਨ ਸ਼ੱਕੀ ਘਰਾਂ ਦੀ ਤਲਾਸ਼ੀ ਲਈ ਗਈ।ਇਸ ਮੌਕੇ ਉਨ੍ਹਾਂ ਨਾਲ ਐੱਸ ਐੱਸ ਪੀ ਬਰਨਾਲਾ ਸੰਦੀਪ ਮਲਿਕ, ਡੀ ਐੱਸ ਪੀ ਕੰਵਲਪਾਲ ਸਿੰਘ ਮਹਿਲ ਕਲਾਂ, ਥਾਣਾ ਠੁੱਲੀਵਾਲ ਦੇ ਮੁੱਖ ਅਫਸਰ ਅਜੈਬ ਸਿੰਘ ਤੇ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਸਰੀਫ ਖਾਨ ਤੋਂ ਇਲਾਵਾ ਵੱਡੀ ਗਿਣਤੀ 'ਚ ਪੁਲਸ ਕਰਮਚਾਰੀ ਮੌਜੂਦ ਰਹੇ।

ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਤੇ ਡੀਜੀਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਭਰ 'ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸੂਬੇ ਭਰ 'ਚ ਸਰਚ ਆਪ੍ਰੇਸ਼ਨ ਚਲਾਏ ਜਾ ਰਹੇ ਹਨ। ਪਿੰਡ ਵਜੀਦਕੇ ਖੁਰਦ ਤੇ ਪੰਡੋਰੀ 'ਚ ਸਰਚ ਆਪ੍ਰੇਸ਼ਨ ਕੀਤਾ ਗਿਆ। ਇਸ ਸਰਚ ਆਪ੍ਰੇਸ਼ਨ ਰਾਹੀਂ ਨਸ਼ਿਆਂ ਦੀ ਤਸ਼ਕਰੀ 'ਚ ਸ਼ਾਮਲ ਸ਼ੱਕੀ ਵਿਅਕਤੀਆਂ ਦੇ ਘਰ ਘਰ ਜਾ ਕੇ ਤਲਾਸ਼ੀ ਲਈ ਜਾ ਰਹੀ ਹੈ ਤਾਂ ਜੋ ਪਹਿਲਾਂ ਤੋਂ ਨਸ਼ਾ ਤਸਕਰੀ 'ਚ ਸ਼ਾਮਲ ਲੋਕਾਂ ਨੂੰ ਮੁੜ ਤਸਕਰੀ ਤੋਂ ਰੋਕਿਆ ਜਾ ਸਕੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਭਰ 'ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਜਾਵੇ ਤੇ ਨਸ਼ਿਆਂ ਦੀ ਦਲਦਲ 'ਚ ਫਸੇ ਵਿਅਕਤੀਆਂ ਨੂੰ ਇਲਾਜ ਲਈ ਪ੍ਰੇਰਿਤ ਕੀਤਾ ਜਾਵੇ।ਇਸ ਮੌਕੇ ਏ ਐੱਸ ਆਈ ਮਨਜੀਤ ਸਿੰਘ, ਐੱਸ ਆਈ ਹਰਦੀਪ ਸਿੰਘ, ਏ ਐੱਸ ਆਈ ਸੁਖਵਿੰਦਰ ਸਿੰਘ ਕੁਤਬਾ, ਏ ਐੱਸ ਆਈ ਦਰਸ਼ਨ ਸਿੰਘ, ਕਾਂਸਟੇਬਲ ਗੁਰਮੀਤ ਕੌਰ, ਲਵਪ੍ਰੀਤ ਕੌਰ, ਨਿੰਦਰ ਕੌਰ, ਫਿਰੋਜ਼ ਖਾਨ ਤੇ ਬੁੱਧ ਸਿੰਘ ਧਾਲੀਵਾਲ ਹਾਜ਼ਰ ਸਨ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 6 ਜੁਲਾਈ ਨੂੰ ਜਲੰਧਰ ਪੱਛਮੀ 'ਚ ਕੀਤਾ ਜਾਵੇਗਾ ਝੰਡਾ ਮਾਰਚ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ ਫਰੰਟ ਦੇ ਕਨਵੀਨਰ ਸਾਥੀ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਉਪਰੰਤ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਆਗੂਆਂ ਸਰਵ ਸ੍ਰੀ ਸਤੀਸ਼ ਰਾਣਾ, ਸੁਵਿੰਦਰਪਾਲ ਸਿੰਘ ਮੋਲੋਵਾਲੀ, ਰਣਜੀਤ ਸਿੰਘ ਰਾਣਵਾਂ, ਜਰਮਨਜੀਤ ਸਿੰਘ, ਐਨ.ਕੇ.ਕਲਸੀ,ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਗੁਰਪ੍ਰੀਤ ਸਿੰਘ ਗੰਡੀਵਿੰਡ , ਮਨੋਹਰ ਲਾਲ, ਰਾਧੇ ਸ਼ਿਆਮ, ਪ੍ਰਭਜੀਤ ਸਿੰਘ ਰਸੂਲਪੁਰ, ਸੰਦੀਪ ਭੰਵਕ, ਬੋਬਿੰਦਰ ਸਿੰਘ, ਸ਼ਿੰਗਾਰਾ ਸਿੰਘ ਨੇ ਆਖਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਇੱਕ ਸੋਗ ਮਤੇ ਰਾਹੀਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਪੰਜਾਬ ਦੇ ਉਘੇ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਪਿਛਲੇ ਸੰਘਰਸ਼ ਦਾ ਮੁਲਾਂਕਣ ਕਰਦਿਆਂ 5 ਮਈ ਦੀ ਜਲੰਧਰ ਕਨਵੈਨਸ਼ਨ ਦੇ ਫੈਸਲੇ ਤਹਿਤ ਪੰਜਾਬ ਅੰਦਰ ਲੋਕ ਸਭਾ ਦੇ ਆਏ ਚੋਣ ਨਤੀਜਿਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਸਾਂਝਾ ਫਰੰਟ ਵਲੋਂ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਲੋਂ ਇਨ੍ਹਾਂ ਚੋਣਾਂ ਵਿੱਚ ਨਿਭਾਈ ਸਰਗਰਮ ਭੂਮਿਕਾ ਤੇ ਵਧਾਈ ਦਿੱਤੀ। ਮੀਟਿੰਗ ਦੌਰਾਨ ਪੰਜਾਬ ਸਰਕਾਰ ਵਲੋਂ ਸਾਂਝਾ ਫਰੰਟ ਨਾਲ ਗੱਲਬਾਤ ਤੋਂ ਭੱਜਣ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਇਸ ਸਰਕਾਰ ਨੂੰ ਹੋਰ ਸਬਕ ਸਿਖਾਉਣ ਲਈ ਹੁਣ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਵਿਖੇ 6 ਜੁਲਾਈ ਨੂੰ ਝੰਡਾ ਮਾਰਚ ਕੀਤਾ ਜਾਵੇਗਾ ਅਤੇ ਸ਼ਹਿਰ ਅੰਦਰ ਲੋਕਾਂ ਦੀ ਕਚਹਿਰੀ ਅੰਦਰ ਅਪਣਾ ਪੱਖ ਰੱਖਿਆ ਜਾਵੇਗਾ। ਇਸ ਵਿਧਾਨ ਸਭਾ ਹਲਕੇ ਅੰਦਰ 10 ਜੁਲਾਈ ਨੂੰ ਜ਼ਿਮਨੀ ਚੋਣ ਹੋ ਰਹੀ ਹੈ। ਆਗੂਆਂ ਆਖਿਆ ਕਿ ਇਸ ਦੀ ਮੁਕੰਮਲ ਤਿਆਰੀ ਲਈ 2 ਜੁਲਾਈ ਨੂੰ ਜਲੰਧਰ ਮੁੜ ਮੀਟਿੰਗ ਕੀਤੀ ਜਾਵੇਗੀ।ਸਾਂਝਾ ਫਰੰਟ ਦੇ ਉਕਤ ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੀਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਮੁੱਕਰ ਗਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਦੋ ਸਾਲ ਚਾਰ ਮਹੀਨੇ ਦੇ ਕਾਰਜਕਾਲ ਦੌਰਾਨ ਸਾਂਝੇ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਕਿਸੇ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕਰਨਾ ਅਤੇ 14 ਅਕਤੂਬਰ ਦੀ ਚੰਡੀਗੜ੍ਹ ਰੈਲੀ ਸਮੇਂ ਨਵਰਾਜ ਬਰਾੜ ਵਲੋਂ ਸਾਂਝਾ ਫਰੰਟ ਨੂੰ ਕੈਬਨਿਟ ਸਬ ਕਮੇਟੀ ਅਤੇ ਫਿਰ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦੇ ਵਾਅਦੇ ਤੋਂ ਭੱਜਣਾ ਅਤੇ 4 ਮਾਰਚ 2024 ਦੀ ਚੰਡੀਗੜ੍ਹ ਰੈਲੀ ਸਮੇਂ ਦਿੱਤੀ ਮੀਟਿੰਗ ਤੋਂ ਮੁਨਕਰ ਹੋਣਾ ਸਾਬਿਤ ਕਰਦਾ ਹੈ ਕਿ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੇ ਸਾਹਮਣੇ ਨੈਤਿਕ ਤੌਰ 'ਤੇ ਹਾਰ ਚੁੱਕੀ ਹੈ। ਆਗੂਆਂ ਨੇ ਆਖਿਆ ਕਿ ਸਮੂਹ ਵਿਭਾਗਾਂ ਦੇ ਹਰ ਤਰ੍ਹਾਂ ਦੇ ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਵਾਉਣ, ਮਾਣ ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਵਾਉਣ, ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ ਤੇ 2.59 ਦਾ ਗੁਣਾਕ ਲਾਗੂ ਕਰਵਾਉਣ, 1972 ਦੇ ਪੈਨਸ਼ਨ ਨਿਯਮਾਂ ਮੁਤਾਬਕ 01-01-2004 ਤੋਂ ਪੁਰਾਣੀ ਪੈਨਸ਼ਨ ਸਕੀਮ ਹੂਬਹੂ ਲਾਗੂ ਕਰਵਾਉਣ, ਖਰਖ ਸਮੇਂ ਦੌਰਾਨ ਮੁਢਲੀ ਤਨਖਾਹ ਦੇਣ ਦੇ ਨੋਟੀਫਿਕੇਸ਼ਨ 15-1-2015 ਅਤੇ 07-09-2016 ਨੂੰ ਰੱਦ ਕਰਵਾਉਣ, 17-7-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ, ਪੇਂਡੂ ਅਤੇ ਬਾਰਡਰ ਭੱਤੇ ਸਮੇਤ ਕੱਟੇ ਗਏ 37 ਭੱਤੇ ਅਤੇ ਏ. ਸੀ. ਪੀ. ਬਹਾਲ ਕਰਵਾਉਣ, 01-01-16 ਤੋਂ 30-06-2021 ਤੱਕ ਸਕੇਲਾਂ ਦੀ ਰਵੀਜ਼ਨ ਦੇ ਬਕਾਏ ਯੱਕ-ਮੁਸ਼ਤ ਅਦਾ ਕਰਵਾਉਣ, 01-01-2016 ਤੋਂ 113 ਫੀਸਦੀ ਡੀ.ਏ ਦੀ ਬਜਾਇ ਮਾਨਯੋਗ ਹਾਈਕੋਰਟ ਦੇ ਫੈਸਲੇ ਮੁਤਾਬਕ 119 ਫੀਸਦੀ ਡੀ.ਏ. ਨਾਲ ਪੈਨਸ਼ਨ ਅਤੇ ਤਨਖਾਹ ਦੁਹਰਾਈ ਕਰਵਾਉਣ, ਡੀ.ਏ 38% ਤੋਂ ਵਧਾ ਕੇ ਕੇਂਦਰੀ ਤਰਜ਼ 'ਤੇ 50% ਕਰਵਾਉਣ, 200 ਰੁਪਏ ਵਿਕਾਸ ਟੈਕਸ ਬੰਦ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਸੁਰਿੰਦਰ ਰਾਮ ਕੁੱਸਾ, ਤੀਰਥ ਸਿੰਘ ਬਾਸੀ, ਜਗਦੀਸ਼ ਸ਼ਰਮਾ, ਅਵਿਨਾਸ਼ ਸ਼ਰਮਾ, ਕੁਲਦੀਪ ਵਾਲੀਆ, ਗੁਰਜੰਟ ਸਿੰਘ, ਕੁਲਵੰਤ ਸਿੰਘ, ਚਰਨ ਸਿੰਘ ਸਰਾਭਾ, ਸੁਖਵਿੰਦਰ ਸਿੰਘ ਲੀਲ, ਪ੍ਰਵੀਨ ਕੁਮਾਰ, ਨਿਰਭੈ ਸਿੰਘ, ਜਗਤਾਰ ਸਿੰਘ, ਸੁਸ਼ੀਲ ਕੁਮਾਰ, ਜੋਗਿੰਦਰ ਸਿੰਘ ਮੱਲਣ ਆਦਿ ਆਗੂ ਹਾਜ਼ਰ ਸਨ।

# 1.2 ਕਿਲੋ ਅਫੀਮ ਸਮੇਤ ਇੱਕ ਔਰਤ ਗ੍ਰਿਫਤਾਰ



**ਜਲੰਧਰ: ( ਸ਼ੈਲੀ ਐਲਬਰਟ )-** ਨਸ਼ਿਆਂ ਦੀ ਅਲਾਮਤ ਵਿਰੁੱਧ ਮੁਹਿੰਮ ਨੂੰ ਜਾਰੀ ਰੱਖਦਿਆਂ ਜਲੰਧਰ ਕਮਿਸ਼ਨਰੇਟ ਪੁਲਸ ਨੇ ਪੁਲਸ ਕਮਿਸ਼ਨਰ ਸਵਪਨ ਸਸ਼ਰਮਾ ਦੀ ਅਗਵਾਈ ਹੇਠ ਸ਼ੁੱਕਰਵਾਰ ਨੂੰ ਇੱਕ ਔਰਤ ਨੂੰ 1.2 ਕਿਲੋ ਅਫੀਮ ਸਮੇਤ ਕਾਬੂ ਕੀਤਾ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਰਾਮਾ ਮੰਡੀ ਚੌਕ ਨੇੜੇ ਗਸ਼ਤ ਦੌਰਾਨ ਜਲੰਧਰ ਕਮਿਸ਼ਨਰੇਟ ਪੁਲਸ ਨੇ ਇੱਕ ਔਰਤ ਨੂੰ ਬੱਚੇ ਅਤੇ ਇੱਕ ਬੈਗ ਸਮੇਤ ਦੇਖਿਆ। ਉਨ੍ਹਾਂ ਦੱਸਿਆ ਕਿ ਪੁਲਸ ਨੂੰ ਦੇਖ ਕੇ ਔਰਤ ਨੇ ਸ਼ੱਕੀ ਤੌਰ 'ਤੇ ਆਪਣਾ ਬੈਗ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਔਰਤ ਦਾ ਪਿੱਛਾ ਕੀਤਾ ਅਤੇ ਉਸ ਨੂੰ ਪੁੱਛਗਿੱਛ ਲਈ ਰੋਕ ਲਿਆ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਲਾਵਾਰਸ ਬੈਗ ਦੀ ਤਲਾਸ਼ੀ ਦੌਰਾਨ 1.2 ਕਿਲੋ ਅਫੀਮ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਗਾਇਤਰੀ ਵਾਸੀ ਮੋਹਨ ਸਰੂਪ ਵਾਸੀ ਫਤਿਹਗੰਜ ਬਰੇਲੀ ਉੱਤਰ ਪ੍ਰਦੇਸ਼ ਨੂੰ ਗ੍ਰਿਫਤਾਰ ਕਰ ਲਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਥਾਣਾ ਕੈਂਟ ਜਲੰਧਰ ਵਿਖੇ ਐਫ ਆਈ ਆਰ ਦਰਜ ਕੀਤੀ ਗਈ ਸੀ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਵੇਰਵੇ ਹਨ ਤਾਂ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਜੇ ਤੱਕ ਪੁਲਸ ਨੂੰ ਗ੍ਰਿਫਤਾਰ ਔਰਤ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਮਿਲਿਆ।

# ਸਮੱਸਿਆਵਾਂ ਦੇ ਹੱਲ ਲਈ ਵਧੀਕ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ



**ਨਵਾਂਸ਼ਹਿਰ (ਮਨੋਜ ਲਾਡੀ)-**ਸ਼ੁੱਕਰਵਾਰ ਨਵਾਂਸ਼ਹਿਰ ਸੁਧਾਰ ਮੰਚ ਵਲੋਂ ਨਵਾਂਸ਼ਹਿਰ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੂੰ ਮੰਗ ਪੱਤਰ ਦਿੱਤਾ ਗਿਆ ਜਿਨ੍ਹਾਂ ਨੇ ਇਸ ਦੇ ਛੇਤੀ ਹੱਲ ਦਾ ਭਰੋਸਾ ਦਿਵਾਇਆ। ਨਵਾਂਸ਼ਹਿਰ ਸੁਧਾਰ ਮੰਚ ਦੇ ਪ੍ਰਧਾਨ ਜਸਬੀਰ ਦੀਪ ਨੇ ਦੱਸਿਆ ਕਿ ਦਿੱਤੇ ਗਏ ਮੰਗ ਪੱਤਰ ਵਿਚ ਸੀਵਰੇਜ ਦਾ ਲੀਕ ਕਰ ਰਿਹਾ ਗੰਦਾ ਪਾਣੀ ਬੰਦ ਕਰਨ, ਥਾਂ ਥਾਂ ਲੱਗੇ ਕੂੜੇ ਦੇ ਢੇਰ ਚੁਕਵਾਉਣ, ਸ਼ਹਿਰ ਵਿਚ ਜਨਤਕ ਪਖਾਨੇ ਬਣਾਉਣ, ਹੜ੍ਹਾਂ ਤੋਂ ਬਚਾਅ ਲਈ ਬਰਸਾਤੀ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ, ਰੇਲਵੇ ਰੋਡ, ਸਲੋਹ ਰੋਡ, ਕੁਲਾਮ ਰੋਡ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਵਾਉਣ, ਗੁਜਰਪੁਰ ਰੋਡ 'ਤੇ ਡਰੇਨ ਦੇ ਪੁਲ ਉੱਤੇ ਰੇਲਿੰਗ ਲਾਉਣ, ਗੜ੍ਹਸ਼ੰਕਰ ਰੋਡ ਤੇ ਜੋ ਵਿਸ਼ਾਲ ਮੈਗਾ ਮਾਰਟ ਵਾਲੀ ਬਿਲਡਿੰਗ ਹੈ,ਦੀ ਨਿਸ਼ਾਨਦੇਹੀ ਕਰਵਾ ਕੇ ਜੇਕਰ ਉਸ ਦਾ ਕੁਝ ਹਿੱਸਾ ਡਰੇਨ ਦੀ ਥਾਂ ਉੱਤੇ ਪਾਇਆ ਜਾਂਦਾ ਹੈ ਤਾਂ ਇਹ ਕਬਜ਼ਾ ਹਟਾਇਆ ਜਾਵੇ ਤਾਂ ਕਿ ਕੁਦਰਤੀ ਪਾਣੀ ਦਾ ਸਹੀ ਨਿਕਾਸ ਹੋ ਸਕੇ, ਪਿਛਲੇ ਸਾਲ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਵਿਜੈ ਕੁਮਾਰ, ਮਦਨ ਲਾਲ, ਰੋਹਿਤ ਬਛੌੜੀ, ਜਸਵੀਰਜੀਤ ਬਾਲੀ, ਗੁਰਦਿਆਲ ਸਿੰਘ ਮਹਿੰਦੀ ਪੁਰ, ਬਲਵਿੰਦਰ ਕੌਰ, ਹਰਬੰਸ ਕੌਰ, ਰੁਪਿੰਦਰ ਕੌਰ, ਮਨਜੀਤ ਕੌਰ, ਬਲਜੀਤ ਸਿੰਘ ਧਰਮਕੋਟ, ਜਸਕੰਵਲ ਸਿੰਘ, ਗੁਰਪ੍ਰੀਤ ਸਿੰਘ ਬੱਬੂ ਮੰਚ ਦੇ ਮੈਂਬਰ ਵੀ ਮੌਜੂਦ ਸਨ।

# ਸਿਵਲ ਹਸਪਤਾਲ ਵਿਖੇ ਬਲਾਕ ਪੱਧਰੀ ਯੋਗ ਕੈਂਪ ਲਗਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)-** ਸਿਵਲ ਸਰਜਨ ਡਾਕਟਰ ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਕਰਨ ਕੁਮਾਰ ਸੈਣੀ ਐਸ ਐਮ ਓ ਟਾਂਡਾ ਦੀ ਯੋਗ ਅਗਵਾਈ ਹੇਠ ਸਰਕਾਰੀ ਹਸਪਤਾਲ ਟਾਂਡਾ ਵਿਖੇ ਬਲਾਕ ਪੱਧਰੀ ਯੋਗ ਕੈਂਪ ਲਗਾਏ ਗਏ।ਇਸ ਮੌਕੇ ਜਾਣਕਾਰੀ ਦਿੰਦਿਆਂ ਡਾ:ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਅਜੋਕੇ ਤਨਾਅ ਭਰੇ ਮਾਹੌਲ ਵਿੱਚ ਯੋਗ ਇਕ ਵਰਦਾਨ ਹੈ।ਉਨ੍ਹਾਂ ਕਿਹਾ ਕਿ ਹਰ ਸਾਲ 21ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਂਦਾ ਹੈ। ਸਾਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਰਿਸ਼ਟ ਪੁਸ਼ਟ ਰਹਿਣ ਲਈ ਰੋਜਾਨਾ 35 ਤੋਂ 40 ਮਿੰਟ ਯੋਗ ਕਰਨਾ ਚਾਹੀਦਾ ਹੈ।ਜਿਸ ਨਾਲ ਵਿਅਕਤੀ ਕਈ ਗੰਭੀਰ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਯੋਗ ਹਰ ਉਮਰ ਦੇ ਵਿਅਕਤੀ ਲਈ ਲਾਹੇਵੰਦ ਹੁੰਦਾ ਹੈ। ਯੋਗ ਨਾਲ ਸਰੀਰ ਅਤੇ ਮਨ ਨੂੰ ਜਿੱਥੇ ਖੁਸ਼ੀ ਮਿਲਦੀ ਹੈ ਉਥੇ ਹੀ ਸਰੀਰ ਫੁਰਤੀਲਾ ਬਣਦਾ ਹੈ ਅਤੇ ਮਾਸਪੇਸ਼ੀਆਂ ਵਿੱਚ ਲਚਕੀਲਾਪਨ ਵੱਧਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ, ਡਾ: ਕਰਤਾਰ ਸਿੰਘ, ਡਾ: ਰਵੀ ਕੁਮਾਰ, ਡਾ: ਦੀਪਕ ਸ਼ਰਮਾ, ਡਾ: ਮੁਨੀਸ਼ਾ ਗੁਲੇਰੀਆ, ਜਤਿੰਦਰ ਸਿੰਘ, ਰੰਜੀਵਪਾਲ ਸਿੰਘ,ਕੁਲਵੀਰ ਸਿੰਘ, ਗੁਰਜੀਤ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ, ਗੁਰਜੋਤ ਸਿੰਘ, ਜਰਨੈਲ ਸਿੰਘ, ਲਖਨਪਾਲ ਸਿੰਘ, ਹਰਜਿੰਦਰ ਸਿੰਘ, ਹਰਿੰਦਰ ਸਿੰਘ, ਤਜਿੰਦਰ ਸਿੰਘ, ਵਿਨੋਦ ਕੁਮਾਰ ਆਦਿ ਹਾਜ਼ਰ ਸਨ।

# ਯੋਗ ਨਾਲ ਹੀ ਸਰੀਰ ਨੂੰ ਮਾਨਸਿਕ ਪ੍ਰੇਸ਼ਾਨੀਆਂ ਤੇ ਬਿਮਾਰੀਆਂ ਤੋਂ ਬਚਾਇਆ ਜਾ ਸਕਦੈ : ਡਾ. ਕੇਵਲ, ਡਾ. ਲਵਪ੍ਰੀਤ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )-** ਵਿਸ਼ਵ ਯੋਗ ਦਿਵਸ ਦੇ ਮੌਕੇ ਵੱਖ ਵੱਖ ਸਥਾਨਾਂ 'ਤੇ ਯੋਗ ਕੈਂਪ ਲਗਾਏ ਗਏ। ਦੁਨੀਆ ਭਰ ਵਿੱਚ ਯੋਗ ਦੀ ਸ਼ੁਰੂਆਤ ਭਾਰਤ ਵਿੱਚੋਂ ਹੀ ਹੋਈ ਹੈ ਅਤੇ ਪ੍ਰਾਚੀਨ ਕਾਲ ਤੋਂ ਹੀ ਰਿਸ਼ੀਆਂ ਮੁਨੀਆਂ ਨੇ ਯੋਗ ਦੇ ਮਹੱਤਵ ਬਾਰੇ ਅਨੇਕਾਂ ਧਰਮਾਂ ਦੇ ਗ੍ਰੰਥਾਂ ਵਿੱਚ ਵੀ ਜ਼ਿਕਰ ਕੀਤਾ ਹੈ। ਮਹਾਰਿਸ਼ੀ ਪਤੰਜਲੀ ਨੇ ਵੀ ਯੋਗ ਤੇ ਜ਼ੋਰ ਦਿੰਦੇ ਹੋਏ ਲਿਖਿਆ ਹੈ ਕਿ ਯੋਗ ਨਾਲ ਹੀ ਇਨਸਾਨ ਆਪਣੇ ਚੰਚਲ ਮਨ ਨੂੰ ਕਾਬੂ ਵਿੱਚ ਲਿਆ ਸਕਦਾ ਹੈ। ਇਸੇ ਸੰਬੰਧ ਵਿੱਚ ਅੱਜ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ ਅਤੇ ਵੇਵਜ਼ ਹਸਪਤਾਲ ਦੇ ਐਮ ਡੀ ਡਾਕਟਰ ਲਵਪ੍ਰੀਤ ਸਿੰਘ ਪਾਬਲਾ ਦੀ ਅਗਵਾਈ ਵਿੱਚ ਬੀ ਆਰ ਹਸਪਤਾਲ ਦੇ ਕੰਪਾਊਂਡ ਵਿੱਚ ਯੋਗ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮੂਹ ਸਟਾਫ਼ ਅਤੇ ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ ਸ਼ਾਮਿਲ ਹੋਈਆਂ।ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਕੇਵਲ ਸਿੰਘ ਕਾਜਲ ਨੇ ਕਿਹਾ ਕਿ ਇਨਸਾਨ ਨੂੰ ਕੋਈ ਵੀ ਸਰੀਰਕ ਜਾਂ ਮਾਨਸਿਕ ਪ੍ਰੇਸ਼ਾਨੀ ਹੋਵੇ ਤਾਂ ਆਪਣੇ ਮਨ ਨੂੰ ਸ਼ਾਂਤ ਕਰਨ ਅਤੇ ਸਰੀਰ ਨੂੰ ਰੋਗ ਮੁਕਤ ਕਰਨ ਲਈ ਯੋਗ ਜ਼ਰੂਰ ਕਰਨੇ ਚਾਹੀਦੇ ਹਨ, ਇਸ ਨਾਲ ਜਿੱਥੇ ਸਰੀਰ ਤੰਦਰੁਸਤ ਰਹਿੰਦੇ ਹਨ ਉਥੇ ਮਾਨਸਿਕ ਸ਼ਾਂਤੀ ਵੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਵਧ ਰਹੇ ਰੁਝੇਵਿਆਂ ਕਾਰਨ ਇਨਸਾਨ ਆਪਣੀ ਸਿਹਤ ਦਾ ਧਿਆਨ ਨਹੀਂ ਰੱਖ ਪਾਉਂਦਾ ਜਿਸ ਕਾਰਨ ਬਲੱਡ ਪ੍ਰੈਸ਼ਰ, ਸ਼ੂਗਰ ਤੇ ਮੋਟਾਪਾ ਜਿਹੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ, ਪਰ ਯੋਗ ਕਰਨ ਨਾਲ ਕੁਝ ਬਿਮਾਰੀਆਂ ਕਾਬੂ ਵਿੱਚ ਆ ਜਾਂਦੀਆਂ ਹਨ ਅਤੇ ਕੁਝ ਠੀਕ ਹੋ ਜਾਂਦੀਆਂ ਹਨ। ਡਾਕਟਰ ਲਵਪ੍ਰੀਤ ਸਿੰਘ ਪਾਬਲਾ ਨੇ ਕਿਹਾ ਕਿ ਅੱਜ ਦੁਨੀਆ ਭਰ ਦੇ ਡਾਕਟਰ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਰੋਜ਼ਾਨਾ ਸਵੇਰੇ ਯੋਗ ਕਰਨ ਨਾਲ ਜਿੱਥੇ ਤੁਹਾਡਾ ਸ਼ਰੀਰ ਸਾਰਾ ਦਿਨ ਤੰਦਰੁਸਤ ਰਹੇਗਾ ਉੱਥੇ ਤੁਹਾਡੇ ਸ਼ਰੀਰ ਦੀ ਇਮਿਊਨਿਟੀ ਸਿਸਟਮ ਵੀ ਦਰੁਸਤ ਹੁੰਦਾ ਹੈ ਜਿਸ ਨਾਲ ਇਨਸਾਨ ਦੇ ਸ਼ਰੀਰ ਤੇ ਬਿਮਾਰੀਆਂ ਦਾ ਪ੍ਰਭਾਵ ਜਲਦੀ ਨਹੀਂ ਪੈਂਦਾ।

# ਜ਼ਿਲ੍ਹੇ ਦੇ ਸਮੂਹ ਕੋਰਟ ਕੰਪਲੈਕਸਾਂ 'ਚ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )-** ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਦਿਲਬਾਗ ਸਿੰਘ ਜੌਹਲ ਦੇ ਨਿਰਦੇਸ਼ਾਂ ਦੀ ਪਾਲਨਾ ਕਰਦੇ ਹੋਏ ਜ਼ਿਲ੍ਹਾ ਅਤੇ ਸਬ-ਡਵੀਜ਼ਨਾਂ (ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਕੋਰਟ ਕੰਪਲੈਕਸ) ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜ ਪਾਲ ਰਾਵਲ ਨੇ ਦੱਸਿਆ ਕਿ ਇਸ ਮੌਕੇ ਜ਼ਿਲ੍ਹਾਂ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ, ਅਡੀਸ਼ਨਲ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਰਮਜੀਤ ਸਿੰਘ ਸੁੱਲਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਹੁਸ਼ਿਆਰਪੁਰ ਹਰਜਿੰਦਰ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਹੁਸ਼ਿਆਰਪੁਰ ਅਮਨਦੀਪ ਸਿੰਘ ਵੱਲੋਂ ਨਵੇਂ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਹੁਸ਼ਿਆਰਪੁਰ ਵਿਖੇ ਉਤਸ਼ਾਹ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਯੋਗ ਕਰਨ ਲਈ ਹਾਜ਼ਰ ਹੋਏ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਯੋਗ ਇੱਕ ਮਾਨਸਿਕ, ਸਰੀਰਕ ਅਤੇ ਅਧਿਆਤਮਕ ਅਨੁਸ਼ਾਸਨ ਜਾਂ ਅਭਿਆਸ ਹੈ, ਜਿਸ ਦੀ ਸ਼ੁਰੂਆਤ ਭਾਰਤ ਵਿਚ ਹੋਈ ਹੈ ਅਤੇ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਯੋਗ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਯੋਗ ਇੰਸਟਰੱਕਟਰ ਬ੍ਰਜੇਸ਼ ਨਾਕੜਾ ਅਤੇ ਮੀਨੂੰ ਨਾਕੜਾਂ, ਆਰਟ ਆਫ ਲਿਵਿੰਗ ਨੂੰ ਪ੍ਰਦਰਸ਼ਨਾਂ ਦੇ ਨਾਲ ਯੋਗ ਸਿਖਾਉਣ ਲਈ ਸੱਦਾ ਦਿੱਤਾ ਗਿਆ। ਉਨ੍ਹਾਂ ਵੱਲੋਂ ਸਮੂਹ ਭਾਗੀਦਾਰਾਂ ਨੂੰ ਯੋਗ ਅਤੇ ਵਿਗਿਆਨਕ ਸਾਰਥਕਤਾ ਅਤੇ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਵੇਂ ਯੋਗ ਅਭਿਆਸ ਇੱਕ ਸਿਹਤਮੰਦ ਸਰੀਰ ਅਤੇ ਦਿਮਾਗ ਲਈ ਕੰਮ ਤੇ ਤਣਾਅ ਨੂੰ ਘਟਾਉਣ ਲਈ ਨਿਰੰਤਰ ਲਾਭ ਪਹੁੰਚਾਉਂਦਾ ਹੈ। ਉਨ੍ਹਾਂ ਵਲੋਂ ਜਾਰੀ ਸਾਂਝੇ ਪ੍ਰੋਟੋਕੋਲ ਦੇ ਅਨੁਸਾਰ ਭਾਗੀਦਾਰਾਂ ਨੂੰ ਯੋਗਾਸਨ, ਕਪਾਲਭਾਤੀ, ਪ੍ਰਾਣਾਯਾਮ, ਅਨੁਲੋਮ ਵਿਲੋਮ, ਧਿਆਨ, ਸੰਕਲਪ ਅਤੇ ਧਿਆਨ ਨਾਲ ਜਾਣੂ ਕਰਵਾਇਆ ਗਿਆ। ਉਪਰੋਕਤ ਜੁਡੀਸ਼ੀਅਲ ਜੱਜ ਸਹਿਬਾਨ ਤੋਂ ਇਲਾਵਾ ਚੀਫ ਲੀਗਲ ਏਡ ਡਿਫੈਂਸ ਕਾਊਂਸਲ ਵਿਸ਼ਾਲ ਕੁਮਾਰ ਨੰਦਾ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕਾਊਂਸਲ ਰੁਪੀਕਾ ਠਾਕੁਰ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕਾਊਂਸਲ ਐਚ.ਕੇ ਵਰਮਾ, ਸਹਾਇਕ ਲੀਗਲ ਏਡ ਡਿਫੈਂਸ ਕਾਊਂਸਲ, ਸਮੂਹ ਸਟਾਫ ਮੈਂਬਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ, ਪੈਨਲ ਐਡਵੋਕੇਟ, ਸਮੂਹ ਜੁਡੀਸ਼ੀਅਲ ਸਟਾਫ ਹੁਸ਼ਿਆਰਪੁਰ ਅਤੇ ਹੋਰ ਐਡਵੋਕੇਟ ਸਾਹਿਬਾਨ ਮੌਕੇ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਸਬ-ਡਵੀਜ਼ਨ (ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ) ਪੱਧਰ 'ਤੇ ਸਟਾਫ ਮੈਂਬਰਾਂ ਅਤੇ ਐਡਵੋਕੇਟਾਂ ਵੱਲੋਂ ਇਸ ਯੋਗ ਦਿਵਸ ਵਿਚ ਭਾਗ ਲੈ ਕੇ ਸਿਹਤ ਪੱਖੋਂ ਲਾਭ ਉਠਾਇਆ ਗਿਆ।

# ਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੀ ਮਾਸਿਕ ਇਕੱਤਰਤਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-**ਦੁਆਬਾ ਸਾਹਿਤ ਸਭਾ (ਰਜਿ.) ਗੜ੍ਹਸ਼ੰਕਰ ਦੀ ਮਹੀਨਾਵਾਰ ਇਕੱਤਰਤਾ ਡਾਕਟਰ ਬਿੱਕਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਸਥਾਨਿਕ ਗਾਂਧੀ ਪਾਰਕ ਸਥਿਤ ਦਫਤਰ ਸਾਹਿਤ ਸਭਾ ਅਤੇ ਸਵਰਗੀ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬਰੇਰੀ ਗੜ੍ਹਸ਼ੰਕਰ ਵਿਖੇ ਹੋਈ। ਇਸ ਮਾਸਿਕ ਇਕੱਤਰਤਾ ਵਿੱਚ ਪ੍ਰੋ. ਸੰਧੂ ਵਰਿਆਣਵੀ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਕੱਤਰਤਾ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਅਮਰੀਕ ਹਮਰਾਜ ਨੇ ਦੱਸਿਆ ਕਿ ਇਸ ਇਕੱਤਰਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਮਸਲਿਆਂ ਉੱਤੇ ਗੰਭੀਰ ਚਰਚਾ ਕੀਤੀ ਗਈ। ਪ੍ਰਮੁੱਖ ਤੌਰ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਗੈਰ ਪੰਜਾਬੀ ਅਤੇ ਗੈਰ ਸਿੱਖਿਆ ਸ਼ਾਸਤਰੀ ਸਤਬੀਰ ਕੌਰ ਬੇਦੀ ਦੀ ਨਿਯੁਕਤੀ ਉੱਤੇ ਵਿਰੋਧ ਜਤਾਇਆ ਗਿਆ। ਪੰਜਾਬ ਦੇ ਸਰਕਾਰੀ ਕਾਲਜਾਂ 'ਚ ਕਿੱਤਾਮਈ ਕੋਰਸਾਂ ਦੀਆਂ ਫੀਸਾਂ ਪ੍ਰਾਈਵੇਟ ਕਾਲਜਾਂ ਦੇ ਬਰਾਬਰ ਕਰਨ ਦਾ ਵੀ ਵਿਰੋਧ ਕੀਤਾ ਗਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਮੌਜੂਦਾ ਸਰਕਾਰ ਵੱਲੋਂ ਅਪਣਾਈ ਗਈ ਬੇਰੁਖੀ ਵਾਲੀ ਨੀਤੀ ਦੀ ਵੀ ਨਿੰਦਿਆ ਕੀਤੀ ਗਈ। ਵਾਤਾਵਰਣ ਦੀ ਸੰਭਾਲ, ਪਾਣੀ ਆਦਿ ਬੁਨਿਆਦੀ ਲੋੜਾਂ 'ਤੇ ਵੀ ਸਾਹਿਤਕਾਰਾਂ ਨੇ ਆਪਣੀਆਂ ਕਵਿਤਾਵਾਂ, ਕਹਾਣੀਆਂ ਲਿਖ ਕੇ ਸਮਾਜ ਨੂੰ ਪ੍ਰੇਰਿਤ ਕਰਨ ਦੀ ਗੱਲ ਕੀਤੀ।

ਪੰਜਾਬ ਨਾਲ ਸੰਬੰਧਿਤ ਭਖਵੇਂ ਮਸਲਿਆਂ ਲਈ ਪੰਜਾਬੀਆਂ ਨੂੰ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ । ਇਸ ਵਿਚਾਰ ਚਰਚਾ ਅਤੇ ਕਵੀ ਦਰਬਾਰ ਵਿੱਚ ਸਰਵ ਪ੍ਰੋਫੈਸਰ ਸੰਧੂ ਵਰਿਆਣਵੀ, ਪ੍ਰਿੰਸੀਪਲ ਗੁਰਜੰਟ ਸਿੰਘ, ਡਾਕਟਰ ਬਿੱਕਰ ਸਿੰਘ, ਅਮਰੀਕ ਹਮਰਾਜ, ਹੇਮਰਾਜ ਧੰਜਲ, ਰਣਵੀਰ ਬੱਬਰ, ਮਾਸਟਰ ਹੰਸ ਰਾਜ, ਮੁਕੇਸ਼ ਕੁਮਾਰ ਗੁਜਰਾਤੀ, ਭੁਪਿੰਦਰ ਕੁਮਾਰ ਸੜੋਆ, ਕੈਪਟਨ ਸੁਰਿੰਦਰ ਕੁਮਾਰ, ਅਮਰਜੀਤ ਬੰਗੜ, ਪ੍ਰਿੰਸੀਪਲ ਦਲਵਾਰਾ ਰਾਮ ਆਦਿ ਨੇ ਭਾਗ ਲਿਆ। ਅੰਤ ਵਿੱਚ ਪ੍ਰਿੰਸੀਪਲ ਬਿੱਕਰ ਸਿੰਘ ਨੇ ਆਏ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ।

# ਗੋਂਦਪੁਰ 'ਚ ਇੱਕ ਵਿਅਕਤੀ ਨੂੰ ਬੰਦੀ ਬਣਾ ਬੇਰਹਿਮੀ ਨਾਲ ਕਤਲ ਕਰਕੇ ਘਰ ਦਾ ਕੀਮਤੀ ਸਮਾਨ ਚੋਰੀ



**ਮਾਹਿਲਪੁਰ (ਸ਼ਫ਼ਰੀ)-** ਨਜ਼ਦੀਕੀ ਪਿੰਡ ਗੋਂਦਪੁਰ ਵਿਖੇ ਉਸ ਵੇਲੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਅਣਪਛਾਤਿਆਂ ਵਲੋਂ ਬੀਤੀ ਦੇਰ ਰਾਤ ਇੱਕ ਵਿਅਕਤੀ ਨੂੰ ਬੰਦੀ ਬਣਾ ਬੇਰਹਿਮੀ ਨਾਲ ਕਤਲ ਕਰਕੇ ਘਰ ਦਾ ਕੀਮਤੀ ਸਮਾਨ ਚੋਰੀ ਕਰ ਕੇ ਲੈ ਗਏ। ਜਾਣਕਾਰੀ ਅਨੁਸਾਰ ਮ੍ਰਿਤਕ ਰਸ਼ਪਾਲ ਸਿੰਘ (60) ਪੁੱਤਰ ਰਾਮ ਆਸਰਾ ਦੇ ਪੁੱਤਰ ਮਨਪ੍ਰੀਤ ਸਿੰਘ ਉਰਫ ਮੋਨੂੰ ਨੇ ਦੱਸਿਆ ਕਿ ਉਹ ਬੀਤੇ ਦਿਨ 3.30 ਵਜੇ ਆਪਣੇ ਇਟਲੀ ਤੋਂ ਰਿਸ਼ਤੇਦਾਰ ਭੂਆ ਸੁਖਵਿੰਦਰ ਕੌਰ ਤੇ ਉਸ ਦੇ ਬੱਚਿਆਂ ਨਾਲ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਗਏ ਹੋਏ ਸੀ ਅਤੇ ਪਿਤਾ ਰਸ਼ਪਾਲ ਸਿੰਘ ਘਰ 'ਚ ਇਕੱਲਾ ਸੀ। ਉਨ੍ਹਾਂ ਦੱਸਿਆ ਕਿ ਅੱਜ ਸਵੇਰੇ ਸਾਡੇ ਗੁਆਂਢੀ ਮਮਤਾ ਤੇ ਪ੍ਰੀਤੀ ਸਾਡੇ ਘਰ ਮੇਰੇ ਪਿਤਾ ਨੂੰ ਚਾਹ ਤੇ ਰੋਟੀ ਦੇਣ ਗਈ ਤਾਂ ਉਸ ਨੇ ਦੇਖਿਆ ਕਿ ਘਰ ਤਾਲੇ ਟੁੱਟੇ ਹੋਏ ਸਨ ਤੇ ਘਰ ਦੇ ਸਾਰੇ ਬੈਡਾਂ ਦੀ ਫਰੋਲਾ ਫਰਾਲੀ ਕੀਤੀ ਹੋਈ। ਉਨ੍ਹਾਂ ਦੇ ਰੋਲਾ ਪਾਉਣ 'ਤੇ ਆਂਢੀ ਗੁਆਂਢੀ ਇਕੱਠੇ ਹੋਏ ਤਾਂ ਦੇਖਿਆ ਤਾਂ ਮੇਰੇ ਪਿਤਾ ਨੂੰ ਪੁੱਠਾ ਕਰਕੇ ਹੱਥ ਪੈਰ ਤੇ ਮੂੰਹ 'ਚ ਕੱਪੜਾ ਤੁੰਨ ਕੇ ਉਪਰੋਂ ਮੂੰਹ 'ਤੇ ਕੱਪੜਾ ਲਪੇਟਿਆ ਹੋਇਆ ਸੀ ਤੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀ ਕਮਰਿਆਂ ਦੇ ਬੈਡਾਂ ਦੀ ਫਰੋਲਾ ਫਰਾਲੀ ਕਰਕੇ ਕੀਮਤੀ ਸਮਾਨ ਚੋਰੀ ਕਰ ਕੇ ਲੈ ਗਏ। ਇਸ ਸਬੰਧੀ ਸਰਪੰਚ ਜੁਗਿੰਦਰ ਸਿੰਘ ਨੂੰ ਦੱਸਣ 'ਤੇ ਥਾਣਾ ਮਾਹਿਲਪੁਰ ਨੂੰ ਸੂਚਿਤ ਕੀਤਾ। ਐਸ ਪੀ. ਮੇਜਰ ਸਿੰਘ, ਡੀ.ਐਸ.ਪੀ. ਐਸ.ਐਸ. ਸੰਧੂ, ਬਲਜਿੰਦਰ ਸਿੰਘ ਮੱਲ੍ਹੀ ਥਾਣਾ ਮੁਖੀ ਮਾਹਿਲਪੁਰ, ਇੰਸਪੈਕਟਰ ਗੁਰਪ੍ਰੀਤ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ 'ਚ ਲੈ ਕੇ ਫਿੰਗਰ ਪਿੰਟ ਟੀਮ ਤੇ ਡਾਗ ਸਕੁਐਡ ਟੀਮ ਦੀ ਮਦਦ ਨਾਲ ਵੱਡੇ ਪੱਧਰ 'ਤੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਭਾਜਪਾ ਗੋਹਲਣੀ ਮੰਡਲ ਦੇ ਆਗੂਆਂ ਵੱਲੋਂ ਵੱਖ-ਵੱਖ ਆਸਨਾਂ ਦੇ ਯੋਗ ਅਭਿਆਸ



**ਭਲਾਣ (ਹਰਭਜਨ ਢਿੱਲੋਂ)-** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀਆਂ ਹਦਾਇਤਾਂ ਅਨੁਸਾਰ ਗੋਹਲਣੀ ਮੰਡਲ ਦੇ ਆਗੂਆਂ ਵੱਲੋਂ ਸਥਾਨਕ ਲੋਕਾਂ ਦੇ ਸਹਿਯੋਗ ਨਾਲ 10ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਗੋਹਲਣੀ ਸਰਕਲ ਦੇ ਪ੍ਰਧਾਨ ਬਰਿੰਦਰ ਵਿੱਕੀ ਨੇ ਦੱਸਿਆ ਕਿ ਲਾਲਪੁਰਾ ਦੀਆਂ ਹਦਾਇਤਾਂ ਅਨੁਸਾਰ ਅੱਜ ਯੋਗ ਅਭਿਆਸ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿਚ ਸਥਾਨਕ ਭਾਜਪਾ ਆਗੂਆਂ ਅਤੇ ਲੋਕਾਂ ਨੇ ਵੱਖ-ਵੱਖ ਆਸਨਾਂ ਦਾ ਅਭਿਆਸ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਕੇ ਸਾਡੇ ਦੇਸ਼ ਦੀ ਯੋਗ ਸੰਸਕ੍ਰਿਤੀ ਨੂੰ ਪੂਰੀ ਦੁਨੀਆ ਮੰਨ ਰਹੀ ਹੈ ਤੇ ਅੱਜ ਪੂਰੇ ਵਿਸ਼ਵ ਵਿਚ ਯੋਗ ਦਿਵਸ ਮਨਾਇਆ ਜਾ ਰਿਹਾ ਹੈ, ਜੋ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਯੋਗ ਅਭਿਆਸ ਨਾਲ ਸਰੀਰ ਅਨੇਕਾਂ ਰੋਗਾਂ ਤੋਂ ਮੁਕਤ ਹੁੰਦਾ ਹੈ। ਅਜਿਹੇ ਯਤਨ ਕਰਨ ਚਾਹੀਦੇ ਹਨ ਕਿਉਂਕਿ ਇਹਨਾਂ ਉਪਰਾਲਿਆਂ ਨਾਲ ਨੌਜਵਾਨਾਂ ਨੂੰ ਯੋਗਾ ਬਾਰੇ ਵਧੇਰੇ ਜਾਣਕਾਰੀ ਮਿਲਦੀ ਹੈ। ਵਿੱਕੀ ਨੇ ਕਿਹਾ ਕਿ ਯੋਗਾ ਭਾਰਤ ਦਾ ਸੱਭਿਆਚਾਰ ਹੈ। ਭਾਰਤ ਦੇ ਇਸ ਸੱਭਿਆਚਾਰ ਨੂੰ ਪੂਰੀ ਦੁਨੀਆ ਨੇ ਅਪਣਾਇਆ ਹੈ। ਇਸ ਮੌਕੇ ਤਿਲਕ ਰਾਜ, ਊਸ਼ਾ ਦੇਵੀ, ਸ਼ਰਨਜੀਤ ਸਿੰਘ, ਸੁਸ਼ਮਾ ਦੇਵੀ, ਸਲੋਚਨਾ ਦੇਵੀ, ਸੁਮਨ ਬਾਲਾ ਆਦਿ ਮੌਜੂਦ ਸਨ।

# ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਮਨਾਇਆ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ



**ਮੁਹਾਲੀ (ਗੁਰਜੀਤ ਬਿੱਲਾ )-**ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਯੂਨੀਵਰਸਿਟੀ ਕੈਂਪਸ ਦੀ ਸੈਂਟਰਲ ਜਿਮ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸਪੋਰਟਸ ਡਾਇਰੈਕਟਰ ਡਾ. ਮਹੇਸ਼ ਜੇਟਲੀ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਯੋਗਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਉਜਾਗਰ ਕੀਤਾ ਕਿ ਕਿਵੇਂ ਯੋਗਾ ਸਾਡੀ ਸੰਸਕ੍ਰਿਤੀ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ ਅਤੇ ਕਿਵੇਂ ਇਸ ਦੇ ਲਾਭ ਹੁਣ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹਨ।ਇਸ ਦੌਰਾਨ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਯੋਗਾ ਇੱਕ ਪ੍ਰਾਚੀਨ ਕਲਾ ਅਤੇ ਸਿਹਤ ਅਤੇ ਇਕਸੁਰਤਾ ਦਾ ਵਿਗਿਆਨ ਹੈ ਅਤੇ ਇਸ ਵਿੱਚ ਹਰੇਕ ਮਨੁੱਖ ਦੀ ਸਰੀਰਕ, ਮਾਨਸਿਕ, ਭਾਵਨਾਤਮਕ, ਸਮਾਜਿਕ ਅਤੇ ਅਧਿਆਤਮਿਕ ਸਿਹਤ ਦੀ ਵਿਸ਼ਾਲ ਸੰਭਾਵਨਾ ਹੈ।ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਸਰਵਪੱਖੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਬਾਰੇ ਦੱਸਿਆ, ਜਿਸ ਵਿੱਚ ਵਿਦਿਆਰਥੀਆਂ ਦਾ ਸਰੀਰਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਯੋਗਾ ਸਿਰਫ਼ ਕਸਰਤ ਦਾ ਇੱਕ ਰੂਪ ਨਹੀਂ ਹੈ; ਇਹ ਜੀਵਨ ਦਾ ਇੱਕ ਤਰੀਕਾ ਹੈ ਜੋ ਸਾਡੀ ਸਮੁੱਚੀ ਤੰਦਰੁਸਤੀ ਨੂੰ ਵਧਾਉਂਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ, ਰਜਿਸਟਰਾਰ ਡਾ. ਦਿਨੇਸ਼ ਸ਼ਰਮਾ, ਡਾਇਰੈਕਟਰ ਐਡਮਿਨ ਬੀਰ ਸਿੰਘ ਬੈਂਸ ਨੇ ਵੀ ਸ਼ਮੂਲੀਅਤ ਕੀਤੀ।ਇਵੈਂਟ ਦੌਰਾਨ ਤਜਰਬੇਕਾਰ ਇੰਸਟ੍ਰਕਟਰਾਂ ਅਕਾਂਕਸ਼ਾ ਗੌੜ ਅਤੇ ਖੁਸ਼ਬੂ ਇੱਕ ਯੋਗਾ ਥੈਰੇਪਿਸਟ ਦੀ ਅਗਵਾਈ ਵਿੱਚ ਯੋਗਾ ਸੈਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ ਜਿੱਥੇ ਭਾਗੀਦਾਰਾਂ ਨੇ ਵੱਖ-ਵੱਖ ਆਸਣਾਂ ਅਤੇ ਸਾਹ ਲੈਣ ਦੇ ਅਭਿਆਸ ਕੀਤੇ।ਸਮਾਰੋਹ ਦੀ ਸਮਾਪਤੀ ਡਾ. ਮਹੇਸ਼ ਜੇਟਲੀ ਦੇ ਧੰਨਵਾਦ ਨਾਲ ਹੋਈ ਜਿਨ੍ਹਾਂ ਨੇ ਸਮਾਗਮ ਨੂੰ ਸ਼ਾਨਦਾਰ ਢੰਗ ਨਾਲ ਸਫਲ ਬਣਾਉਣ ਲਈ ਸਾਰੇ ਪਤਵੰਤਿਆਂ, ਭਾਗੀਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨਿਯਮਿਤ ਯੋਗਾ ਅਤੇ ਤੰਦਰੁਸਤੀ ਦੀਆਂ ਗਤੀਵਿਧੀਆਂ ਰਾਹੀਂ ਇੱਕ ਸਿਹਤਮੰਦ ਕੈਂਪਸ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੇ ਸਮਰਪਣ ਨੂੰ ਦੁਹਰਾਇਆ।

# ਛੇਵਾਂ ਪੇ ਕਮਿਸ਼ਨ ਮਿਲਣ 'ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਮੂੰਹ ਮਿੱਠਾ ਕਰਵਾ ਕੀਤਾ ਧੰਨਵਾਦ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-**ਸਹਾਇਤਾ ਪ੍ਰਾਪਤ ਕਾਲਜਾਂ ਦੀ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਿੱਤੇ ਬਿਆਨ 'ਤੇ ਸਹਾਇਤਾ ਪ੍ਰਾਪਤ ਕਾਲਜਾਂ ਦੇ ਨਾਨ ਟੀਚਿੰਗ ਸਟਾਫ ਵਿੱਚ ਇੱਕਦਮ ਖੁਸ਼ੀ ਦੀ ਲਹਿਰ ਦੌੜ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰੈਸ ਸਕੱਤਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਆਏ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲ ਕੇ ਪ੍ਰਾਈਵੇਟ ਕਾਲਜ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਬੈਂਸ ਨੇ ਜਲਦੀ ਨੋਟੀਫਿਕੇਸ਼ਨ ਜਾਰੀ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਬਿਹਤਰੀ ਲਈ ਸਦਾ ਵਚਨਬੱਧ ਹੈ ਅਤੇ ਮੁਲਾਜ਼ਮਾਂ ਦੀਆਂ ਹਰ ਹੱਕੀ ਮੰਗਾਂ ਮੰਨਣ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਤਤਪਰ ਹੈ।

ਇਸ ਮੌਕੇ ਉਚੇਰੀ ਸਿੱਖਿਆ ਮੰਤਰੀ ਨੇ ਮੁਲਾਜ਼ਮ ਆਗੂਆਂ ਨੂੰ ਕਿਹਾ ਕਿ ਉਹ ਇਸ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਨ ਕਿਉਂਕਿ ਇਸ ਸਕੇਲ ਨੂੰ ਲਾਗੂ ਕਰਨ ਲਈ ਸਭ ਤੋਂ ਵੱਧ ਯੋਗਦਾਨ ਵਿੱਤ ਵਿਭਾਗ ਦਾ ਹੀ ਹੈ।ਇਸ ਮੌਕੇ ਪ੍ਰਾਈਵੇਟ ਕਾਲਜ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਦੇ ਜਨਰਲ ਸਕੱਤਰ ਜਗਦੀਪ ਸਿੰਘ ਨੇ ਕਿਹਾ ਕਿ ਚਿਰਾਂ ਤੋਂ ਲਟਕਦੀ ਮੰਗ ਪੂਰੀ ਹੋਣ ਨਾਲ ਸਹਾਇਤਾ ਪ੍ਰਾਪਤ ਕਾਲਜਾਂ ਦਾ ਹਰ ਮੁਲਾਜ਼ਮ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਿਸ਼ੇਸ਼ ਧੰਨਵਾਦ ਕਰਦਾ ਹੈ।ਇਸ ਮੌਕੇ ਜਨਰਲ ਸਕੱਤਰ ਅਤੇ ਬਾਕੀ ਅਹੁਦੇਦਾਰਾਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਮੂੰਹ ਮਿੱਠਾ ਕਰਵਾ ਕੇ ਧੰਨਵਾਦ ਕੀਤਾ। ਇਸ ਮੌਕੇ ਅਨੰਦਪੁਰ ਸਾਹਿਬ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਕੌਂਸਲਰ ਵਿਕਰਮ ਸਿੰਘ ਪ੍ਰਾਈਵੇਟ ਕਾਲਜ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਦੇ ਜਨਰਲ ਸਕੱਤਰ ਜਗਦੀਪ ਸਿੰਘ, ਪ੍ਰਧਾਨ ਰਾਜੀਵ ਸ਼ਰਮਾ, ਰਵੀ ਮੈਣੀ, ਸਵਿੰਦਰ ਸਿੰਘ ਗੋਲਾ, ਦੀਪਕ ਕੁਮਾਰ,ਅਮਰੀਕ ਸਿੰਘ, ਸਥਾਨਕ ਇਕਾਈ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਦੇ ਪ੍ਰਧਾਨ ਸੋਹਣ ਸਿੰਘ, ਦਵਿੰਦਰ ਸਿੰਘ, ਪਰਮਜੀਤ ਸਿੰਘ, ਲਖਵੀਰ ਸਿੰਘ, ਰਵਿੰਦਰ ਸਿੰਘ, ਚਰਨਜੀਤ ਸਿੰਘ ਚੰਨੀ, ਪਰਮਿੰਦਰ ਸਿੰਘ, ਗੁਰਦੀਪ ਸਿੰਘ ਹਾਜ਼ਰ ਸਨ।

# ਬਾਬਾ ਲਾਹੌਰੀ ਸ਼ਾਹ ਦਾ ਸਾਲਾਨਾ ਮੇਲਾ 28 ਨੂੰ

**ਢਿੱਲਵਾਂ (ਮਨਪ੍ਰੀਤ ਸਿੰਘ)-**ਬਾਬਾ ਲਾਹੌਰੀ ਸ਼ਾਹ ਮੇਲਾ ਪ੍ਰਬੰਧਕ ਕਮੇਟੀ ਢਿੱਲਵਾਂ ਵੱਲੋਂ ਸਮੂਹ ਨਗਰ ਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਬਾਬਾ ਲਾਹੌਰੀ ਸ਼ਾਹ ਦਾ ਸਲਾਨਾ ਜੋੜ ਮੇਲਾ 28 ਜੂਨ ਨੂੰ ਢਿੱਲਵਾਂ ਵਿੱਚ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ।

ਮੁੱਖ ਪ੍ਰਬੰਧਕ ਹਰਨੇਕ ਸਿੰਘ ਚੱਕੀ ਵਾਲੇ ਤੇ ਸਮੂਹ ਮੈਂਬਰਾਂ ਨੇ ਦੱਸਿਆ ਕਿ ਇਸ ਸਲਾਨਾ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਕੋਮਲ ਮੁੱਟੂ ਐਂਡ ਪਾਰਟੀ, ਜਰਨੈਲ ਰੱਤੋਕੇ, ਮਨਜੀਤ ਪੱਪੂ, ਹੈਰੀ ਧਨੋਆ ਅਤੇ ਪ੍ਰਸਿੱਧ ਕਮੇਡੀ ਕਲਾਕਾਰ ਘੁੱਲੇ ਸ਼ਾਹ ਹਾਜ਼ਰ ਸੰਗਤਾਂ ਦਾ ਮਨੋਰੰਜਨ ਕਰਨਗੇ।ਮੇਲੇ ਦਾ ਉਦਘਾਟਨ ਪ੍ਰਬੰਧਕ ਕਮੇਟੀ ਵੱਲੋਂ ਸਵੇਰੇ 10:30 ਵਜੇ ਕੀਤਾ ਜਾਵੇਗਾ।ਗੁਰੂ ਕਾ ਲੰਗਰ ਅਤੇ ਛਬੀਲ ਅਤੁੱਟ ਵਰਤੇਗੀ। ਕਬੱਡੀ ਕਲੱਬਾਂ ਦਾ ਸ਼ੋਅ ਮੈਚ ਵੀ ਹੋਵੇਗਾ।

# ਕਾਤਲ ਨੂੰ ਅਦਾਲਤ 'ਚ ਪੇਸ਼ ਕਰਨ ਮਗਰੋਂ ਜੇਲ੍ਹ ਭੇਜਿਆ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)-** ਮਨਸਾ ਦੇਵੀ ਨਗਰ ਵਿਖੇ ਚਾਕੂ ਮਾਰ ਕੇ ਕਤਲ ਕੀਤੇ ਜਾਣ ਦੇ ਮਾਮਲੇ 'ਚ ਪੁਲਸ ਨੇ ਉਕਤ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕਰਨ ਮਗਰੋਂ ਜੇਲ੍ਹ ਭੇਜ ਦਿੱਤਾ ਹੈ। ਐਸ.ਐਚ.ਓ ਸਤਨਾਮਪੁਰਾ ਗੌਰਵ ਧੀਰ ਨੇ ਦੱਸਿਆ ਕਿ ਉਕਤ ਕਾਤਲ ਮੁਸਾਹਿਬ ਅਨਸਾਰੀ ਪੁੱਤਰ ਰਾਇਸਮੀਆ ਅਨਸਾਰੀ ਵਾਸੀ ਪਿੰਡ ਰਘੁਨਾਥਪੁਰ ਉਸਦਾ ਚਾਚਾ ਹੀ ਸੀ। ਇਨ੍ਹਾਂ ਦੀ ਆਪਸ 'ਚ ਅੰਦਰੂਨੀ ਤੌਰ 'ਤੇ ਝਗੜਾ ਹੋਇਆ ਹੈ ਜਿਸ ਕਾਰਨ ਉਸਨੇ ਆਪਣੇ ਭਤੀਜੇ ਸਾਹਿਲ ਅਨਸਾਰੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ ਬਾਅਦ 'ਚ ਉਸ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾ ਦਿੱਤਾ ਸੀ, ਜਿਸ ਦੀ ਜਾਂਚ ਮਗਰੋਂ ਪੁਲਸ ਨੇ ਮੁਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਐੱਸ ਡੀ ਕਾਲਜ ਲੜਕੀਆਂ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)—** ਅਲਫ਼ਾ ਮਹਿੰਦਰੂ ਫਾਊਂਡੇਸ਼ਨ, ਭਾਰਤੀ ਯੋਗ ਸੰਸਥਾਨ ਦੇ ਸਹਿਯੋਗ ਨਾਲ, ਪੀ.ਸੀ.ਐਮ ਐਸ.ਡੀ ਕਾਲਜ ਲੜਕੀਆਂ ਵਿੱਚ 10 ਰੋਜ਼ਾ ਯੋਗ ਕੈਂਪ ਦਾ ਲਗਾਇਆ ਗਿਆ।ਐਨ.ਸੀ.ਸੀ. ਅਤੇ ਕਾਲਜ ਦੇ ਵਿਦਿਆਰਥੀਆਂ ਸਮੇਤ ਆਸ-ਪਾਸ ਦੇ ਨਿਵਾਸੀਆਂ ਨੇ ਭਾਗ ਲਿਆ।ਭਾਰਤੀ ਯੋਗਾ ਸੰਸਥਾਨ ਦੇ ਮਾਹਿਰ ਯੋਗਾ ਇੰਸਟ੍ਰਕਟਰਾਂ ਨੇ ਭਾਗੀਦਾਰਾਂ ਨੂੰ ਵੱਖ-ਵੱਖ ਆਸਣਾਂ, ਪ੍ਰਾਣਾਯਾਮ ਤਕਨੀਕਾਂ ਅਤੇ ਧਿਆਨ ਅਭਿਆਸਾਂ ਰਾਹੀਂ ਮਾਰਗਦਰਸ਼ਨ ਕੀਤਾ।ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਸਮੇਤ ਪ੍ਰਿੰਸੀਪਲ ਨੇ ਯੋਗ ਕੈਂਪ ਦੇ ਸਫਲਤਾਪੂਰਵਕ ਆਯੋਜਨ ਲਈ ਅਲਫਾ ਮਹਿੰਦਰੂ ਫਾਊਂਡੇਸ਼ਨ ਅਤੇ ਭਾਰਤੀ ਯੋਗ ਸੰਸਥਾਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਸਾਲਾਨਾ ਦੋ ਦਿਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਜੋੜੇ ਖੂਹ ਵਾਲੀ ਸਰਕਾਰ ਜੀ ਸਲੋਹ ਰੋਡ ਸੂਹੇ ਵਾਲੀ ਸੜਕ ਵਿਰਕ ਕਲੋਨੀ ਵਿਖੇ ਸਾਲਾਨਾ ਦੋ ਦਿਨਾ ਜੋੜ ਮੇਲਾ 20, 21 ਜੂਨ ਨੂੰ ਧੂਮਧਾਮ ਨਾਲ ਮਨਾਇਆ ਗਿਆ।ਇਹ ਜਾਣਕਾਰੀ ਸੇਵਾਦਾਰ ਪਰਮਜੀਤ ਸਿੰਘ ਵਿਰਕ ਮੁੱਖ ਸੇਵਾਦਾਰ ਮਨਪ੍ਰੀਤ ਸਿੰਘ ਨੇ ਦਿੱਤੀ। ਝੰਡੇ ਚੜ੍ਹਾਉਣ ਦੀ ਰਸਮ ਅਤੇ ਚਿਰਾਗ ਰੋਸ਼ਨ ਕੀਤੇ ਗਏ। ਬਾਅਦ ਦੁਪਹਿਰ ਨੂੰ ਦਰਬਾਰ 'ਤੇ ਚਾਦਰਾਂ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਸਵੇਰੇ ਚਾਹ-ਪਕੌੜਿਆਂ ਤੋਂ ਬਾਅਦ ਵੱਖ-ਵੱਖ ਪਕਵਾਨਾਂ ਅਤੇ ਮਠਿਆਈਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ।ਪ੍ਰਸਿੱਧ ਗਾਇਕਾ ਮਨਜੀਤ ਸਹੋਤਾ ਨੇ ਹਾਜ਼ਰੀ ਲਗਵਾਈ।

# ਸੰਤ ਸਤਵਿੰਦਰ ਹੀਰਾ ਦੇ ਸਤਿਸੰਗ ਸਮਾਗਮਾਂ ਨਾਲ ਇੰਗਲੈਂਡ ਵਿਖੇ ਆਦਿ ਧਰਮ ਲਹਿਰ ਨੂੰ ਮਿਲਿਆ ਭਰਵਾਂ ਹੁੰਗਾਰਾ : ਗਿਆਨ ਚੰਦ ਦੀਵਾਲੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਆਦਿ ਧਰਮ ਮੰਡਲ ਸਥਾਪਨਾ ਦਿਵਸ ਭਾਰਤ ਅਤੇ ਵਿਦੇਸ਼ਾਂ ਵਿਚ ਬਹੁਤ ਉਤਸ਼ਾਹ ਪੂਰਨ ਮਨਾਏ ਜਾ ਰਹੇ ਹਨ। ਇੰਗਲੈਂਡ ਵਿਖੇ ਵੱਖ ਵੱਖ ਸ਼ਹਿਰਾਂ ਵਿੱਚ ਆਦਿ ਧਰਮ ਸਥਾਪਨਾ ਦਿਵਸ ਸਮਾਗ਼ਮ ਕਰਵਾਏ ਗਏ ਜਿਨਾਂ ਵਿੱਚ ਹਾਜਰੀ ਭਰਨ ਲਈ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ(ਰਜਿ.) ਭਾਰਤ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਨਾਲ ਵਾਈਸ ਪ੍ਰਧਾਨ ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸ਼ਨ ਵੀ ਹਾਜਰ ਸਨ। ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਡਾਰਲੇਸਟਨ ਯੂ ਕੇ ਵਿਖੇ ਮਹਾਨ ਰਹਿਬਰ,ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਭਾਰਤ ਵਿਚ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਕਾਂਸ਼ੀ ਬਨਾਰਸ,ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਤੋਂ ਇਲਾਵਾ ਕਈ ਸਤਿਗੁਰੂ ਰਵਿਦਾਸ ਮਹਾਰਾਜ ਦੇ ਚਰਨਛੋਹ ਅਸਥਾਨਾਂ ਦੇ ਖੋਜ ਕਰਤਾ,ਆਦਿ ਧਰਮ ਮਿਸ਼ਨ ਦੇ ਬਾਨੀ ਸੰਤ ਬਾਬਾ ਬੰਤਾ ਰਾਮ ਘੇੜਾ ਦੀ ਯਾਦ ਅੰਦਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਸਤਿਸੰਗ ਰਾਹੀਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਭਾਰਤ ਦੇ ਕਰੋੜਾਂ ਆਦਿ ਧਰਮੀ ਬਹੁਜਨਾਂ ਦੀ ਤਰੱਕੀ ਖੁਸ਼ਹਾਲੀ ਦਾ ਇਕੋ ਇਕ ਮੁੱਖ ਮਾਰਗ ਸਿੱਖਿਆ ਹੈ।ਬਹੁਜਨ ਸਮਾਜ ਦੇ ਮਹਾਨ ਰਹਿਬਰਾਂ ਨੇ ਦੇਸ਼ ਦੇ ਅਨੁਸੂਚਿਤ ਜਾਤੀ,ਪਛੜਿਆਂ ਨੂੰ ਸਿੱਖਿਅਤ ਬਣਾਉਣ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਭਾਰਤ ਦੇ ਕਰੋੜਾਂ ਆਦਿ ਵਾਸੀਆਂ, ਦੱਬੇ ਕੁਚਲੇ,ਲਿਤਾੜੇ ਬਹੁਜਨ ਸਮਾਜ ਦੀਆਂ ਸਮਾਜਿਕ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਇਨਾਂ ਮਹਾਨ ਰਹਿਬਰਾਂ ਦੇ ਕੀਤੇ ਹੋਏ ਮਹਾਨ ਉਪਕਾਰਾਂ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਨਾਂ ਵਿਦੇਸ਼ਾਂ ਦੀ ਧਰਤੀ 'ਤੇ ਬੈਠੇ ਆਦਿ ਧਰਮੀ ਸਮਾਜ ਨੂੰ ਅਪੀਲ ਕੀਤੀ ਉਹ ਸਮਾਜ ਨੂੰ ਸਿੱਖਿਅਤ ਤੇ ਖੁਸ਼ਹਾਲ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਜਾਰੀ ਰੱਖਣ।ਗਿਆਨ ਚੰਦ ਦੀਵਾਲੀ ਨੇ ਕਿਹਾ ਕਿ ਸੰਤ ਸਤਵਿੰਦਰ ਹੀਰਾ ਵਲੋਂ ਇੰਗਲੈਂਡ ਵਿਖੇ ਸਤਿਸੰਗ ਸਮਾਗਮਾਂ ਨਾਲ ਆਦਿ ਧਰਮ ਲਹਿਰ ਨੂੰ ਵੱਡਾ ਹੁੰਗਾਰਾ ਮਿਲਿਆ ਹੈ।ਇਸ ਮੌਕੇ ਆਦਿ ਧਰਮ ਮਿਸ਼ਨ ਇੰਗਲੈਂਡ ਕਮੇਟੀ ਮੈਂਬਰ ਚੇਅਰਮੈਨ ਰਜੇਸ਼ ਕੁਮਾਰ ਜੱਸਲ, ਪ੍ਰਧਾਨ ਜਰਨੈਲ ਸਿੰਘ ਹੀਰ, ਕੌਂਸਲਰ ਆਰ ਕੇ ਮਹਿਮੀ,ਦੇਵ ਰਾਜ ਲੰਗਾਹ,ਰਾਕੇਸ਼ ਹੀਰ, ਰੇਸ਼ਮ ਸਿੰਘ, ਕੈਪਟਨ ਬੀ ਆਰ ਨਈਅਰ ਪ੍ਰਧਾਨ ਇੰਗਲੈਂਡ, ਹਰਬੰਸ ਲਾਲ ਹੀਰਾ ਸੈਕਟਰੀ ਗੁਰੂ ਰਵਿਦਾਸ ਟੈਂਪਲ ਵੁਲਵਰਹੈਂਪਟਨ, ਵਿਨੋਦ ਕੁਮਾਰ, ਚਮਨ ਲਾਲ,ਅਮਰਜੀਤ ਬੰਗਾ,ਜੀਤ ਰਾਮ ਅਤੇ ਸੰਤ ਬੀਬੀ ਪੂਨਮ ਹੀਰਾ ਵੀ ਹਾਜਰ ਸਨ।

## ਸਨੌਰਾ ਸਕੂਲ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਹਰ ਸਾਲ 21 ਜੂਨ ਨੂੰ ਮਨਾਏ ਜਾਂਦੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿੱਚ, ਐਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਜਸ਼ਨ ਵਿੱਚ ਭਾਗ ਲਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਯੋਗ ਕਰਨ ਦੀ ਸਿਖਲਾਈ ਦਿੱਤੀ ਗਈ। ਟ੍ਰੇਨਰ ਨੇ ਸੈਸ਼ਨ ਦੀ ਸ਼ੁਰੂਆਤ ਕੁਝ ਕਸਰਤਾਂ ਜਿਵੇਂ ਕਿ ਸਿਰ ਨੂੰ ਘੁੰਮਾਉਣਾ, ਗੁੱਟ ਅਤੇ ਹੱਥ ਘੁੰਮਾਉਣਾ, ਸਾਈਡ ਫਾਰਵਰਡ ਅਤੇ ਬੈਕਵਰਡ ਮੋੜਨਾ ਆਦਿ ਨਾਲ ਸ਼ੁਰੂ ਕੀਤਾ। ਅਭਿਆਸਾਂ ਤੋਂ ਬਾਅਦ ਪ੍ਰਾਣਾਯਾਮ (ਧਿਆਨ) ਕੀਤਾ ਗਿਆ ਜਿੱਥੇ ਛੋਟੇ ਬੱਚੇ ਧੀਰਜ ਨਾਲ ਆਪਣੀਆਂ ਅੱਖਾਂ ਨੂੰ ਬੰਦ ਕਰ ਸਹੀ ਆਸਣ ਵਿੱਚ ਬੈਠ ਗਏ। ਓਮ ਦਾ ਜਾਪ ਕੀਤਾ। ਫਿਰ ਟ੍ਰੇਨਰ ਨੇ ਵਿਦਿਆਰਥੀਆਂ ਨੂੰ ਤਾੜ ਆਸਨ, ਪਦਮਾਸਨ, ਵਜਰਾਸਨ, ਪਰਵਤਾਸਨ, ਅਤੇ ਬਟਰਫਲਾਈ ਆਸਣ ਆਦਿ ਵਰਗੇ ਵੱਖ-ਵੱਖ ਯੋਗ ਆਸਣਾਂ ਨੂੰ ਸਰਗਰਮੀ ਨਾਲ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਸੀਬੀਐਸਈ ਪਾਠਕ੍ਰਮ ਗਤੀਵਿਧੀ ਦੇ ਹਿੱਸੇ ਵਜੋਂ ਲੇਖ ਲਿਖਣ ਮੁਕਾਬਲੇ ਵਿੱਚ ਵੀ ਹਿੱਸਾ ਲਿਆ, ਬੱਚਿਆਂ ਦੇ ਖੁਸ਼ ਅਤੇ ਸੰਤੁਸ਼ਟ ਚਿਹਰਿਆਂ ਤੋਂ ਸਾਫ਼ ਜ਼ਾਹਰ ਹੁੰਦਾ ਹੈ ਸੀ ਕਿ ਉਹ ਜੋਸ਼ ਨਾਲ ਭਰੇ ਹੋਏ ਸਨ ਅਤੇ ਸੈਸ਼ਨ ਦਾ ਪੂਰਾ ਆਨੰਦ ਲਿਆ।

## ਐੱਲ ਪੀ ਯੂ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)** -: ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੇ ਕੈਂਪਸ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਦੇ ਨਾਲ-ਨਾਲ ਸੈਂਕੜੇ ਐਨ ਐਸ ਐਸ ਵਾਲੰਟੀਅਰਾਂ ਅਤੇ ਐਨ ਸੀ ਸੀ ਕੈਡਿਟਾਂ ਨੇ ਭਾਗ ਲਿਆ ਜੋ ਵਰਤਮਾਨ ਵਿੱਚ ਐਲ ਪੀ ਯੂ ਕੈਂਪਸ ਵਿੱਚ ਕੈਂਪ ਵਿੱਚ ਹਿੱਸਾ ਲੈ ਰਹੇ ਹਨ । ਇਸ ਸਾਲ ਦੇ ਅੰਤਰਰਾਸ਼ਟਰੀ ਥੀਮ, ਸਵੈ ਅਤੇ ਸਮਾਜ ਲਈ ਯੋਗਾ ਦੇ ਅਨੁਸਾਰ, ਐਲ ਪੀ ਯੂ ਨੇ ਇਸ ਪ੍ਰਾਚੀਨ ਅਭਿਆਸ ਦੇ ਤੱਤ ਨੂੰ ਅਪਣਾਇਆ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੋਗਾ ਵਿਅਕਤੀਗਤ ਤੰਦਰੁਸਤੀ ਤੋਂ ਅੱਗੇ ਹੈ। ਇਹ ਅੰਦਰੂਨੀ ਸਵੈ ਅਤੇ ਬਾਹਰੀ ਸੰਸਾਰ ਦੇ ਵਿਚਕਾਰ ਇੱਕ ਡੂੰਘਾ ਸਬੰਧ ਬਣਾਉਂਦਾ ਹੈ। ਭਾਗੀਦਾਰਾਂ ਵਿੱਚ ਬਿਹਤਰ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ, ਕਈ ਤਰ੍ਹਾਂ ਦੀਆਂ ਯੋਗਾ ਅਭਿਆਸਾਂ ਅਤੇ ਗਤੀਵਿਧੀਆਂ ਕੀਤੀਆਂ ਗਈਆਂ ।

ਵਿਨੈ ਸ਼ਰਮਾ, ਇਨਕਮ ਟੈਕਸ ਅਧਿਕਾਰੀ, ਯੋਗਾ ਅਭਿਆਸੀ ਅਤੇ ਆਰਟ ਆਫ ਲਿਵਿੰਗ ਹੈਪੀਨੈਸ ਪ੍ਰੋਗਰਾਮ ਦੇ ਅਧਿਆਪਕ ਰਿਸੋਰਸ ਪਰਸਨ ਵਜੋਂ ਸ਼ਾਮਲ ਹੋਏ। ਵਿਨੈ ਸ਼ਰਮਾ ਨੇ ਪ੍ਰਾਣਾਯਾਮ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਯੋਗ ਅਭਿਆਸ ਦਾ ਅਨਿੱਖੜਵਾਂ ਅੰਗ ਹੈ। ਨਾਦੀ ਸ਼ੋਧਨਾ, ਕਪਾਲਭਾਤੀ ਅਤੇ ਭਰਮਰੀ ਵਰਗੀਆਂ ਪ੍ਰਾਣਾਯਾਮ ਤਕਨੀਕਾਂ ਸਿਖਾਈਆਂ, ਜੋ ਤਣਾਅ ਘਟਾਉਣ ਅਤੇ ਮਨ ਨੂੰ ਸ਼ਾਂਤ ਕਰਨ ਵਾਲੇ ਪ੍ਰਭਾਵਾਂ ਲਈ ਜਾਣੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਭਾਗੀਦਾਰਾਂ ਨੂੰ ਦਿਲ ਦੀ ਬਿਮਾਰੀ, ਡਾਇਬੀਟੀਜ਼, ਸਰਵਾਈਕਲ ਦਰਦ, ਮਾਈਗਰੇਨ ਅਤੇ ਹੋਰ ਹਾਲਤਾਂ ਲਈ ਲਾਭਕਾਰੀ ਯੋਗਾ ਆਸਣਾਂ ਬਾਰੇ ਜਾਣਕਾਰੀ ਦਿੱਤੀ ਗਈ । ਸੰਸਦ ਮੈਂਬਰ ਅਤੇ ਐਲ ਪੀ ਯੂ ਫਾਊਂਡਰ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਵਿਅਕਤੀਗਤ ਵਿਕਾਸ ਅਤੇ ਸਵੈ-ਖੋਜ ਲਈ ਯੋਗਾ ਦੇ ਮਹੱਤਵ ਨੂੰ ਉਜਾਗਰ ਕੀਤਾ। ਨਿਯਮਤ ਅਭਿਆਸ ਦੁਆਰਾ, ਵਿਅਕਤੀ ਸਵੈ-ਜਾਗਰੂਕਤਾ ਵਿਕਸਿਤ ਕਰਦੇ ਹਨ, ਸਰੀਰਕ ਅਤੇ ਮਾਨਸਿਕ ਸਿਹਤ ਨੂੰ ਵਧਾਉਂਦੇ ਹਨ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਦੇ ਹਨ। ਡਾ. ਅਸ਼ੋਕ ਕੁਮਾਰ ਮਿੱਤਲ ਨੇ ਸਮਝਾਇਆ ਕਿ ਯੋਗਾ ਸਾਨੂੰ ਵਰਤਮਾਨ ਪਲ ਨੂੰ ਗਲੇ ਲਗਾਉਣਾ, ਤਣਾਅ ਅਤੇ ਚਿੰਤਾ ਨੂੰ ਦੂਰ ਕਰਨ ਅਤੇ ਆਪਣੇ ਸੱਚੇ ਸਵੈ ਨਾਲ ਜੁੜਨਾ ਸਿਖਾਉਂਦਾ ਹੈ। ਇਹ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਅਪਣਾਉਣ, ਸੀਮਾਵਾਂ ਨੂੰ ਦੂਰ ਕਰਨ ਅਤੇ ਉਨ੍ਹਾਂ ਦੀ ਪੂਰੀ ਸਮਰੱਥਾ ਨੂੰ ਕਰਨਾ ਸਿਖਾਉਂਦਾ ਹੈ।

## ਜ਼ਿਲ੍ਹਾ ਲਾਇਬ੍ਰੇਰੀ 'ਚ ਡਾ. ਰਾਏ ਤੇ ਧੀਮਾਨ ਨੇ ਲਗਾਇਆ ਪੌਦਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਵਾਤਾਵਰਣ ਵਿਚ ਵੱਧ ਰਹੀ ਤਪਸ਼ ਅਤੇ ਦਰੱਖਤਾਂ ਦੀ ਘਾਟ ਕਾਰਨ ਵੱਧ ਰਹੇ ਪ੍ਰਦੂਸ਼ਣ ਨੂੰ ਵੇਖਦਿਆਂ ਲੋਕਾਂ ਅਤੇ ਸਰਕਾਰ ਦੇ ਕੁੰਭ ਕਰਨੀ ਨੀਂਦੇ ਸੁੱਤੇ ਵਣ ਵਿਭਾਗ ਅਤੇ ਵਾਤਾਵਰਣ ਵਿਭਾਗ ਨੂੰ ਜਗਾਉਣ ਤੇ ਪੰਜਾਬ ਹਰਾ ਭਰਾ ਬਨਾਉਣ ਲਈ ਉਤਸ਼ਹਿਤ ਕਰਨ ਲਈ ਜ਼ਿਲ੍ਹਾ ਲਾਇਬ੍ਰੇਰੀ ਵਿਚ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਖੋਜ ਅਫਸਰ ਡਾ. ਜਸਵੰਤ ਰਾਏ ਅਤੇ ਜੈ ਗੋਪਾਲ ਧੀਮਾਨ ਦੀ ਅਗਵਾਈ ਵਿਚ ਇਕ ਹੋਰ ਪੌਦਾ ਲਗਾਇਆ। ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਪੰਜਾਬ ਅੰਦਰ ਜੰਗਲ ਪੈਦਾ ਕਰਨ ਲਈ ਰੋਡ ਮੈਪ ਤਿਆਰ ਕਰਨ ਦੀ ਸਖਤ ਲੋੜ ਹੈ।ਮਨੁੱਖ ਅਤੇ ਸਰਕਾਰ ਦੀਆ ਅਣਗਹਿਲੀਆਂ ਕਾਰਨ ਵਣ ਬਹੁਤ ਵੱਡੀ ਮਾਤਰਾ ਵਿਚ ਤਬਾਹ ਹੋ ਗਿਆ ਹੈ।ਇਸ ਨੂੰ ਮੁੜ ਲੀਹਾਂ ਉਤੇ ਲਿਆਉਣ ਲਈ ਘੱਟੋ ਘੱਟ 5,6 ਸਾਲ ਦਾ ਸਮਾਂ ਲੱਗੇਗਾ।ਪਰ ਦਰੱਖਤਾਂ ਦੀ ਘਾਟ ਕਾਰਨ ਤੇਜੀ ਨਾਲ ਬਹੁਤ ਕੁਝ ਅਲੋਪ ਹੋ ਰਿਹਾ ਹੈ।ਕਈ ਮਿੱਤਰ ਪੰਛੀ ਤੇ ਕੀਮਤੀ ਦਰੱਖਤਾਂ ਦੀ ਹੋਂਦ ਵੀ ਖਤਰੇ ਵਿਚ ਪੈ ਚੁੱਕੀ ਹੈ। ਨਿੰਮ, ਪਿੱਪਲ,ਬੋਹੜ ਅਤੇ ਦੇਸੀ ਅੰਬਾਂ ਦੇ ਦਰੱਖਤਾਂ ਦੀ ਗਿਣਤੀ ਤਾਂ ਬਹੁਤ ਹੀ ਘੱਟ ਚੁੱਕੀ ਹੈ।ਇਕ ਦਰੱਖਤ ਹੀ ਲੋਕਾਂ ਨੂੰ ਜਿੰਦਗੀ ਦਿੰਦਾ ਹੈ ਤੇ ਆਕਸੀਜਨ ਦਾ ਸੰਤੁਲਨ ਬਣਾ ਕੇ ਰਖਣ ਦਾ ਅਦਭੁੱਤ ਸਾਧਨ ਹੈ।ਇਸ ਦਾ ਸਾਨੂੰ ਸਾਰਿਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ।ਉਨ੍ਹਾਂ ਦੇ ਦਸਿਆ ਕਿ ਇਸ ਮੁਹਿੰਮ ਨੂੰ ਚਾਲੂ ਰਖਿਆ ਜਾਵੇਗਾ।ਇਸ ਮੌਕੇ ਸੰਦੀਪ ਕੁਮਾਰ,ਸੁਰੇਸ਼ ਕੁਮਾਰ, ਸੁਰਿੰਦਰ ਸਿੰਘ ਪੱਪੀ, ਧਰਮਪਾਲ, ਪਿਊਸ਼, ਵਿਸ਼ਾਲ ਭਾਟੀਆ,ਸੁਖਵਿੰਦਰ ਸਿੰਘ ਅਤੇ ਸੋਨੂ ਮਹਿਤ ਪੁਰ ਅਤੇ ਕਾਕਾ ਮਹਿਤਪੁਰ ਆਦਿ ਸ਼ਾਮਲ ਸਨ।

## ਸੀ ਟੀ ਗਰੁੱਪ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)** -: ਸੀਟੀ ਗਰੁੱਪ ਨੇ ਇਸ ਸਾਲ ਦੇ ਥੀਮ, ਸਵੈ ਅਤੇ ਸਮਾਜ ਲਈ ਯੋਗ ਨੂੰ ਅਪਣਾਉਂਦੇ ਹੋਏ, ਆਪਣੇ ਸਾਰੇ ਕੈਂਪਸਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਇਹ ਜਸ਼ਨ ਸੀਟੀ ਗਰੁੱਪ ਸ਼ਾਹਪੁਰ ਕੈਂਪਸ ਤੋਂ ਸ਼ੁਰੂ ਹੋਇਆ ਅਤੇ ਸੀ ਟੀ ਗਰੁੱਪ ਮਕਸੂਦਾਂ ਕੈਂਪਸ, ਸੀਟੀ ਵਰਲਡ ਸਕੂਲ ਅਤੇ ਸੀਟੀ ਪਬਲਿਕ ਸਕੂਲ ਤੱਕ ਫੈਲਿਆ। ਸਟਾਫ, ਫੈਕਲਟੀ ਅਤੇ ਵਿਦਿਆਰਥੀਆਂ ਨੇ ਏਕਤਾ ਅਤੇ ਤੰਦਰੁਸਤੀ ਦੀ ਭਾਵਨਾ ਨੂੰ ਦਰਸਾਉਂਦੇ ਹੋਏ ਉਤਸ਼ਾਹ ਨਾਲ ਭਾਗ ਲਿਆ । ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਭਾਈਚਾਰਕ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਅਤੇ ਯੋਗਾ ਦੇ ਅਨੇਕ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ । ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਮਕਸੂਦਨ ਕੈਂਪਸ ਵਿਖੇ ਸਟਾਫ਼, ਫੈਕਲਟੀ ਅਤੇ ਵਿਦਿਆਰਥੀਆਂ ਲਈ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ । ਭਾਗੀਦਾਰਾਂ ਨੇ ਆਪਣੇ ਯੋਗਾ ਪੋਜ਼ ਵਿੱਚ ਸੁੰਦਰਤਾ ਅਤੇ ਸੰਤੁਲਨ ਨੂੰ ਦਰਸਾਉਂਦੇ ਹੋਏ ਵੱਖ-ਵੱਖ ਹੁਨਰਾਂ ਦਾ ਪ੍ਰਦਰਸ਼ਨ ਕੀਤਾ। ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਨੇ ਪਰਿੰਦੇ ਅਕੈਡਮੀ ਦੇ ਸੰਸਥਾਪਕ ਰਾਜਨ ਸਿਆਲ ਦੁਆਰਾ ਸਾਰੇ ਸਟਾਫ਼ ਅਤੇ ਫੈਕਲਟੀ ਦੀ ਉਤਸ਼ਾਹੀ ਸ਼ਮੂਲੀਅਤ ਨਾਲ ਇੱਕ ਵਿਸ਼ੇਸ਼ ਯੋਗਾ ਅਤੇ ਖੁਸ਼ੀ ਸੈਸ਼ਨ ਦੀ ਮੇਜ਼ਬਾਨੀ ਕੀਤੀ। ਸੀਟੀ ਪਬਲਿਕ ਸਕੂਲ ਨੇ ਇਸ ਸਾਲ ਲਗਭਗ ਯੋਗ ਦਿਵਸ ਮਨਾਇਆ। ਅਭਿਸ਼ੇਕ, ਇੱਕ ਪ੍ਰਮਾਣਿਤ ਯੋਗਾ ਟ੍ਰੇਨਰ, ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਖ-ਵੱਖ ਆਸਣਾਂ ਅਤੇ ਧਿਆਨ ਦੀਆਂ ਤਕਨੀਕਾਂ ਰਾਹੀਂ ਮਾਰਗਦਰਸ਼ਨ ਕੀਤਾ। ਵਾਈਸ-ਪ੍ਰਿੰਸੀਪਲ ਸੁਖਦੀਪ ਕੌਰ ਨੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਸਾਰਿਆਂ ਨੂੰ ਯੋਗਾ ਦੁਆਰਾ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੰਦਰੁਸਤੀ ਨੂੰ ਵਧਾਉਣ ਦਾ ਅਨੁਭਵ ਕਰਨ ਲਈ ਉਤਸ਼ਾਹਿਤ ਕੀਤਾ । ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ ਨੇ ਅੱਗੇ ਕਿਹਾ, ਯੋਗਾ ਸਿਰਫ਼ ਇੱਕ ਅਭਿਆਸ ਨਹੀਂ ਹੈ, ਸਗੋਂ ਜੀਵਨ ਦਾ ਇੱਕ ਤਰੀਕਾ ਹੈ ਜੋ ਇੱਕ ਸੰਤੁਲਿਤ ਮਨ ਅਤੇ ਸਰੀਰ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਅਸੀਂ ਇਸ ਤਰ੍ਹਾਂ ਦੀ ਸਰਗਰਮ ਭਾਗੀਦਾਰੀ ਅਤੇ ਇਸ ਦੇ ਸਾਡੇ 'ਤੇ ਪਾਏ ਜਾਣ ਵਾਲੇ ਸਕਾਰਾਤਮਕ ਪ੍ਰਭਾਵ ਨੂੰ ਦੇਖ ਕੇ ਬਹੁਤ ਖੁਸ਼ ਹਾਂ।

## ਨਗਰ ਨਿਗਮ 'ਚੋਂ ਬਤੌਰ ਕੈਸ਼ੀਅਰ ਸੇਵਾ ਮੁਕਤ ਹੋਏ ਜਸਵੀਰ ਸਿੰਘ ਭਾਮ ਨੇ ਕਰਵਾਇਆ ਸ਼ੁਕਰਾਨਾ ਸਮਾਗਮ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਨਗਰ ਨਿਗਮ ਦੇ ਟੈਕਸ ਵਿਭਾਗ ਵਿੱਚ 32 ਸਾਲ ਬੇਦਾਗ ਸੇਵਾਵਾਂ ਨਿਭਾਉਣ ਉਪਰੰਤ ਬਤੌਰ ਕੈਸ਼ੀਅਰ ਸੇਵਾ ਮੁਕਤ ਹੋਏ ਜਸਵੀਰ ਸਿੰਘਾਂ ਭਾਮ ਵਲੋਂ ਸ਼ੁਕਰਾਨਾ ਸਮਾਗਮ ਗੁਰਦੁਆਰਾ ਸ਼ਹੀਦ ਸਿੰਘ ਬਾਬਾ ਗਧੀਆ ਫਗਵਾੜਾ ਵਿਖੇ ਕਰਵਾਇਆ ਗਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਕੀਰਤਨ ਸਰਵਣ ਕਰਵਾਇਆ ਗਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਸੰਬੋਧਨ ਕਰਦਿਆਂ ਬਹਾਦਰ ਸਿੰਘ ਸਾਬਕਾ ਸਰਪੰਚ ਸੰਗਤਪੁਰ ਨੇ ਕਿਹਾ ਕਿ ਸਮਾਜ ਭਲੇ ਲੋਕਾਂ ਦੇ ਕਰਕੇ ਹੀ ਚੱਲਦਾ ਹੈ। ਅਜਿਹੀ ਇਕ ਭਲੀ ਸ਼ਖਸੀਅਤ ਜਸਵੀਰ ਸਿੰਘ ਭਾਮ ਵੀ ਹਨ, ਜਿਹਨਾਂ ਨੇ ਨਗਰ ਨਿਗਮ ਦੀ ਸੇਵਾ ਦੇ ਨਾਲ ਹੀ ਸਮਾਜ ਸੇਵਾ ਵੀ ਜਾਰੀ ਰੱਖੀ ਜੋ ਲਗਾਤਾਰ ਜਾਰੀ ਹੈ ਅਤੇ ਆਸ ਕਰਦੇ ਹਾਂ ਕਿ ਉਹ ਆਪਣੇ ਜੀਵਨ ਕਾਲ ਵਿਚ ਕਦੇ ਵੀ ਸਮਾਜ ਦੀ ਸੇਵਾ ਤੋਂ ਮੁਕਤ ਨਹੀਂ ਹੋਣਗੇ। ਉਹਨਾਂ ਨੇ ਜਸਵੀਰ ਸਿੰਘ ਭਾਮ ਨੂੰ ਸੇਵਾ ਮੁਕਤੀ ਤੋਂ ਬਾਅਦ ਸੁਨਿਹਰੀ ਭਵਿੱਖ ਦੀ ਕਾਮਨਾ ਕੀਤੀ ਅਤੇ ਉਹਨਾਂ ਦੀ ਸਿਹਤਯਾਬੀ ਲਈ ਗੁਰੂ ਚਰਨਾਂ ਵਿਚ ਅਰਦਾਸ ਵੀ ਕੀਤੀ।ਆਰ.ਐਲ. ਜੱਸੀ ਨੇ ਕਿਹਾ ਕਿ ਜਸਵੀਰ ਸਿੰਘ ਨੇ ਆਪਣੇ ਨਾਂਅ ਨਾਲ ਇਨਸਾਫ ਕੀਤਾ ਹੈ। ਕਿਉਂਕਿ ਉਹਨਾਂ ਨੇ ਸਮਾਜ ਸੇਵਾ ਕਰਦਿਆਂ ਜੱਸ ਖੱਟਿਆ ਹੈ। ਉਹਨਾਂ ਕਿਹਾ ਕਿ ਮਨੁੱਖ ਕਦੇ ਵੀ ਰਿਟਾਇਰ ਨਹੀਂ ਹੁੰਦਾ ਅਤੇ ਜਿੰਦਗੀ ਨਿਰੰਤਰ ਕਰਮ ਕਰਦਿਆਂ ਚੱਲਦੀ ਰਹਿੰਦੀ ਹੈ। ਅਖੀਰ ਵਿਚ ਜਸਵੀਰ ਸਿੰਘ ਭਾਮ ਨੇ ਸਮੂਹ ਪਤਵੰਤਿਆਂ ਅਤੇ ਅਕਾਲ ਪੁਰਖ ਦੇ ਨਾਲ ਜੁੜੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਨਿਰਦੋਸ਼ ਖਾਲਸਾ, ਸ਼ਿੰਗਾਰਾ ਸਿੰਘ, ਰਾਜਬਲਵੀਰ ਸਿੰਘ, ਰਾਕੇਸ਼ ਕੁਮਾਰ ਜੇ.ਈ., ਯਸ਼ਪਾਲ, ਚੈਨ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜਰ ਸਨ।

# ਜਸਮੇਰ ਸਿੰਘ ਖੈਹਿਰਾ ਦਾ ਹੋਇਆ ਅੰਤਮ ਸੰਸਕਾਰ



ਚਿਖਾ ਨੂੰ ਅਗਨ ਭੇਂਟ ਕਰਨ ਮੌਕੇ ਕਿਰਨਦੀਪ ਕੌਰ, ਸੰਤੋਖ ਸਿੰਘ ਖੈਹਿਰਾ ਤੇ ਹੋਰ ।

**ਸ਼ਾਹਕੋਟ (ਗਿਆਨ ਸੈਦਪੁਰੀ)** ਸ਼ਨਿੱਚਰਵਾਰ ਨੂੰ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਭਤੀਜੇ ਅਤੇ ਸੀਨੀਅਰ ਕਾਂਗਰਸੀ ਆਗੂ ਅਜਮੇਰ ਸਿੰਘ ਖਾਲਸਾ ਦੇ ਸਪੁੱਤਰ ਜਸਮੇਰ ਸਿੰਘ ਖੈਹਿਰਾਦਾ ਅੰਤਿਮ ਸੰਸਕਾਰ ਸੈਂਕੜੇ ਲੋਕਾਂ ਦੀ ਮੌਜੂਦਗੀ ਵਿੱਚ ਸਵਰਗੀ ਦਰਬਾਰਾ ਸਿੰਘ (ਗਵਰਨਰ ਰਾਜਸਥਾਨ) ਦੀ ਯਾਦਗਾਰ 'ਤੇ ਕਰ ਦਿੱਤਾ ਗਿਆ। ਇਸ ਮੌਕੇ ਸਵਰਗੀ ਜਸਮੇਰ ਸਿੰਘ ਦੀ ਪਤਨੀ ਕਿਰਨਦੀਪ ਕੌਰ, ਭਰਾ ਸੰਤੋਖ ਸਿੰਘ ਖੈਹਿਰਾ ਅਤੇ ਮਾਨਵਜੀਤ ਨੇ ਚਿਖਾ ਨੂੰ ਅਗਨੀ ਭੇਂਟ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਅਜਮੇਰ ਸਿੰਘ ਖਾਲਸਾ, ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਜਲੰਧਰ ਕੈਂਟ ਪਰਗਟ ਸਿੰਘ, ਚੇਅਰਮੈਨ ਸ਼ੂਗਰਮਿੱਲ ਮਹਿਤਪੁਰ, ਅਸ਼ਵਿੰਦਰ ਪਾਲ ਸਿੰਘ ਖੈਹਿਰਾ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਵਿਧਾਇਕ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ, ਨਕੋਦਰ ਹਲਕਾ ਇਨਚਾਰਜ ਡਾ. ਨਵਜੋਤ ਸਿੰਘ ਦਾਹੀਆ, ਸਾਬਕਾ ਐਸ. ਐਸ. ਪੀ. ਰਜਿੰਦਰ ਸਿੰਘ ਕਰਤਾਰਪੁਰ, ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਚਾਨਣ ਸਿੰਘ ਚੰਦੀ ਸਪੋਰਟਸ ਕਲੱਬ ਕਾਸੂਪਰ ਦੇ ਜਥੇਬੰਦਕ ਸਕੱਤਰ ਕੰਵਰਜੀਤ ਸਿੰਘ ਲਵਲੀ ਚੰਦੀ, ਸੇਵਾ ਮੁਕਤ ਡੀ. ਐਸ. ਪੀ. ਭੁਪਿੰਦਰ ਸਿੰਘ ਥਿੰਦ, ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ ਅਤੇ ਵੱਡੀ ਗਿਣਤੀ ਵਿੱਚ ਵੱਖ ਵੱਖ ਪਾਰਟੀਆਂ ਦੇ ਆਗੂ ਅਤੇ ਵਰਕਰ ਮੌਜੂਦ ਸਨ। ਸਵਰਗੀ ਜਸਮੇਰ ਸਿੰਘ ਖੈਹਿਰਾ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਉਨ੍ਹਾਂ ਦੇ ਗ੍ਰਹਿ ਖਾਲਸਾ ਫਾਰਮ, ਪੱਤੀ ਸਾਹਲਾ ਨਗਰ, ਮਲਸੀਆ ਵਿਖੇ 23 ਜੂਨ ਨੂੰ 11:30 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗੀ।

## ਪਦਾਰਥਵਾਦੀ ਯੁੱਗ 'ਚ ਯੋਗ ਸੰਜੀਵਨੀ ਬੂਟੀ : ਰਕੇਸ਼ ਧੀਰ



**ਸੁਲਤਾਨਪੁਰ ਲੋਧੀ ( ਹਨੀ )**—ਯੋਗ ਕਰਨ ਨਾਲ ਜਿੱਥੇ ਸਰੀਰਕ ਸ਼ਕਤੀ ਮਿਲਦੀ ਹੈ ਉਸ ਦੇ ਨਾਲ ਨਾਲ ਅੰਦਰੂਨੀ ਤਾਕਤ ਵੀ ਪੈਦਾ ਹੁੰਦੀ ਹੈ ਅਤੇ ਅੱਜ ਦੇ ਪਦਾਰਥਵਾਦ ਯੁੱਗ ਵਿੱਚ ਯੋਗ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਸਿੱਧ ਯੋਗਪਤੀ ਰਕੇਸ਼ ਧੀਰ ਪ੍ਰਧਾਨ ਸਨਾਤਨ ਧਰਮ ਸਭਾ ਨੇ ਵਿਸ਼ਵ ਯੋਗ ਦਿਵਸ ਮੌਕੇ ਐਸ ਡੀ ਕਾਲਜ ਫਾਰ ਵੋਮੈਨ ਵਿਖੇ ਯੋਗਾ ਦਿਵਸ ਮੌਕੇ ਲਗਾਏ ਸ਼ਿਵਰ ਵਿੱਚ ਆਪਣੇ ਸੰਬੋਧਨ ਵਿੱਚ ਕਹੇ। ਉਹਨਾਂ ਕਿਹਾ ਕਿ ਜੋ ਕਿ ਸਾਡੇ ਬਦਲੀ ਜੀਵਨ ਸ਼ੈਲੀ ਤੇ ਖਾਣ ਪੀਣ ਦੀ ਵਜਹਾ ਨਾਲ ਬਹੁਤ ਮਹੱਤਵਪੂਰਨ ਹੈ। ਜਿਸ ਦੇ ਅਭਿਆਸ ਨਾਲ ਤੁਸੀਂ ਦਿਨ ਭਰ ਊਰਜਾ ਨਾਲ ਭਰੇ ਰਹਿੰਦੇ ਹੋ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਵੀ ਬਚੇ ਰਹਿੰਦੇ ਹੋ ।ਸਰੀਰ, ਮਨ ਤੇ ਆਤਮਾ ਹਰ ਪੱਧਰ ਤੇ ਤੰਦਰੁਸਤ ਬਣੇ ਰਹਿਣ ਲਈ ਯੋਗ ਦੇ ਆਸਣਾਂ ਦਾ ਆਪਣਾ ਮਹੱਤਵ ਹੈ ।ਅਜਿਹੇ ਵਿੱਚ ਜੇ ਤੁਸੀਂ ਰਝੇਵੇ ਭਰੀ ਜ਼ਿੰਦਗੀ ਵਿੱਚੋਂ 10 ਮਿੰਟ ਵੀ ਯੋਗ ਰੋਜਾਨਾ ਕਰੋ ਤਾਂ ਇਹ ਤੁਹਾਡੀ ਸਿਹਤ ਲਈ ਕਾਫੀ ਫਾਇਦੇਮੰਦ ਹੋਵੇਗਾ ਤੇ ਇਹ ਤੁਹਾਨੂੰ ਬਿਮਾਰੀਆਂ ਤੋਂ ਦੂਰ ਰੱਖੇਗਾ। ਇਸ ਮੌਕੇ ਯੋਗ ਪ੍ਰਕਿਰਿਆਵਾਂ ਲਈ ਯੋਗ ਸਾਧਕਾਂ ਨੂੰ ਕਰਵਾਉਣ ਲਈ ਉਚੇਚੇ ਤੌਰ ਤੇ ਪੁੱਜੇ ਯੋਗ ਸਾਧਕ ਸੁਰਿੰਦਰ ਪਾਸੀ ਭੁਲੱਥ ਵਾਲਿਆਂ ਨੇ ਵੱਖ ਵੱਖ ਆਸਣਾਂ ਤੇ ਕਿਰਿਆਵਾਂ ਰਾਹੀਂ ਯੋਗ ਕਰਵਾ ਕੇ ਯੋਗ ਸਾਧਕਾਂ ਵਿੱਚ ਇੱਕ ਨਵੀਂ ਚੇਤਨਾ ਭਰਦਿਆਂ ਕਿਹਾ ਕਿ ਯੋਗ ਨੂੰ ਰੋਜਾਨਾ ਜੀਵਨ ਦਾ ਹਿੱਸਾ ਬਣਾਓ। ਉਹਨਾਂ ਕਿਹਾ ਕਿ ਯੋਗ ਕੈਂਪ ਸਿਰਫ ਯੋਗ ਦਿਵਸ ਮੌਕੇ ਹੀ ਨਹੀਂ ਬਲਕਿ ਰੋਜ਼ਾਨਾ ਲੱਗਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਯੋਗ ਆਸਣ ਰਾਹੀਂ ਜਿੱਥੇ ਆਮ ਇਨਸਾਨ ਵੱਖ ਵੱਖ ਬਿਮਾਰੀਆਂ ਤੋਂ ਨਿਜਾਤ ਪਾ ਸਕਦਾ ਹੈ ਉੱਥੇ ਬੁੱਧੀ ਵਧਾਉਣ ਅਤੇ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਰੱਖਣ ਵਿੱਚ ਯੋਗ ਆਸਣ ਇਕ ਸੋਨੇ ਤੇ ਸੁਹਾਗੇ ਵਰਗੀ ਭੂਮਿਕਾ ਨਿਭਾਉਂਦੇ ਹਨ। ਯੋਗ ਸਾਧਕ ਭਵਿਕ ਜੈਨ ਨੇ ਵੀ ਵਿਸ਼ਵ ਯੋਗ ਦਿਵਸ ਮੌਕੇ ਆਪਣੇ ਵਿਚਾਰ ਰੱਖੇ। ਇਸ ਮੌਕੇ ਰਕੇਸ਼ ਧੀਰ ਪ੍ਰਧਾਨ ਐਸ ਡੀ ਸਭਾ ,ਓਮਾ ਦੱਤ ਸ਼ਰਮਾ ਜਨਰਲ ਸੈਕਟਰੀ, ਕਮਲ ਕਿਸ਼ੋਰ ਚਾਵਲਾ, ਮਿੰਟੂ ਥਿੰਦ, ਭਵਿਕ ਜੈਨ, ਬਲਦੇਵ ਸੂਦ, ਹਿੰਮਤ ਧੀਰ, ਇੰਦਰ ਮੋਹਣ ਗੁਪਤਾ, ਅਮਿਤਾਭ ਸੇਠੀ ,ਪ੍ਰਿੰਸੀਪਲ ਅੰਜੂ ਬਾਲਾ, ਪ੍ਰਿੰਸੀਪਲ ਮੋਨਿਕਾ ਸਿੰਘ, ਪੂਨਮ ਧੀਰ ਵਾਈਸ ਪ੍ਰਿੰਸੀਪਲ, ਮੈਡਮ ਰਾਜਬੀਰ, ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਕਸ਼ਮੀਰ ਕੌਰ ,ਮਨੋਜ ਡੋਗਰਾ ਸੀਏ, ਜੈਨ ਪ੍ਰਕਾਸ਼ ਜੈਨ, ਰਜੀਵ ਸ਼ਰਮਾ, ਰਿਕੂ ਸ਼ਰਮਾ ,ਕਰਨਪੁਰੀ ,ਰਾਜੂ ,ਸ਼ਕਤੀ, ਭਾਰਦਵਾਜ ਆਦਿ ਵੀ ਹਾਜ਼ਰ ਸਨ।

## ਪਟਕੇ ਦੀ ਕੁਸ਼ਤੀ ਅਜੈਪਾਲ ਖੰਨਾ ਨੇ ਜਿੱਤੀ



**ਫਿਲੌਰ (ਨਿਰਮਲ)**- ਦਰਬਾਰ ਬਾਬਾ ਝੰਡੀਪੀਰ ਜੀ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਵੱਲੋਂ ਸਲਾਨਾ ਛਿੰਝ ਮੇਲਾ ਪਿੰਡ ਕੰਡਿਆਣਾ (ਫਿਲੌਰ) ਵਿਖੇ ਕਰਵਾਇਆ ਗਿਆ। ਇਸ ਸਬੰਧੀ ਥਾਣੇਦਾਰ ਅਸ਼ੋਕ ਕੁਮਾਰ ਭਲਵਾਨ, ਚਰਨਜੀਤ ਥਾਣੇਦਾਰ, ਪ੍ਰਧਾਨ ਰਣਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਛਿੰਝ ਮੇਲੇ ਵਿੱਚ ਨਾਮੀ ਪਹਿਲਵਾਨਾਂ ਨੇ ਭਾਗ ਲਿਆ ਤੇ ਖਿਡਾਰੀਆਂ ਨੇ ਆਪਣੇ ਪਹਿਲਵਾਨੀ ਦੇ ਜੌਹਰ ਦਿਖਾਏ। ਪਟਕੇ ਦੀ ਕੁਸ਼ਤੀ ਅਜੈਪਾਲ ਸਿੰਘ ਖੰਨਾ ਸ਼ਗਿਰਦ ਐਸ.ਪੀ ਮੁਕੇਸ਼ ਖੰਨਾ (ਪਹਿਲਵਾਨ ਇੰਟਰਨੈਸ਼ਨਲ) ਨੇ ਜਿੱਤੀ, ਪਹਿਲੇ ਨੰਬਰ 'ਤੇ ਜੇਤੂ ਖਿਡਾਰੀ ਨੂੰ ਸੋਨੇ ਦੀ ਮੁੰਦਰੀ ਅਤੇ ਦੂਸਰੇ ਜੇਤੂ ਨੂੰ 6 ਹਜ਼ਾਰ, ਤੀਸਰੇ ਜੇਤੂ ਖਿਡਾਰੀ ਨੂੰ 5 ਹਜ਼ਾਰ ਨਾਲ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ਪੂਰਨ ਗੁਰੂ ਹੀ ਇਨਸਾਨ ਅੰਦਰ ਸਾਧਨਾ ਲਈ ਵਿਸ਼ਵਾਸ ਪੈਦਾ ਕਰਦਾ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰਨ ਅਤੇ ਇਸ ਇਨਸਾਨੀ ਜਾਮੇ ਚੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਇਨਸਾਨ ਨੂੰ ਸੱਚੇ ਮਨ ਨਾਲ ਰੋਜ਼ਾਨਾ ਉਸ ਪਰਮਾਤਮਾ ਦੀ ਸਾਧਨਾ ਜ਼ਰੂਰ ਕਰਨੀ ਚਾਹੀਦੀ ਹੈ, ਪਰ ਇਨਸਾਨ ਦੇ ਅੰਦਰ ਵਿਸ਼ਵਾਸ ਦੀ ਕਮੀ ਹੋਣ ਕਾਰਨ ਉਸ ਨੂੰ ਪਰਮਾਤਮਾ ਦੀ ਸਾਧਨਾ ਕਰਨ ਵਿੱਚ ਰੁਕਾਵਟਾਂ ਆਉਂਦੀਆਂ ਰਹਿੰਦੀਆਂ ਹਨ। ਉਸ ਸਾਧਨਾ ਨੂੰ ਸਹੀ ਢੰਗ ਨਾਲ ਕਰਨ ਲਈ ਸਾਨੂੰ ਇੱਕ ਸੰਪੂਰਨ ਗੁਰੂ ਨੂੰ ਧਾਰਨ ਕਰਨਾ ਜ਼ਰੂਰੀ ਹੁੰਦਾ ਹੈ ਜੋ ਸਾਨੂੰ ਕਾਲ ਰੂਪੀ ਮੋਹ ਮਾਇਆ ਦੇ ਜਾਲ ਚੋਂ ਕੱਢ ਕੇ ਉਸ ਪਰਮਾਤਮਾ ਨਾਲ ਮੇਲ ਕਰਨ ਲਈ ਸਹੀ ਰਸਤਾ ਵਿਖਾਉਂਦਾ ਹੈ। ਪਰਮਾਤਮਾ ਨੂੰ ਪਾਉਣ ਲਈ ਹਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਪੂਰਨ ਸਮਰਪਣ ਦੀ ਭਾਵਨਾਂ ਨਾਲ ਆਪਣੇ ਆਪ ਨੂੰ ਸਤਿਗੁਰੂ ਦੇ ਹਵਾਲੇ ਕਰ ਦੇਵੇ ਤਾਂ ਜੋ ਸਾਡੀ ਆਤਮਾ ਪਰਮਾਤਮਾ ਵਿਚ ਲੀਨ ਹੋ ਕੇ ਇਸ 84 ਦੇ ਗੇੜ ਵਿਚੋਂ ਹਮੇਸ਼ਾ ਲਈ ਛੁਟਕਾਰਾ ਪਾ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਹੀਆਪੁਰ ਵਿਖੇ ਜੇਠੇ ਵੀਰਵਾਰ ਨੂੰ ਦੂਸਰੇ ਕਲੀਅਰ ਸ਼ਰੀਫ 'ਚ ਸਜਾਏ ਗਏ ਦਰਬਾਰ ਵਿੱਚ ਹਾਜ਼ਰ ਹਜ਼ਾਰਾਂ ਸੰਗਤਾਂ ਨੂੰ ਪ੍ਰਭੂ ਚਰਨਾਂ ਦੇ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਕਿਹਾ ਕਿ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਹਰ ਸਮੇਂ ਗੁਰੂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਪ੍ਰਮਾਤਮਾ ਅੱਗੇ ਇਹ ਅਰਦਾਸ ਕਰਦਾ ਰਹੇ ਕਿ ਹੇ ਮੇਰੇ ਸਤਿਗੁਰੂ ਤੂੰ ਮੈਨੂੰ ਨਾਮ ਸਿਮਰਨ ਕਰਨ ਦੀ ਇੰਨੀ ਤਾਕਤ ਬਖ਼ਸ਼ੀ ਕੇ ਮੈਂ ਉਸ ਪਰਮ ਪਿਤਾ ਪਰਮੇਸ਼ਵਰ ਦੀ ਸ਼ਰਨ ਹਾਸਲ ਕਰ ਸਕਾਂ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵੀਕਾ, ਰਾਜੇਸ਼ ਜਸਰਾ, ਅਜੀਤ ਸਿੰਘ, ਬਲਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਬੀਬੀ ਹਰਜਿੰਦਰ ਕੌਰ ਅਤੇ ਹੋਰ ਹਜ਼ਾਰਾਂ ਦੀ ਗਿਣਤੀ +ਚ ਸ਼ਰਧਾਲੂਆਂ ਨੇ ਦਰਬਾਰ ਵਿੱਚ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

## ਅਰੁੰਧਤੀ ਰਾਏ ਨੂੰ ਝੂਠੇ ਕੇਸ 'ਚ ਫਸਾਉਣ ਦੀ ਕੀਤੀ ਨਿਖੇਧੀ

**ਰੂਪਨਗਰ** : ਇਥੇ ਜਨਤਕ ਜਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ,ਖੇਤ ਮਜ਼ਦੂਰ ਯੂਨੀਅਨ, ਸੀਟੂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਮੋਦੀ ਹਕੂਮਤ ਦੇ ਦਬਾਅ ਹੇਠ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਨਾਮਵਰ ਬੁੱਧੀਜੀਵੀ ਅਰੁੰਧਤੀ ਰਾਏ ਦੇ ਖਿਲਾਫ ਯੂਏਪੀਏ ਦੇ ਕਾਲੇ ਕਾਨੂੰਨ ਤਹਿਤ ਅਪਰਾਧਿਕ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਦੇ ਫੈਸਲੇ ਦਾ ਡਟਵਾਂ ਵਿਰੋਧ ਕਰਦਿਆਂ ਇਸ ਨਜਾਇਜ਼ ਕੇਸ ਨੂੰ ਤੁਰੰਤ ਅਤੇ ਬਿਨਾਂ ਸ਼ਰਤ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਇਸ ਸਬੰਧੀ ਜਥੇਬੰਦੀਆਂ ਦੇ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ, ਦਲੀਪ ਸਿੰਘ ਘਨੌਲਾ, ਗੁਰਦੇਵ ਸਿੰਘ ਬਾਗੀ,ਅਸ਼ੋਕ ਕੁਮਾਰ ਵੱਲੋਂ ਜਾਰੀ ਕੀਤੇ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਕਿ ਮੋਦੀ ਸਰਕਾਰ ਇਕ ਸਾਜਿਸ਼ ਹੇਠ ਚੌਦਾਂ ਸਾਲ ਪੁਰਾਣੀ ਦਰਜ ਕੀਤੀ ਐਫ ਆਈ ਆਰ ਨੂੰ ਅਧਾਰ ਬਣਾ ਕੇ ਅਰੁੰਧਤੀ ਰਾਏ ਨੂੰ ਉਸੇ ਤਰਾਂ ਨਜਾਇਜ਼ ਗ੍ਰਿਫ਼ਤਾਰ ਕਰਕੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣਾ ਚਾਹੁੰਦੀ ਹੈ ਜਿਵੇਂ 2018 ਦੇ ਕੋਰੇਗਾਂਵ ਕਥਿਤ ਹਿੰਸਾ ਦੇ ਇਕ ਝੂਠੇ ਕੇਸ ਵਿਚ ਸੈਂਕੜੇ ਬੁੱਧੀਜੀਵੀਆਂ, ਵਕੀਲਾਂ,ਪੱਤਰਕਾਰਾਂ, ਲੇਖਕਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਪਿਛਲੇ ਛੇ ਸਾਲਾ ਤੋਂ ਜੇਲ੍ਹ ਵਿੱਚ ਨਜਾਇਜ਼ ਹੀ ਨਜ਼ਰਬੰਦ ਕੀਤਾ ਗਿਆ। ਆਗੂਆਂ ਨੇ ਸਪੱਸ਼ਟ ਕੀਤਾ ਕਿ ਸੰਨ 2010 ਵਿੱਚ ਦਿੱਲੀ ਵਿਖੇ ਹੋਏ ਸੈਮੀਨਾਰ ਵਿੱਚ ਜੰਮੂ ਕਸ਼ਮੀਰ ਦੇ ਲੋਕਾਂ ਦੇ ਜਮਹੂਰੀ ਆਜ਼ਾਦੀ ਦੇ ਹੱਕਾਂ ਦੀ ਹਮਾਇਤ ਕਰਕੇ ਅਰੁੰਧਤੀ ਰਾਏ ਨੇ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਮਿਲੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦਾ ਇਸਤੇਮਾਲ ਕੀਤਾ ਹੈ ਪਰ ਮੋਦੀ ਸਰਕਾਰ ਆਪਣੀਆਂ ਕਾਰਪੋਰਟ ਪੱਖੀ, ਹਿੰਦੂਤਵੀ ਅਤੇ ਫਿਰਕੂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਬੁੱਧੀਜੀਵੀਆਂ, ਲੇਖਕਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਗਿਣ ਮਿੱਥ ਕੇ ਇਕ ਸਾਜਿਸ਼ ਹੇਠ ਜੇਲ੍ਹਾਂ ਵਿੱਚ ਸਾੜ ਕੇ ਮਾਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮੋਦੀ ਸਰਕਾਰ ਵੱਲੋਂ ਇਸ ਝੂਠੇ ਕੇਸ ਹੇਠ ਅਰੁੰਧਤੀ ਰਾਏ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਮੁਲਕ ਦੀਆਂ ਸਮੂਹ ਜਮਹੂਰੀ ਅਤੇ ਜਨਤਕ ਜਥੇਬੰਦੀਆਂ ਵੱਲੋਂ ਇਸਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਵੱਲੋਂ ਜਲ,ਜੰਗਲ, ਜ਼ਮੀਨ ਅਤੇ ਕੁਦਰਤੀ ਸਾਧਨਾਂ ਦੀ ਕਾਰਪੋਰਟ ਘਰਾਣਿਆਂ ਹੱਥੋਂ ਕਰਵਾਈ ਜਾ ਰਹੀ ਅੰਨੀ ਲੁੱਟ ਤੋਂ ਧਿਆਨ ਪਾਸੇ ਹਟਾਉਣ ਲਈ ਬੁੱਧੀਜੀਵੀਆਂ ਮੀਡੀਆ ਅਤੇ ਸਮਾਜਿਕ ਕਾਰਕੁਨਾਂ ਦੀ ਜ਼ਬਾਨਬੰਦੀ ਕਰਨਾ ਚਾਹੁੰਦੀ ਹੈ ਅਤੇ ਅਜਿਹੀ ਧੱਕੇਸ਼ਾਹੀ ਭਾਰਤੀ ਸੰਵਿਧਾਨ ਦੀ ਧਾਰਾ 19 ਅਤੇ 21 ਤਹਿਤ ਜਮਹੂਰੀ ਆਜ਼ਾਦੀ ਦੇ ਹੱਕਾਂ ਦੀ ਸਿੱਧੀ ਉਲੰਘਣਾ ਹੈ।

ਮੀਟਿੰਗ ਵਿੱਚ ਸੂਬਾ ਆਗੂ ਅਜੀਤ ਸਿੰਘ ਪ੍ਰਦੇਸੀ, ਹਰਵਿੰਦਰ ਸਿੰਘ, ਤਰਲੋਚਨ ਸਿੰਘ ਹੁਸੈਨਪੁਰ, ਹਰਨੇਕ ਸਿੰਘ ਮਨਸਾਲੀ,ਪਵਨ ਕੁਮਾਰ ਚੱਕ ਕਰਮਾ,ਪਵਨ ਕੁਮਾਰ ਰੱਤੋਂ, ਮਾਸਟਰ ਪਰਮਿੰਦਰ ਸਿੰਘ, ਮਨਿੰਦਰ ਸਿੰਘ ਮੋਟੀ, ਭਗਤ ਸਿੰਘ ਬਿਕੋ, ਕਰਨੈਲ ਸਿੰਘ ਬਜਰੂੜ ਵੀ ਹਾਜ਼ਰ ਸਨ।

## ਸਿਲਵਰ ਓਕ ਸਕੂਲ 'ਚ ਇੰਟਰਨੈਸ਼ਨਲ ਯੋਗਾ ਦਿਵਸ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਨੇ ਵਿਸ਼ਵ ਯੋਗਾ ਦਿਵਸ ਦੇ ਮੌਕੇ ਹੁੰਮ-ਹੁਮਾ ਕੇ ਹਿੱਸਾ ਲਿਆ । ਇਸ ਮੌਕੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਕੂਲ ਦੇ ਖੇਡ ਵਿਭਾਗ ਦੇ ਸੰਜੀਵ ਕੁਮਾਰ ਸ਼ਰਮਾ ਅਤੇ ਅਮਰਜੀਤ ਕੌਰ ਸੈਣੀ ਨੇ ਵੱਖ-ਵੱਖ ਤਰ੍ਹਾਂ ਦੇ ਯੋਗਾਸਨ ਕਰਕੇ ਯੋਗ ਅਭਿਆਸ ਦਾ ਪ੍ਰਦਰਸ਼ਨ ਕੀਤਾ। ਸੰਸਥਾ ਦੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਵਿਸ਼ਵ ਯੋਗ ਦਿਵਸ ਮੌਕੇ ਦੱਸਿਆ ਕਿ ਦੇਸ਼ ਵਿਦੇਸ਼ ਵਿੱਚ ਮਸ਼ਹੂਰ ਹੋਇਆ ਯੋਗ ਜਿਸ ਦੀਆਂ ਜੜ੍ਹਾਂ ਮੂਲ ਤੌਰ 'ਤੇ ਭਾਰਤ ਵਿੱਚ ਹਨ, ਅੱਜ ਦੁਨੀਆ ਵਿੱਚ ਹਰ ਕੋਈ ਯੋਗ ਦਾ ਲੋਹਾ ਮੰਨਦਾ ਹੈ ਤੇ ਅਸੀਂ ਜਾਣਦੇ ਹਾਂ ਕਿ ਅਸੀਂ ਯੋਗ ਦੇ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਮੁਕਤੀ ਪਾ ਕੇ ਆਪਣਾ ਸਰੀਰ ਸਵਸਥ ਕਰ ਸਕਦੇ ਹਾਂ। ਇਸ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਯੋਗ ਦੇ ਲਾਭ ਅਤੇ ਇਸ ਦੀ ਜ਼ਿੰਦਗੀ 'ਚ ਜ਼ਰੂਰਤ ਦੇ ਬਾਰੇ ਜਾਣਕਾਰੀ ਦਈਏ । ਸਮੁੱਚਾ ਦੇਸ਼ ਯੋਗ ਨੂੰ ਆਪਣਾ ਅਧਾਰ ਬਣਾ ਕੇ ਸਿਹਤਮੰਦ ਹੋਵੇਗਾ।ਇਸ ਮੌਕੇ ਗਜਿੰਦਰਪਾਲ ਸਿੰਘ, ਅਮਰਜੀਤ ਕੌਰ ਸੈਣੀ, ਜਗਬੰਦਨ ਸਿੰਘ, ਰਾਜਵਿੰਦਰ ਕੌਰ, ਗੁਰਪ੍ਰੀਤ ਕੌਰ, ਨੇਹਾ ਜੈਨ, ਰਾਜਬੀਰ ਕੌਰ, ਅਰਚਨਾ ਸੈਣੀ ਅਤੇ ਹੋਰ ਮੌਜੂਦ ਸਨ।

# ਸਰਕਾਰੀ ਕਾਲਜ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਪ੍ਰੀਤ ਕੋਹਲੀ ਦੇ ਨਿਰਦੇਸ਼ ਅਨੁਸਾਰ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਵਿਜੇ ਕੁਮਾਰ ਅਤੇ ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਡਾ.ਅਰੁਣਾ ਰਾਣੀ ਅਤੇ ਡਾ.ਪਰਮਜੀਤ ਕੌਰ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਪ੍ਰੋ.ਵਿਜੇ ਕੁਮਾਰ ਦੇ ਨਾਲ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਕਰਵਾਏ ਗਏ ਯੋਗ ਦਿਵਸ ਨਾਲ ਸਬੰਧਤ ਸਮਾਰੋਹ ਵਿੱਚ ਵੀ ਹਿੱਸਾ ਲਿਆ।ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ, ਪ੍ਰੋ.ਵਿਜੇ ਕੁਮਾਰ ਅਤੇ ਡਾ.ਅਰੁਣਾ ਰਾਣੀ ਨੇ ਯੋਗ ਦੇ ਮਹੱਤਵ ਤੇ ਚਾਨਣਾ ਪਾਉਂਦੇ ਹੋਏ ਹਰ ਇੱਕ ਨੂੰ ਰੋਜ਼ਾਨਾ ਯੋਗਾ ਕਰਨ ਲਈ ਪ੍ਰੇਰਿਤ ਕੀਤਾ ਕਿਉਂਕਿ ਇਸ ਨਾਲ ਅਸੀਂ ਤੰਦਰੁਸਤ ਅਤੇ ਫਿੱਟ ਰਹਿੰਦੇ ਹਾਂ। ਵਿਦਿਆਰਥੀਆਂ ਨੇ ਆਪਣੇ ਘਰਾਂ ਵਿੱਚ ਵੀ ਇਸ ਦਿਵਸ ਨੂੰ ਯੋਗ ਕਰਕੇ ਮਨਾਇਆ। ਇਸੇ ਤਰ੍ਹਾਂ ਕਾਲਜ ਵਿੱਚ ਵੀ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਯੋਗ ਕੀਤਾ। ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਹਮੇਸ਼ਾ ਹੀ ਯੋਗ ਕਰਦੇ ਰਹਿਣਗੇ ਅਤੇ ਦੂਜਿਆਂ ਨੂੰ ਵੀ ਕਰਨ ਲਈ ਪ੍ਰੇਰਿਤ ਕਰਨਗੇ। ਵਿਦਿਆਰਥੀਆਂ ਨੇ ਪੋਸਟਰ ਬਣਾ ਕੇ ਅਤੇ ਭਾਸ਼ਣ ਦੇ ਕੇ ਵੀ ਇਸ ਦਿਵਸ ਨੂੰ ਮਨਾਉਣ ਲਈ ਪ੍ਰੇਰਿਤ ਕੀਤਾ। ਰਿਟਾਇਰ ਪ੍ਰੋ. ਅਮਰਜੀਤ ਸਿੰਘ ਮਠਾਰੂ ਅਤੇ ਪ੍ਰੋ. ਸੂਰਜ ਕੁਮਾਰ ਨੇ ਵੀ ਇਸ ਸਮਾਰੋਹ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ। ਕਾਲਜ ਦੀ ਵਿਦਿਆਰਥਣ ਖੁਸ਼ਬੂ ਅਤੇ ਵਿਦਿਆਰਥੀ ਸਾਹਿਲ ਅਤੇ ਅਰਸ਼ ਨੇ ਇਸ ਦਿਵਸ ਦੇ ਮੌਕੇ ਤੇ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਹਮੇਸ਼ਾ ਲਈ ਯੋਗਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

## ਈ ਐੱਸ ਆਈ ਹਸਪਤਾਲ ਵਿਖੇ ਯੋਗਾ ਕੈਂਪ



**ਜਲੰਧਰ** : ਸ਼ੁੱਕਰਵਾਰ ਸਿਵਲ ਡਿਫੈਂਸ ਜਲੰਧਰ ਦੀ ਟੀਮ ਵਲੋਂ ਇੰਟਰਨੈਸ਼ਨਲ ਯੋਗਾ ਡੇ ਮੌਕੇ ਈ.ਐਸ.ਆਈ. ਹਸਪਤਾਲ ਵਿਖੇ ਯੋਗਾ ਦਾ ਕੈਂਪ ਲਗਾਇਆ ਗਿਆ । ਜਿਸ ਵਿਚ ਸਿਵਲ ਡਿਫੈਂਸ ਜਲੰਧਰ ਦੇ ਚੀਫ਼ ਵਾਰਡਨ ਪ੍ਰਿਤਪਾਲ ਸਿੰਘ ਨੋਟੀ ਨੇ ਆਪਣੀ ਟੀਮ ਨਾਲ ਯੋਗਾ ਦਾ ਅਭਿਆਸ ਕੀਤਾ ਤੇ ਯੋਗਾ ਪ੍ਰਤੀ ਜਾਗਰੂਕਤਾ ਫੈਲਾਈ। ਇਸ ਮੌਕੇ ਧਰਮਿੰਦਰ ਸਿੰਘ (ਸੁਪਰਡੈਂਟ), ਪੱਪੀ ਭਾਟੀਆ, ਅਨਿਲ ਹਾਂਡਾ, ਗੁਰਵਿੰਦਰ ਜੱਜ, ਸੁਨੀਲ ਕਟਿਆਲ, ਰਣਜੀਤ ਸਿੰਘ ਚੀਮਾ, ਮੈਡਮ ਨਿਰਮਲਾ ਆਦਿ ਨੇ ਉਤਸ਼ਾਹ ਨਾਲ ਹਿੱਸਾ ਲਿਆ । ਇਸ ਮੌਕੇ ਈ.ਐਸ.ਆਈ. ਹਸਪਤਾਲ ਦੇ ਸਟਾਫ ਵਲੋਂ ਸਾਰੀ ਟੀਮ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਿਮਰਪ੍ਰੀਤ ਸਿੰਘ ਸੰਨੀ (ਪੋਸਟ ਵਾਰਡਨ) ਆਪਣੀ ਸਮੁੱਚੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਪੁੱਜੇ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਯੋਗ ਦਿਵਸ



**ਨਵਾਂਸ਼ਹਿਰ (ਮਨੋਜ ਲਾਡੀ)**- ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਵੱਲੋ ਜਾਰੀ ਹੋਇਆ ਹਦਾਇਤਾਂ ਦੀ ਪਾਲਣਾਂ ਅਨੁਸਾਰ ਮਾਣਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵਲੋ ਨਵੀਂ ਜੂਡੀਸ਼ੀਅਲ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਜਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਦੀਪ ਸਿੰਘ ਧਾਲੀਵਾਲ, ਸਿਵਲ ਜੱਜ ( ਸੀਨੀਅਰ ਡੀਵੀਜਨ) ਮੈਡਮ ਪਰਮਿੰਦਰ ਕੌਰ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜਨ) ਕੋਂਪਲ ਧੰਜਲ ਅਤੇ ਸਿਵਲ ਜੱਜ (ਜੂਨੀਅਰ ਡੀਵੀਜਨ) ਪਪਨੀਤ ਕੌਰ, ਬਾਰ ਐਡਵੋਕੇਟਜ਼, ਕੋਰਟ ਸਟਾਫ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਟਾਫ ਵੱਲੋ ਭਾਗ ਲਿਆ ਅਤੇ ਇਸ ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਯੋਗ ਅਭਿਆਸ ਕੀਤਾ ਗਿਆ। ਇਸ ਤੋ ਇਲਾਵਾ ਨਿਆਂਇਕ ਅਧਿਕਾਰੀਆਂ ਵੱਲੋ ਇਸ ਯੋਗ ਦਿਵਸ ਮੌਕੇ ਭਾਗ ਲੈਣ ਵਾਲੇ ਭਾਗੀਦਾਰਾਂ ਨੂੰ ਬੂਟੇ ਵੰਡੇ ਗਏ।

23-June-Sunday-final.qxd 6/22/2024 10:59 PM Page 1



ਗੁੱਰਿਆਂ ਦਾ ਸ਼ਹਿਰ ਜੇਜੋਂ
ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਕੱਲੀ ਹਵਾ ਹੀ ਰਹਿ ਗਈ
ਕੁਦਰਤ ਦੀ ਦਾਤ ਹੁਣ,
ਰਸਤੇ ਵੀ ਹੋਏ ਮੁੱਲ ਦੇ,
ਪਾਣੀ ਵੀ ਮੁੱਲ ਦੇ।

-ਬੂਟਾ ਸਿੰਘ ਚੌਹਾਨ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 23 ਜੂਨ 2024
www.nawanzamana.in
ਕੀਮਤ 5.00 ਰੁਪਏ



# ਅਰੁੰਧਤੀ ਰਾਏ ਵਿਰੁੱਧ ਮੁਕੱਦਮਾ

## ਸਮੁੱਚੇ ਬੁੱਧੀਜੀਵੀ ਵਰਗ ਨੂੰ ਫਾਸ਼ੀਵਾਦੀ ਚੇਤਾਵਨੀ

**ਬੂਟਾ ਸਿੰਘ ਮਹਿਮੂਦਪਰ**

ਦਿੱਲੀ ਦੇ ਉੱਪ ਰਾਜਪਾਲ ਨੇ ਆਲਮੀ ਤੌਰ 'ਤੇ ਮਕਬੂਲ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ਼ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਇਕ ਕੇਸ ਵਿਚ ਯੂ ਏ ਪੀ ਏ-1967 ਤਹਿਤ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇ ਕੇ ਇਹ ਸੰਕੇਤ ਦੇ ਦਿੱਤਾ ਹੈ ਕਿ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨਾ ਭਗਵਾਂ ਹਕੂਮਤ ਦੀ ਪਹਿਲੀ ਤਰਜੀਹ ਹੈ। 2010 'ਚ 'ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਕਮੇਟੀ' ਵੱਲੋਂ ਦਿੱਲੀ ਵਿਚ ਕਸ਼ਮੀਰ ਦੇ ਸਵਾਲ ਉੱਪਰ 'ਆਜ਼ਾਦੀ: ਇੱਕੋ-ਇਕ ਰਾਹ' ਨਾਂਅ ਦੀ ਕਾਨਫਰੰਸ ਕਰਵਾਈ ਗਈ ਸੀ, ਜਿਸ ਵਿਚ ਬੁਲਾਰਿਆਂ ਨੇ ਕਸ਼ਮੀਰ ਬਾਰੇ ਚਰਚਾ ਕਰਦਿਆਂ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਹੱਕ ਦੀ ਇਤਿਹਾਸਕ ਤੱਥਾਂ ਸਹਿਤ ਵਜਾਹਤ ਕੀਤੀ ਸੀ। ਪ੍ਰਮੁੱਖ ਹੁਰੀਅਤ ਆਗੂ ਮਰਹੂਮ ਸਈਅਦ ਅਲੀ ਸ਼ਾਹ ਗਿਲਾਨੀ, ਪਾਰਲੀਮੈਂਟ ਉੱਪਰ ਸ਼ੱਕੀ ਦਹਿਸ਼ਤਵਾਦੀ ਹਮਲੇ 'ਚ ਫਸਾਏ ਮਰਹੂਮ ਪ੍ਰੋਫੈਸਰ ਐੱਸ ਏ ਆਰ ਗਿਲਾਨੀ, ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ, ਡਾ. ਸ਼ੇਖ਼ ਸ਼ੌਕਤ ਹੁਸੈਨ ਅਤੇ ਇਨਕਲਾਬੀ ਕਵੀ ਪ੍ਰੋਫੈਸਰ ਵਰਵਰਾ ਰਾਓ ਮੁੱਖ ਵਕਤਾ ਸਨ। ਸੁਸ਼ੀਲ ਪੰਡਤ ਨਾਂਅ ਦੇ ਇਕ ਕਥਿਤ ਕਸ਼ਮੀਰੀ ਕਾਰਕੁਨ ਨੇ ਦਿੱਲੀ ਦੀ ਇਕ ਮੈਟਰੋਪੋਲੀਟਨ ਮੈਜਿਸਟ੍ਰੇਟ ਅਦਾਲਤ ਵਿਚ ਸ਼ਿਕਾਇਤ ਕਰਕੇ ਬੁਲਾਰਿਆਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਅਦਾਲਤੀ ਹੁਕਮਾਂ 'ਤੇ 27 ਨਵੰਬਰ 2010 ਨੂੰ ਦਿੱਲੀ ਪੁਲਸ ਵੱਲੋਂ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਬੁਲਾਰਿਆਂ ਨੇ ਆਪਣੇ ਭੜਕਾਊ ਭਾਸ਼ਣਾਂ 'ਚ ਇਹ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਰਿਹਾ ਅਤੇ ਇਸ ਉੱਪਰ ਭਾਰਤੀ ਹਕੂਮਤ ਨੇ ਫ਼ੌਜੀ ਤਾਕਤ ਦੇ ਜ਼ੋਰ ਕਬਜ਼ਾ ਕੀਤਾ ਹੋਇਆ ਹੈ। ਦਿੱਲੀ ਪੁਲਸ, ਜੋ ਸੱਤਾਧਾਰੀ ਗੁੰਡਿਆਂ ਦੇ ਦਹਿਸ਼ਤਵਾਦੀ ਕਾਰਿਆਂ ਨੂੰ ਸਰੇਆਮ ਅੱਖੋਂ-ਪਰੋਖੇ ਕਰਨ ਅਤੇ ਸੱਤਾ ਦੇ ਇਸ਼ਾਰੇ 'ਤੇ ਮਜ਼ਲੂਮਾਂ ਤੇ ਆਲੋਚਕ ਆਵਾਜ਼ਾਂ ਵਿਰੁੱਧ ਕੇਸ ਦਰਜ ਕਰਨ ਲਈ ਬਦਨਾਮ ਹੈ, ਨੇ ਬੁਲਾਰਿਆਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮੰਗੀ ਸੀ। ਉਦੋਂ ਤੋਂ ਹੀ ਪੁਲਸ ਅਤੇ ਭਗਵਾਂ ਬਰਗੇਡ ਮਨਜ਼ੂਰੀ ਉਡੀਕ ਰਹੇ ਸਨ, ਤਾਂ ਜੋ ਇਸ ਨੂੰ ਆਲੋਚਕ ਆਵਾਜ਼ਾਂ 'ਚ ਖ਼ੌਫ਼ ਪੈਦਾ ਕਰਨ ਦਾ ਹਥਿਆਰ ਬਣਾਇਆ ਜਾ ਸਕੇ।

ਦਰਅਸਲ, ਲੇਖਕਾ ਨੇ ਕਸ਼ਮੀਰ ਦੇ ਸਵਾਲ ਬਾਰੇ ਆਪਣੇ ਵਿਚਾਰ ਪ੍ਰਗਟਾਏ ਸਨ, ਉਸ ਵਿਚ ਦੇਸ਼ ਵਿਰੋਧੀ ਜਾਂ ਹਿੰਸਾ ਭੜਕਾਉਣ ਵਾਲੀ ਕੋਈ ਗੱਲ ਨਹੀਂ ਸੀ। ਇਨ੍ਹਾਂ ਭਾਸ਼ਣਾਂ ਨਾਲ ਨਾ ਤਾਂ ਕੋਈ ਹਿੰਸਾ ਭੜਕੀ ਸੀ, ਨਾ ਕੋਈ ਅਮਨ-ਕਾਨੂੰਨ ਦੀ ਸਮੱਸਿਆ ਖੜ੍ਹੀ ਹੋਈ ਸੀ ਅਤੇ ਨਾ ਹੀ ਕਥਿਤ ਸ਼ਿਕਾਇਤਕਰਤਾ ਤੇ ਭਗਵਾਂ ਬਰਗੇਡ ਤੋਂ ਸਿਵਾਏ ਕਿਸੇ ਦੀਆਂ ਭਾਵਨਾਵਾਂ ਭੜਕੀਆਂ ਸਨ। ਕਾਨਫਰੰਸ ਤੋਂ ਅਗਲੇ ਦਿਨ ਜਦੋਂ ਭਗਵਾਂ ਹਜੂਮ ਨੇ ਅਰੁੰਧਤੀ ਰਾਏ ਦੇ ਘਰ 'ਚ ਵੜ ਕੇ ਹੰਗਾਮਾ ਕੀਤਾ ਤਾਂ ਇਸ ਦੀ ਕਵਰੇਜ ਲਈ ਗੋਦੀ ਮੀਡੀਆ ਦੀਆਂ ਓਬੀ ਵੈਨਾਂ ਉਨ੍ਹਾਂ ਦੇ ਨਾਲ ਸਨ। ਜਿਸ ਤੋਂ ਪਤਾ ਲੱਗਦਾ ਸੀ ਕਿ ਇਹ ਸਭ ਮੁੱਦੇ ਨੂੰ ਸਨਸਨੀਖੇਜ਼ ਬਣਾਉਣ ਲਈ ਗਿਣੀ-ਮਿੱਥੀ ਯੋਜਨਾ ਤਹਿਤ ਕੀਤਾ ਜਾ ਰਿਹਾ ਸੀ। ਭਾਜਪਾ ਦੇ ਮਹਿਲਾ ਵਿੰਗ ਦੀਆਂ ਸੌ ਕੁ ਔਰਤਾਂ ਨੇ ਹੜਦੁੰਗ ਮਚਾਉਂਦਿਆਂ ਮੰਗ ਕੀਤੀ ਸੀ ਕਿ ਲੇਖਕਾ ਇਹ ਟਿੱਪਣੀਆਂ ਵਾਪਸ ਲਏ ਜਾਂ ਮੁਲਕ ਛੱਡ ਕੇ ਚਲੀ ਜਾਵੇ। (ਹੁਣ ਵੀ ਉੱਪ ਰਾਜਪਾਲ ਵੱਲੋਂ ਮਨਜ਼ੂਰੀ ਦੀ ਖ਼ਬਰ ਨਸ਼ਰ ਹੁੰਦੇ ਸਾਰ ਭਗਵਾਂ ਟਰੋਲ ਫ਼ੌਜ ਤੁਰੰਤ ਸਰਗਰਮ ਹੋ ਗਈ ਅਤੇ ਅਰੁੰਧਤੀ ਰਾਏ ਦੇ ਉਸ ਭਾਸ਼ਣ ਦੇ ਇਕ ਹਿੱਸੇ ਨੂੰ ਵੱਢ-ਟੁੱਕ ਕੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਇਹ ਗ਼ਲਤ ਤਸਵੀਰ ਪੇਸ਼ ਕਰਨ ਲਈ ਧੜਾਧੜ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਤਾਂ ਘੋਰ ਦੇਸ਼ਧ੍ਰੋਹੀ ਸ਼ੈਤਾਨ ਹੈ, ਜਿਸ ਵਿਰੁੱਧ ਯੂ ਏ ਪੀ ਏ ਤਹਿਤ ਕਾਰਵਾਈ ਨੂੰ ਮਨਜ਼ੂਰੀ ਪੂਰੀ ਤਰ੍ਹਾਂ ਜਾਇਜ਼ ਹੈ।)

ਉਦੋਂ ਭਗਵਾਂ ਪ੍ਰਤੀਕਰਮ ਦੇ ਜਵਾਬ 'ਚ ਅਰੁੰਧਤੀ ਰਾਏ ਨੇ ਕਿਹਾ ਸੀ, 'ਸਰਕਾਰ (ਉਸ ਸਮੇਂ ਕਾਂਗਰਸ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ) ਨੇ ਸੰਕੇਤ ਦਿੱਤਾ ਹੈ ਕਿ ਉਸ ਦੀ ਮੇਰੇ ਵਿਰੁੱਧ ਰਾਜਧ੍ਰੋਹ ਦੇ ਦੋਸ਼ਾਂ ਨੂੰ ਅੱਗੇ ਵਧਾਉਣ ਦੀ ਮਨਸ਼ਾ ਨਹੀਂ ਹੈ...ਇਸ ਲਈ ਇੰਝ ਲੱਗਦਾ ਹੈ ਕਿ ਮੈਨੂੰ ਮੇਰੇ ਵਿਚਾਰਾਂ ਲਈ ਸਜ਼ਾ ਦੇਣ ਦਾ ਕੰਮ ਸੱਜੇ-ਪੱਖੀ ਸਟੌਰਮ-ਟਰੂਪਰਾਂ (ਨਾਜ਼ੀਵਾਦੀ ਤਰਜ਼ ਦੇ ਗਰੋਹਾਂ) ਨੇ ਸਾਂਭ ਲਿਆ ਹੈ, ਪਰ ਅਜਿਹਾ ਕਿਉਂ ਹੈ ਕਿ ਮੁੱਖ ਧਾਰਾ ਮੀਡੀਆ ਦੇ ਕੁਝ ਹਿੱਸੇ ਵੀ ਅਜਿਹਾ ਹੀ ਕਰ ਰਹੇ ਹਨ? ਕੀ ਪ੍ਰਚਲਤ ਤੋਂ ਵੱਖਰੇ ਵਿਚਾਰ ਰੱਖਣ ਵਾਲਾ ਲੇਖਕ ਬੰਬ ਧਮਾਕੇ ਦੇ ਕਿਸੇ ਸ਼ੱਕੀ ਵਿਅਕਤੀ ਨਾਲੋਂ ਜ਼ਿਆਦਾ ਖ਼ਤਰਨਾਕ ਹੈ?'

ਪਿਛਲੇ ਸਾਲ ਉੱਪ ਰਾਜਪਾਲ ਨੇ ਇਸ ਮਾਮਲੇ 'ਚ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 153ਏ, 153ਬੀ ਅਤੇ 505 ਲਗ ਕੇ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇ ਦਿੱਤੀ ਸੀ। ਹੁਣ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂ ਏ ਪੀ ਏ-1967 ਦੀ ਧਾਰਾ 13 ਦੇ ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ। ਯੂ ਏ ਪੀ ਏ ਦੀ ਧਾਰਾ 13 ਗ਼ੈਰਕਾਨੂੰਨੀ ਕਾਰਵਾਈ ਲਈ ਉਕਸਾਉਣ, ਪ੍ਰੇਰਿਤ ਕਰਨ ਜਾਂ ਵਕਾਲਤ ਕਰਨ ਵਿਰੁੱਧ ਕਾਰਵਾਈ ਕਰਨ ਲਈ ਹੈ। ਆਈ ਪੀ ਸੀ ਦੀ ਧਾਰਾ 153ਏ ਧਰਮ, ਨਸਲ, ਜਨਮ-ਸਥਾਨ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਵਧਾਉਣ ਅਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਸੰਬੰਧੀ ਹੈ, ਜਦਕਿ ਧਾਰਾ 153ਬੀ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਨਾਲ ਸੰਬੰਧਤ ਹੈ। ਧਾਰਾ 505 ਜਾਣ-ਬੁੱਝ ਕੇ ਸ਼ਾਂਤੀ ਭੰਗ ਕਰਨ ਦੇ ਇਰਾਦੇ ਵਿਰੁੱਧ ਕਾਰਵਾਈ ਕਰਨ ਨਾਲ ਸੰਬੰਧਤ ਹੈ। ਯੂ ਏ ਪੀ ਏ ਦੀ ਉਪਰੋਕਤ ਧਾਰਾ ਤਹਿਤ ਵੱਧ ਤੋਂ ਵੱਧ ਸੱਤ ਸਾਲ ਦੀ ਕੈਦ ਦੀ ਸਜ਼ਾ ਅਤੇ ਇਸੇ ਤਰ੍ਹਾਂ ਆਈ ਪੀ ਸੀ ਦੀਆਂ ਉਪਰੋਕਤ ਧਾਰਾਵਾਂ ਤਹਿਤ ਵੀ ਸਖ਼ਤ ਸਜ਼ਾ ਦੀ ਵਿਵਸਥਾ ਹੈ। 14 ਸਾਲ ਦੇ ਲੰਮੇ ਅਰਸੇ ਬਾਅਦ ਦਿੱਤੀ ਇਹ ਮਨਜ਼ੂਰੀ ਸਿਰਫ਼ ਸੱਤਾ ਵੱਲੋਂ ਕਾਨੂੰਨਾਂ ਦੀ ਮਨਮਾਨੀ ਵਰਤੋਂ ਰਾਹੀਂ ਨਾਗਰਿਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਨੂੰ ਹੀ ਨਹੀਂ ਦਰਸਾਉਂਦੀ, ਸਗੋਂ ਫ਼ੌਜਦਾਰੀ ਦੰਡਾਵਲੀ ਅਤੇ ਯੂ ਏ ਪੀ ਏ ਵਿਚ ਇਨ੍ਹਾਂ ਵਿਵਸਥਾਵਾਂ ਦੀ ਮਨਮਾਨੀ ਵਰਤੋਂ ਨੂੰ ਰੋਕਣ ਲਈ ਕੀਤੀ ਕੰਟਰੋਲ ਅਤੇ ਸੰਤੁਲਨ ਦੀ ਵਿਵਸਥਾ ਦੀ ਅਸਫ਼ਲਤਾ ਨੂੰ ਵੀ ਦਰਸਾਉਂਦੀ ਹੈ। ਯੂ ਏ ਪੀ ਏ ਦੇ ਸੈਕਸ਼ਨ 45 (2) ਵਿਚ ਮੁਕੱਦਮਾ ਚਲਾਏ ਜਾਣ ਨੂੰ ਅਗਾਊਂ ਮਨਜ਼ੂਰੀ ਦੀ ਇਕ ਵਿਵਸਥਾ ਕੀਤੀ ਗਈ ਹੈ, ਤਾਂ ਜੋ ਇਨ੍ਹਾਂ ਵਿਸ਼ੇਸ਼ ਤਾਕਤਾਂ ਦੀ ਮਨਮਾਨੀ ਵਰਤੋਂ ਨਾ ਹੋਵੇ। ਇਸੇ ਤਰ੍ਹਾਂ ਫ਼ੌਜਦਾਰੀ ਦੰਡਾਵਲੀ ਦੇ ਸੈਕਸ਼ਨ 196 ਤਹਿਤ 153 ਏ ਅਤੇ 153 ਬੀ ਦੇ ਸੈਕਸ਼ਨ ਤਹਿਤ ਦਰਜ ਕੀਤੇ ਅਪਰਾਧਾਂ ਲਈ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਸੰਬੰਧੀ ਵਿਸਤਾਰਤ ਰੀਵਿਊ ਦੀ ਵਿਵਸਥਾ ਹੈ, ਪਰ ਉੱਪ ਰਾਜਪਾਲ ਵੱਲੋਂ ਉਪਰੋਕਤ ਮਨਜ਼ੂਰੀ ਇਨ੍ਹਾਂ ਵਿਵਸਥਾਵਾਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰਕੇ ਦਿੱਤੀ ਗਈ ਹੈ, ਜਿਸ ਭਾਸ਼ਣ ਨਾਲ ਕੋਈ ਹਿੰਸਾ ਹੋਈ ਹੀ ਨਹੀਂ।

ਇਹ ਮਨਜ਼ੂਰੀ ਸਪੱਸ਼ਟ ਤੌਰ 'ਤੇ ਰਾਜਨੀਤਕ ਏਜੰਡੇ ਤੋਂ ਪ੍ਰੇਰਿਤ ਹੈ ਅਤੇ ਇਸ ਦੀ ਕੋਈ ਕਾਨੂੰਨੀ ਵਾਜਬੀਅਤ ਨਹੀਂ ਹੈ। ਐੱਫ ਆਈ ਆਰ ਲੱਗਭੱਗ ਚੌਦਾਂ ਸਾਲ ਪੁਰਾਣੀ ਹੈ ਅਤੇ ਇਸ ਦੇ ਮੱਦੇਨਜ਼ਰ ਹਾਲੀਆ ਮਨਜ਼ੂਰੀ ਦੇਣ ਪਿੱਛੇ ਹਕੂਮਤ ਦੀ ਫਾਸ਼ੀਵਾਦੀ ਮਨਸ਼ਾ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ। ਆਉਣ ਵਾਲੇ ਦਿਨਾਂ 'ਚ ਮੋਦੀ ਵਜ਼ਾਰਤ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਦੇ ਬਕਾਇਆ ਹਿੱਸੇ ਨੂੰ ਅੰਜਾਮ ਦੇਣ ਲਈ ਸਿਲਸਿਲੇਵਾਰ ਕਦਮ ਚੁੱਕਣ ਦੀ ਤਿਆਰੀ 'ਚ ਹੈ। ਭਗਵਾਂ ਹਕੂਮਤ ਚਾਹੁੰਦੀ ਹੈ ਕਿ ਕੋਈ ਵੀ ਆਲੋਚਕ ਉਸ ਦੇ ਇਨ੍ਹਾਂ ਤਾਨਾਸ਼ਾਹ ਕਾਰਿਆਂ ਵਿਰੁੱਧ ਆਵਾਜ਼ ਉਠਾਉਣ ਦੀ ਹਿੰਮਤ ਨਾ ਕਰੇ। ਆਲਮੀ ਪੱਧਰ 'ਤੇ ਮਕਬੂਲ ਲੇਖਕਾ ਹੋਣ ਕਾਰਨ ਅਰੁੰਧਤੀ ਰਾਏ ਹਕੂਮਤ ਨੂੰ ਖ਼ਾਸ ਕਰਕੇ ਚੁਭਦੀ ਹੈ, ਕਿਉਂਕਿ ਉਸ ਦੀ ਬੇਬਾਕ ਆਵਾਜ਼ ਦੁਨੀਆ ਭਰ 'ਚ ਸੁਣੀ ਜਾਂਦੀ ਹੈ।

ਅਰੁੰਧਤੀ ਰਾਏ ਉਨ੍ਹਾਂ ਗਿਣਤੀ ਦੇ ਕਲਮਕਾਰਾਂ ਵਿੱਚੋਂ ਸਿਰਕੱਢ ਨਾਂਅ ਹੈ, ਜੋ ਸਾਡੇ ਸਮਾਜ ਅਤੇ ਰਾਜ ਢਾਂਚੇ ਦੇ ਵਿਗਾੜਾਂ ਦੀ ਤਹਿ 'ਚ ਜਾ ਕੇ ਉਨ੍ਹਾਂ ਨੂੰ ਉਜਾਗਰ ਕਰਦੇ ਹਨ ਅਤੇ ਸੱਤਾ ਦੀਆਂ ਮਨਮਾਨੀਆਂ ਉੱਪਰ ਤਿੱਖੇ ਸਵਾਲ ਉਠਾਉਂਦਿਆਂ ਲਕੀਰ ਖਿੱਚ ਕੇ ਮਜ਼ਲੂਮ ਧਿਰਾਂ ਨਾਲ ਖੜ੍ਹਦੇ ਹਨ। ਚਾਹੇ ਅਮਰੀਕਨ ਸਾਮਰਾਜਵਾਦ ਸਮੇਤ ਦੁਨੀਆ ਭਰ 'ਚ ਘੋਰ ਪਿਛਾਖੜੀ ਤਾਕਤਾਂ ਦੀ ਵਧ ਰਹੀ ਦਰਿੰਦਗੀ ਹੋਵੇ ਜਾਂ ਗਾਜ਼ਾ ਵਿਚ ਅਮਰੀਕਾ ਤੇ ਪੱਛਮੀ ਸਾਮਰਾਜੀ ਤਾਕਤਾਂ ਦੀ ਪੁਸ਼ਤ-ਪਨਾਹੀ ਹੇਠ ਇਜ਼ਰਾਇਲੀ ਦਹਿਸ਼ਤਵਾਦੀ ਰਾਜ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੋਵੇ, ਅਰੁੰਧਤੀ ਰਾਏ ਨੇ ਜਾਬਰ ਹਕੂਮਤਾਂ ਦਾ ਧੜੱਲੇ ਨਾਲ ਵਿਰੋਧ ਕੀਤਾ ਹੈ ਅਤੇ ਮਜ਼ਲੂਮਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ। ਭਾਰਤ ਵਿਚ, ਸਰਕਾਰ ਚਾਹੇ ਕਾਂਗਰਸ ਦੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਦੀ ਹੋਵੇ ਜਾਂ ਭਗਵਾਂ ਬਰਗੇਡ ਦੀ, ਅਰੁੰਧਤੀ ਰਾਏ ਨੇ ਸੱਤਾ ਦੀਆਂ ਲੋਕ-ਵਿਰੋਧੀ ਨੀਤੀਆਂ ਉੱਪਰ ਆਪਣੇ ਵਿਚਾਰ ਬੇਬਾਕੀ ਨਾਲ ਰੱਖੇ ਹਨ। ਅਰੁੰਧਤੀ ਨੇ ਪ੍ਰਮਾਣੂ ਤਜਰਬਿਆਂ, ਡੈਮਾਂ ਰਾਹੀਂ ਉਜਾੜੇ, ਪਾਰਲੀਮੈਂਟ ਉੱਪਰ ਸ਼ੱਕੀ ਹਮਲੇ ਆਦਿ ਸਵਾਲਾਂ ਉੱਪਰ ਦਲੇਰੀ ਨਾਲ ਲਿਖਿਆ ਹੈ। ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜੇ ਪਿੱਛੇ ਕੰਮ ਕਰਦੇ ਕਾਰਪੋਰੇਟ ਹਿੱਤਾਂ ਦਾ ਡਟ ਕੇ ਪਰਦਾ ਫਾਸ਼ ਕੀਤਾ ਹੈ। ਚਾਹੇ ਆਦਿਵਾਸੀਆਂ ਦਾ ਸੰਘਰਸ਼ ਹੋਵੇ, ਨਰਮਦਾ ਬਚਾਓ ਅੰਦੋਲਨ ਹੋਵੇ ਜਾਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਮੁਸਲਮਾਨ ਘੱਟ ਗਿਣਤੀ ਅਤੇ ਹੋਰ ਇਨਸਾਫ਼ਪਸੰਦਾਂ ਦਾ ਸ਼ਾਹੀਨ ਬਾਗ਼ ਸੰਘਰਸ਼ ਹੋਵੇ ਜਾਂ ਮਨੀਪੁਰ ਵਿਚ ਔਰਤਾਂ ਵਿਰੁੱਧ ਘਿਣਾਉਣੀ ਜਿਨਸੀ ਹਿੰਸਾ, ਉਹ ਹਮੇਸ਼ਾ ਮਜ਼ਲੂਮ ਧਿਰ ਨਾਲ ਡਟ ਕੇ ਖੜ੍ਹਦੀ ਰਹੀ ਹੈ। ਚਾਹੇ ਨੋਟਬੰਦੀ ਸੀ ਜਾਂ ਕੋਰੋਨਾ ਮਹਾਂਮਾਰੀ ਨਾਲ ਭਾਰਤ ਦੇ ਗ਼ਰੀਬ ਲੋਕਾਂ ਦੀ ਭਿਆਨਕ ਤਬਾਹੀ, ਉਸ ਨੇ ਹਕੂਮਤ ਦੀਆਂ ਗ਼ਲਤ ਨੀਤੀਆਂ ਨੂੰ ਬਖ਼ੂਬੀ ਨੰਗਾ ਕੀਤਾ ਹੈ।

ਉਸ ਨੇ ਆਰ ਐੱਸ ਐੱਸ-ਭਾਜਪਾ ਦੇ ਹਿੰਦੂਤਵ ਪ੍ਰੋਜੈਕਟ ਦੀ ਇਤਿਹਾਸਕ ਤੱਥਾਂ ਅਤੇ ਦਲੀਲਾਂ ਨਾਲ ਚੀਰ-ਫਾੜ ਕੀਤੀ ਹੈ ਅਤੇ ਖ਼ਤਰਨਾਕ ਨਤੀਜਿਆਂ ਤੋਂ ਦੁਨੀਆ ਨੂੰ ਚੌਕਸ ਕੀਤਾ ਹੈ। 2018 'ਚ ਉਸ ਨੇ ਕਿਹਾ, '1990 ਦੇ ਕਰੀਬ ਇਸ ਮੁਲਕ 'ਚ ਦੋ ਤਾਲੇ ਖੋਲ੍ਹੇ ਗਏ। ਇਕ ਬਾਬਰੀ ਮਸਜਿਦ ਦਾ ਤਾਲਾ ਅਤੇ ਦੂਜਾ ਬਜ਼ਾਰ ਦਾ। ਅੱਜ ਜੋ ਹੋ ਰਿਹਾ ਹੈ ਉਹ ਉਸੇ ਦਾ ਨਤੀਜਾ ਹੈ।' 2022 'ਚ ਉਸ ਨੇ ਸੱਤਾਧਾਰੀ ਭਾਜਪਾ ਦੀ ਤੁਲਨਾ 6 ਜਨਵਰੀ ਨੂੰ ਯੂ ਐੱਸ ਕੈਪੀਟਲ ਹਿੱਲ ਵਿਚ ਦੰਗਈਆਂ ਨਾਲ ਕੀਤੀ ਅਤੇ ਕਿਹਾ, 'ਮੇਰੇ ਵਰਗੇ ਲੋਕ ਰਾਸ਼ਟਰ ਵਿਰੋਧੀਆਂ ਦੀ ਏ-ਸੂਚੀ 'ਚ ਆਉਂਦੇ ਹਨ। ਖ਼ਾਸ ਕਰਕੇ ਮੈਂ ਜੋ ਲਿਖਦੀ ਜਾਂ ਕਹਿੰਦੀ ਹਾਂ ਉਸ ਦੇ ਕਾਰਨ। ਖ਼ਾਸ ਤੌਰ 'ਤੇ ਕਸ਼ਮੀਰ ਬਾਰੇ।' ਫਰਵਰੀ 2022 'ਚ ਕਰਨ ਥਾਪਰ ਨਾਲ ਇੰਟਰਵਿਊ ਵਿਚ ਉਸ ਨੇ ਕਿਹਾ ਕਿ ਹਿੰਦੂ ਰਾਸ਼ਟਰਵਾਦ ਦੀ ਸੋਚ ਪਾਟਕਪਾਊ ਹੈ ਅਤੇ ਭਾਜਪਾ ਫਾਸ਼ੀਵਾਦੀ ਹੈ। ਲੇਖਕਾ ਨੇ ਆਸ਼ਾਵਾਦ ਨਾਲ ਕਿਹਾ, 'ਮੈਨੂੰ ਭਾਰਤੀ ਲੋਕਾਂ ਉੱਪਰ ਭਰੋਸਾ ਹੈ ਅਤੇ ਮੇਰਾ ਮੰਨਣਾ ਹੈ ਕਿ ਮੁਲਕ ਇਸ ਹਨੇਰੀ ਖਾਈ 'ਚੋਂ ਬਾਹਰ ਜ਼ਰੂਰ ਆਵੇਗਾ।' ਪਿੱਛੇ ਜਹੇ ਛਪੀ ਉਸ ਦੀ ਕਿਤਾਬ 'ਆਜ਼ਾਦੀ' ਸਾਡੇ ਸਮਿਆਂ ਦੀ ਬਿਹਤਰੀਨ ਰਚਨਾ ਹੈ।

ਜਿੱਥੇ ਦੁਨੀਆ ਭਰ ਦੇ ਇਨਸਾਫ਼ਪਸੰਦਾਂ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਉਸ ਨੂੰ ਵੱਡੇ ਮਾਣ-ਸਨਮਾਨ ਦੇ ਕੇ ਉਸ ਦੀ ਬੌਧਿਕ ਕਾਬਲੀਅਤ ਨੂੰ ਸਲਾਮ ਕੀਤੀ ਹੈ, ਉੱਥੇ ਭਾਰਤ ਵਿਚ ਉਸ ਨੂੰ ਇਸ ਦਾ ਵੱਡਾ ਮੁੱਲ ਤਾਰਨਾ ਪਿਆ ਹੈ, ਖ਼ਾਸ ਕਰਕੇ ਭਗਵਾ ਤਾਕਤਾਂ ਨੇ ਉਸ ਦੀ ਕਿਰਦਾਰਕੁਸ਼ੀ ਕਰਨ ਅਤੇ ਉਸ ਨੂੰ ਦੇਸ਼ਧ੍ਰੋਹੀ ਸਾਬਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਹਕੂਮਤ ਦਾ ਇਰਾਦਾ ਉਸ ਵਿਰੁੱਧ ਸਖ਼ਤ ਕਾਰਵਾਈ ਨੂੰ ਹੋਰ ਆਲੋਚਕ ਆਵਾਜ਼ਾਂ ਨੂੰ ਹਕੂਮਤ ਦੇ ਸਖ਼ਤ ਤੇਵਰਾਂ ਦਾ ਸੰਦੇਸ਼ ਦੇਣ ਦਾ ਹੈ। ਭਾਰਤ ਦੇ ਕਾਨੂੰਨ ਅਤੇ ਅਦਾਲਤਾਂ ਤਾਂ ਮੋਮ ਦੀ ਨੱਕ ਵਾਂਗ ਹਨ, ਜਿਸ ਨੂੰ ਹਕੂਮਤ ਆਪਣੀ ਇੱਛਾ ਅਨੁਸਾਰ ਜਿੱਧਰ ਨੂੰ ਚਾਹੇ ਮੋੜ ਸਕਦੀ ਹੈ। ਮੁਕੱਦਮੇ ਨੂੰ ਮਨਜ਼ੂਰੀ ਦੀ ਕੋਈ ਕਾਨੂੰਨੀ ਵਾਜਬੀਅਤ ਨਾ ਹੋਣ ਬਾਵਜੂਦ ਅਦਾਲਤੀ ਪ੍ਰਣਾਲੀ ਉੱਪਰ ਸੱਤਾਧਾਰੀ ਧਿਰ ਦੇ ਭਾਰੀ ਦਬਾਅ ਅਤੇ ਰਾਜਤੰਤਰ ਵਿਚ ਭਗਵਾਂ ਅਨਸਰਾਂ ਦੀ ਡੂੰਘੀ ਘੁਸਪੈਠ ਦੇ ਮੱਦੇਨਜ਼ਰ ਹੋਰ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਦੀ ਤਰ੍ਹਾਂ ਅਰੁੰਧਤੀ ਰਾਏ ਨੂੰ ਕੋਈ ਖ਼ਾਸ ਕਾਨੂੰਨੀ ਰਾਹਤ ਮਿਲਣ ਦੀ ਸੰਭਾਵਨਾ ਨਹੀਂ। ਭੀਮਾ-ਕੋਰੇਗਾਓਂ ਕੇਸ ਵਿਚ ਫਸਾਏ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰਾਂ, ਇਸੇ ਤਰ੍ਹਾਂ ਦਿੱਲੀ ਕਤਲੇਆਮ ਵਿਚ ਬਹੁਤ ਸਾਰੇ ਧਰਮ ਨਿਰਪੱਖ ਇਨਸਾਫ਼ਪਸੰਦ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸਾੜੇ ਜਾਣ ਤੋਂ ਸੱਤਾਧਾਰੀ ਧਿਰ ਦਾ ਰਵੱਈਆ ਇਕਦਮ ਸਪੱਸ਼ਟ ਹੈ। ਦਿੱਲੀ ਕਤਲੇਆਮ ਦੀ ਰਿਪੋਰਟਿੰਗ ਕਰਨ ਵਾਲੇ 'ਕਾਰਵਾਂ' ਰਸਾਲੇ ਦੇ ਦੋ ਪੱਤਰਕਾਰਾਂ ਵਿਰੁੱਧ ਹੀ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਅਤੇ ਇਕ ਔਰਤ ਨੂੰ ਅਪਮਾਨਿਤ ਕਰਨ ਦੀਆਂ ਸੰਗੀਨ ਧਾਰਾਵਾਂ ਲਗਾ ਕੇ ਐੱਫ ਆਈ ਆਰ ਦਰਜ ਕਰ ਲਈ ਗਈ ਹੈ। ਇਹ ਸਾਰੇ ਇੱਕੋ ਸਿਲਸਿਲੇ ਦੀਆਂ ਵੱਖ-ਵੱਖ ਘਟਨਾਵਾਂ ਹਨ।

ਮਨਜ਼ੂਰੀ ਦੀ ਇਹ ਕਵਾਇਦ ਬੁੱਧੀਜੀਵੀਆਂ ਅਤੇ ਬੌਧਿਕਤਾ ਦਾ ਸਰੋਤ ਸੰਸਥਾਵਾਂ ਨੂੰ ਖ਼ਾਮੋਸ਼ ਕਰਨ ਦੇ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਹੈ ਅਤੇ ਇਸ ਨੂੰ ਸਾਫ਼-ਸਾਫ਼ ਸਮਝਣ ਦੀ ਜ਼ਰੂਰਤ ਹੈ। ਇਸ ਕਾਰਵਾਈ ਨਾਲ ਭੈਭੀਤ ਹੋਣ ਦੀ ਬਜਾਏ ਲੇਖਕਾ ਦੇ ਹੱਕ 'ਚ ਸਿਰਫ਼ ਡਟ ਕੇ ਖੜ੍ਹਨਾ ਹੀ ਕਾਫ਼ੀ ਨਹੀਂ ਹੈ, ਸਗੋਂ ਇਸ ਨੂੰ ਇਕ ਵਿਆਪਕ ਲੋਕ-ਰਾਇ ਉਸਾਰਨ ਦੀ ਮੁਹਿੰਮ ਬਣਾਉਣਾ ਵਕਤ ਦਾ ਤਕਾਜ਼ਾ ਹੈ। ਲੇਖਕਾ ਇਕ ਬੇਹੱਦ ਮਕਬੂਲ ਸ਼ਖ਼ਸੀਅਤ ਹੋਣ ਕਾਰਨ ਵਿਰੋਧੀ-ਧਿਰ ਦੇ ਕਈ ਆਗੂਆਂ ਸਮੇਤ ਮੁਲਕ ਦੇ ਉਦਾਰ ਖ਼ਿਆਲ ਹਿੱਸਿਆਂ ਨੇ ਇਸ ਮਨਜ਼ੂਰੀ ਵਿਰੁੱਧ ਆਵਾਜ਼ ਉਠਾਈ ਹੈ। ਦੁਨੀਆ ਭਰ 'ਚ ਵੀ ਉਸ ਦੇ ਹੱਕ 'ਚ ਇਕਮੁੱਠਤਾ ਦੀ ਆਵਾਜ਼ ਉੱਠਣੀ ਸੁਭਾਵਿਕ ਹੈ, ਪਰ ਸਭ ਤੋਂ ਅਹਿਮ ਸਵਾਲ ਹਕੂਮਤ ਦੇ ਖ਼ੂਨੀ ਹੱਥ ਰੋਕਣ ਲਈ ਵਿਆਪਕ ਲੋਕ-ਰਾਇ ਖੜ੍ਹੀ ਕਰਨ ਦਾ ਅਤੇ ਆਪਾ-ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਸਮੇਤ ਜਮਹੂਰੀ ਹੱਕਾਂ ਦੀ ਰਾਖੀ ਦਾ ਹੈ। ਜੇ ਐੱਨ ਯੂ ਸਮੇਤ ਚੋਟੀ ਦੇ ਬੌਧਿਕ ਕੇਂਦਰਾਂ ਉੱਪਰ ਹਮਲਾ ਹੋਵੇ ਜਾਂ ਭੀਮਾ-ਕੋਰੇਗਾਓਂ ਕੇਸ ਹੋਵੇ ਜਾਂ ਦਿੱਲੀ ਕਤਲੇਆਮ, ਭਗਵਾਂ ਬਰਗੇਡ ਨੂੰ ਫਾਸ਼ੀਵਾਦੀ ਕਾਰਿਆਂ ਦਾ ਕੋਈ ਖ਼ਾਸ ਰਾਜਨੀਤਕ ਮੁੱਲ ਨਹੀਂ ਚੁਕਾਉਣਾ ਪਿਆ। ਹਾਲਾਤ ਮੰਗ ਕਰਦੇ ਹਨ ਕਿ ਇਸ ਮੁਲਕ ਨੂੰ ਬਚਾਉਣਾ ਚਾਹੁੰਦੀਆਂ ਸਾਰੀਆਂ ਤਾਕਤਾਂ ਜਮਹੂਰੀ ਹੱਕਾਂ ਦੀ ਰਾਖੀ ਪ੍ਰਤੀ ਗੰਭੀਰ ਹੋਣ ਅਤੇ ਫਾਸ਼ੀਵਾਦ ਦਾ ਪਹੀਆ ਜਾਮ ਕਰਨ ਲਈ ਕੋਈ ਸਾਂਝਾ ਪ੍ਰੋਗਰਾਮ ਤੈਅ ਕਰਕੇ ਵੱਡਾ ਅੰਦੋਲਨ ਸ਼ੁਰੂ ਕਰਨ।

# ਅਮਰੀਕਾ ਵਿਚ ਵਸਦੇ ਮੌਤ ਦੇ ਸੁਦਾਗਰ : ਮਿਕ

**ਡੇਵਿਡ ਵਾਈਨ-ਥੈਰਿਸਾ ਅਰੀਓਲਾ**

**ਅਨੁਵਾਦ-ਪੁਸ਼ਪਿੰਦਰ**

ਸਾਨੂੰ ਜ਼ਰੂਰਤ ਹੈ ਕਿ ਸੋਚੀਏ, ਜੰਗ ਦੇ ਦਰਮਿਆਨ ਬੰਬ ਕੀ ਕਰਦੇ ਹਨ? ਉਹ ਸਾਡੇ ਜਿਸਮਾਂ ਦੇ ਚੀਥੜੇ ਚੀਥੜੇ ਕਰ ਦਿੰਦੇ ਹਨ, ਹੱਡੀਆਂ ਦੇ ਟੋਟੇ-ਟੋਟੇ ਕਰ ਕੇ ਖਿਲਾਰ ਦਿੰਦੇ ਹਨ। ਜਿਸਮ ਦੇ ਅੰਗਾਂ ਦਿਲ, ਦਿਮਾਗ, ਫੇਫੜਿਆਂ ਨੂੰ ਐਨੀ ਬੁਰੀ ਤਰ੍ਹਾਂ ਜ਼ਖਮੀ ਲਹੂ-ਲੁਹਾਨ ਕਰ ਦਿੰਦੇ ਹਨ ਕਿ ਉਹ ਕੰਮ ਕਰਨਾ ਹੀ ਬੰਦ ਕਰ ਦਿੰਦੇ ਹਨ।

ਬੰਬ ਕਤਲ ਕਰਦੇ ਹਨ, ਬਰਬਾਦੀ ਕਰਦੇ ਹਨ। ਬੰਬ ਲੋਕਾਂ ਨੂੰ ਅਮੀਰ ਬਣਾਉਂਦੇ ਹਨ। ਜਦ ਇੱਕ ਬੰਬ ਫਟਦਾ ਹੈ ਤਾਂ ਕਿਸੇ ਨੂੰ ਮੁਨਾਫਾ ਹੁੰਦਾ ਹੈ। ਜਦ ਬੰਬ ਤੋਂ ਕਿਸੇ ਨੂੰ ਲਾਭ ਹੁੰਦਾ ਹੈ ਤਾਂ ਇਹ ਕਈ ਅਣਦਿਸਦੇ ਲੋਕਾਂ ਨੂੰ ਵੀ ਪੀੜਤ ਕਰਦਾ ਹੈ। ਬੰਬ 'ਤੇ ਖਰਚਿਆ ਗਿਆ ਹਰੇਕ ਡਾਲਰ ਉਹ ਡਾਲਰ ਨਹੀਂ ਹੁੰਦਾ, ਜੋ ਕੈਂਸਰ ਦੇ ਮਰੀਜ਼ ਨੂੰ ਠੀਕ ਕਰਨ ਜਾਂ ਕਿਸੇ ਬੱਚੇ ਦੀ ਪੜ੍ਹਾਈ ਜਾਂ ਰੋਕੀ ਜਾ ਸਕਣ ਵਾਲੀ ਮੌਤ ਤੋਂ ਜ਼ਿੰਦਗੀ ਨੂੰ ਬਚਾਉਣ 'ਤੇ ਖਰਚਿਆ ਗਿਆ ਡਾਲਰ ਨਹੀਂ ਹੈ। ਤਾਂ ਹੀ ਰਾਸ਼ਟਰਪਤੀ ਆਈਜ਼ਨਹਾਵਰ ਨੇ ਕਿਹਾ ਸੀ ਕਿ ਮਿਲਟਰੀ ਦੀ ਕਿਸੇ ਚੀਜ਼ ਜਾਂ ਬੰਬਾਂ ਉਪਰ ਕੀਤਾ ਖਰਚ "ਠੱਗੀ" ਹੈ।

ਇਸ ਠੱਗੀ ਨੂੰ ਅੰਜਾਮ ਦੇਣ ਵਾਲੀਆਂ ਉਹ ਵਿਨਾਸ਼ਕਾਰੀ ਸ਼ਕਤੀਆਂ ਹਨ ਜੋ ਇਸ ਵੇਲੇ ਦੁਨੀਆ ਦੀਆਂ ਅਤੇ ਅਮਰੀਕਾ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਹਨ। ਇਨ੍ਹਾਂ ਸ਼ਕਤੀਆਂ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨੇ ਆਪਣੇ ਵਿਦਾਇਗੀ ਭਾਸ਼ਨ ਵਿਚ "ਮਿਲਟਰੀ ਇੰਡਸਟਰੀਅਲ ਕੰਪਲੈਕਸ" (ਮਿਕ) ਦਾ ਨਾਂਅ ਦਿੱਤਾ ਸੀ। ਅੰਕੜੇ ਜਾਣ ਕੇ ਹੈਰਾਨੀ ਹੋਵੇਗੀ। ਅਮਰੀਕਾ ਦੇ ਬਜਟ ਨੂੰ ਆਪਣੇ ਹੱਥ ਵਿਚ ਕਰਨ ਦੀ ਮਾਹਰ ਹੈ ਮਿਕ। ਅਮਰੀਕਾ ਦਾ ਕੁਲ ਫੌਜੀ ਬਜਟ ਹੈ ੧.੫ ਟਿਰੀਲੀਅਨ ਡਾਲਰ। ਇੱਕ ਦੇ ਹਿੰਦਸੇ ਨਾਲ 12 ਸਿਫਰਾਂ ਲਾਈਏ ਤਾਂ ਬਣਦਾ ਹੈ ਇੱਕ ਟਰਿਲੀਅਨ। ਜੇ ਇਸ ਰਕਮ ਨੂੰ ਰੁਪਏ ਵਿਚ ਬਦਲਣਾ ਹੈ ਤਾਂ ਫਿਰ ੮੨ ਨਾਲ ਗੁਣਾ ਕਰਨਾ ਪਵੇਗਾ। ਅਮਰੀਕਾ ਦੀ ਸੁਰੱਖਿਆ ਨੂੰ ਅਜਿਹਾ ਕੋਈ ਖਤਰਾ ਨਜ਼ਰ ਨਹੀਂ ਆਉਂਦਾ ਕਿ ਐਨਾ ਖਰਚ ਕੀਤਾ ਜਾਵੇ। ਇਹ

ਰਕਮ ਅਮਰੀਕਾ ਵੱਲੋਂ ਬਾਕੀ ਸਾਰੇ ਗੈਰ ਫੌਜੀ ਕੰਮਾਂ 'ਤੇ ਖਰਚ ਕੀਤੀ ਜਾਣ ਵਾਲੀ ਸਾਲਾਨਾ ਰਕਮ ਤੋਂ ਲੱਗਭੱਗ ਦੁੱਗਣੀ ਬਣਦੀ ਹੈ। ਦੇਸ਼ ਦੇ ਸਾਹਮਣੇ ਬਹੁਤ ਸਾਰੀਆਂ ਚੁਨੌਤੀਆਂ ਹਨ, ਜਿਵੇਂ ਕਿ ਗਰੀਬੀ, ਬੇਘਰੇ, ਮੁਫਤ ਵਿੱਦਿਆ ਤੇ ਸਿਹਤ ਦੀ ਵਿਵਸਥਾ, ਵਧ ਰਹੀ ਆਲਮੀ ਤਪਸ਼ ਅਤੇ ਮੌਸਮ ਵਿਚ ਆ ਰਹੀ ਤਬਦੀਲੀ ਦੀ ਚੁਨੌਤੀ। ਮਿਕ ਦੇ ਖਾਤੇ ਵਿਚੋਂ ਕੁਝ ਰਕਮ ਲੈ ਕੇ ਹੀ ਬਹੁਤ ਸਾਰੀਆਂ ਹੱਲ ਕੀਤੀਆਂ ਜਾ ਸਕਦੀਆਂ ਹਨ, ਆਮ ਲੋਕਾਂ ਨੂੰ ਰਾਹਤ ਦਿੱਤੀ ਜਾ ਸਕਦੀ ਹੈ। ਲੋਕਾਂ ਵੱਲੋਂ ਭਰੇ ਜਾਂਦੇ ਕਰਾਂ ਰੂਪੀ ਡਾਲਰਾਂ ਵਿੱਚੋਂ ਬਹੁਤਿਆਂ ਉਤੇ ਜੰਗਾਂ ਵਿੱਚੋਂ ਮੁਨਾਫੇ ਕਮਾਉਣ ਵਾਲੀਆਂ ਪੰਜ : ਲਾਕਹੀਡ ਮਾਰਟਨ, ਨਾਰਥਰੋਪ ਗਰਮਨ, ਰੇਥੀਅਨ, ਬੋਇੰਗ ਅਤੇ ਜਨਰਲ ਡਾਨੀਮੈਕਸ ਆਦਿ ਕਾਬਜ਼ ਹੋ ਜਾਂਦੀਆਂ ਹਨ। ਇਨ੍ਹਾ ਕੰਪਨੀਆਂ ਨੇ ਆਪਣੇ ਮੁਨਾਫੇ ਦੀ ਖਾਤਰ ਅਮਰੀਕਾ ਨੂੰ ਦੁਨੀਆ ਵਿਚ ਕਈ ਮਸਲਿਆਂ ਵਿਚ ਕਦੀ ਨਾ ਮੁੱਕਣ ਵਾਲੀਆਂ ਜੰਗਾਂ ਵਿਚ ਉਲਝਾ ਰੱਖਿਆ ਹੈ। ਅਣਕਿਆਸੀ ਬਰਬਾਦੀ ਤੇ ਤਬਾਹੀ ਦੀਆਂ ਜ਼ਿੰਮੇਵਾਰ ਹਨ ਇਹ ਕੰਪਨੀਆਂ। ਬਰਾਉਣ ਯੂਨੀਵਰਸਿਟੀ ਦੇ ਪ੍ਰਾਜੈਕਟ ਕਾਸਟ ਆਫ ਵਾਰ ਦੇ ਅਨੁਸਾਰ 2021 ਤੋਂ ਲੈ ਕੇ ਹੁਣ ਤੱਕ ਅੰਦਾਜ਼ਨ 45 ਲੱਖ ਮਾਰੇ ਗਏ ਹਨ, ਅਣਗਿਣਤ ਹੋਰ ਜ਼ਖਮੀ ਹੋ ਗਏ ਅਤੇ 380 ਲੱਖ ਲੋਕਾਂ ਨੂੰ ਉਜਾੜ ਦਿੱਤਾ ਗਿਆ ਹੈ।

ਅਮਰੀਕੀ ਸਮਾਜ ਉਪਰ ਮਿਕ ਦੀ ਇਹ ਲੁਕਵੀਂ ਸਰਦਾਰੀ ਖਤਮ ਹੋਣੀ ਚਾਹੀਦੀ ਹੈ। ਇਹ ਨਾਮੁਮਕਨ ਪ੍ਰਤੀਤ ਹੋਵੇਗਾ, ਪਰ ਅਜਿਹਾ ਨਹੀਂ ਹੈ, ਕਿਉਂਕਿ ਮਿਲਟਰੀ ਜਾਂ ਫੌਜੀ ਤਾਕਤ ਅਤੇ ਮਿਕ ਵਿਚ ਬਹੁਤ ਫਰਕ ਹੈ। ਮਿਕ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਦੀ ਪੈਦਾਵਾਰ ਹੈ ਅਤੇ ਫੌਜ ਆਪ ਬਹੁਤੀ ਵਾਰ ਇਸ ਤੋਂ ਪੀੜਤ ਹੋਈ ਹੈ। ਮੁਨਾਫਾ ਹਮੇਸ਼ਾ ਜੰਗ ਦਾ ਹਿੱਸਾ ਰਿਹਾ ਹੈ, ਪਰ ਮਿਕ ਰਾਜ ਦੀ ਨੀਤੀ ਦੀ ਪ੍ਰਕਿਰਿਆ ਹੈ, ਜਿਸ ਦੇ ਜਕੜ ਨੂੰ ਤੋੜਿਆ ਜਾ ਸਕਦਾ ਹੈ। ਪਰ ਕਿਵੇਂ?

ਪਹਿਲਾਂ ਇਸ ਦੇ ਜਨਮ ਬਾਰੇ ਅਤੇ ਬਹੁਤ ਵਿਸ਼ਾਲ ਆਕਾਰ ਨੂੰ ਸਮਝਣ ਦੀ ਜ਼ਰੂਰਤ ਹੈ। ਮਿਕ ਦਾ ਜਨਮ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਹੁੰਦਾ ਹੈ, ਜਿਵੇਂ ਰਾਸ਼ਟਰਪਤੀ ਆਈਜ਼ਨ ਹਾਵਰ ਨੇ ਵਿਆਖਿਆ ਕੀਤੀ ਹੈ : ਇਹ ਬਹੁਤ ਵਿਸ਼ਾਲ ਫੌਜੀ ਤੰਤਰ -ਪੈਂਟਾਗਨ, ਹਥਿਆਰਬੰਦ ਫੌਜ, ਸੂਹੀਆ ਏਜੰਸੀਆਂ ਆਦਿ - ਅਤੇ ਹਥਿਆਰ ਉਦਯੋਗ ਦੇ ਮਿਲਾਪ ਤੋਂ ਬਣਦਾ ਹੈ। ਇਹ ਦੋ ਤਾਕਤਾਂ ਫਿਰ ਕਾਂਗਰਸ (ਅਮਰੀਕੀ ਸੰਸਦ) ਨਾਲ ਜੁੜ ਕੇ ਇੱਕ ਅਪਵਿੱਤਰ "ਆਇਰਨ ਟਰਾਈਏਂਗਲ) ਬਣਾਉਂਦੀਆਂ ਹਨ, ਜਿਸ ਨੂੰ ਵਿਦਵਾਨਾਂ ਨੇ ਫੌਜੀ, ਉਦਯੋਗਿਕ, ਕਾਂਗਰਸ ਮੈਂਬਰਾਂ ਦੇ ਗਠਜੋੜ ਦਾ ਨਾਂਅ ਦਿੱਤਾ ਸੀ। ਹੁਣ ਤੱਕ ਇਹ ਤਿੰਨੇ ਸੰਸਥਾਵਾਂ ਮਿਕ ਦਾ ਕੇਂਦਰ ਬਿੰਦੂ ਹਨ, ਇੱਕ ਦੂਸਰੇ ਨੂੰ ਵਧਾ-ਫੁਲਾ ਰਹੇ ਹਨ, ਇੱਕ ਕਾਨੂੰਨੀ ਭ੍ਰਿਸ਼ਟਾਚਾਰ ਦੇ ਚਿੱਕੜ ਵਿਚ ਬੁਰੀ ਤਰ੍ਹਾਂ ਲਿੱਬੜੇ ਹੋਏ ਹਨ। ਬੁਨਿਆਦੀ ਪ੍ਰਕਿਰਿਆ ਇਸ ਤਰ੍ਹਾਂ ਚਲਦੀ ਹੈ : ਸਭ ਤੋਂ ਪਹਿਲਾਂ ਕਾਂਗਰਸ ਹਰ ਸਾਲ ਬਿੱਲ ਪਾਸ ਕਰਕੇ ਕਰਦਾਤਾਵਾਂ ਦਾ ਬੇਸ਼ੁਮਾਰ ਪੈਸਾ ਪੈਂਟਾਗਨ ਨੂੰ ਦਿੰਦੀ ਹੈ, ਫਿਰ ਕਾਂਗਰਸ ਦੇ ਆਦੇਸ਼ ਅਨੁਸਾਰ ਪੈਂਟਾਗਨ ਹਥਿਆਰ ਉਦਯੋਗ ਕੰਪਨੀਆਂ ਨਾਲ ਲਿਖਤੀ ਸਮਝੌਤੇ ਕਰਦੀ ਹੈ, ਬੇਸ਼ੁਮਾਰ ਧਨ ਮੁਨਾਫੇ ਦੇ ਰੂਪ ਵਿਚ ਕੰਪਨੀਆਂ ਕੋਲ ਚਲਾ ਜਾਂਦਾ ਹੈ। ਤੀਸਰਾ, ਕੰਪਨੀਆਂ ਇਸ ਮੁਨਾਫੇ ਦਾ ਕੁਝ ਹਿੱਸਾ ਤੋਹਫੇ ਬਣਾ ਕੇ ਕਾਂਗਰਸ ਮੈਂਬਰਾਂ ਨੂੰ ਦਿੰਦੀਆਂ ਹਨ, ਤਾਂ ਕਿ ਨਵੇਂ ਹਥਿਆਰ ਬਣਾਉਣ ਦੇ ਨਵੇਂ ਇਕਰਾਰਨਾਮੇ ਲਿਖੇ ਜਾ ਸਕਣ। ਅੱਗੋਂ ਕਾਂਗਰਸ ਵਾਲੇ ਪਹਿਲਾਂ ਹੀ ਤਿਆਰ ਹੁੰਦੇ ਹਨ ਦੇਸ਼ ਦੀ ਸੁਰੱਖਿਆ ਦੇ ਨਾਂਅ 'ਤੇ ਨਵੇਂ ਬਿੱਲ ਪਾਸ ਕਰਕੇ ਹੋਰ ਪੈਸੇ ਦੇਣ ਲਈ। ਇਸ ਤਰ੍ਹਾਂ ਇਹ ਲੱਗਭੱਗ ਸਥਾਈ ਚੱਕਰ ਚੱਲਦਾ ਰਖਿਆ ਜਾਂਦਾ ਹੈ।

ਇਸ ਘਣਚੱਕਰ ਨੂੰ ਚਲਾਉਣ ਲਈ ਤਕਰੀਬਨ 800 ਮੈਂਬਰਾਂ ਦੀ ਇੱਕ ਜੁੰਡਲੀ ਹੈ, ਜਿਹਦੇ ਵਿਚ ਪੈਂਟਾਗਨ ਦੇ



ਸੇਵਾਮੁਕਤ ਅਫਸਰ, ਸਾਬਕਾ ਕਾਂਗਰਸ ਨੁਮਾਇੰਦੇ ਜਾਂ ਕਾਂਗਰਸ ਦੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹੁੰਦੇ ਹਨ ਤੇ ਉਨ੍ਹਾਂ ਦੀ ਚੋਣ ਦਲਾਲੀ ਕਰਨ ਦੀ ਯੋਗਤਾ 'ਤੇ ਨਿਰਭਰ ਕਰਦੀ ਹੁੰਦੀ ਹੈ। ਕੰਪਨੀਆਂ ਦੇ ਮਾਲਕਾਂ ਵੱਲੋਂ

ਮੁਨਾਫੇ ਦਾ ਕੁਝ ਹਿੱਸਾ "ਸੋਚ-ਵਿਚਾਰ ਮੰਚਾਂ" (ਥਿੰਕ ਟੈਂਕ) ਅਤੇ ਯੂਨੀਵਰਸਿਟੀਆਂ ਨੂੰ ਵੀ ਦਿੱਤਾ ਜਾਂਦਾ ਹੈ, ਜੋ ਕਿ ਪੈਂਟਾਗਨ ਨੂੰ ਨਵੇਂ-ਨਵੇਂ ਹਥਿਆਰ ਉਤਪਾਦਨ ਲਈ ਹੋਰ ਜ਼ਿਆਦਾ ਪੈਸਾ ਦੇਣ ਦੀ ਹਾਮੀ ਭਰਦੀਆਂ ਹਨ। ਜ਼ਾਹਰ ਹੈ ਇਹ ਵਿਵਸਥਾ ਕੰਪਨੀ ਮਾਲਕਾਂ ਦੇ ਮੁਨਾਫੇ ਦੇ ਲਾਲਚ ਅਤੇ ਕਾਂਗਰਸ ਮੈਂਬਰਾਂ ਦੀ ਆਪਣੀ ਕੁਰਸੀ ਕਾਇਮ ਰੱਖਣ ਦੀ ਖਾਹਿਸ਼ ਦੇ ਦੁਵੱਲੇ ਇਰਾਦਿਆਂ ਦੀ ਲਖਾਇਕ ਹੈ। ਇਸ ਦੁਵੱਲੇ ਲਾਲਚਾਂ ਦੀ ਪ੍ਰਕਿਰਿਆ ਵਿਚੋਂ ਜਿਹੜੀ ਫੌਜ ਦਾ ਨਿਰਮਾਣ ਹੁੰਦਾ ਹੈ, ਉਹਦੀ ਕਾਬਲੀਅਤ ਖਰਚੇ ਪੈਸਿਆਂ ਦੇ ਮੁਕਾਬਲੇ ਕਿਤੇ ਘੱਟ ਹੁੰਦੀ ਹੈ। ਦਰਅਸਲ ਅਮਰੀਕਾ ਦੇ ਨਾਗਰਿਕਾਂ ਨੂੰ ਰੱਬ ਕੋਲ ਅਰਦਾਸ ਕਰਨੀ ਚਾਹੀਦੀ ਹੈ ਕਿ ਅਜਿਹੀ ਫੌਜ ਨੂੰ ਅਮਰੀਕਾ ਦੀ ਰਾਖੀ ਲਈ ਲੜਾਈ ਨਾ ਲੜਨੀ ਪਵੇ। ਅਮਰੀਕਾ ਦੀਆਂ ਬਿਗ ਆਇਲ ਤੇ ਬਿਗ ਫਾਰਮਾ ਵਰਗੇ ਮਹਾਂ-ਅਦਾਰਿਆਂ ਕੋਲ ਮਿਕ ਜਿੰਨੀ ਤਾਕਤ ਨਹੀਂ ਹੈ ਕਿ ਰਾਜ ਸੱਤਾ ਦੀਆਂ ਨੀਤੀਆਂ ਨੂੰ ਪ੍ਰਭਾਵਤ ਕਰ ਸਕਣ। ਅਮਰੀਕਾ ਵਿਚ ਇਸ ਵੇਲੇ ਫ਼ੌਜ ਉਪਰ ਹੋ ਰਿਹਾ ਖਰਚ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਦਾ ਸਭ ਤੋਂ ਵੱਧ ਖਰਚ ਹੈ। ਅਫਗਾਨਿਸਤਾਨ, ਅਫਗਾਨਿਸਤਾਨ, ਇਰਾਕ ਯੁੱਧ ਸਮੇਂ ਤੋਂ ਵੀ ਜ਼ਿਆਦਾ ਖਰਚ ਹੈ।

ਇਹ ਅਤੇ ਇਸ ਗੱਲ਼ ਦੇ ਬਾਵਜੂਦ ਕਿ ਅਮਰੀਕਾ ਦੀ ਸੁਰੱਖਿਆ ਨੂੰ ਕਿਸੇ ਕਿਸਮ ਦਾ ਬਾਹਰੀ ਖਤਰਾ ਨਹੀਂ ਹੈ। ਇਸ ਸਦੀ ਦੇ ਪਹਿਲੇ 2022 ਸਾਲਾਂ ਦੌਰਾਨ ਅਮਰੀਕਾ ਵੱਲੋਂ ਲੜੀਆਂ ਜੰਗਾਂ ਦਾ ਮੁੱਖ ਲਾਭਪਾਤਰੀ ਮਿਕ ਦਾ ਉਦਯੋਗ ਵਿਭਾਗ ਹੀ ਹੈ, ਜਿਸ ਨੇ 2001 ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਅਰਬਾਂ ਦੀ ਕਮਾਈ ਕੀਤੀ ਹੈ। 2021 ਵਿਚ ਅਖਬਾਰ "ਵਾਲ ਸਟਰੀਟ ਜਨਰਲ" ਦੀ ਸੁਰਖੀ ਹੈ : ਅਫਗਾਨਿਸਤਾਨ ਦੀ ਜੰਗ ਕਿਸ ਨੇ ਜਿੱਤੀ ਹੈ-ਨਿੱਜੀ ਠੇਕੇਦਾਰਾਂ ਨੇ। ਅੰਤਹੀਣ ਯੁੱਧ, ਬੇਗਿਣਤ ਮੌਤਾਂ, ਅੰਨ੍ਹੀ ਤਬਾਹੀ, ਪਰ ਠੇਕੇਦਾਰਾਂ ਦੀ ਅੰਨ੍ਹੀ ਕਮਾਈ।

ਉਪਰ ਦਿੱਤੀ ਸੁਰਖੀ ਵਿਚ ਅਫਗਾਨਿਸਤਾਨ ਸ਼ਬਦ ਦੀ ਥਾਂ ਕਿਸੇ ਵੀ - ਕੋਰੀਆ, ਵੀਅਤਨਾਮ, ਇਰਾਕ-ਲਿਖਿਆ ਜਾ ਸਕਦਾ ਹੈ, ਕਿਉਂਕਿ ਦੂਸਰੇ ਵਿਸ਼ਵ ਯੁੱਧ ਤੋਂ ਹਮੇਸ਼ਾ ਕਿਸੇ ਨਾ ਕਿਸੇ ਜੰਗ, ਯੁੱਧ, ਲੜਾਈ-ਝਗੜੇ ਵਿਚ ਉਲਝਿਆ ਰਿਹਾ ਹੈ ਅਮਰੀਕਾ। ਕੋਰੀਆ, ਵੀਅਤਨਾਮ, ਲੋਆਸ, ਕੰਬੋਡੀਆ, ਅਲ ਸਲਵਾਡੋਰ, ਗੇਟਮਾਲ, ਪਨਾਮਾ, ਗਰੇਨਾਡਾ, ਇਰਾਕ, ਲਿਬੀਆ, ਸੋਮਾਲੀਆ, ਸੀਰੀਆ, ਅਫਗਾਨਿਸਤਾਨ, ਸੁਡਾਨ, ਯੂਕਰੇਨ ਅਤੇ ਗਾਜ਼ਾ, ਬਹੁਤ ਲੰਬੀ ਫਰਿਸਤ ਹੈ, ਬੰਦਾ ਸੁਣ ਕੇ ਸੁੰਨ ਹੋ ਜਾਂਦਾ ਹੈ। ਪਰਿਆਵਰਣ ਦੀ ਤਬਾਹੀ ਜੇ ਕਿਹਾ ਜਾਵੇ ਕਿ ਵਿਸ਼ਵ ਦੇ ਵਾਤਾਵਰਣ ਵਿਚ ਹੋਏ ਜਾਂ ਹੋ ਰਹੇ ਪਰਿਵਰਤਣ ਵਿਚ ਮੁੱਖ ਯੋਗਦਾਨ ਜਾਂ ਦੁਨੀਆ ਵਿਚ ਵਧ ਰਹੀ ਤਪਸ਼ ਦਾ ਮੁੱਖ ਦੋਸ਼ੀ ਮਿਕ ਹੈ ਤਾਂ ਕੋਈ ਅੱਤ-ਕਥਨੀ ਨਹੀਂ ਹੋਵੇਗੀ। ਮਿਕ ਦੇ ਬਣਾਏ ਬੰਬਾਂ, ਤੋਪਾਂ, ਟੈਂਕਾਂ, ਹਵਾਈ ਬੰਬਾਰਾਂ ਤੇ ਪਤਾ ਨਹੀਂ ਹੋਰ ਕਿਹੜੇ-ਕਿਹੜੇ ਮਾਰੂ ਹਥਿਆਰਾਂ ਨੇ ਅਨੇਕਾਂ ਜੰਗਲਾਂ 'ਤੇ ਅੱਗ ਵਰ੍ਹਾਈ ਹੈ, ਪਤਾ ਨਹੀਂ ਕਿੰਨੇ ਅਰਬਾਂ ਦਰੱਖਤਾਂ, ਬਿਰਖਾਂ, ਹਰੇ-ਭਰੇ ਜੰਗਲਾਂ ਨੂੰ ਫੂਕ ਦਿੱਤਾ ਹੈ, ਅਨੇਕਾਂ ਜੀਵ-ਜੰਤੂਆਂ ਦੀ ਹੱਤਿਆ ਕਰ ਦਿੱਤੀ ਹੈ, ਦਰਿਆਵਾਂ, ਸਮੁੰਦਰਾਂ ਦਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ।

ਆਪਣੇ ਘਰ ਵੀ ਕਲੇਸ਼ ਮਿਕ ਨਾ ਸਿਰਫ ਵਿਦੇਸ਼ਾਂ ਵਿਚ ਲੜਾਈਆਂ ਲੜ ਰਹੀ ਹੈ, ਸਗੋਂ ਦੇਸ਼ ਅੰਦਰ ਵੀ ਫੌਜੀਕਰਨ ਵਿਚ ਵਾਧਾ ਕਰ ਰਹੀ ਹੈ। 1990 ਤੋਂ ਬਾਅਦ ਅਮਰੀਕੀ ਸੰਸਦ ਨੇ ਪੈਂਟਾਗਨ ਨੂੰ ਇਜਾਜ਼ਤ ਦੇ ਰੱਖੀ ਹੈ ਕਿ ਉਹ ਵਾਧੂ ਹਥਿਆਰ (ਟੈਂਕ ਵੀ, ਡਰੋਨ ਵੀ) ਪੁਲਸ ਤੇ ਦੇਸ਼ ਦੀਆਂ ਹੋਰ ਸੁਰੱਖਿਆ ਏਜੰਸੀਆਂ ਨੂੰ ਦੇ ਸਕਦੀ ਹੈ। ਇਸ ਤਰ੍ਹਾਂ ਸਟੋਰ ਖਾਲੀ ਕਰਕੇ ਮੁੜ ਦੁਬਾਰਾ ਭਰਨ ਦੇ ਲਈ ਬਿਨਾਂ ਝਿਜਕ ਕਾਂਗਰਸ ਕੋਲੋਂ ਹੋਰ ਪੈਸੇ ਮੰਗੇ ਜਾ ਸਕਦੇ ਹਨ। ਇਸ ਨਵੀਂ ਵਿਵਸਥਾ ਵਿੱਚੋਂ "ਬਾਰਡਰ-ਇੰਡਸਟਰੀਅਲ ਕੰਪਲੈਕਸ" ਅਤੇ "ਪਰਜ਼ਿਨ -ਇੰਡਸਟਰੀਅਲ ਕੰਪਲੈਕਸ" ਵਰਗੇ ਨਵੇਂ ਮੁਨਾਫਾਖੋਰੀ ਧੰਦੇ ਸ਼ੁਰੂ ਹੋ ਗਏ ਹਨ।

ਅਸਤਿੱਤਵ ਦੀ ਲੜਾਈ ਦੁਨੀਆ ਵਿਚ ਬਹੁਤ ਸਾਰੇ ਵਿਚਾਰ ਮੰਚ ਹਨ, ਜੋ ਮਿਕ ਦੇ ਸਮਰਥਨ ਵਿਚ ਕਈ ਤਰ੍ਹਾਂ ਦੇ ਤਰਕ ਦੇ ਰਹੇ ਹਨ। ਜਿਵੇਂ ਇਹ ਕਾਰਖਾਨੇ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਯੂਕਰੇਨ ਦੀ ਜੰਗ ਲੜ ਕੇ ਰੂਸ ਦੇ ਪੁਤਿਨ ਤੋਂ ਯੂਰਪ ਨੂੰ ਬਚਾਇਆ ਜਾ ਰਿਹਾ ਹੈ ; ਚੀਨ ਦੀ ਵਧ ਰਹੀ ਤਾਕਤ ਦਾ ਹਊਆ ਖੜਾ ਕੀਤਾ ਜਾ ਰਿਹਾ ਹੈ। ਇਹ ਸਾਰੀਆਂ ਦਲੀਲਾਂ ਮਿਕ ਦੇ ਆਪਣੇ ਮੁਨਾਫੇ ਜਾਇਜ਼ ਠਹਿਰਾਉਣ ਦੇ ਬਹਾਨੇ ਹਨ। ਮਿਕ ਦੀ ਸਰਦਾਰੀ ਇਸ ਸੱਚ ਦੇ ਬਾਵਜੂਦ ਕਾਇਮ ਹੈ ਕਿ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਇਸ ਨੇ ਜਿੰਨੇ ਵੀ ਲੜਾਈ-ਝਗੜਿਆਂ ਵਿਚ ਹਿੱਸਾ ਲਿਆ ਹੈ, ਤਕਰੀਬਨ ਹਰੇਕ ਵਿਚ ਇਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ।

ਅਮਰੀਕਾ ਦੇ ਹਥਿਆਰਾਂ ਨੇ ਯੂਕਰੇਨ ਨੂੰ ਲੜਾਈ ਲੜਨ ਵਿਚ ਸਹਾਇਤਾ ਕੀਤੀ ਹੈ ਪਰ ਜੇ ਹਥਿਆਰਾਂ ਦੇ ਕਾਰਖਾਨੇਦਾਰਾਂ ਨੂੰ ਯੂਕਰੇਨੀਆਂ ਨਾਲ ਐਨਾ ਹੀ ਮੋਹ ਹੁੰਦਾ ਤਾਂ ਆਪਣੇ ਮੁਨਾਫੇ ਮਾਨਵੀ ਸਹਾਇਤਾ ਲਈ ਵੀ ਵਰਤ ਸਕਦੇ ਹਨ, ਯਤੀਮ ਬੱਚਿਆਂ ਦੇ ਜ਼ਖਮਾਂ 'ਤੇ ਮਰ੍ਹਮ ਵੀ ਲਾ ਸਕਦੇ ਹਨ, ਪਰ ਨਹੀਂ, ਯੂਕਰੇਨ ਦੀ ਜੰਗ ਹੋਵੇ ਜਾਂ ਮਿਕ ਦੇ ਹਥਿਆਰਾਂ ਦੀ ਵਰਤੋਂ ਨਾਲ ਗਾਜ਼ਾ ਵਿਚ ਕੀਤਾ ਜਾ ਰਿਹਾ ਨਰ-ਸੰਹਾਰ ਜਾਂ ਪ੍ਰਸ਼ਾਂਤ ਮਹਾਂਸਾਗਰ ਵਿਚ ਚੀਨ ਦਾ ਹਊਆ, ਇਹ ਸਭ ਮਿਕ, ਇਨ੍ਹਾਂ ਮੌਤ ਦੇ ਸੁਦਾਗਰਾਂ ਦੀਆਂ ਆਪਣੇ ਮੁਨਾਫੇ ਵਧਾਉਣ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

23-June-Sunday-final.qxd 6/22/2024 11:02 PM Page 5



# ਵਿਸ਼ਵ ਗੁਰੂ ਬਣਨ ਤੁਰਿਆ ਦੇਸ਼ ਵਿਹੜੇ ਦੀਆਂ ਇਨ੍ਹਾਂ ਘਟਨਾਵਾਂ ਬਾਰੇ ਸੋਚਣਾ ਹੀ ਨਹੀਂ ਚਾਹੁੰਦਾ

### ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਬਹੁਤ ਸਾਰੇ ਮਿੱਤਰ ਸਾਨੂੰ ਇਹ ਸਲਾਹਾਂ ਬਿਨਾਂ ਮੰਗਿਆਂ ਦੇਣ ਦਾ ਯਤਨ ਕਰਦੇ ਹਨ ਕਿ ਹਰ ਗੱਲ ਨੂੰ ਵੱਡਾ ਮੁੱਦਾ ਬਣਾਈ ਫਿਰਨ ਦੀ ਲੋੜ ਨਹੀਂ, ਕਿਸੇ ਗੱਲ ਨੂੰ ਅਣਗੌਲਿਆ ਜਾਂ ਅਣਡਿੱਠ ਕਰਨਾ ਵੀ ਸਿੱਖ ਲੈਣਾ ਚਾਹੀਦਾ ਹੈ। ਉਨ੍ਹਾਂ ਦੀ ਸਮਝਾਉਣੀ ਦਾ ਸਾਰ ਇਹ ਹੈ ਕਿ ਹਰ ਗੱਲ ਉੱਤੇ ਕੌੜ ਕੱਢੀ ਜਾਣ ਦਾ ਲਾਭ ਕੋਈ ਹੁੰਦਾ ਨਹੀਂ ਤੇ ਔਕੜਾਂ ਦੇ ਢੇਰ ਬਿਨਾਂ ਵਜ੍ਹਾ ਵਧੀ ਜਾਂਦੇ ਰਹਿੰਦੇ ਹਨ। ਸ਼ਾਇਦ ਉਹ ਠੀਕ ਕਹਿੰਦੇ ਹੋਣਗੇ, ਕਿਉਂਕਿ ਭਾਰਤ ਵਿੱਚ ਜੋ ਕੁਝ ਤੇ ਜਿੰਨਾ ਕੁਝ ਨਿੱਤ ਦਿਨ ਸਾਡੇ ਅੱਖਾਂ ਅੱਗੇ ਆਉਂਦਾ ਹੈ, ਉਹ ਇਲੈਕਟਰਾਨਿਕ ਚੈਨਲਾਂ ਰਾਹੀਂ ਆਉਂਦਾ ਹੋਵੇ ਜਾਂ ਅਖਬਾਰਾਂ ਆਦਿ ਪਰੋਸਣ ਦਾ ਕੰਮ ਕਰੀ ਜਾਂਦੀਆਂ ਹੋਣ, ਮਨਾਂ ਦੀ ਕੌੜ ਹੀ ਵਧਾਉਂਦਾ ਹੈ, ਪਰ ਉਸ ਦਾ ਕੋਈ ਹੱਲ ਕਦੇ ਨਹੀਂ ਸੁੱਝਦਾ। ਕੋਈ ਹੱਲ ਸੁੱਝਣ ਦੀ ਗੁੰਜਾਇਸ਼ ਇਸ ਕਰ ਕੇ ਖਤਮ ਹੋਈ ਜਾਂਦੀ ਹੈ ਕਿ ਅਸੀਂ ਲੋਕ ਜਦੋਂ ਕੋਈ ਖਬਰ ਪੜ੍ਹਦੇ ਹਾਂ ਜਾਂ ਕਿਸੇ ਘਟਨਾ ਬਾਰੇ ਜਾਣਨ ਦੇ ਬਾਅਦ ਉਸ ਦੀ ਚਰਚਾ ਕਰਦੇ ਹਾਂ, ਓਦੋਂ ਸਮਝਦੇ ਹਾਂ ਕਿ ਇਹ ਚਰਚਾ ਸਰਕਾਰੇ-ਦਰਬਾਰੇ ਜਾਵੇਗੀ ਤਾਂ ਉਥੇ ਇਸ ਦਾ ਕੋਈ ਹੱਲ ਕੱਢਣ ਦਾ ਯਤਨ ਕੀਤਾ ਜਾਵੇਗਾ, ਪਰ ਹੁੰਦਾ ਕਦੇ ਨਹੀਂ। ਅਗਲੀ ਗੱਲ ਇਹ ਕਿ ਜਿਹੜਾ ਕੁਝ ਸਾਡੇ ਪੰਜਾਬ ਵਿੱਚ ਵਾਪਰਦਾ ਵੇਖ ਕੇ ਅਸੀਂ ਪੀੜ ਮਨਾਉਂਦੇ ਹਾਂ, ਉਹ ਸਾਰੇ ਥਾਈਂ ਹੁੰਦਾ ਦਿੱਸ ਜਾਂਦਾ ਹੈ।

ਸਾਡੇ ਕੋਲ ਇਸ ਇੱਕੀ ਜੂਨ ਦਾ ਅਖਬਾਰ ਪਿਆ ਹੈ, ਜਿਸ ਦੇ ਪਹਿਲੇ ਸਫੇ ਉੱਤੇ ਰਾਜਸਥਾਨ ਦੀ ਇੱਕ ਖਬਰ ਹੈ ਕਿ ਉਥੇ ਇੱਕ ਅਧਿਆਪਕ ਜੋੜਾ ਇੱਕੋ ਸਕੂਲ ਵਿੱਚ ਲੱਗਾ ਹੋਇਆ ਸੀ, ਪਰ ਸਿਰਫ ਕਾਗਜ਼ਾਂ ਵਿੱਚ ਹੀ ਸਕੂਲ ਜਾਂਦਾ ਤੇ ਬੱਚੇ ਪੜ੍ਹਾਉਂਦਾ ਸੀ, ਓਦਾਂ ਪਿਛਲੇ ਵੀਹ ਸਾਲਾਂ ਤੋਂ ਦੋਵੇਂ ਪਤੀ-ਪਤਨੀ ਕਦੇ ਵੀ ਉਥੇ ਨਹੀਂ ਸੀ ਗਏ। ਸਕੂਲ ਦਾ ਮੁਖੀ ਤੇ ਉਸ ਦੀ ਪਤਨੀ ਸਰਕਾਰ ਤੋਂ ਕੁੱਲ ਮਿਲਾ ਕੇ ਡੇਢ ਲੱਖ ਰੁਪਏ ਤੋਂ ਵੱਧ ਤਨਖਾਹ ਹਰ ਮਹੀਨੇ ਲੈਂਦੇ ਸਨ ਤੇ ਆਪਣੀ ਥਾਂ ਬੱਚੇ ਪੜ੍ਹਾਉਣ ਲਈ ਗਰੀਬੀ ਮਾਰੇ ਤਿੰਨ ਜਣੇ ਮਸਾਂ ਪੰਜ-ਪੰਜ ਹਜ਼ਾਰ ਰੁਪਏ ਤਨਖਾਹ ਉੱਤੇ ਰੱਖੇ ਹੋਏ ਸਨ। ਕਿਸੇ ਭੇਤੀ ਨੇ ਇਸ ਬਾਰੇ ਸ਼ਿਕਾਇਤ ਕਰ ਦਿੱਤੀ ਤਾਂ ਪੜਤਾਲ ਹੁੰਦੀ ਵੇਖ ਕੇ ਅਧਿਆਪਕ ਜੋੜਾ ਫਰਾਰ ਹੋ ਗਿਆ, ਪਰ ਉਨ੍ਹਾਂ ਕੋਲੋਂ ਪੰਜ-ਪੰਜ ਹਜ਼ਾਰ ਰੁਪਏ ਲੈ ਕੇ ਬੱਚਿਆਂ ਨਾਲ ਡੰਗ-ਟਪਾਈ ਕਰਨ ਵਾਲੇ ਤਿੰਨਾਂ ਜਣਿਆਂ ਨੂੰ ਪੁਲਸ ਲੈ ਗਈ। ਸਰਕਾਰ ਨੇ ਏਨੇ ਸਾਲਾਂ ਦਾ ਲੇਖਾ ਬਣਾਇਆ ਤੇ ਤਨਖਾਹਾਂ ਦੇ ਪੈਸੇ ਗਿਣ ਕੇ ਦੋਵਾਂ ਪਤੀ-ਪਤਨੀ ਨੂੰ ਨੌਂ ਕਰੋੜ ਸਾਢੇ ਇਕੱਤੀ ਲੱਖ ਰੁਪਏ ਤੋਂ ਵੱਧ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਦਾ ਹੁਕਮ ਭੇਜ ਦਿੱਤਾ ਹੈ। ਜਦੋਂ ਉਹ ਫਰਾਰ ਹੋ ਚੁੱਕੇ ਹਨ ਤਾਂ ਇਹ ਹੁਕਮ ਕਿਹੜੇ ਸਿਰਨਾਵੇਂ ਉੱਤੇ ਭੇਜਿਆ ਜਾਵੇਗਾ, ਏਦਾਂ ਦਾ ਰਾਹ ਕਿੱਦਾਂ ਕੱਢਿਆ ਅਤੇ ਕਿਸ ਨੇ ਕੱਢਿਆ, ਕਿਸੇ ਨੂੰ ਪਤਾ ਨਹੀਂ ਅਤੇ ਇਹ ਵੀ ਪਤਾ ਨਹੀਂ ਕਿ ਜਿਹੜੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੇ ਏਨੇ ਸਾਲ ਸਕੂਲ ਵਿੱਚ ਇਹ ਸਾਰਾ ਕੁਝ ਹੁੰਦਾ ਵੇਖ ਕੇ ਅੱਖਾਂ ਮੀਟੀ ਰੱਖੀਆਂ ਸਨ, ਉਨ੍ਹਾਂ ਖਿਲਾਫ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕਿਉਂ ਨਾ ਹੋਈ!

ਬਹੁਤ ਸਾਰੇ ਲੋਕਾਂ ਨੂੰ ਇਹ ਯਾਦ ਨਹੀਂ ਰਿਹਾ ਹੋਣਾ ਕਿ ਇਹ ਕੁਝ ਪੰਜਾਬ ਵਿੱਚ ਵੀ ਹੁੰਦਾ ਫੜਿਆ ਗਿਆ ਸੀ ਤੇ ਬਾਅਦ ਵਿੱਚ ਸਾਰੀ ਕਾਰਵਾਈ ਰੋਕਣੀ ਪੈ ਗਈ ਸੀ। ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਬਣੀ ਤਾਂ ਇੱਕ ਦਿਨ ਵਾਹਗਾ ਬਾਰਡਰ ਦੇ ਨਾਲ ਲੱਗਦੇ ਇੱਕ ਪਿੰਡ ਦੇ ਸਕੂਲ ਵਿੱਚ ਛਾਪਾ ਮਾਰਿਆ ਗਿਆ ਸੀ। ਉਥੇ ਪੰਜਵੀਂ ਪਾਸ ਇੱਕ ਕੁੜੀ ਬੱਚੇ ਪੜ੍ਹਾ ਰਹੀ ਸੀ, ਪਰ ਉਸ ਸਕੂਲ ਵਿੱਚ ਡਿਊਟੀ ਵਾਲਾ ਅਸਲ ਅਧਿਆਪਕ ਹੈ ਨਹੀਂ ਸੀ। ਜਦੋਂ ਕੁੜੀ ਨੂੰ ਪੁੱਛਿਆ ਤਾਂ ਉਸ ਨੇ ਦੱਸ ਦਿੱਤਾ ਕਿ ਉਹ ਅਟਾਰੀ ਅੱਡੇ ਵਿੱਚ ਆਪਣੀ ਦੁਕਾਨ ਉੱਤੇ ਹੁੰਦਾ ਹੈ ਅਤੇ ਇਹ ਸੁਣਦੇ ਸਾਰ ਛਾਪੇ ਵਾਲੀ ਟੀਮ ਉਥੇ ਜਾ ਪਹੁੰਚੀ। ਅਧਿਆਪਕ ਸਾਹਿਬ ਆਪਣੇ ਕਾਰੋਬਾਰ ਵਿੱਚ ਰੁੱਝੇ ਹੋਏ ਸਨ। ਇਸ ਪਿੱਛੋਂ ਅਗਲੇ ਕਈ ਦਿਨ ਪੰਜਾਬ ਦੇ ਸਕੂਲਾਂ ਵਿੱਚ ਏਦਾਂ ਦੇ ਛਾਪੇ ਵੱਜਦੇ ਅਤੇ ਖਬਰਾਂ ਛਪਦੀਆਂ ਰਹੀਆਂ ਸਨ, ਪਰ ਅਚਾਨਕ ਸਮੁੱਚੀ ਕਾਰਵਾਈ ਨੂੰ ਬਰੇਕ ਲੱਗ ਗਈ ਸੀ। ਪਤਾ ਲੱਗਾ ਸੀ ਕਿ ਕਾਂਗਰਸ ਪਾਰਟੀ ਦੇ ਓਦੋਂ ਦੇ ਕੁਝ ਵਿਧਾਇਕਾਂ ਤੇ ਮੰਤਰੀਆਂ ਨੇ ਇਕੱਠੇ ਹੋ ਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਆਖਿਆ ਸੀ ਕਿ ਵਗਦੇ ਵਹਿਣ ਨੂੰ ਰੋਕਣ ਦੀ ਕੋਸ਼ਿਸ਼ ਕਰੋਗੇ ਤਾਂ ਸਾਨੂੰ ਮਹਿੰਗੀ ਪੈ ਸਕਦੀ ਹੈ, ਇਸ ਮਹਿਕਮੇ ਵਿੱਚ ਏਦਾਂ ਦੇ ਬਹੁਤ ਸਾਰੇ ਹਨ, ਇਹ ਕੰਮ ਰਹਿਣ ਦੇਈਏ। ਜਦੋਂ ਸਾਰੇ ਪਾਰਟੀ ਆਗੂ ਏਦਾਂ ਦੀ ਕਾਰਵਾਈ ਰੋਕਣ ਵਾਸਤੇ ਮੁੱਖ ਮੰਤਰੀ ਸਾਹਮਣੇ ਕਤਾਰ ਬੰਨ੍ਹ ਖੜੋਤੇ ਤਾਂ ਅਗਲੇ ਦਿਨ ਉਹ ਛਾਪਿਆਂ ਦਾ ਸਿਲਸਿਲਾ ਰੁਕ ਗਿਆ ਸੀ ਅਤੇ ਉਸ ਪਿੱਛੋਂ ਅੱਜ ਤੱਕ ਇਹੋ ਜਿਹੀ ਛਾਪੇਮਾਰੀ ਬਾਰੇ ਕਿਸੇ ਨੇ ਸੋਚਿਆ ਤੱਕ ਨਹੀਂ।

ਦੂਸਰੀ ਖਬਰ ਸਾਡੇ ਪੰਜਾਬ ਦੇ ਨਹਿਰੀ ਪਾਣੀਆਂ ਦੀ ਲੁੱਟ ਬਾਰੇ ਹੈ। ਅੰਗਰੇਜ਼ ਸਰਕਾਰ ਨੇ ਆਪਣੇ ਆਖਰੀ ਦਿਨਾਂ ਵਿੱਚ ਪੰਜਾਬ ਦਾ ਵਾਤਾਵਰਨ ਬਚਾਉਣ ਲਈ ਕਿਸਾਨਾਂ ਨੂੰ ਬਾਗ ਲਾਉਣ ਅਤੇ ਪਾਲਣ ਲਈ ਪ੍ਰੇਰਨ ਖਾਤਰ ਹਰ ਬਾਗ ਦੇ ਲਈ ਨਹਿਰੀ ਪਾਣੀ ਦਾ ਵੱਖਰਾ ਕੋਟਾ ਅਲਾਟ ਕਰਨ ਦੀ ਸਕੀਮ ਚਲਾਈ ਸੀ। ਬਹੁਤ ਸਾਰੇ ਜ਼ਿਮੀਂਦਾਰਾਂ ਨੇ ਇਸ ਸਕੀਮ ਦਾ ਲਾਭ ਲੈਣ ਲਈ ਬਾਗ ਲਾਏ ਤੇ ਬਾਕੀ ਫਸਲਾਂ ਦੇ ਕੋਟੇ ਤੋਂ ਢਾਈ ਗੁਣਾਂ ਦੇ ਕਰੀਬ ਵੱਧ ਪਾਣੀ ਦਾ ਕੋਟਾ ਪ੍ਰਾਪਤ ਕਰਨ ਲਈ ਅਰਜ਼ੀਆਂ ਦੇ ਦਿੱਤੀਆਂ। ਅੰਗਰੇਜ਼ ਸਰਕਾਰ ਨੇ ਬਾਗ ਲੱਗੇ ਚੈੱਕ ਕੀਤੇ, ਕੋਟੇ ਅਲਾਟ ਕਰ ਦਿੱਤੇ ਅਤੇ ਕਈ ਤਕੜੇ ਜ਼ਿਮੀਂਦਾਰਾਂ ਦੇ ਵੱਡੇ ਬਾਗਾਂ ਵਾਸਤੇ ਨਹਿਰ ਦਾ ਵੱਖਰਾ ਮੋਘਾ ਵੀ ਅਲਾਟ ਕਰ ਦਿਤਾ। ਪੰਜਾਬ ਵਿੱਚ ਏਦਾਂ ਦੇ ਬਾਗਾਂ ਵਾਲੇ ਵਿਸ਼ੇਸ਼ ਮੋਘਿਆਂ ਦੀ ਚੋਖੀ ਵੱਡੀ ਗਿਣਤੀ ਹੈ ਅਤੇ ਅੱਜ ਤੱਕ ਉਸੇ ਕੋਟੇ ਮੁਤਾਬਕ ਚੱਲਦੇ ਸੁਣੀਂਦੇ ਹਨ, ਪਰ ਜਿਨ੍ਹਾਂ ਬਾਗਾਂ ਲਈ ਪਾਣੀ ਅਲਾਟ ਹੋਇਆ ਸੀ, ਉਹ ਅੱਜ ਮੌਜੂਦ ਹੀ ਨਹੀਂ। ਪਾਣੀ ਦਾ ਵਿਸ਼ੇਸ਼ ਕੋਟਾ ਲੈਣ ਵਾਲਿਆਂ ਨੇ ਬਾਗਾਂ ਦੀ ਥਾਂ ਕਣਕ-ਝੋਨੇ ਦੀਆਂ ਵਪਾਰਕ ਫਸਲਾਂ ਸ਼ੁਰੂ ਕਰ ਦਿੱਤੀਆਂ, ਪਰ ਨਾ ਉਨ੍ਹਾਂ ਸਰਕਾਰ ਨੂੰ ਇਸ ਬਾਰੇ ਸੱਚੀ ਗੱਲ ਦੱਸੀ ਤੇ ਨਾ ਮਹਿਕਮੇ ਵਾਲਿਆਂ ਨੇ ਪਤਾ ਲੱਗਣ ਦੇ ਬਾਵਜੂਦ ਕਿਸੇ ਥਾਂ ਕੋਈ ਕਾਰਵਾਈ ਕਦੇ ਕੀਤੀ। ਗਵਾਂਢ ਦੇ ਕਿਸਾਨਾਂ ਨੂੰ ਆਪਣੇ ਖੇਤਾਂ ਲਈ ਇਨ੍ਹਾਂ ਬਾਗਾਂ ਦੇ ਮੋਘਿਆਂ ਕਾਰਨ ਪਾਣੀ ਪੂਰਾ ਨਹੀਂ ਮਿਲ ਸਕਦਾ, ਉਹ ਚੀਕਾਂ ਮਾਰਦੇ ਸਨ, ਪਰ ਸੁਣਨ ਵਾਲਾ ਹੀ ਕੋਈ ਨਹੀਂ ਸੀ ਮਿਲਦਾ। ਮੌਜੂਦਾ ਸਰਕਾਰ ਨੇ ਇਸ ਧਾਂਦਲੀ ਦੇ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਤਾਂ ਪੰਜਾਬ ਵਿੱਚ ਇਹੋ ਜਿਹੇ ਬਾਗਾਂ ਦੀ ਗਿਣਤੀ ਕਰਨੀ ਵੀ ਔਖੀ ਲੱਗਦੀ ਹੈ। ਉਜਾੜੇ ਜਾ ਚੁੱਕੇ ਬਹੁਤੇ ਬਾਗ ਵੱਡੇ ਜ਼ਿਮੀਂਦਾਰਾਂ, ਰਸੂਖਦਾਰਾਂ ਜਾਂ ਵੱਡੇ ਸਿਆਸੀ ਆਗੂਆਂ ਦੇ ਹੋਣ ਕਾਰਨ ਮਹਿਕਮੇ ਦੇ ਅਫਸਰ ਕੁਝ ਕਰਨ ਤੋਂ ਅਜੇ ਤੱਕ ਤ੍ਰਹਿਕੇ ਪਏ ਹਨ।

ਤੀਸਰਾ ਮਾਮਲਾ ਸਾਡੇ ਗਵਾਂਢ ਹਰਿਆਣੇ ਦਾ ਹੈ। ਉਥੇ ਇੱਕ ਖਿਡਾਰੀ ਆਪਣੀ ਮਿਹਨਤ ਸਦਕਾ ਉਲੰਪਿਕ ਖੇਡਣ ਲਈ ਜਾਣ ਨੂੰ ਤਿਆਰ ਹੈ। ਉਹ ਨਿਸ਼ਾਨੇਬਾਜ਼ੀ ਵਿੱਚ ਆਪਣੀ ਖਾਸ ਥਾਂ ਬਣਾ ਚੁੱਕਾ ਹੈ। ਏਦਾਂ ਦੇ ਨਿਸ਼ਾਨੇਬਾਜ਼ਾਂ ਲਈ ਕੁਝ ਖਾਸ ਤਰ੍ਹਾਂ ਦੇ ਪਿਸਤੌਲ ਆਦਿ ਵਿਦੇਸ਼ ਤੋਂ ਮੰਗਵਾਉਣੇ ਪੈਂਦੇ ਹਨ, ਜਿਹੜੇ ਆਮ ਪਿਸਤੌਲਾਂ ਨਾਲੋਂ ਅੱਠ-ਦਸ ਗੁਣਾਂ ਵੱਧ ਮਹਿੰਗੇ ਹੁੰਦੇ ਹਨ ਤੇ ਏਅਰਪੋਰਟ ਉੱਤੇ ਕਸਟਮ ਵਾਲੇ ਓਨੀ ਦੇਰ ਤੱਕ ਲੰਘਣ ਨਹੀਂ ਦੇਂਦੇ, ਜਦੋਂ ਤੱਕ ਖਰੀਦ ਕਰਨ ਦੀ ਮਨਜ਼ੂਰੀ ਦੀ ਚਿੱਠੀ ਕੋਲ ਨਾ ਹੋਵੇ। ਖਿਡਾਰੀ ਨੇ ਕੁਝ ਮਹੀਨੇ ਪਹਿਲਾਂ ਇਸ ਲਈ ਅਰਜ਼ੀ ਦਿੱਤੀ ਤਾਂ ਕਿਹਾ ਗਿਆ ਕਿ ਚੋਣ ਜ਼ਾਬਤਾ ਲੱਗਾ ਹੈ, ਇਸ ਲਈ ਇਹੋ ਜਿਹੀ ਮਨਜ਼ੂਰੀ ਨਹੀਂ ਮਿਲ ਸਕਦੀ ਅਤੇ ਮਨਜ਼ੂਰੀ ਮਿਲਦਿਆਂ ਜੂਨ ਲੰਘਣ ਵਾਲਾ ਹੋ ਗਿਆ ਹੈ। ਸਭ ਨੂੰ ਪਤਾ ਹੈ ਕਿ ਉਲੰਪਿਕ ਲਈ ਬਹੁਤਾ ਸਮਾਂ ਬਾਕੀ ਨਹੀਂ ਰਿਹਾ। ਜਦੋਂ ਉਸ ਦੀ ਪਿਸਤੌਲ ਵਿਦੇਸ਼ ਤੋਂ ਆਵੇਗੀ, ਜੇ ਉਥੇ ਜਾਣ ਦੀ ਘੜੀ ਤੱਕ ਪਹੁੰਚ ਵੀ ਗਈ, ਤਾਂ ਸਮਾਂ ਏਨਾ ਥੋੜ੍ਹਾ ਰਹਿ ਜਾਵੇਗਾ ਕਿ ਹੱਥ ਖੋਲ੍ਹਣ ਦਾ ਮੌਕਾ ਸ਼ਾਇਦ ਨਹੀਂ ਮਿਲ ਸਕੇਗਾ। ਇਹ ਕਹਿਣਾ ਗਲਤ ਹੈ ਕਿ ਚੋਣ ਜ਼ਾਬਤਾ ਲੱਗਾ ਹੋਣ ਕਾਰਨ ਏਦਾਂ ਦੇ ਲਾਇਸੈਂਸ ਵੀ ਨਹੀਂ ਦਿੱਤੇ ਜਾ ਸਕਦੇ, ਚੋਣ ਜ਼ਾਬਤਾ ਲੱਗੇ ਹੋਣ ਦੇ ਬਾਅਦ ਵੀ ਕੁਝ ਖਾਸ ਮਾਮਲਿਆਂ ਵਿੱਚ ਚੋਣ ਕਮਿਸ਼ਨ ਤੋਂ ਇਜਾਜ਼ਤ ਮਿਲ ਜਾਂਦੀ ਹੈ, ਪਰ ਇਸ ਦਾ ਯਤਨ ਕਰਨ ਦੀ ਥਾਂ ਅਫਸਰਸ਼ਾਹੀ ਨੇ ਫਾਈਲ ਠੱਪੀ ਰੱਖ ਕੇ ਦੇਸ਼ ਦੇ ਇੱਕ ਖਿਡਾਰੀ ਦਾ ਭਵਿੱਖ ਵੀ ਦਾਅ ਉੱਤੇ ਲਾ ਦਿੱਤਾ ਹੈ ਅਤੇ ਦੇਸ਼ ਲਈ ਕਿਸੇ ਪ੍ਰਾਪਤੀ ਦੇ ਮੂਹਰੇ ਵੀ ਅੜਿੱਕੇ ਖੜੇ ਕਰ ਦਿੱਤੇ ਹਨ।

ਚੌਥਾ ਮਾਮਲਾ ਫਿਰ ਸਾਡੇ ਪੰਜਾਬ ਦਾ ਲੈ ਲੈਂਦੇ ਹਾਂ। ਬੀਤੇ ਹਫਤੇ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ ਦੀ ਫਲਾਇੰਗ ਟੀਮ ਨੇ ਕਈ ਥਾਂਈਂ ਛਾਪੇ ਮਾਰੇ ਅਤੇ ਬਿਨਾਂ ਕਾਨੂੰਨੀ ਕੁਨੈਕਸ਼ਨਾਂ ਤੋਂ ਟਿਊਬਵੈੱਲ ਚੱਲਦੇ ਫੜੇ ਹਨ। ਇੱਕ ਮਿਸਾਲ ਏਦਾਂ ਦੀ ਹੈ ਕਿ ਇੱਕ ਕਿਸਾਨ ਨੇ ਇੱਕ ਕੁਨੈਕਸ਼ਨ ਕਾਨੂੰਨੀ ਲਿਆ ਸੀ, ਉਸ ਦੇ ਖੰਭੇ ਤੋਂ ਤਾਰ ਖਿੱਚ ਕੇ ਜ਼ਰਾ ਹਟਵਾਂ ਦੂਸਰਾ ਟਿਊਬਵੈੱਲ ਚੱਲਦਾ ਕਰ ਲਿਆ। ਬਹੁਤ ਸਾਰੇ ਹੋਰ ਕਿਸਾਨਾਂ ਨੇ ਏਦਾਂ ਹੀ ਆਪਣੇ ਇੱਕ ਤੋਂ ਦੂਸਰਾ ਚਲਵਾਇਆ ਹੋਇਆ ਹੈ ਜਾਂ ਗਵਾਂਢੀ ਦੀ ਮੋਟਰ ਦੇ ਖੰਭੇ ਤੋਂ ਤਾਰ ਖਿੱਚ ਕੇ ਮੋਟਰ ਚਲਾਈ ਜਾਂਦੇ ਹਨ, ਕਦੇ ਕੋਈ ਪੁੱਛਦਾ ਨਹੀਂ। ਗਵਾਂਢ ਦੇ ਕਿਸਾਨ ਏਦਾਂ ਕਰਨੋਂ ਇਸ ਲਈ ਨਹੀਂ ਰੋਕ ਸਕਦੇ ਕਿ ਝਗੜਾ ਹੋਣ ਅਤੇ ਦੁਸ਼ਮਣੀ ਪੈਣ ਦਾ ਖਤਰਾ ਹੁੰਦਾ ਹੈ। ਕੋਈ ਵੀ ਪੁੱਛ ਸਕਦਾ ਹੈ ਕਿ ਜਦੋਂ ਟਿਊਬਵੈੱਲਾਂ ਦੇ ਸਾਰੇ ਬਿੱਲ ਮੁਆਫ ਹਨ ਤਾਂ ਇੱਕ ਦੀ ਥਾਂ ਦੋ ਟਿਊਬਵੈੱਲ ਚਲਾ ਲੈਣ ਦਾ ਕੋਈ ਫਰਕ ਤਾਂ ਪੈਣਾ ਨਹੀਂ, ਪਰ ਇਹ ਗੱਲ ਨਹੀਂ, ਫਰਕ ਬਹੁਤ ਪੈਂਦਾ ਹੈ। ਕਿਸੇ ਲਾਈਨ ਉੱਤੇ ਜੇ ਦਸ ਟਿਊਬਵੈੱਲ ਹੋਣ ਤਾਂ ਉਨ੍ਹਾਂ ਦੇ ਲੋਡ ਦੀ ਗਿਣਤੀ ਕਰ ਕੇ ਕੁਝ ਹੋਰ ਜੋੜਨ ਪਿੱਛੋਂ ਥੋੜ੍ਹਾ ਵੱਡਾ ਟਰਾਂਸਫਾਰਮਰ ਲਵਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜੇ ਟਿਊਬਵੈੱਲ ਸਰਕਾਰੀ ਕਾਗਜ਼ਾਂ ਵਿੱਚ ਦਸ ਲੱਗੇ ਹੋਣ ਅਤੇ ਦਸ ਹੋਰ ਕਾਨੂੰਨੀ ਕੁਨੈਕਸ਼ਨਾਂ ਤੋਂ ਬਿਨਾਂ ਚੱਲੀ ਜਾਂਦੇ ਹੋਣ ਤਾਂ ਉਨ੍ਹਾਂ ਦਾ ਬਿਨਾਂ ਲੇਖੇ ਵਾਲਾ ਜਿੰਨਾ ਹੋਰ ਲੋਡ ਪੈਂਦਾ ਹੈ, ਉਹ ਟਰਾਂਸਫਾਰਮਰ ਸਾੜਦਾ ਹੈ, ਜਿਸ ਨਾਲ ਪਾਵਰਕਾਮ ਨੂੰ ਵੀ ਚੱਟੀ ਪੈਂਦੀ ਹੈ ਅਤੇ ਜਦੋਂ ਤੱਕ ਨਵਾਂ ਟਰਾਂਸਫਾਰਮਰ ਨਾ ਲੱਗੇ ਜਾਂ ਪਹਿਲੇ ਦੀ ਮੁਰੰਮਤ ਨਾ ਹੋਵੇ, ਉਸ ਲਾਈਨ ਦੇ ਸਾਰੇ ਕਿਸਾਨਾਂ ਦੀ ਬਿਜਲੀ ਸਪਲਾਈ ਵੀ ਬੰਦ ਰੱਖਣ ਦੀ ਮਜਬੂਰੀ ਬਣ ਜਾਂਦੀ ਹੈ। ਗਵਾਂਢ ਵਾਲੇ ਜਿਹੜੇ ਲੋਕ ਆਪ ਕੁਝ ਕਹਿ ਕੇ ਝਗੜਾ ਖੜਾ ਕਰਨ ਤੋਂ ਡਰਦੇ ਹਨ, ਉਹ ਸਰਕਾਰ ਕੋਲ ਲੁਕਵੀਂਆਂ ਸ਼ਿਕਾਇਤਾਂ ਕਰਦੇ ਹਨ।

ਇੱਕ ਵਾਰੀ ਇਹੋ ਜਿਹਾ ਮਾਮਲਾ ਜ਼ਿਲ੍ਹਾ ਪੱਧਰ ਦੀ ਮੀਟਿੰਗ ਵਿੱਚ ਅਸੀਂ ਡਿਪਟੀ ਕਮਿਸ਼ਨਰ ਕੋਲ ਉਠਾਇਆ ਤੇ ਕਿਹਾ ਸੀ ਕਿ ਜਦੋਂ ਗੈਰ-ਕਾਨੂੰਨੀ ਕੁਨੈਕਸ਼ਨ ਕਿਸੇ ਤੋਂ ਰੋਕੇ ਨਹੀਂ ਜਾ ਸਕਣੇ ਤਾਂ ਸਰਕਾਰ ਨੂੰ ਸਿਫਾਰਸ਼ ਕਰੋ ਕਿ ਉਨ੍ਹਾਂ ਦੀ ਕੁਨੈਕਸ਼ਨ ਫੀਸ ਮੁਆਫ ਕਰ ਕੇ ਇਨ੍ਹਾਂ ਨੂੰ ਕਾਨੂੰਨੀ ਰੂਪ ਦੇਣ ਵਾਸਤੇ ਅਰਜ਼ੀਆਂ ਮੰਗ ਲਈਆਂ ਜਾਣ। ਮਹਿਕਮੇ ਦੇ ਅਫਸਰਾਂ ਨੇ ਕਿਹਾ ਸੀ ਕਿ ਏਦਾਂ ਗਲਤ ਪਿਰਤ ਪੈ ਜਾਵੇਗੀ ਕਿ ਪਹਿਲਾਂ ਗੈਰ-ਕਾਨੂੰਨੀ ਟਿਊਬਵੈੱਲ ਚਲਾਓ ਅਤੇ ਬਾਅਦ ਵਿੱਚ ਕਾਨੂੰਨੀ ਕਰਨ ਲਈ ਅਰਜ਼ੀ ਦੇ ਦਿਓ, ਇਸ ਦਾ ਫਾਇਦਾ ਤਾਂ ਕੋਈ ਹੋ ਨਹੀਂ ਸਕਦਾ। ਅਸੀਂ ਦੱਸਿਆ ਸੀ ਕਿ ਵੱਡਾ ਫਾਇਦਾ ਹੈ ਕਿ ਏਦਾਂ ਤੁਹਾਡੇ ਕੋਲ ਰਿਕਾਰਡ ਹੋਵੇਗਾ ਕਿ ਫਲਾਣੀ ਲਾਈਨ ਵਾਲੇ ਐਨੇ ਟਿਊਬਵੈੱਲਾਂ ਜੋਗਾ ਟਰਾਂਸਫਾਰਮਰ ਲਾਉਣਾ ਹੈ, ਸੜਦੇ ਟਰਾਂਸਫਾਰਮਰਾਂ ਦਾ ਖਰਚਾ ਵੀ ਬਚੇਗਾ ਅਤੇ ਮੁੜ-ਮੁੜ ਠੀਕ ਕਰਨ ਜਾਣ ਦੀ ਖੇਚਲ ਤੋਂ ਵੀ ਤੁਹਾਡੇ ਮੁਲਾਜ਼ਮਾਂ ਦਾ ਸਾਹ ਸੌਖਾ ਹੋ ਜਾਵੇਗਾ। ਬਿਜਲੀ ਵਾਲੇ ਅਫਸਰ ਵਿਰੋਧ ਕਰਦੇ ਸਨ, ਡਿਪਟੀ ਕਮਿਸ਼ਨਰ ਨੂੰ ਗੱਲ ਸਮਝ ਪੈ ਗਈ ਅਤੇ ਸਾਡੀ ਉਹ ਤਜਵੀਜ਼ ਬਕਾਇਦਾ ਚਿੱਠੀ ਦੇ ਰੂਪ ਵਿੱਚ ਬਿਜਲੀ ਬੋਰਡ ਤੇ ਪੰਜਾਬ ਸਰਕਾਰ ਨੂੰ ਭੇਜ ਦਿੱਤੀ। ਉਸ ਚਿੱਠੀ ਨੂੰ ਸਾਢੇ ਤਿੰਨ ਦਹਾਕੇ ਤੋਂ ਵੱਧ ਸਮਾਂ ਗੁਜ਼ਰ ਚੁੱਕਾ ਹੈ, ਕਿਸੇ ਅਮਲ ਦੀ ਕੋਈ ਖਬਰ ਅੱਜ ਤੱਕ ਸਾਨੂੰ ਨਹੀਂ ਮਿਲ ਸਕੀ ਅਤੇ ਗੈਰ-ਕਾਨੂੰਨੀ ਅਪਰੇਸ਼ਨਾਂ ਦਾ ਜਿਹੜਾ ਵਿਹਾਰ ਓਦੋਂ ਚੱਲਦਾ ਸੀ, ਅੱਜ ਤੱਕ ਚੱਲੀ ਜਾਂਦਾ ਹੈ। ਗੌਰਮਿੰਟ ਕੋਈ ਵੀ ਹੋਵੇ, ਉਹ ਕੰਮ ਦੀਆਂ ਗੱਲਾਂ ਉੱਤੇ ਗੌਰ ਕਰਨ ਜੋਗਾ ਵਕਤ ਬਹੁਤਾ ਨਹੀਂ ਕੱਢ ਸਕਦੀ।

ਅਸੀਂ ਇਹ ਥੋੜ੍ਹੀਆਂ ਜਿਹੀਆਂ ਚੋਣਵੀਂਆਂ ਮਿਸਾਲਾਂ ਦੱਸੀਆਂ ਹਨ, ਜਿਹੜੀਆਂ ਬੀਤੇ ਹਫਤੇ ਖਬਰਾਂ ਬਣ ਕੇ ਸਮਾਜ ਸਾਹਮਣੇ ਆ ਚੁੱਕੀਆਂ ਹਨ, ਨਿੱਤ ਪੜ੍ਹਨ ਤੇ ਸੁਣਨ ਵਾਲਿਆਂ ਨੂੰ ਦੱਸਣ ਦੀ ਲੋੜ ਨਹੀਂ, ਭਾਰਤ ਦੇਸ਼ ਦਾ ਕੋਈ ਰਾਜ ਹੀ ਸ਼ਾਇਦ ਬਚਿਆ ਹੋਵੇ, ਜਿੱਥੇ ਇਹ ਕੁਝ ਹੁੰਦਾ ਨਾ ਹੋਵੇ। ਉਂਜ ਤਾਂ ਭਾਰਤ ਵਿਸ਼ਵ ਗੁਰੂ ਬਣਨ ਤੁਰਿਆ ਪਿਆ ਹੈ, ਆਪਣੇ ਵਿਹੜੇ ਵਿੱਚ ਨਿੱਤ ਵਾਪਰਦੀਆਂ ਇਨ੍ਹਾਂ ਘਟਨਾਵਾਂ ਬਾਰੇ ਸੋਚ ਕੇ ਸ਼ਰਮਿੰਦਾ ਹੋਣ ਦੀ ਉਸ ਨੂੰ ਲੋੜ ਹੀ ਨਹੀਂ ਜਾਪਦੀ।

# ਬੇਅਦਬੀ ਦੀਆਂ ਘਟਨਾਵਾਂ ਅਤੇ ਹਜੂਮੀ ਕਤਲਾਂ ਦੀਆਂ ਫ਼ਿਰਕੂ ਸਾਜ਼ਿਸ਼ਾਂ ਕਿਉਂ ?

**ਸੁਮੀਤ ਸਿੰਘ**

ਸਦੀਆਂ ਤੋਂ ਪੁਜਾਰੀ ਵਰਗ ਅਤੇ ਹੁਕਮਰਾਨਾਂ ਵੱਲੋਂ ਧਰਮ ਨੂੰ ਪੀੜ੍ਹੀ ਦਰ ਪੀੜ੍ਹੀ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਬਣਾ ਦਿੱਤਾ ਗਿਆ ਹੈ ਅਤੇ ਉਹ ਇਸੇ ਧਾਰਮਿਕ ਮਾਨਸਿਕਤਾ ਦੇ ਪ੍ਰਭਾਵ ਹੇਠ ਸਿਆਸੀ ਅਤੇ ਫ਼ਿਰਕੂ ਸੰਗਠਨਾਂ ਦੇ ਬਹਿਕਾਵੇ ਵਿਚ ਆ ਕੇ ਆਪਣੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਉਣ ਵਾਲੇ ਕਿਸੇ ਵੀ ਵਿਰੋਧੀ ਵਿਚਾਰਧਾਰਾ ਦੇ ਵਿਅਕਤੀ ਨੂੰ ਜਾਨੋਂ ਮਾਰਨ ਲਈ ਤਿਆਰ ਹੋ ਜਾਂਦਾ ਹੈ। ਬੜਾ ਅਫ਼ਸੋਸ ਹੈ ਕਿ ਭਾਰਤੀ ਸਮਾਜ ਵਿੱਚ ਬਚਪਨ ਤੋਂ ਹਰੇਕ ਵਿਅਕਤੀ ਨੂੰ ਨੈਤਿਕ ਅਤੇ ਮਨੁੱਖੀ ਕਦਰਾਂ-ਕੀਮਤਾਂ ਉਤੇ ਅਮਲ ਕਰਨ ਦਾ ਪਾਠ ਪੜ੍ਹਾਉਣ ਦੀ ਬਜਾਏ ਸਿਰਫ ਆਪਣੇ ਧਰਮ, ਧਾਰਮਿਕ ਸਥਾਨ ਅਤੇ ਧਾਰਮਿਕ ਸਿੱਖਿਆ ਗ੍ਰਹਿਣ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ, ਜਿਸ ਦੇ ਨਤੀਜੇ ਵਜੋਂ ਉਸ ਦੇ ਦਿਲੋ-ਦਿਮਾਗ ਉਤੇ ਸਾਰੀ ਉਮਰ ਸਿਰਫ ਧਾਰਮਿਕ ਭਾਵਨਾਵਾਂ ਹੀ ਭਾਰੂ ਰਹਿੰਦੀਆਂ ਹਨ।

ਦਰਅਸਲ ਕਿਸੇ ਵਿਅਕਤੀ ਦੀ ਧਾਰਮਿਕ ਅਤੇ ਫ਼ਿਰਕੂ ਮਾਨਸਿਕਤਾ ਦਰਮਿਆਨ ਇਕ ਬਾਰੀਕ ਜਿਹੀ ਲਕੀਰ ਹੁੰਦੀ ਹੈ, ਜਿਸ ਨੂੰ ਮਿਟਾਉਣ ਲਈ ਫ਼ਿਰਕੂ ਅਤੇ ਸਿਆਸੀ ਨੇਤਾ ਆਪਣੇ ਸਿਆਸੀ ਹਿੱਤਾਂ ਲਈ ਹਰ ਵੇਲੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ । ਉਸ ਦੇ ਦਿਮਾਗ ਵਿਚ ਇਹ ਗੱਲ ਰੋਜ਼ਾਨਾ ਕੁੱਟ-ਕੁੱਟ ਕੇ ਭਰੀ ਜਾਂਦੀ ਹੈ ਕਿ ਉਸ ਦਾ ਧਰਮ ਹੀ ਸਭ ਤੋਂ ਉੱਤਮ ਹੈ ਅਤੇ ਉਸ ਦੇ ਧਰਮ ਨੂੰ ਦੂਜੇ ਧਰਮ ਵਾਲਿਆਂ ਤੋਂ ਖ਼ਤਰਾ ਹੈ। ਉਸ ਨੂੰ ਆਪਣੇ ਧਰਮ ਅਤੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਲਈ ਵਿਰੋਧੀ ਦੀ ਜਾਨ ਲੈਣ ਅਤੇ ਆਪਣੀ ਕੁਰਬਾਨੀ ਦੇਣ ਦਾ ਪਾਠ ਪੜ੍ਹਾਇਆ ਜਾਂਦਾ ਹੈ । ਇਹੀ ਕੱਟੜ ਮਾਨਸਿਕਤਾ ਉਸ ਨੂੰ ਦੂਜੇ ਧਰਮਾਂ ਪ੍ਰਤੀ ਨਫ਼ਰਤ ਕਰਨ ਅਤੇ ਫ਼ਿਰਕੂ ਹਿੰਸਾ ਕਰਨ ਲਈ ਉਕਸਾਉਂਦੀ ਹੈ।

ਸੰਨ 1947 ਵਿਚ ਹਿੰਦੋਸਤਾਨ ਦੀ ਫ਼ਿਰਕੂ ਖ਼ੂਨੀ ਵੰਡ ਵੇਲੇ ਇਹੀ ਕੁਝ ਵਾਪਰਿਆ ਸੀ, ਜਦੋਂ ਆਰ ਐੱਸ ਐੱਸ ਅਤੇ ਮੁਸਲਿਮ ਲੀਗ ਦੀ ਫ਼ਿਰਕੂ ਸਿਆਸਤ ਕਾਰਨ ਹਿੰਦੂ, ਮੁਸਲਮਾਨ ਅਤੇ ਸਿੱਖ ਇੱਕ-ਦੂਜੇ ਦੇ ਦੁਸ਼ਮਣ ਬਣ ਗਏ ਸਨ, ਜਿਸ ਕਾਰਨ ਹੋਏ ਖ਼ੂਨੀ ਬਟਵਾਰੇ ਦੌਰਾਨ ਫ਼ਿਰਕੂ ਫ਼ਸਾਦਾਂ ਕਰਕੇ 10 ਲੱਖ ਨਿਰਦੋਸ਼ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ ਅਤੇ ਕਰੋੜਾਂ ਲੋਕਾਂ ਦਾ ਉਜਾੜਾ ਹੋਇਆ ਸੀ। ਮਨੁੱਖ ਦੀ ਜੰਗਲੀ ਮਾਨਸਿਕਤਾ ਦੀ ਬੇਹੱਦ ਸ਼ਰਮਨਾਕ ਮਿਸਾਲ ਹੈ ਕਿ ਕਈ ਦਹਾਕਿਆਂ ਤੋਂ ਇਕੱਠੇ ਰਹਿੰਦੇ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਫ਼ਿਰਕੂ ਸਿਆਸਤਦਾਨਾਂ ਦੇ ਝਾਂਸੇ ਵਿੱਚ ਆ ਕੇ ਬਿਨਾਂ ਕਿਸੇ ਵਜ੍ਹਾ ਦੇ ਇਕ-ਦੂਜੇ ਧਰਮ ਦੇ ਲੋਕਾਂ ਨੂੰ ਅੰਨ੍ਹੇਵਾਹ ਕਤਲ ਕਰਨਾ ਸ਼ੁਰੂ ਕਰ ਦਿੱਤਾ ਸੀ। ਅਫ਼ਸੋਸ ਹੈ ਕਿ ਅਖੌਤੀ ਆਜ਼ਾਦੀ ਦੇ 77 ਸਾਲ ਬਾਅਦ ਵੀ ਕੁਝ ਫ਼ਿਰਕੂ ਤਾਕਤਾਂ ਦੇਸ਼ ਵਿਚ ਫਿਰ ਓਹੀ ਫ਼ਿਰਕੂ ਨਫਰਤ, ਹਿੰਸਾ ਅਤੇ ਬਟਵਾਰੇ ਦਾ ਮਾਹੌਲ ਪੈਦਾ ਕਰ ਰਹੀਆਂ ਹਨ।

ਇਸੇ ਕੜੀ ਵਜੋਂ ਧਰਮ ਪਰਿਵਰਤਨ ਦੇ ਝੂਠੇ ਦੋਸ਼ ਲਾ ਕੇ ਸੰਨ 1999 ਵਿਚ ਬਜਰੰਗ ਦਲ ਦੇ ਧਾਰਮਿਕ ਜਨੂੰਨੀ ਦਾਰਾ ਸਿੰਘ ਅਤੇ ਹੋਰਨਾਂ ਫ਼ਿਰਕੂ ਜਨੂੰਨੀਆਂ ਵੱਲੋਂ ਉੜੀਸਾ ਵਿਚ ਆਸਟ੍ਰੇਲੀਆਈ ਇਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਮਾਸੂਮ ਬੱਚਿਆਂ ਨੂੰ ਜੀਪ ਨਾਲ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 1984 ਵਿੱਚ ਫ਼ਿਰਕੂ ਤਾਕਤਾਂ ਵੱਲੋਂ ਹਜ਼ਾਰਾਂ ਸਿੱਖਾਂ ਦਾ ਦਿੱਲੀ ਵਿੱਚ ਅਤੇ 2002 ਵਿੱਚ ਮੁਸਲਮਾਨਾਂ ਦਾ ਗੁਜਰਾਤ ਵਿੱਚ ਬੜੀ ਬੇਰਹਿਮੀ ਨਾਲ ਯੋਜਨਾਬੱਧ ਕਤਲੇਆਮ ਕੀਤਾ ਗਿਆ।ਇਸ ਦੇ ਇਲਾਵਾ ਵਿਗਿਆਨਕ ਚੇਤਨਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਚਿੰਤਕਾਂ ਡਾ. ਦਾਭੋਲਕਰ, ਪ੍ਰੋ. ਕਲਬੁਰਗੀ, ਗੋਵਿੰਦ ਪਨਸਾਰੇ ਅਤੇ ਗੌਰੀ ਲੰਕੇਸ਼ ਦੀ ਸੰਨ 2013 ਅਤੇ 2015 ਵਿੱਚ ਹੱਤਿਆ ਕੀਤੀ ਗਈ। ਪਿਛਲੇ ਸਾਲ ਮੋਦੀ ਸਰਕਾਰ ਦੀ ਸਰਪ੍ਰਸਤੀ ਹੇਠ ਮਨੀਪੁਰ ਦੀ ਫ਼ਿਰਕੂ ਹਿੰਸਾ ਵਿੱਚ ਅਜਿਹਾ ਹੀ ਜੰਗਲੀ ਤਾਂਡਵ ਰਚਿਆ ਗਿਆ ਸੀ, ਜਿਸ ਵਿੱਚ ਔਰਤਾਂ ਨਾਲ ਬਲਾਤਕਾਰ ਅਤੇ ਨਗਨ ਔਰਤਾਂ ਦੇ ਵੀਡੀਓ ਵਾਇਰਲ ਕਰਨ ਤੋਂ ਇਲਾਵਾ 200 ਤੋਂ ਵੱਧ ਨਿਰਦੋਸ਼ ਲੋਕ ਬੇਰਹਿਮੀ ਨਾਲ ਮਾਰ ਦਿੱਤੇ ਗਏ ਸਨ। ਕੁਝ ਸਦੀਆਂ ਪਹਿਲਾਂ ਵੀ ਇਸੇ ਕਿਸਮ ਦੇ ਫ਼ਿਰਕੂ ਹੁਕਮਰਾਨਾਂ ਵੱਲੋਂ ਧਾਰਮਿਕ ਗ੍ਰੰਥਾਂ ਵਿੱਚ ਦਰਜ ਰੂੜੀਵਾਦੀ ਮਿੱਥਾਂ ਦੇ ਉਲਟ ਵਿਗਿਆਨਕ ਨਿਯਮਾਂ ਤਹਿਤ ਨਵੀਆਂ ਖੋਜਾਂ ਅਤੇ ਸਿਧਾਂਤ ਸਿਰਜਣ ਵਾਲੇ ਚਿੰਤਕਾਂ ਅਤੇ ਵਿਗਿਆਨੀਆਂ ਸੁਕਰਾਤ, ਬਰੂਨੋ, ਗੈਲੀਲੀਓ ਆਦਿ ਅਤੇ ਕਈ ਹੋਰਾਂ ਨੂੰ ਵੀ ਇਸੇ ਤਰ੍ਹਾਂ ਹੀ ਮੌਤ ਦੇ ਘਾਟ ਉਤਾਰਿਆ ਗਿਆ ਸੀ। ਸਦੀਆਂ ਬਾਅਦ ਓਹੀ ਫਾਸ਼ੀਵਾਦੀ ਜੰਗਲੀ ਵਰਤਾਰਾ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਉਸੇ ਤਰ੍ਹਾਂ ਦੁਹਰਾਇਆ ਜਾ ਰਿਹਾ ਹੈ।

ਮੋਦੀ ਸਰਕਾਰ ਦੇ ਕੇਂਦਰੀ ਸੱਤਾ ਉੱਤੇ ਕਾਬਜ਼ ਹੋਣ ਦੇ ਬਾਅਦ ਪਿਛਲੇ ਦਸ ਸਾਲਾਂ ਤੋਂ ਦੇਸ਼ ਵਿਚ ਯੋਜਨਾਬੱਧ ਫ਼ਿਰਕੂ ਹਜੂਮੀ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ।ਇਨ੍ਹਾਂ ਘਟਨਾਵਾਂ ਵਿਚ ਘੱਟ ਗਿਣਤੀ ਮੁਸਲਮਾਨਾਂ, ਦਲਿਤਾਂ ਨੂੰ ਗਊ ਮਾਸ, ਧਰਮ ਪਰਿਵਰਤਨ, ਲਵ ਜਿਹਾਦ, ਮੰਦਰ-ਮਸਜਿਦ, ਜੈ ਸ੍ਰੀ ਰਾਮ-ਭਾਰਤ ਮਾਤਾ ਕੀ ਜੈ ਆਦਿ ਦੇ ਨਾਂਅ ਹੇਠ ਗਿਣ-ਮਿੱਥ ਕੇ ਕੋਹ-ਕੋਹ ਕੇ ਮਾਰਿਆ ਗਿਆ ਅਤੇ ਫ਼ਿਰਕੂ ਸੰਗਠਨਾਂ ਦੀ ਅਜਿਹੀ ਫ਼ਿਰਕੂ ਸਿਆਸਤ ਦਾ ਵਿਰੋਧ ਕਰਨ ਵਾਲਿਆਂ ਸਮਾਜਿਕ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਉਨ੍ਹਾਂ ਦੀ ਵੀ ਹੱਤਿਆ ਕੀਤੀ ਗਈ।

ਬੇਹੱਦ ਸ਼ਰਮਨਾਕ ਹੈ ਕਿ ਪੰਜਾਬ ਅੰਦਰ ਪਿਛਲੇ ਕੁਝ ਅਰਸੇ ਤੋਂ ਇਕ ਫ਼ਿਰਕੂ ਸਾਜ਼ਿਸ਼ ਹੇਠ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਵਧ ਰਹੀਆਂ ਹਨ ਅਤੇ ਹੋਰ ਵੀ ਖ਼ਤਰਨਾਕ ਰੁਝਾਨ ਇਹ ਹੈ ਕਿ ਇਨ੍ਹਾਂ ਦੇ ਪ੍ਰਤੀਕਰਮ ਵਜੋਂ ਧਾਰਮਿਕ ਜਨੂੰਨ ਹੇਠ ਅੰਜਾਮ ਦਿੱਤੀਆਂ ਜਾ ਰਹੀਆਂ ਹਜੂਮੀ ਕਤਲਾਂ ਦੀਆਂ ਘਟਨਾਵਾਂ ਕੌਮੀ ਪੱਧਰ 'ਤੇ ਘੱਟ-ਗਿਣਤੀਆਂ ਵਿਰੁੱਧ ਹਜੂਮੀ ਹਿੰਸਾ ਵਾਂਗ ਇਕ ਪ੍ਰਵਾਨਿਤ ਘਟਨਾਕ੍ਰਮ ਬਣਦਾ ਜਾ ਰਿਹਾ ਹੈ, ਜਿਸ ਨੂੰ ਜਮਹੂਰੀ ਹਲਕਿਆਂ, ਸਮਾਜ ਸ਼ਾਸਤਰੀਆਂ ਅਤੇ ਹਕੂਮਤਾਂ ਵੱਲੋਂ ਅਕਸਰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਖੁੱਲ੍ਹ ਕੇ ਨਿਖੇਧੀ ਕਰਨ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ।

ਪਿਛਲੇ ਮਹੀਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਦੇ ਇਕ ਗੁਰਦੁਆਰੇ ਵਿੱਚ ਧਾਰਮਿਕ ਗ੍ਰੰਥ ਦੀ ਬੇਅਦਬੀ ਦੇ ਮੁਲਜ਼ਮ ਇਕ ਮਾਨਸਿਕ ਰੋਗੀ ਨੂੰ ਲੋਕਾਂ ਵੱਲੋਂ ਪੁਲਸ ਦੀ ਹਾਜ਼ਰੀ ਵਿੱਚ ਮੌਕੇ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਮੁਲਜ਼ਮ ਦੇ ਪਿਤਾ ਵੱਲੋਂ ਪ੍ਰਬੰਧਕਾਂ ਨੂੰ ਇਹ ਦੱਸਣ ਦੇ ਬਾਵਜੂਦ ਕਿ ਉਸ ਦਾ ਲੜਕਾ ਦਿਮਾਗੀ ਮਰੀਜ਼ ਹੈ ਅਤੇ ਉਸ ਦੀ ਦੋ ਸਾਲ ਤੋਂ ਦਵਾਈ ਚੱਲ ਰਹੀ ਹੈ, ਉਸ ਦੇ ਸਾਹਮਣੇ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਕੁਝ ਮਹੀਨੇ ਪਹਿਲਾਂ ਫਗਵਾੜਾ ਵਿਖੇ ਇਕ ਗੁਰਦਵਾਰੇ ਵਿਚ ਇਕ ਨਿਹੰਗ ਸਿੰਘ ਵੱਲੋਂ ਕਥਿਤ ਬੇਅਦਬੀ ਦੇ ਦੋਸ਼ ਤਹਿਤ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ, ਹਾਲਾਂਕਿ ਪ੍ਰਬੰਧਕਾਂ ਦੇ ਕਹਿਣ ਅਨੁਸਾਰ ਉਸ ਨੌਜਵਾਨ ਨੇ ਕੋਈ ਬੇਅਦਬੀ ਨਹੀਂ ਕੀਤੀ ਸੀ। ਕਾਤਲ ਵੱਲੋਂ ਮਜ਼ਲੂਮ ਨੂੰ ਕਤਲ ਕਰਨ ਦੀ ਘਟਨਾ ਨੂੰ ਅੰਜਾਮ ਦੇ ਕੇ ਉਸ ਵੱਲੋਂ ਬੜੇ ਫ਼ਖ਼ਰ ਨਾਲ ਜੁਰਮ ਦਾ ਇਕਬਾਲ ਕਰਦੇ ਹੋਏ ਵੀਡੀਓ ਰਿਕਾਰਡ ਕਰਕੇ ਜਨਤਕ ਤੌਰ 'ਤੇ ਨਸ਼ਰ ਕੀਤੀ ਗਈ। ਇਸੇ ਤਰ੍ਹਾਂ ਕਿਸਾਨ ਅੰਦੋਲਨ ਦੌਰਾਨ ਕੁਝ ਨਿਹੰਗ ਸਿੰਘਾਂ ਵੱਲੋਂ ਸਿੰਘੂ ਬਾਰਡਰ ਵਿਖੇ ਵੀ ਇਕ ਵਿਅਕਤੀ ਨੂੰ ਪੁੱਠਾ ਟੰਗ ਕੇ ਮਾਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਪਟਿਆਲਾ ਦੇ ਗੁਰਦੁਆਰਾ ਦੁੱਖ ਨਿਵਾਰਨ ਅਤੇ ਕਪੂਰਥਲਾ ਦੇ ਗੁਰਦੁਆਰਾ ਨਿਜ਼ਾਮਪੁਰ ਵਿਚ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਵੀ ਬੇਅਦਬੀ ਕਰਨ ਵਾਲੇ ਮੁਲਜ਼ਮਾਂ ਨੂੰ ਮੌਕੇ ਉਤੇ ਹੀ ਮਾਰ ਦਿੱਤਾ ਗਿਆ, ਪਰ ਜਿਸ ਵਹਿਸ਼ੀ ਢੰਗ ਨਾਲ ਜ਼ਿੰਮੇਵਾਰ ਧਾਰਮਿਕ ਆਗੂਆਂ ਦੀ ਹਾਜ਼ਰੀ ਵਿੱਚ ਮੁਲਜ਼ਮਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਉਹ ਇਕ ਸਭਿਅਕ ਸਮਾਜ ਲਈ ਬੇਹੱਦ ਸ਼ਰਮਨਾਕ ਹੈ ਅਤੇ ਸਦੀਆਂ ਪੁਰਾਣੀ ਜੰਗਲੀ ਮਾਨਸਿਕਤਾ ਵਾਂਗ ਹੈ। ਹਾਲਾਂਕਿ ਕਪੂਰਥਲਾ ਦੇ ਤਤਕਾਲੀ ਪੁਲਸ ਮੁਖੀ ਨੇ ਦਾਅਵਾ ਕੀਤਾ ਸੀ ਕਿ ਗੁਰਦੁਆਰਾ ਨਿਜ਼ਾਮਪੁਰ ਵਿਚ ਬੇਅਦਬੀ ਦੀ ਘਟਨਾ ਨਹੀਂ ਵਾਪਰੀ ਅਤੇ ਮੁਲਜ਼ਮ ਸਿਰਫ ਚੋਰੀ ਕਰਨ ਦੀ ਨੀਅਤ ਨਾਲ ਆਇਆ ਸੀ। ਉਪਰੋਕਤ ਘਟਨਾਵਾਂ ਮੌਕੇ ਜਦੋਂ ਪ੍ਰਬੰਧਕਾਂ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਸਖਤ ਕੁੱਟਮਾਰ ਕਰਨ ਦੇ ਬਾਵਜੂਦ ਮੁਲਜ਼ਮ ਆਪਣੀ ਪਹਿਚਾਣ ਨਹੀਂ ਦੱਸ ਰਹੇ ਤਾਂ ਗੁੱਸੇ ਨਾਲੋਂ ਸੰਜਮ ਤੋਂ ਕੰਮ ਲੈ ਕੇ ਇਨ੍ਹਾਂ ਮੁਲਜ਼ਮਾਂ ਨੂੰ ਪੁਲਸ ਦੇ ਹਵਾਲੇ ਕਰਨਾ ਚਾਹੀਦਾ ਸੀ, ਕਿਉਂਕਿ ਪੁਲਸ ਕੋਲ ਅਜਿਹੇ ਮੁਲਜ਼ਮਾਂ ਤੋਂ ਸੱਚ ਬਕਾਉਣ ਦੇ ਕਈ ਤਰ੍ਹਾਂ ਦੇ ਹੱਥਕੰਡੇ ਹੁੰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੀਆਂ ਘਟਨਾਵਾਂ ਪਿੱਛੇ ਕੋਈ ਸਿਆਸੀ ਅਤੇ ਫ਼ਿਰਕੂ ਸਾਜ਼ਿਸ਼ ਹੁੰਦੀ ਹੋਵੇਗੀ, ਪਰ ਦੋਸ਼ੀਆਂ ਨੂੰ ਮੌਕੇ ਉੱਤੇ ਜਾਨੋਂ ਮਾਰ ਦੇਣ ਨਾਲ ਪੁਲਸ ਅਤੇ ਜਾਂਚ ਏਜੰਸੀਆਂ ਵੱਲੋਂ ਇਨ੍ਹਾਂ ਘਟਨਾਵਾਂ ਪਿੱਛੇ ਜ਼ਿੰਮੇਵਾਰ ਤਾਕਤਾਂ ਅਤੇ ਸਾਜ਼ਿਸ਼ਾਂ ਦਾ ਪਤਾ ਨਹੀਂ ਲਾਇਆ ਜਾ ਸਕਿਆ। ਦਰਅਸਲ ਸੀ ਸੀ ਟੀ ਵੀ ਕੈਮਰੇ ਹਰ ਜਗ੍ਹਾ ਇਸ ਲਈ ਲਾਏ ਜਾਂਦੇ ਹਨ ਕਿ ਮੁਲਜ਼ਮਾਂ ਨੂੰ ਸਬੂਤ ਵਜੋਂ ਰੰਗੇ ਹੱਥੀਂ ਕਾਬੂ ਕੀਤਾ ਜਾ ਸਕੇ, ਪਰ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਹੱਥ ਆਏ ਜਿਉਂਦੇ-ਜਾਗਦੇ ਸਬੂਤ ਆਪਣੇ ਹੱਥੀਂ ਖ਼ਤਮ ਕਰ ਦਿੱਤੇ ਗਏ। ਕੀ ਅਜਿਹਾ ਕਰਨ ਪਿੱਛੇ ਵੀ ਕੋਈ ਗਹਿਰੀ ਸਾਜ਼ਿਸ਼ ਤਾਂ ਨਹੀਂ? ਬੜੀ ਹੈਰਾਨਗੀ ਅਤੇ ਅਫ਼ਸੋਸ ਹੈ ਕਿ ਉਪਰੋਕਤ ਸਾਰੀਆਂ ਘਟਨਾਵਾਂ ਮੌਕੇ ਮੁਲਜ਼ਮਾਂ ਨੂੰ ਜਾਨੋਂ ਮਾਰਨ ਤੋਂ ਬਾਅਦ ਧਾਰਮਿਕ ਸੰਸਥਾਵਾਂ ਅਤੇ ਪ੍ਰਬੰਧਕਾਂ ਵੱਲੋਂ ਪੁਲਸ ਅਤੇ ਪੰਜਾਬ ਸਰਕਾਰ ਉਤੇ ਦੋਸ਼ ਲਾਇਆ ਗਿਆ ਕਿ ਪੁਲਸ ਵੱਲੋਂ ਮੁਲਜ਼ਮਾਂ ਦੀ ਪਹਿਚਾਣ ਅਤੇ ਸਾਜ਼ਿਸ਼ ਨੂੰ ਬੇਨਕਾਬ ਨਹੀਂ ਕੀਤਾ ਜਾ ਰਿਹਾ। ਕੀ ਪ੍ਰਬੰਧਕਾਂ ਦੀ ਇਹ ਆਪਣੇ ਆਪ ਵਿੱਚ ਹੀ ਆਪਾ ਵਿਰੋਧੀ ਗੱਲ ਨਹੀਂ?

ਇਹ ਗੱਲ ਸਹੀ ਹੈ ਕਿ ਪਹਿਲਾਂ ਵਾਪਰੀਆਂ ਬੇਅਦਬੀ ਦੀਆਂ ਕਈ ਘਟਨਾਵਾਂ ਦੇ ਮੁਲਜ਼ਮਾਂ ਨੂੰ ਮਾਨਸਿਕ ਰੋਗੀ ਤਸਲੀਮ ਕਰਕੇ ਪੁਲਸ ਵੱਲੋਂ ਕੋਈ ਸਜ਼ਾ ਨਹੀਂ ਦਿਵਾਈ ਗਈ ਅਤੇ ਨਾ ਹੀ ਸਾਜ਼ਿਸ਼ਕਾਰਾਂ ਦਾ ਪਤਾ ਚੱਲ ਸਕਿਆ, ਜਿਸ ਪ੍ਰਤੀ ਧਾਰਮਿਕ ਲੋਕਾਂ ਵਿਚ ਗੁੱਸਾ ਵਧਣਾ ਸੁਭਾਵਿਕ ਸੀ, ਪਰ ਜ਼ਿੰਮੇਵਾਰ ਆਗੂਆਂ ਵੱਲੋਂ ਸੰਗਤ ਰਾਹੀਂ ਅਜਿਹੇ ਮੁਲਜ਼ਮਾਂ ਦੇ ਕਤਲਾਂ ਨੂੰ ਜਾਇਜ਼ ਠਹਿਰਾਉਣ ਅਤੇ ਮੁਲਜ਼ਮਾਂ ਦੇ ਪਰਵਾਰਾਂ ਦੇ ਬਾਈਕਾਟ ਦਾ ਸੱਦਾ ਦੇਣ ਦੀ ਕਾਰਵਾਈ ਨੂੰ ਵੀ ਕਿਸੇ ਵੀ ਪੱਖ ਤੋਂ ਤਰਕਸੰਗਤ ਨਹੀਂ ਕਿਹਾ ਜਾ ਸਕਦਾ।

ਇਸੇ ਤਰ੍ਹਾਂ ਸੰਨ 2015 ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਲਗਾਤਾਰ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦੇਣ ਦੀ ਥਾਂ ਪੰਜਾਬ ਪੁਲਸ ਵੱਲੋਂ ਬਹਿਬਲ ਕਲਾਂ ਅਤੇ ਕੋਟਕਪੂਰਾ (ਫਰੀਦਕੋਟ) ਵਿੱਚ ਰੋਸ ਪ੍ਰਗਟ ਕਰਦੇ ਲੋਕਾਂ ਉੱਤੇ ਗੋਲੀਆਂ ਚਲਾ ਕੇ ਦੋ ਵਿਅਕਤੀ ਮਾਰ ਦਿੱਤੇ ਗਏ ਸਨ। ਬੇਹੱਦ ਅਫ਼ਸੋਸ ਹੈ ਕਿ ਹਕੂਮਤੀ ਅਤੇ ਸਿਆਸੀ ਦਬਾਅ ਹੇਠ ਬੇਅਦਬੀ ਦੇ ਕਈ ਕੇਸਾਂ ਵਿਚ ਮੁੱਖ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਹੋ ਸਕੀ ਅਤੇ ਗ੍ਰਿਫ਼ਤਾਰ ਮੁਲਜ਼ਮਾਂ ਅਤੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਦਰਅਸਲ ਸਾਡੀਆਂ ਹਕੂਮਤਾਂ ਅਤੇ ਫ਼ਿਰਕੂ ਤਾਕਤਾਂ ਦੋਵੇਂ ਹੀ ਨਹੀਂ ਚਾਹੁੰਦੀਆਂ ਕਿ ਅਜਿਹੀਆਂ ਫ਼ਿਰਕੂ ਸਾਜ਼ਿਸ਼ਾਂ ਦੀ ਸਚਾਈ ਲੋਕਾਂ ਸਾਹਮਣੇ ਆਵੇ। ਇਹ ਸਰਾਸਰ ਸਾਡੀ ਪੁਲਸ, ਜਾਂਚ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਦੀ ਨਾਕਾਮੀ ਹੈ ਕਿ ਅਸਲ ਦੋਸ਼ੀਆਂ ਨੂੰ ਸਮੇਂ ਸਿਰ ਸਜ਼ਾਵਾਂ ਨਹੀਂ ਮਿਲਦੀਆਂ ਪਰ ਇਸ ਦੇ ਉਲਟ ਹਜ਼ਾਰਾਂ ਬੇਦੋਸ਼ੇ ਬਿਨਾਂ ਕਿਸੇ ਜੁਰਮ ਦੇ ਕਈ-ਕਈ ਸਾਲ ਤੋਂ ਜੇਲ੍ਹਾਂ ਵਿੱਚ ਨਜਾਇਜ਼ ਸਜ਼ਾਵਾਂ ਭੁਗਤ ਰਹੇ ਹਨ ਅਤੇ ਉਨ੍ਹਾਂ ਨੂੰ ਜਾਣਬੁੱਝ ਕੇ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਉਨ੍ਹਾਂ ਦੇ ਕੇਸਾਂ ਦੀ ਸੁਣਵਾਈ ਅਤੇ ਫੈਸਲਾ ਕੀਤਾ ਜਾ ਰਿਹਾ ਹੈ।

ਕਿਸੇ ਧਾਰਮਿਕ ਗ੍ਰੰਥ ਜਾਂ ਧਾਰਮਿਕ ਸਥਾਨ ਦੀ ਬੇਹੁਰਮਤੀ ਕਰਨਾ ਅਨੈਤਿਕ ਅਪਰਾਧ ਹੈ ਅਤੇ ਇਹ ਕਿਸੇ ਵੀ ਹਾਲਤ ਵਿੱਚ ਨਹੀਂ ਵਾਪਰਨਾ ਚਾਹੀਦਾ।ਕੋਈ ਸਾਧਾਰਨ ਸੂਝ-ਸਮਝ ਵਾਲਾ ਵਿਅਕਤੀ ਵੀ ਅਜਿਹੇ ਜੁਰਮ ਨੂੰ ਅੰਜਾਮ ਦੇਣ ਤੋਂ ਪਹਿਲਾਂ ਸੌ ਵਾਰ ਸੋਚੇਗਾ ਕਿ ਉਹ ਅਜਿਹਾ ਕੁਕਰਮ ਕਿਉਂ ਕਰਨ ਜਾ ਰਿਹਾ ਹੈ? ਜ਼ਾਹਿਰ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਸਾਜ਼ਿਸ਼ ਹੋ ਸਕਦੀ ਹੈ, ਪਰ ਪ੍ਰਬੰਧਕਾਂ ਵੱਲੋਂ ਅਜਿਹੀ ਸਾਜ਼ਿਸ਼ ਦਾ ਪਤਾ ਲਾਏ ਬਿਨਾਂ ਅਤੇ ਕਿਸੇ ਵਿਅਕਤੀ ਨੂੰ ਉਸ ਦਾ ਪੱਖ ਸੁਣੇ ਬਗੈਰ ਭੀੜ ਵੱਲੋਂ ਜਜ਼ਬਾਤੀ ਹੋ ਕੇ ਮੌਕੇ ਉਤੇ ਕਤਲ ਕਰ ਦੇਣਾ ਵੀ ਕੋਈ ਸਿਆਣਪ ਜਾਂ ਇਨਸਾਨੀਅਤ ਨਹੀਂ ਕਹੀ ਜਾ ਸਕਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

### ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

**ਡਾ. ਸ਼ਿਆਮ ਸੁੰਦਰ ਦੀਪਤੀ**

# ਸੀਆ ਦੀ ਸੱਥ

ਦਰਅਸਲ ਇਸ ਦਾ ਸਿਰਲੇਖ, ਜੋ ਅਸਲ ਵਿਚ ਮਨ ਵਿਚ ਆਇਆ ਸੀ, ਉਹ ਹੈ ਸੱਥ ਦੀ ਸਿਆਸਤ। ਸੱਥ ਜੋ ਕਿ ਮਿਲ ਬੈਠਣ ਦੀ ਇਕ ਸਾਂਝੀ ਥਾਂ ਹੈ, ਜਿਸ ਨੂੰ ਹਿੰਦੀ ਵਿਚ ਚੋਪਾਲ ਵੀ ਕਹਿੰਦੇ ਹਨ। ਮਿਲ ਬੈਠ ਕੇ ਜਦੋਂ ਗੱਲਾਂ ਹੁੰਦੀਆਂ ਹਨ, ਉਹ ਜਿਸ ਵਿਸ਼ੇਸ਼ ਸ਼ਖਸ ਬਾਰੇ ਵੀ ਹੋਣ ਤਾਂ ਉਨ੍ਹਾਂ ਦੇ ਵਿਚ ਸਿਆਸਤ ਆ ਹੀ ਜਾਂਦੀ ਹੈ, ਜਾਂ ਮੈਂ ਕਹਾਂ, ਹਰ ਇਕ ਗੱਲ ਵਿਚ, ਚਾਹੇ ਉਹ ਘਰ ਦੀ ਹੋਵੇ ਜਾਂ ਗਲੀ ਮੁਹੱਲੇ ਦੀ, ਉਸ ਵਿਚ ਸਿਆਸਤ ਹੁੰਦੀ ਹੀ ਹੈ।

ਮੈਂ ਸ਼ੁਰੂਆਤ ਵਿਚ ਹੀ ਕਿਹਾ ਸੀ ਕਿ ਸਿਆਸਤ ਮੇਰੀ ਮਹਿਬੂਬਾ ਹੈ, ਕਿਉਂਕਿ ਸਿਆਸਤ ਹਰ ਇਕ ਦੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਹੈ। ਉਹ ਉਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕਰਦੀ ਹੀ ਹੈ। ਮਸ਼ਹੂਰ ਸ਼ਾਇਰ ਰਘੂਵੀਰ ਸਹਾਏ ਦੀ ਇਕ ਧਾਰਨਾ ਮੇਰੀ ਗੱਲ ਦੀ ਪੁਸ਼ਟੀ ਕਰਦੀ ਹੈ, ਜਦੋਂ ਉਹ ਲਿਖਦਾ ਹੈ, ਰਾਜਨੀਤੀ ਮਾੜੀ ਨਹੀਂ ਹੈ, ਪਰ ਜਦ ਉਹ ਸੱਤਾ ਨੀਤੀ ਬਣ ਜਾਂਦੀ ਹੈ ਤਾਂ ਨੁਕਸਾਨ ਕਰਦੀ ਹੈ, ਕਿਉਂਕਿ ਸੱਤਾ ਹਾਸਲ ਕਰਨ ਲਈ ਕੋਈ ਵੀ ਕਿਸੇ ਹੱਦ ਤੱਕ ਜਾ ਸਕਦਾ ਹੈ। ਸੱਤਾ ਹਾਸਲ ਕਰਨ ਲਈ ਸਾਮ ਦਾਮ, ਦੰਡ, ਭੇਦ ਆਦਿ ਨੂੰ ਕਿਸੇ ਵੀ ਤਰ੍ਹਾਂ ਇਸਤੇਮਾਲ ਕਰਨ ਵਿਚ ਗੁਰੇਜ਼ ਨਹੀਂ ਕੀਤਾ ਜਾਂਦਾ।

ਸੀਆ ਦੀ ਸੱਥ, ਉਸ ਦਾ ਛੋਟਾ ਸਿਰਲੇਖ ਹੈ, ਕਹਿ ਲਓ ਨਿਕ-ਨੇਮ। ਜਿੱਥੋਂ ਤੱਕ ਸੱਥ ਦਾ ਸਵਾਲ ਹੈ, ਸਰਮਾਏਦਾਰੀ ਸਿਸਟਮ ਨੇ ਲੋਕਾਂ ਨੂੰ ਘਰਾਂ ਵਿਚ ਕੈਦ ਕਰ ਦਿੱਤਾ ਹੈ। ਅੱਜ ਭਾਵੇਂ ਉਹ ਥਾਵਾਂ ਮੌਜੂਦ ਜ਼ਰੂਰ ਹਨ, ਕਿਤੇ ਨਾ ਕਿਤੇ ਲੱਭ ਪੈਣਗੀਆਂ, ਪਰ ਰਲ-ਮਿਲ ਬੈਠਣ ਦਾ ਉਹ ਤੌਰ-ਤਰੀਕਾ ਗਵਾਚ ਗਿਆ ਹੈ। ਸ਼ਹਿਰੀ ਸਭਿਅਤਾ ਨੇ ਡਰਾਇੰਗ ਰੂਮ ਦੇ ਦਿੱਤੇ ਹਨ, ਜਿੱਥੇ ਦੋ-ਚਾਰ ਆਪਸੀ ਜਾਣ-ਪਛਾਣ ਵਾਲੇ ਮਿਲ ਕੇ ਗੁਫ਼ਤਗੂ ਕਰ ਲੈਂਦੇ ਹਨ, ਪਰ ਸੱਥ ਦੇ ਮਾਹੌਲ ਵਾਂਗ ਖੁੱਲ੍ਹਾਪਨ ਨਹੀਂ ਹੈ।

ਸੱਥ ਵਿਚ ਭਾਵੇਂ ਬੰਦਿਆਂ ਦੀ ਗਿਣਤੀ ਘਟ ਰਹੀ ਹੈ, ਪਰ ਇਹ ਵੀ ਮਹਿਸੂਸ ਹੋ ਰਿਹਾ ਹੈ ਕਿ ਇਹ ਗੱਲਬਾਤ, ਇਹ ਸਾਂਝ ਵੱਧ ਤੋਂ ਵੱਧ ਹੋਵੇ ਤੇ ਨਾਲ ਹੀ ਚਿੰਤਾ ਪ੍ਰਗਟਾਈ ਜਾ ਰਹੀ ਹੈ, ਇਹ ਵੱਧ ਤੋਂ ਵੱਧ ਲੋਕਾਂ ਤੱਕ ਕਿਵੇਂ ਪਹੁੰਚੇ। ਵਿਧੀਵਤ ਸੈਮੀਨਾਰ ਵੀ ਕੁਝ ਇਕ ਗਿਣਤੀ ਦੇ ਲੋਕਾਂ ਤੱਕ ਸੀਮਤ ਹੋ ਗਏ ਹਨ ਤੇ ਆਖਰ 'ਤੇ ਇਹ ਗੱਲ ਉੱਭਰ ਕੇ ਆਉਂਦੀ ਹੈ ਕਿ ਇਹ ਗੱਲਬਾਤ, ਚਰਚਾ ਪਿੰਡਾਂ ਅਤੇ ਆਮ ਲੋਕਾਂ ਵਿਚ ਲੈ ਕੇ ਜਾਣ ਦੀ ਲੋੜ ਹੈ।

ਤਬਦੀਲੀ ਹਰ ਦੌਰ ਨੂੰ ਛੂੰਹਦੀ ਹੈ ਤੇ ਇਹ ਸਮਾਜ ਦੀ ਲੋੜ ਵੀ ਹੈ। ਇਹ ਲੋੜ ਅੱਜ ਸਭ ਤੋਂ ਵੱਧ ਹੈ, ਜਦੋਂ ਆਪਸੀ ਸਾਂਝ ਅਤੇ ਭਾਈਚਾਰਾ ਟੁੱਟ ਰਿਹਾ ਹੋਵੇ, ਪੰਜਾਬ ਦੀ ਇਸ ਧਰਤੀ 'ਤੇ ਗੁਰੂਆਂ ਦੇ ਇਹ ਬੋਲ, ਕੁਝ ਸੁਣਿਐ ਕੁਝ ਕਹੀਐ, ਆਪਸੀ ਸੰਵਾਦ ਦੀ ਹੀ ਗੱਲ ਕਰਦਾ ਹੈ।

ਇਸ ਸੱਥ ਨੂੰ ਇਕ ਨਵੇਂ ਤਜਰਬੇ ਤੋਂ ਤੁਹਾਡੇ ਸਾਹਮਣੇ ਪੇਸ਼ ਕਰਨ ਦੀ ਆਗਿਆ ਚਾਹੁੰਦਾ ਹਾਂ। ਇਕ ਖਿਆਲ ਹੈ ਕਿ ਦੁਨੀਆ ਭਰ ਦੇ ਦਾਰਸ਼ਨਿਕਾਂ, ਚਿੰਤਕਾਂ ਨੂੰ ਲੈ ਕੇ ਇਕ ਚਰਚਾ ਹੋਵੇ। ਸਾਰੇ ਚਿੰਤਕਾਂ ਨੇ ਜੋ ਵੀ ਫਰਮਾਇਆ ਹੈ, ਉਸ ਦੀ ਡੂੰਘੀ ਤਹਿ ਵਿਚ ਸਿਆਸਤ ਦੀ ਝਲਕ ਮਿਲਦੀ ਹੈ ਭਾਵੇਂ ਉਹ ਸਾਡੇ ਪੂਜਣਯੋਗ ਗੁਰੂ ਹੋਣ ਜਾਂ ਧਾਰਮਿਕ, ਹਸਤੀਆਂ ਤੇ ਚਾਹੇ ਸਾਡੇ ਆਧੁਨਿਕ ਯੁੱਗ ਦੇ ਕ੍ਰਾਂਤੀਕਾਰੀ ਯੋਧਾ। ਤੁਸੀਂ ਸਮਝ ਹੀ ਗਏ ਹੋਵੋਗੇ ਮੇਰਾ ਇਸ਼ਾਰਾ ਗੁਰੂ ਨਾਨਕ, ਕਬੀਰ ਤੋਂ ਲੈ ਕੇ ਸਾਡੇ ਆਪਣੇ ਭਗਤ ਸਿੰਘ ਅਤੇ ਵਿਦੇਸ਼ਾਂ ਤੋਂ ਚੀ ਗਵੇਰਾ ਵੱਲ ਹੈ। ਨਾਲੇ ਇੱਥੇ ਇਕ ਗੱਲ ਸਪੱਸ਼ਟ ਕਰ ਦਿਆਂ ਕਿ ਭਾਵੇਂ ਮੈਂ ਆਪਣੇ ਅਤੇ ਵਿਦੇਸ਼ੀ ਸ਼ਬਦ ਵਰਤੇ ਹਨ, ਪਰ ਗਿਆਨ ਅਤੇ ਸਿਆਣਪ ਦੀ ਕੋਈ ਸੀਮਾ ਨਹੀਂ ਹੁੰਦੀ। ਉਹ ਵਿਸ਼ਵ-ਵਿਆਪੀ ਹੁੰਦਾ ਹੈ।

ਚਲੋ ਗੱਲਾਂ ਹੁੰਦੀਆਂ ਰਹਿਣਗੀਆਂ। ਆਪਾਂ ਚਰਚਾ ਸ਼ੁਰੂ ਕਰਦੇ ਹਾਂ, ਸਭ ਤੋਂ ਪਹਿਲਾਂ ਭਗਤ ਪੂਰਨ ਸਿੰਘ ਦੀ ਇਕ ਚੇਤਾਵਨੀ ਤੋਂ ਸ਼ੁਰੂ ਕਰਦੇ ਹਾਂ, ਸੁਣੋ ਫਿਰ –

“ਦੁਨੀਆ ਦੇ ਲੋਕੋ, ਸੰਸਾਰ ਨੂੰ ਬਚਾਉਣ ਲਈ ਆਪਣਾ ਸੁਭਾਅ ਬਦਲੋ। ਸੰਸਾਰ ਦੇ ਹਰ ਮਨੁੱਖ ਦਾ ਇਹ ਕਰਤਵ ਹੋਣਾ ਚਾਹੀਦਾ ਹੈ ਕਿ ਧਰਤੀ ਦੀ ਉਪਜਾਊ ਸ਼ਕਤੀ ਵੱਲ ਪੂਰਾ ਧਿਆਨ ਰੱਖੋ, ਕਿਉਂਕਿ ਜੇਕਰ ਧਰਤੀ ਆਪਣੀ ਉਪਜਾਊ ਸ਼ਕਤੀ ਗਵਾ ਬੈਠੀ ਤਾਂ ਫਿਰ ਮਨੁੱਖ ਦਾ ਜਿਊਂਦਾ ਰਹਿਣਾ ਅਸੰਭਵ ਹੋ ਜਾਵੇਗਾ। ਮਨੁੱਖ ਅਪਰਾਧ ਕਰਕੇ, ਮਨੁੱਖਾਂ ਦੀ ਸਜ਼ਾ ਤੋਂ ਬਚ ਸਕਦਾ ਹੈ, ਪਰ ਕੁਦਰਤ ਦੀ ਸਜ਼ਾ ਤੋਂ ਨਹੀਂ ਬਚ ਸਕਦਾ। ਤੁਹਾਡੇ ਉਦਮ ਨਾਲ ਇਹ ਧਰਤੀ ਮਾਰੂਥਲ ਬਣਨ ਤੋਂ ਬਚ ਸਕਦੀ ਹੈ।”

ਮੇਰੇ ਮੁਤਾਬਿਕ ਹੁਣ ਭਗਤ ਜੀ ਦੇ ਸੰਸਾਰਕ ਅਤੇ ਰੂਹਾਨੀ ਗੁਰੂ ਨਾਨਕ ਤੋਂ ਸੁਣਦੇ ਹਾਂ, ਉਨ੍ਹਾਂ ਦੇ ਕੁਝ ਵਿਚਾਰ। ਗੁਰੂ ਨਾਨਕ ਗੱਲ ਸ਼ੁਰੂ ਕਰਦੇ ਹਨ, “ਮੈਂ ਤਾਂ ਸ਼ੁਰੂ ਤੋਂ ਹੀ ਤੇ ਪਲ-ਪਲ ਚੇਤਾ ਕਰਵਾਇਆ ਹੈ ਤੇ ਇਸ ਨੂੰ ਬਾਅਦ ਵਿਚ ਅਰਦਾਸ ਵਿਚ ਵੀ ਜੋੜਿਆ ਗਿਆ, ਉਹ ਹੈ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ। ਮਨੁੱਖ ਦੇ ਸਾਰੇ ਅਹਿਮ ਰਿਸ਼ਤੇ ਸਾਡੇ ਵਾਤਾਵਰਨ ਨਾਲ ਜੁੜੇ ਹਨ। ਗੱਲ ਇਸ ਤੋਂ ਵੀ ਵੱਡੀ ਹੈ ਕਿ ਅਸੀਂ ਇਸ ਵਾਤਾਵਰਨ ਨਾਲ ਪਿਆਰ ਕਰੀਏ ਤੇ ਮੈਂ ਕਿਹਾ, ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰਿ ਤਲੀ ਗਲੀ ਮੇਰੀ ਆਉ। ਮਤਲਬ ਕਿ ਕੁਝ ਨਾ ਕੁਝ ਕੁਰਬਾਨ ਕਰਨਾ ਹੀ ਪੈਣਾ ਇਹ ਜ਼ਰੂਰੀ ਹੈ ਕੁਝ ਹਾਸਲ ਕਰਨ ਲਈ।”

ਹਵਾ, ਪਾਣੀ ਅਤੇ ਧਰਤੀ ਨੂੰ ਇਹ ਦਰਜਾ ਦੇਣਾ ਮਤਲਬ ਹੈ ਕਿ ਇਹ ਕਿਸੇ ਖਾਸ ਵਰਗ ਨੂੰ ਸੰਬੋਧਤ ਨਹੀਂ ਹੈ, ਸਗੋਂ ਇੱਥੇ ਉਦੇਸ਼ ਹੈ ਪੂਰੀ ਮਾਨਵਤਾ ਦਾ। ਹੁਣ ਆਪਾਂ ਇਕ ਕ੍ਰਾਂਤੀਕਾਰੀ ਨਾਲ ਗੱਲ ਕਰਦੇ ਹਾਂ, ਜੋ ਭਾਵੇਂ ਬੰਬ ਦੀ ਗੱਲ ਵੀ ਕਰਦਾ ਹੈ ਤੇ ਪਿਸਤੌਲ ਦੀ ਵੀ, ਪਰ ਉਸ ਦਾ ਅਸਲੀ ਨਿਸ਼ਾਨਾ ਸਾਰੀ ਮਨੁੱਖਤਾ ਨੂੰ ਜਿਉਣ ਜੋਗੀ ਹਾਲਤ ਵਿਚ ਰਹਿਣ ਦਾ ਹੱਕ ਦਿਵਾਉਣਾ ਹੈ। ਵੈਸੇ ਤਾਂ ਸਾਡੇ ਕੋਲ ਗੱਲ ਕਰਨ ਨੂੰ ਚੀ ਗਵੇਰਾ ਵੀ ਹੈ ਅਤੇ ਕਰਤਾਰ ਸਿੰਘ ਸਰਾਭਾ ਵੀ। ਇਹਨਾਂ ਸਾਰਿਆਂ ਨੂੰ ਇਕ ਥਾਂ ਤੇ ਇਕ ਵਿਚਾਰਧਾਰਾ ਵਿਚ ਤੁਹਾਡੇ ਸਾਹਮਣੇ ਪੇਸ਼ ਕਰਨਗੇ ਭਗਤ ਸਿੰਘ।

ਭਗਤ ਸਿੰਘ ਆਪਣੀ ਗੱਲ ਦੀ ਸ਼ੁਰੂਆਤ ਇਸ ਗੱਲ ਤੋਂ ਕਰਦਾ ਹੈ, “ਦੋਸਤੋ ਹਿੰਸਾ-ਅਹਿੰਸਾ ਦਾ ਸਵਾਲ ਸਮਾਜ ਦੇ ਲੋਕਾਂ ਨੇ ਆਪਣੀ ਸੁਵਿਧਾ ਅਨੁਸਾਰ ਬਣਾਇਆ ਅਤੇ ਵਰਤਿਆ ਹੈ। ਮੇਰੇ ਲਈ ਦੋਹਾਂ ਵਿਚ ਇਕ ਸੂਖ਼ਮ ਜਿਹਾ ਫ਼ਰਕ ਹੈ। ਮੇਰੇ ਲਈ ਕਿਸੇ ਨੂੰ ਗੋਲੀ ਮਾਰਨਾ ਜਾਂ ਭੁੱਖੇ ਰੱਖ ਕੇ ਤੜਪਾ-ਤੜਪਾ ਕੇ ਮਾਰਨਾ ਇਕੋ ਹੀ ਗੱਲ ਹੈ। ਸਵਾਲ ਤਾਂ ਲੋਕਾਂ ਉਤੇ ਜ਼ੁਰਮ ਕਰਨਾ ਹੀ ਹੈ, ਉਹ ਚਾਹੇ ਕਿਸੇ ਵੀ ਢੰਗ ਨਾਲ ਹੋਵੇ, ਇਹ ਵੱਖਰੀ ਗੱਲ ਹੈ। ਹਿੰਸਾ-ਅਹਿੰਸਾ ਨੂੰ ਛਪਾਉਣ ਵਾਸਤੇ ਕਾਨੂੰਨ ਬਣਾਏ ਜਾਂਦੇ ਹਨ ਤੇ ਵੱਡਾ ਸਵਾਲ ਹੈ ਇਹ ਕਾਨੂੰਨ ਬਣਾਉਂਦਾ ਕੌਣ ਹੈ ਤੇ ਵਰਤੇ ਕਿਸ ਦੇ ਹੱਕ ਵਿਚ ਜਾਂਦੇ ਹਨ। ਅਸੀਂ ਮਨੁੱਖੀ ਖ਼ੂਨ ਦੇ ਹਮਾਇਤੀ ਨਹੀਂ ਹਾਂ, ਅਸੀਂ ਤਾਂ ਸਭ ਲਈ ਇਕ ਸਾਵੀਂ ਅਤੇ ਬਰਾਬਰ ਜ਼ਿੰਦਗੀ ਜਿਊਣ ਦੀ ਗੱਲ ਕਰਦੇ ਹਾਂ।”

ਇਹ ਸਨ ਭਗਤ ਸਿੰਘ, ਜਿਨ੍ਹਾਂ ਨੇ ਕੁਝ ਵਧੀਆ ਸਾਂਭਣਯੋਗ ਲੇਖ ਵੀ ਲਿਖੇ ਅਤੇ ਬਹੁਤ ਪੜ੍ਹਿਆ ਅਤੇ ਬਾਦਲੀਲ ਕਈ ਗੱਲਾਂ ਕਹੀਆਂ, ਜੋ ਕਿ ਉਨ੍ਹਾਂ ਦੀ ਸ਼ਖਸੀਅਤ ਉਸਾਰੀ ਲਈ ਸਾਹਮਣੇ ਆਈਆਂ। ਉਨ੍ਹਾਂ ਦੇ ਵਿਚਾਰ ਕਾਰਲ ਮਾਰਕਸ, ਇਕ ਵਿਸ਼ਵ ਚਿੰਤਕ ਤੋਂ ਕਾਫ਼ੀ ਪ੍ਰਭਾਵਿਤ ਸਨ, ਉਹ ਵੀ ਸਾਡੀ ਚਰਚਾ ਵਿਚ ਹਿੱਸਾ ਲੈਣਗੇ।

ਕਾਰਲ ਮਾਰਕਸ ਨੇ ਚਰਚਾ ਨੂੰ ਅੱਗੇ ਤੋਰਦੇ ਹੋਏ ਕਿਹਾ, “ਸਾਰੇ ਮੈਨੂੰ ਸਮਾਜ ਦੀ ਪੂੰਜੀ, ਦੌਲਤ ਅਤੇ ਉਸ ਦੀ ਵੰਡ ਨੂੰ ਲੈ ਕੇ ਗੱਲ ਕਰਨ ਵਾਲਾ, ਮਾਹਿਰ ਵਜੋਂ ਉਭਾਰਦੇ ਹਨ। ਸਭ ਪਰ ਇਹ ਇਸ ਨਾ-ਬਰਾਬਰੀ ਅਤੇ ਨਕਰ ਵਰਗੀ ਮੰਦਹਾਲੀ ਦਾ ਕਾਰਨ ਹੈ, ਇਕ ਮਨੁੱਖ ਕੋਲੋਂ ਦੂਜੇ ਮਨੁੱਖ ਦਾ ਸ਼ੋਸ਼ਣ ਹੈ। ਮੇਰੀ ਸਾਰੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਸ਼ੋਸ਼ਣ ਹੈ, ਲੋਟੂ ਸਮਾਜ ਹੈ ਜੇ ਅਸੀਂ ਮਨੁੱਖਤਾ ਦੀ ਗੱਲ ਕਰਨ ਵਾਸਤੇ ਇਕੱਠੇ ਹੋਏ ਹਾਂ ਤਾਂ ਇਹ ਧਰਤੀ ਸਭ ਲਈ ਸਵਰਗ ਵਾਂਗ, ਖੁਸ਼ੀ-ਖੁਸ਼ੀ ਪਿਆਰ ਨਾਲ ਰਹਿਣ ਦੇ ਯੋਗ ਹੋ ਸਕਦੀ ਹੈ। ਇਹ ਸਾਰੇ ਹੀ ਸ਼ੋਸ਼ਣ ਦੀ ਪ੍ਰਕਿਰਿਆ ਨੂੰ ਖਤਮ ਕਰਨ ਦਾ ਅਹਿਦ ਕਰਨ। ਇਹ ਸ਼ੋਸ਼ਣ ਵੀ ਅਹਿੰਸਾ ਦਾ ਇਕ ਰੂਪ ਹੈ, ਜਦੋਂ ਕੋਈ ਆਪਣੇ ਵਤੀਰੇ ਨਾਲ ਕਿਸੇ ਨੂੰ ਮੰਦਹਾਲੀ ਵਿਚ ਧੱਕ ਦਿੰਦਾ ਹੈ।”

ਭਾਵੇਂ ਕਿ ਸੰਤਾਂ, ਭਗਤਾਂ ਦੀ ਜਮਾਤ ਵਿੱਚੋਂ ਸੰਤ ਕਬੀਰ ਨੂੰ ਸਭ ਤੋਂ ਵੱਧ ਕ੍ਰਾਂਤੀਕਾਰੀ ਲੇਖਕ ਮੰਨਿਆ ਜਾਂਦਾ ਹੈ, ਉਹ ਵੀ ਸਾਡੇ ਸੱਦੇ 'ਤੇ ਪਹੁੰਚੇ ਹਨ। ਉਹਨਾਂ ਤੋਂ ਗੱਲ ਸੁਣਦੇ ਹਾਂ। 'ਆਪਣੇ ਇਕ ਦੋਹੇ ਤੋਂ ਗੱਲ ਸ਼ੁਰੂ ਕਰਦਾ ਹਾਂ, 'ਪੋਥੀ ਪੜ੍ਹ-ਪੜ੍ਹ ਜਗ ਮੂਆ, ਪੰਡਿਤ ਭਇਆ ਨਾ ਕੋਇ, ਢਾਈ ਅੱਖਰ ਪ੍ਰੇਮ ਕੇ ਪੜ੍ਹੇ ਸੋ ਪੰਡਿਤ ਹੋਏ।' ਇਹ ਸਾਰ ਹੈ ਜੋ ਢਾਈ ਅੱਖਰਾਂ ਦਾ ਹੈ, ਸੰਖੇਪ ਅਤੇ ਸਪੱਸ਼ਟ ਤੇ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਵਾਸਤੇ ਇਕ-ਦੂਜੇ ਨੂੰ ਮਾਰਨ ਤੱਕ ਤੁਲੇ ਹੋਏ ਹਾਂ। ਅੰਧ-ਵਿਸ਼ਵਾਸ ਐਨਾ ਡੂੰਘਾ ਸਾਡੇ ਅੰਦਰ ਸਮਾ ਚੁੱਕਿਆ ਕਿ ਅਸੀਂ ਮਨੁੱਖ ਦੀ ਹਸਤੀ ਨੂੰ ਬੇਕਦਰ ਕਰਨ ਤੱਕ ਜਾਂਦੇ ਹਾਂ। ਮੈਂ ਉਦੋਂ ਵੀ ਕਿਹਾ ਸੀ, 'ਜੋ ਤੂੰ ਬ੍ਰਾਮਣ ਬ੍ਰਾਹਮਣੀ ਜਾਇਆ, ਆਨ ਬਾਟ ਕਾਹੇ ਨਹੀਂ ਆਇਆ।'

ਜਿਸ ਢੰਗ ਨਾਲ ਕਬੀਰ ਜੀ ਨੇ ਅੰਧ-ਵਿਸ਼ਵਾਸ ਅਤੇ ਕੁਰੀਤੀਆਂ ਦੇ ਖਿਲਾਫ਼ ਅਵਾਜ਼ ਬੁਲੰਦ ਕੀਤੀ, ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਉਸ ਸਮੇਂ ਉਹ ਸਿਰਫ਼ ਸਮਾਜਿਕ ਹੀ ਨਹੀਂ, ਰਾਜਨੀਤਕ ਅੰਦੋਲਨ ਸੀ, ਜੋ ਹੌਲੀ-ਹੌਲੀ ਸਾਡੇ ਦੇਸ਼ ਵਿਚ ਸੰਵਿਧਾਨ ਦੀ ਬਣਤਰ ਤੱਕ ਰੂਪਮਾਨ ਹੋਇਆ। ਇਸ ਦੇ ਮੁੱਖ ਰਚੇਤਾ ਡਾਕਟਰ ਅੰਬੇਦਕਰ ਸਨ। ਉਹ ਵੀ ਇਸ ਸੰਬੰਧ ਵਿਚ ਆਪਣੀ ਗੱਲ ਕਰਨਗੇ।

“ਗੱਲ ਹੁੰਦੀ ਹੈ ਸਮਾਜ ਵਿਚ ਫੈਲੀਆਂ ਬੇਨਿਯਮੀਆਂ ਨੂੰ ਪੱਧਰਾ ਕਰਨਾ ਤਾਂ ਕਿ ਸਭ ਕੋਲ ਰਹਿਣ ਅਤੇ ਕੰਮ ਕਰਨ ਦੇ ਬਰਾਬਰ ਮੌਕੇ ਹੋਣ। ਇਹ ਲਿਖਤੀ ਨਿਯਮ ਸੀ ਤੇ ਫਿਰ ਉਹਨਾਂ ਦੇ ਅਧਾਰ 'ਤੇ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋਈ, ਪਰ ਜੋ ਸਮਾਜ ਹਜ਼ਾਰਾਂ ਸਾਲ ਤੋਂ ਵਿਤਕਰਾ ਕਰਨ ਦਾ ਆਦੀ ਹੋਵੇ, ਉਹ ਕੁਝ ਨਾ ਕੁਝ ਤਰੀਕੇ ਲੱਭ ਹੀ ਲੈਂਦਾ ਹੈ ਤੇ ਆਪਣੀ ਮਨਮਰਜ਼ੀ ਕਾਇਮ ਰੱਖਦਾ ਹੈ। ਵੱਡਾ ਸਵਾਲ ਤਾਂ ਆਪਣੇ-ਆਪ ਨੂੰ ਜ਼ੁੰਮੇਵਾਰ ਸਮਝਣ ਤੇ ਜ਼ੁੰਮੇਵਾਰ ਨਾਗਰਿਕ ਬਣ ਕੇ ਰਹਿਣ ਵਿਚ ਹੈ। ਲਿਖਤੀ ਨਿਯਮਾਂ ਦਾ ਇਕ ਸੀਮਾ ਵਿਚ ਹੀ ਫਾਇਦਾ ਲਿਆ ਜਾ ਸਕਦਾ ਹਨ।'

ਹੁਣ ਸਮੇਂ ਨੂੰ ਦੇਖਦੇ ਹੋਏ, ਹੁਣ ਇਸ ਚਰਚਾ ਨੂੰ ਸਮੇਟਣਾ ਚਾਹੀਦਾ ਹੈ। ਜਿਵੇਂ ਸਭ ਤੋਂ ਨੌਜਵਾਨ ਚਿੰਤਕ ਤੋਂ ਗੱਲ ਸ਼ੁਰੂ ਕੀਤੀ, ਹੁਣ ਸਭ ਤੋਂ ਪ੍ਰੌੜ ਹਸਤੀ, ਮਹਾਤਮਾ ਬੁੱਧ ਨੂੰ ਗੁਜਾਰਿਸ਼ ਕਰਾਂਗਾ ਕਿ ਉਹ ਇਸ ਚਰਚਾ ਨੂੰ ਸਮੇਟਣ।

ਮਹਾਤਮਾ ਬੁੱਧ, ਜੋ ਸਹੀ ਅਰਥਾਂ ਵਿਚ ਸਿਧਾਰਥ ਤੋਂ ਬੁੱਧ ਤੱਕ ਤਿਆਰ ਹੋਏ। ਬੁੱਧ ਦੀ ਸਾਰੀ ਘਾਲਣਾ ਦਾ ਵੀ ਸਾਰ ਹੈ, ਉਹ ਵੀ ਆਪਣੇ ਲਫਜ਼ਾਂ ਵਿਚ ਬਿਆਨ ਕਰਨਗੇ। ਉਹ ਆ ਕੇ, ਗੱਲ ਨੂੰ ਸਮਝਾਉਂਦੇ ਹਨ।

'ਗੱਲ ਹੈ ਸਮੇਟਣੀ, ਸਮੇਟਣਾ ਕਿਉਂ ਜ਼ਰੂਰੀ ਹੈ, ਵਿਚਾਰ ਤੇਜ਼ ਜਾਂ ਧੀਮੀ ਗਤੀ ਚੱਲਦੇ ਰਹਿਣ, ਪ੍ਰਵਾਹ ਵਿਚ। ਵਿਚਾਰ ਜੇ ਰੁਕ ਜਾਣ, ਬਾਸੀ ਹੋ ਜਾਣ ਦਾ ਫਿਰ ਅਰਥ ਵਿਹੂਣੇ ਲੱਗਦੇ ਹਨ। ਮੈਂ ਆਪਣੀ ਤਪੱਸਿਆ ਦੀ ਘਾਲਣਾ ਦਾ ਕੇਂਦਰੀ ਨੁਕਤਾ ਪੇਸ਼ ਕਰਦਾ ਹਾਂ। ਮੈਂ ਜਾਣਿਆ ਹੈ ਕਿ ਮਨੁੱਖ ਆਪਣੀ ਹੋਣੀ ਦਾ ਆਪ ਜ਼ਿੰਮੇਵਾਰ ਹੈ। ਆਪਣਾ ਰਚੇਤਾ। ਜੋ ਵੀ ਹਨੇਰਾ ਸਾਡੇ ਆਲੇ-ਦੁਆਲੇ ਹੈ ਤਾਂ ਉਸ ਦਾ ਕਾਰਨ ਹੈ। ਅਸੀਂ ਭਰਮਾਂ ਵਿਚ ਪਏ ਹਾਂ, ਮਨੁੱਖ ਕੋਲ ਇਕ ਹੀ ਜੀਵਨ ਹੈ, ਨਾ ਕੁਝ ਅੱਗੇ ਹੈ, ਨਾ ਕੁਝ ਪਿੱਛੇ। ਇਸ ਲਈ ਤੱਤ ਇਹ ਹੈ ਕਿ ਆਪਣੀ ਹੋਂਦ ਦੇ ਤੁਸੀਂ ਖ਼ੁਦ ਮਾਲਕ ਹੋ, ਆਪਣੇ ਰਾਹ ਦਸੇਰੇ ਤੁਸੀਂ ਆਪ ਹੋ। ਮੈਂ ਕਹਾਂ ਕਿ ਅਸੀਂ ਆਪ ਆਪਣਾ ਚਾਨਣ ਹਾਂ ਤੇ ਉਹਨੂੰ ਜਗਾਉਣ ਦੀ ਲੋੜ ਹੈ। ਉਸ ਨੂੰ ਜਗਾਉਣ ਤੋਂ ਪਹਿਲਾਂ ਉਸ ਨੂੰ ਪਛਾਣਿਆ ਜਾਵੇ ਤੇ ਫਿਰ ਉਸ ਨੂੰ ਸੰਵਾਰਿਆ ਜਾਵੇ। ਤੁਹਾਡੇ ਆਲੇ-ਦੁਆਲੇ ਜਿੰਨੇ ਵੀ ਦੁੱਖ ਹਨ, ਉਨ੍ਹਾਂ ਦਾ ਕਾਰਨ ਲੱਭੋ ਤੇ ਫਿਰ ਉਸ ਦਾ ਇਲਾਜ ਲੱਭ ਕੇ ਉਨ੍ਹਾਂ ਨੂੰ ਠੀਕ ਕਰਨ ਦੇ ਰਾਹ ਪਵੋ। ਇਹ ਸੰਭਵ ਹੈ, ਪਰ ਰਸਤੇ ਵਿਚ ਪੈਣ ਵਾਲੇ ਕਿਸੇ ਵੀ ਭਰਮ ਨੂੰ ਅੜਿੱਕਾ ਨਹੀਂ ਬਣਨ ਦੇਣਾ, ਉਹ ਜੋ ਜ਼ਰੀਆ ਸਾਡੇ ਹੱਥ-ਵੱਸ ਹੈ। ਉਨ੍ਹਾਂ ਨੂੰ ਤੋੜਨਾ ਤੇ ਉਨ੍ਹਾਂ ਤੋਂ ਛੁਟਕਾਰਾ ਪਾਉਣਾ।'

ਇਹ ਚਰਚਾ ਸਿਮਟੀ ਨਹੀਂ ਹੈ, ਇਹ ਜਾਰੀ ਰਹੇਗੀ। ਸਾਡੇ ਕੋਲ ਹੋਰ ਵੀ ਕਿੰਨੇ ਦਾਰਸ਼ਨਿਕ ਮੌਜੂਦ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਬੁਲਾ ਕੇ, ਉਨ੍ਹਾਂ ਦੇ ਵਿਚਾਰਾਂ ਦਾ ਲਾਹਾ ਲਿਆ ਜਾਵੇਗਾ। ਚਲੋ ਮਿਲਦੇ ਹਾਂ, ਫਿਰ ਇਹ ਹੈ ਸਿਆਸਤ ਦੀ ਸੱਥ, ਸੱਥ ਦੇ ਸਾਰੇ ਦਾਰਸ਼ਨਿਕ, ਭਾਵੇਂ ਜੋ ਵੀ ਸਮਾਜ ਵਿਚ ਵਾਪਰਦੀ ਹੈ, ਉਸ ਤੋਂ ਅਲੱਗ ਹੀ ਗੱਲਾਂ ਕਰਦੇ ਹਨ। ਉਹ ਆਈਡਲ ਹੈ। ਉਹੀ ਚਾਹੀਦਾ ਹੈ, ਇਹ ਜੋ ਦਿਸਦਾ ਹੈ, ਉਹ ਸਿਆਸਤ ਨਹੀਂ, ਸੱਤਾ ਨੀਤੀ ਹੈ, ਮੇਰੇ ਲਈ ਚਰਚਾ ਦਾ ਵਿਸ਼ਾ ਸਿਆਸਤ, ਰਾਜਨੀਤੀ ਹੈ, ਜੋ ਕਬੀਰ ਦੀ ਰਹੀ ਹੈ, ਭਗਤ ਸਿੰਘ ਦੀ ਵੀ ਅਤੇ ਭਗਤ ਪੂਰਨ ਸਿੰਘ ਦੀ ਵੀ।

*ਮੋਬਾ: 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

# ਨਾਰੀ ਹੋਂਦ ਦੀਆਂ ਨਿਵੇਕਲੀਆਂ ਪੈੜਾਂ ਚਿਤਰਦਾ ਸੁਹਜਮਈ ਕਾਵਿ ਕੈਨਵਸ





ਫੋਕਸ

ਚਰਚਾ ਇਕ ਪੁਸਤਕ ਦੀ

ਅਰਵਿੰਦਰ ਕੌਰ ਕਾਕੜਾ

## ਗਰਲਜ਼ ਹੋਸਟਲ

(ਕਾਵਿ ਪੁਸਤਕ)
**ਮਨਦੀਪ ਔਲਖ**
**ਪੰਨੇ : 126, ਕੀਮਤ : 250 ਰੁਪਏ**
**ਔਟਮ ਆਰਟ ਪਬਲੀਸ਼ਰਜ਼**

ਮਨਦੀਪ ਔਲਖ ਆਪਣੀ ਪਹਿਲੀ ਕਿਤਾਬ 'ਮਨ ਕਸਤੂਰੀ' ਨਾਲ ਕਾਵਿ ਕੈਨਵਸ ਵਿੱਚ ਨਵਾਂ ਸਿਰਨਾਵਾਂ ਲਿਖਦੀ ਹੈ। ਉਸ ਦੀ ਸ਼ਾਇਰੀ ਦੇ ਨਕਸ਼ ਕਾਵਿ ਦਾਇਰੇ ਵਿੱਚ ਵੱਖਰਤਾ ਹਾਸਲ ਕਰਦੇ ਹਨ। ਇਸ ਸ਼ਾਇਰੀ ਨੂੰ ਪੜ੍ਹਦਿਆਂ ਪਾਠਕ ਇਸ ਵਿਚਲੇ ਕਾਵਿ ਸ਼ਬਦਾਂ ਦਾ ਖੁਦ ਅਰਥ ਤਲਾਸ਼ਣ ਲੱਗਦਾ ਹੈ।ਉਹ ਇਸ ਕਵਿਤਾ ਅੰਦਰਲੀ ਕਵਿਤਾ ਦੀ ਰਿਦਮ ਸੁਣਨ ਲਈ ਜਦ ਉਤਾਵਲਾ ਹੁੰਦਾ ਹੈ, ਉਸ ਸਮੇਂ ਕਵਿਤਾ ਦੀ ਸਿਰਜਕ ਬੇਪਰਵਾਹ ਹੋ ਕੇ ਕਵਿਤਾ ਨਾਲ ਗੁਫ਼ਤਗੂ ਕਰਦੀ ਹੈ।ਅਜਿਹੇ ਰਾਹਾਂ ਦੀ ਪੈਰਵੀ ਕਰਦੀ ਮਨਦੀਪ ਦੀ ਪਹਿਲੀ ਕਾਵਿ ਪੁਸਤਕ ਸਫ਼ਲ ਪੁਲਾਂਘ ਸਾਬਤ ਹੁੰਦੀ ਹੈ, ਜੋ ਸ਼ਾਇਰੀ ਦੇ ਪਿੜ ਵਿੱਚ ਆਪਣੀ ਪਹਿਚਾਣ ਬਣਾ ਜਾਂਦੀ ਹੈ।ਜਦੋਂ ਇਸ ਸ਼ਾਇਰੀ ਨੂੰ ਸਮਕਾਲੀ ਸ਼ਾਇਰੀ ਵਿੱਚ ਰੱਖ ਕੇ ਵਾਚਦੇ ਹਾਂ ਤਾਂ ਅੱਜ ਨਾਰੀ ਰਚਿਤ ਕਵਿਤਾ ਦੀਆਂ ਬਹੁਤਾਤ ਵਿੱਚ ਛਪ ਰਹੀਆਂ ਪੁਸਤਕਾਂ ਸਾਹਮਣੇ ਹਨ। ਇਸ ਲਈ ਨਾਰੀ ਕਾਵਿ ਦਾ ਅਧਿਐਨ ਕਰਦਿਆਂ ਸਮੇਂ, ਸਥਿਤੀ ਤੇ ਕਾਰਨ ਨੂੰ ਥਾਹ ਪਾਉਣੀ ਜ਼ਰੂਰੀ ਬਣ ਜਾਂਦੀ ਹੈ।ਨਾਰੀ ਕਾਵਿ ਦਾ ਦਾਇਰਾ ਦਮਨਕਾਰੀ ਸੱਤਾ ਦੀਆਂ ਕਦਰਾਂ-ਕੀਮਤਾਂ, ਮੁੱਲਾਂ, ਜਕੜਾਂ ਦੁਆਲੇ ਘੁੰਮਦਾ ਹੋਇਆ ਇਕਹਿਰਾ ਅਤੇ ਇਕ ਪਾਸੜ ਰਿਹਾ ਹੈ। ਮਰਦ ਪ੍ਰਤੀ ਰੋਹ, ਵਿਦਰੋਹ ਤੇ ਗੁੱਸਾ ਜ਼ਾਹਰ ਕਰਦੀ ਨਾਰੀ ਰਚਿਤ ਕਵਿਤਾ ਕਿਤੇ ਧੀਮੀ ਤੇ ਕਿਤੇ ਉੱਚੀ ਸੁਰ ਵਾਲੀ ਵੇਖਣ ਨੂੰ ਮਿਲੀ ਹੈ। ਨਾਰੀ ਦੀ ਉਤਪੀੜਤ ਸਥਿਤੀ, ਦਾਬਾ, ਵਿਤਕਰਾ ਆਦਿ ਅਨੇਕਾਂ ਵਿਸ਼ਿਆਂ ਬਾਰੇ ਕਵਿਤਾ ਵਿੱਚ ਬਹੁਤਾਤ ਰੂਪ ਵਿੱਚ ਗੱਲ ਹੋਈ ਹੈ।ਨਾਰੀ ਦੀ ਦੇਹ ਤੇ ਸੋਚ 'ਤੇ ਕੰਟਰੋਲ ਕਰਦੇ ਕਾਰਕਾਂ ਦੇ ਨਾਲ-ਨਾਲ ਨਾਰੀ ਜੀਵਨ ਦੇ ਹੋਰ ਬੜੇ ਮਸਲੇ ਹਨ, ਜੋ ਮਰਦ-ਔਰਤ ਦੀ ਸਾਂਝ ਜਾਂ ਵਿਰੋਧ ਨਾਲ ਵੀ ਸੰਬੰਧਤ ਹਨ। ਅੱਜ ਸਮੇਂ ਦੀ ਲੋੜ ਹੈ ਕਿ ਮੱਧਯੁਗੀ/ਪਿਛਾਖੜੀ ਕਦਰ ਪ੍ਰਣਾਲੀ ਤੇ ਮੰਡੀ ਦੀਆਂ ਸਿਰਜੀਆਂ ਮਿੱਥਾਂ ਨੂੰ ਚੁਣੌਤੀ ਦੇ ਕੇ ਨਾਰੀ ਨਾਲ ਜੁੜੇ ਨਵੇਂ ਸਰੋਕਾਰ ਪੈਦਾ ਕੀਤੇ ਜਾਣ। ਨਾਰੀ ਹੋਂਦ ਦੇ ਸੁਆਲ ਨੂੰ ਨਵੇਂ ਜ਼ਾਵੀਏ ਤੋਂ ਵੇਖਿਆ ਜਾਵੇ।

ਮਨਦੀਪ ਇਸ ਵਰਤਾਰੇ ਪ੍ਰਤੀ ਸੁਚੇਤ ਹੈ।ਉਸ ਦਾ ਕਾਵਿ ਸਫ਼ਰ ਜਾਰੀ ਹੈ, ਜਿਸ ਵਿੱਚ ਉਸ ਦਾ ਗਹਿਰ-ਗੰਭੀਰ ਅਧਿਐਨ, ਵਿਸ਼ਵ ਚਿੰਤਨ, ਕਲਾਸੀਕਲ ਸਾਹਿਤ, ਸੰਵਾਦਕ ਹੁੰਗਾਰੇ ਦੇ ਅਨੇਕਾਂ ਪੱਖ ਉਸ ਦੇ ਅਨੁਭਵ ਨੂੰ ਗਹਿਰਾਈ ਪ੍ਰਦਾਨ ਕਰਦੇ ਹਨ।ਇਹ ਗੰਭੀਰ ਦ੍ਰਿਸ਼ਟੀ ਮਨੁੱਖ ਦੇ ਅੰਦਰੂਨੀ ਤੇ ਬਾਹਰੀ ਯਥਾਰਥ ਦੀਆਂ ਕਈ ਪਰਤਾਂ ਖੋਲ੍ਹਦੀ ਹਰ ਘਟਨਾਕ੍ਰਮ ਨੂੰ ਮਾਪਣ ਲਈ ਆਪਣਾ ਪੈਰਾਮੀਟਰ ਘੜਦੀ ਹੈ। ਜਿਸ ਦਾ ਪ੍ਰਮਾਣ ਦਿੰਦੀ ਨਵੀਂ ਕਾਵਿ ਕਿਤਾਬ 'ਗਰਲਜ਼ ਹੋਸਟਲ' ਹਾਜ਼ਰ ਹੈ।

ਇਸ ਕਾਵਿ ਕਿਰਤ ਦੀ ਸਮੁੱਚੀ ਹੋਂਦ ਵਿੱਚ ਚਿੰਤਨ, ਵਿਚਾਰ, ਦ੍ਰਿਸ਼ਟੀ, ਭਾਵਨਾ, ਅੰਤਰਬੋਧ, ਸੰਵੇਦਨਾ ਦਾ ਆਪਸੀ ਸੁਮੇਲ ਉੱਘੜਦਾ ਹੈ।ਇਸ ਕਵਿਤਾ ਦੇ ਬਹੁ-ਪਾਸਾਰ ਆਪਣੀ ਦਿਸ਼ਾ ਨਿਰਧਾਰਤ ਕਰਦੇ ਹੋਏ ਸੰਵਾਦ ਰਚਾਉਂਦੇ ਮਨੋਬਚਨੀ ਤੋਂ ਬਹੁਬਚਨੀ ਵਧਣ ਦਾ ਸੁਪਨਾ ਬੀਜਦੇ ਹਨ।

ਇਸ ਪੁਸਤਕ ਦਾ ਪਹਿਲਾਂ ਪਾਸਾਰ ਨਾਰੀ ਸਰੋਕਾਰਾਂ ਨਾਲ ਅੰਤਰ ਸਬੰਧ ਰੱਖਦਾ ਦੇਖਿਆ ਜਾ ਸਕਦਾ ਹੈ।ਇਸ ਕਾਵਿ ਕਿਰਤ ਵਿੱਚ ਨਾਰੀ ਦੇ ਅਵਚੇਤਨ ਦੀ ਦਖ਼ਲ-ਅੰਦਾਜ਼ੀ ਦੇ ਨਾਲ-ਨਾਲ ਸੁਚੇਤਨਾ ਦਾ ਭਾਰੂ ਪੱਖ ਵੀ ਸ਼ਾਮਲ ਹੈ।ਇਸ ਕਾਵਿ ਵਿੱਚ ਚੌਗਿਰਦੇ ਦਾ ਪ੍ਰਾਵੇਸ਼ ਜਾਰੀ ਰਹਿੰਦਾ ਹੈ । ਇਹ ਵੇਖਣਾ ਜ਼ਰੂਰੀ ਹੈ ਕਿ ਸਮਾਜ ਵਿਚਲੀ ਇੱਕੋ ਜਿਹੀ ਸਥਿਤੀ ਵਿੱਚ ਕਵਿਤਾ ਵਿਚਲੇ ਅਰਥਾਂ ਦੀ ਉਡਾਣ ਵੱਖ-ਵੱਖ ਕਿਉਂ ਜਾਪਦੀ ਹੈ। ਇਸ ਲਈ ਕਾਵਿ ਸਿਰਜਕ ਦੀ ਚੇਤਨਾ ਵਿਚਲੀ ਸਜੀਵਤਾ ਤੇ ਗਤੀਸ਼ੀਲਤਾ ਨੂੰ ਸਮਝਣਾ ਜ਼ਰੂਰੀ ਬਣ ਜਾਂਦਾ ਹੈ।ਮਨਦੀਪ ਦੀ ਪਹਿਲੀ ਕਵਿਤਾ 'ਗਰਲਜ਼ ਹੋਸਟਲ' ਵਿੱਚ ਨਾਰੀ ਦੀ ਆਜ਼ਾਦੀ ਦਾ ਅਰਥ ਨਿਵੇਕਲੇ ਰੂਪ ਵਿੱਚ ਪ੍ਰਭਾਸ਼ਿਤ ਹੁੰਦਾ ਹੈ, ਜੋ ਹੋਸਟਲ ਵਿੱਚ ਰਹਿੰਦੀਆਂ ਕੁੜੀਆਂ ਦੀ ਵਿਵਹਾਰਕਤਾ ਨੂੰ ਪੂਰਨ ਰੂਪ ਵਿੱਚ ਵਾਚਦਾ ਹੈ।ਇਸ ਕਵਿਤਾ ਦੇ ਅੰਦਰਲੇ ਤੇ ਬਾਹਰਲੇ ਸਟਰਕਚਰ ਦੀ ਖ਼ੂਬੀ ਇਹ ਹੈ ਕਿ ਇਸ ਦੇ ਕਾਵਿ ਸ਼ਬਦਾਂ ਦੇ ਅਰਥ ਤੇ ਕਾਵਿ ਧੁਨੀ ਦੋਹਾਂ ਦੀ ਇੱਕਸੁਰਤਾ ਹੀ ਕੁੜੀ ਲਈ ਹੋਸਟਲ ਦੀ ਜ਼ਿੰਦਗੀ ਦੇ ਅਸਲ ਮਾਇਨੇ ਖੋਲ੍ਹਦੀ ਹੈ ।ਗਰਲਜ਼ ਹੋਸਟਲ ਕਿਸੇ ਇਮਾਰਤ ਦਾ ਨਾਂਅ ਨਹੀਂ, ਬਲਕਿ ਹੈ ਇਸ ਵਿੱਚ ਸਮਾਜਿਕ ਸੰਰਚਨਾਵਾਂ ਦੀਆਂ ਬਹੁਪਰਤਾਂ ਨੂੰ ਇੱਕ ਪਾਸੇ ਮਨਫੀ ਕਰ ਸਵੈਇੱਛਿਤ ਯਥਾਰਥ ਨੂੰ ਮਾਣਨ ਦੇ ਆਨੰਦ ਦਾ ਸੁਹਜਮਈ ਪ੍ਰਗਟਾਵਾ ਕੀਤਾ ਗਿਆ ਹੈ।ਕੁੜੀਆਂ ਇਸ ਦਾਇਰੇ ਵਿੱਚ ਆਜ਼ਾਦ ਹੋ ਕੇ ਵਿਚਰਦੀਆਂ ਹਨ।ਇਸ ਕਵਿਤਾ ਵਿੱਚ ਗਰਲਜ਼ ਹੋਸਟਲ ਅਜਿਹਾ ਮੈਟਾਫ਼ਰ ਹੈ, ਜੋ ਸਥੂਲ ਨੂੰ ਸੂਖਮਤਾ ਵਿੱਚ ਬਦਲਦਾ ਨਾਰੀ ਦੇ ਮਨ ਅੰਦਰ ਪਈਆਂ ਕਈ ਅਧੀਨਗੀ ਦੀਆਂ ਗੁੰਝਲਾਂ ਖੋਲ੍ਹਦਾ ਤੇ ਸਮਾਜਿਕ ਪਰਿਪੇਖ ਅੰਦਰਲੀਆਂ ਜਕੜਾਂ ਦਾ ਪਰਦਾਫਾਸ਼ ਵੀ ਕਰਦਾ ਹੈ। ਔਰਤ ਦੀ ਅਸਲ ਆਜ਼ਾਦੀ ਦਾ ਸਵੈਇੱਛਿਤ ਯਥਾਰਥ ਏਥੇ ਸਕਾਰਿਤ ਹੁੰਦਾ ਜਾਪਦਾ ਹੈ।ਮਨਦੀਪ ਦੀ ਕਵਿਤਾ ਵਿਚਲੀ ਨਾਰੀ ਆਪਣੀ ਸੁਤੰਤਰ ਹੋਂਦ ਚਾਹੁੰਦੀ ਹੈ ਜਿਸ ਵਿੱਚ ਉਹ ਪੂਰਨ ਆਜ਼ਾਦੀ ਮਾਣ ਸਕੇ। 'ਗਰਲਜ਼ ਹੋਸਟਲ' ਕਵਿਤਾ ਅਜਿਹੇ ਪੱਖਾਂ ਦੀ ਨਿਸ਼ਾਨਦੇਹੀ ਕਰਦੀ ਇਸ ਕਾਵਿ ਪੁਸਤਕ ਦਾ ਢੁੱਕਵਾਂ ਟਾਈਟਲ ਬਣਦੀ ਹੈ।ਇਸ ਕਵਿਤਾ ਵਿੱਚ ਕੁੜੀ ਦੇ ਅੰਦਰ ਦੱਬੀ ਸੁਤੰਤਰ ਜੀਊਣ ਦੀ ਖਾਹਿਸ਼ ਨੂੰ ਪੂਰਾ ਹੋਣ ਨੂੰ ਵੇਖਣ ਦੀ ਚਾਹਤ ਜਾਪਦੀ ਹੈ। ਜਿੱਥੇ ਕੁੜੀਆਂ ਪਾਬੰਦੀਆਂ ਤੋਂ ਮੁਕਤ ਹੋ ਕੇ ਅਸ਼ਲੀਲ ਸ਼ਬਦਾਂ ਨੂੰ ਨਕਾਰਦੀਆਂ ਮਨ ਮਸਤੀ ਨਾਲ ਵਿਚਰਦੀਆਂ ਹਨ, ਜੋ ਇੱਕ ਦਾਇਰੇ ਦੀ ਇੱਕ ਪਰਤ ਦਾ ਪ੍ਰਗਟਾਵਾ ਹੈ।ਮਨਦੀਪ ਸਮਾਜ ਦੀ ਉਸ ਠੋਸ ਹਕੀਕਤ ਨੂੰ ਪੇਸ਼ ਕਰਦੀ ਹੈ ਕਿ ਔਰਤ ਨਾਲ ਜੁੜੇ ਮਸਲਿਆਂ ਦੀ ਬੁਨਿਆਦ ਕਿਤੇ ਹੋਰ ਹੈ। ਮਨਦੀਪ ਇਸ ਪ੍ਰਤੀ ਚੇਤੰਨ ਹੈ ਇਸ ਲਈ ਹੋਸਟਲ ਗਰਲਜ਼ ਤੋਂ ਤ੍ਰੀਮਤਾਂ ਤੱਕ ਦੇ ਸਫ਼ਰ ਦੀ ਅਸਲ ਝਾਤ ਪਵਾਉਂਦੀ ਗੰਭੀਰ ਚਿੰਤਨ ਦਾ ਸੰਵਾਦ ਪੈਦਾ ਕਰਦੀ ਹੈ।ਜਿਵੇਂ

ਗਰਲਜ਼ ਹੋਸਟਲ ਵਿਚ ਆਈਆਂ ਨਵੀਆਂ ਕੁੜੀਆਂ
ਕੁਝ ਦਿਨ ਉਦਾਸ ਰਹਿੰਦੀਆਂ
ਹੌਲੀ-ਹੌਲੀ ਫ਼ਿਜ਼ਾ ਵਿੱਚ ਘੁਲਦੀਆਂ
ਕਰਦੀਆਂ ਬੇਸਵਾਦੇ ਖਾਣੇ ਦੀ ਸ਼ਿਕਾਇਤ
ਜਿਹੜੀ ਸ਼ਿਕਾਇਤ
ਉਨ੍ਹਾਂ ਆਪ ਸਹਿਣੀ ਹੁੰਦੀ ਸਾਰੀ ਉਮਰ
ਕੁਝ ਸਾਲ ਹੋਸਟਲ ਵਿੱਚ ਗੁਜ਼ਾਰਦੀਆਂ
ਤੇ ਘਰਾਂ ਨੂੰ ਪਰਤ
ਉਦਾਸ ਤ੍ਰੀਮਤਾਂ ਵਿਚ ਵਟ ਜਾਂਦੀਆਂ

ਇਸ ਕਵਿਤਾ ਦੀ ਨਾਰੀ ਕੇਂਦ੍ਰਿਤ ਧੁਨੀ ਸੁਚੇਤ ਨਾਰੀ ਦੇ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਅਜਿਹਾ ਪ੍ਰਵਚਨ ਉਸਾਰਦੀ ਹੈ, ਜਿਸ ਵਿੱਚ ਨਾਰੀ ਦੇ ਸੁਤੰਤਰ ਕਿਰਦਾਰ ਦੀ ਘਾੜਤ ਇਸ ਕਵਿਤਾ ਦੀ ਪਛਾਣ ਬਣਦੀ ਹੈ।ਪੰਜਾਬੀ ਵਿਚ ਬਹੁਤਾ ਨਾਰੀ ਰਚਿਤ ਕਾਵਿ ਸਵੈ ਕੇਂਦਰਿਤ, ਰੁਦਨ ਅਤੇ ਸਤਹੀ ਸਰੋਕਾਰਾਂ ਤੇ ਰਵਾਇਤੀ ਵਿਸ਼ਿਆਂ ਦਾ ਪ੍ਰਗਟਾਵਾ ਹੈ।ਜ਼ਿਆਦਾਤਰ ਨਾਰੀ ਕਵੀਆਂ ਦੇ ਅਨੁਭਵ ਦਾ ਦਾਇਰਾ ਇੱਕ ਹੱਦ ਤੱਕ ਸਿਮਟਿਆ ਨਜ਼ਰ ਆਉਂਦਾ ਹੈ।ਨਾਰੀ ਰਚਿਤ ਕਵਿਤਾ ਦਾ ਬਹੁਤਾ ਹਿੱਸਾ ਰੁਟੀਨਵਾਦ ਦਾ ਸ਼ਿਕਾਰ ਲੱਗਦਾ ਹੈ। ਇਹ ਸੱਚ ਹੈ ਕਿ ਸਥਾਪਤੀ ਆਪਣੀਆਂ ਸੰਸਥਾਵਾਂ ਰਾਹੀਂ ਔਰਤ ਨੂੰ ਕਿਵੇਂ ਗੁਲਾਮ ਬਣਾਉਂਦੀ ਹੈ ਇਸ ਬਾਰੇ ਇਹ ਕਵਿਤਾ ਵਿਚਲੀ ਪਾਤਰ ਜਾਗਰੂਕ ਹੈ। ਮਰਦਾਵੀਂ ਸੰਸਥਾਵਾਂ ਜਿਸ ਵਿੱਚ ਪਰਵਾਰ, ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਤੇ ਸਮੁੱਚਾ ਰਾਜਸੀ ਢਾਂਚਾ ਔਰਤ ਨੂੰ ਨਿਯੰਤਰਣ ਕਰਦਾ ਹੈ। ਇਸ ਮਰਦ ਪ੍ਰਧਾਨ ਸਮਾਜ ਦੀ ਸੋਚ ਔਰਤ ਦੇ ਇਰਦ ਗਿਰਦ ਅਜਿਹਾ ਚੱਕਰਵਿਊ ਵਾਹੁੰਦੀ ਹੋਈ ਔਰਤਾਂ ਦੇ ਖਾਣ-ਪੀਣ, ਰਹਿਣ-ਸਹਿਣ, ਪਹਿਨਣ, ਵਿਚਰਨ, ਸੋਚਣ 'ਤੇ ਕੰਟਰੋਲ ਕਰਦੀ ਹੈ। ਅਜਿਹੀਆਂ ਸਥਾਪਤ ਸੰਸਥਾਵਾਂ ਦੁਆਰਾ ਪੈਦਾ ਕੀਤੀ ਸੋਚ ਔਰਤ ਦੀ ਅਵਚੇਤਨਾ ਦਾ ਹਿੱਸਾ ਬਣ ਜਾਂਦੀ ਹੈ। ਮਨਦੀਪ ਦੀ ਕਵਿਤਾ ਅਜਿਹੀਆਂ ਨਾਰੀ ਵਿਰੋਧੀ ਸੰਰਚਨਾਵਾਂ ਦੇ ਸਮਾਨਅੰਤਰ ਔਰਤ ਦੀ ਆਜ਼ਾਦ ਸੋਚ ਦਾ ਅਜਿਹਾ ਮਾਡਲ ਸਿਰਜਦੀ ਹੈ, ਜਿਸ ਰਾਹੀਂ ਨਾਰੀ ਚੇਤਨਾ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਦੀ ਹੈ।ਉਹ ਥੋਪੀਆਂ ਬੰਧਨਾਂ ਤੋਂ ਮੁਕਤ ਹੋ ਨਵੇਂ ਸਫ਼ਰ 'ਤੇ ਜਾਣ ਲਈ ਤਿਆਰ ਹੈ। ਇਹ ਪੈਂਡਾ ਨਾਰੀ ਦੀ ਸੁਤੰਤਰ ਸੋਚ ਦਾ ਰਾਹ ਅਖਤਿਆਰ ਕਰ ਸਕਦਾ ਹੈ । ਨਾਰੀ ਰਚਿਤ ਪੰਜਾਬੀ ਕਾਵਿ ਵਿੱਚ ਅਜਿਹੇ ਅੰਸ਼ ਟਾਂਵੇਂ-ਟਾਂਵੇਂ ਮਿਲਦੇ ਹਨ। ਏਥੇ ਮਨਦੀਪ ਦੀ ਕਵਿਤਾ ਦੀ ਵਿਲੱਖਣਤਾ ਇਹ ਹੈ ਕਿ ਉਹ ਬੇਬਾਕੀ ਤੇ ਬੇਝਿਜਕ ਹੋ ਕੇ ਆਪਣਾ ਫੈਸਲਾ ਕਰਦੀ ਹੈ।ਉਹ ਆਪਣੇ ਰਾਹ ਲਈ ਸਪੱਸ਼ਟ ਹੈ ਕਿਧਰੇ ਵੀ ਅਧੀਨਗੀ ਨਾਲ ਸਮਝੌਤਾ ਨਹੀਂ ਕਰਦੀ।

ਮੈਨੂੰ ਇਕੱਲਿਆਂ ਸਫ਼ਰ 'ਤੇ ਜਾਣ ਦਿਓ
ਮੇਰੇ ਕੋਲੋਂ ਨਹੀਂ ਚੁੱਕਿਆ ਜਾਣਾ ਫਾਲਤੂ ਸਮਾਨ ਖਾਨਦਾਨੀ ਇੱਜ਼ਤ, ਜਾਤ, ਧਰਮ ਤੇ ਗੋਤਰ
ਹਾਂ ਸੱਚ

ਯਾਦ ਆਉਂਦਾ 'ਈਜ਼ਲ' ਕਵਿਤਾ ਵਿੱਚ ਸਮਾਜ ਦੁਆਰਾ ਔਰਤ ਹੋਣ ਦਾ ਅਰਥ ਸਮਝ ਆਉਂਦਾ ਹੈ ਕਿ ਵਿਆਹ ਵਰਗੀ ਸੰਸਥਾ ਔਰਤ ਤੋਂ ਕੀ-ਕੀ ਤਿਆਗ ਮੰਗਦੀ ਹੈ।ਨਾਰੀ ਦੇ ਆਪਣੇ ਸ਼ੌਂਕ ਜੈਂਡਰ ਦੀ ਹੱਦਬੰਦੀ ਤੋਂ ਪਾਰ ਜਾਣ ਲਈ ਮਨਮਰਜ਼ੀ ਲਈ ਧੜਕਦੇ ਹਨ ।ਇਸ ਕਵਿਤਾ ਵਿਚਲੀ ਨਾਰੀ ਆਪਣੀ ਹੋਂਦ ਹਸਤੀ ਦੀ ਸੰਭਾਵਨਾ ਨੂੰ ਵਸਤਾਂ ਨਾਲ ਮਾਪਣ ਤੋਂ ਇਨਕਾਰੀ ਬਣਦੀ ਹੈ। 'ਦੇਖਣ ਆਉਂਦੇ ਲੋਕ' ਕਵਿਤਾ ਵਿੱਚ ਵਿਆਹ ਦੇ ਰਿਸ਼ਤੇ ਲਈ ਕੁੜੀ ਘਰ ਆ ਕੇ ਆਪਣੇ ਮਾਪਦੰਡ ਬਣਾਉਂਦੇ ਹੋਏ ਮੁੰਡੇ ਵਾਲੇ ਅਸਲ ਨਾਰੀ ਹੋਣ ਦੇ ਅਰਥ ਅਣਗੌਲੇ ਕਰ ਦਿੰਦੇ।ਮਨਦੀਪ ਦੀ ਕਵਿਤਾ ਵਿੱਚ ਟੁੱਟੇ ਰਿਸ਼ਤੇ ਅੰਦਰ ਵਿਲਕਦੀਆਂ ਭਾਵਨਾਵਾਂ ਦਾ ਸੇਕ ਨਹੀਂ, ਬਲਕਿ ਆਜ਼ਾਦ ਰਾਹਾਂ ਦੀ ਉਮੀਦ 'ਆਜ਼ਾਦੀ ਮੁਬਾਰਕ ਸਖੀ' ਕਵਿਤਾ ਏਸੇ ਪ੍ਰਸੰਗ ਵਿੱਚ ਵੇਖੀ ਜਾ ਸਕਦੀ ਹੈ।ਨਾਰੀ ਦੇਹ ਦੀ ਲੋਕੇਸ਼ਨ ਦੇ ਪਰਿਪੇਖ ਰੋਜ਼ਮਰ੍ਹਾ ਜ਼ਿੰਦਗੀ ਵਿੱਚ ਆਪਣਾ ਬੁੱਧ ਸਾਕਾਰਿਤ ਕਰ 'ਆਪੋ ਆਪਣਾ ਬੁੱਧ' ਕਵਿਤਾ ਬਾਖ਼ੂਬੀ ਨਾਲ ਸੁਤੰਤਰ ਹੋਂਦ ਦਾ ਚਿੱਤਰ ਵਾਹੁੰਣਾ ਹੈ ਬੁੱਧ ਇੱਕੋ-ਇੱਕ ਨਹੀਂ

ਹਰ ਕਿਸੇ ਦਾ ਆਪਣਾ ਬੁੱਧ ਹੈ
ਹਰ ਕਿਸੇ ਦੇ ਅੰਦਰ ਬੁੱਧ ਹੈ

'ਕਿਤੇ ਦੂਰ' ਕਵਿਤਾ ਵਿਚ ਆਪਣੀ ਪਛਾਣ ਦੇ ਖੰਡਿਤ ਅੰਸ਼ਾਂ ਨੂੰ ਬੰਨ੍ਹਦੀ ਤੇ ਜਬਰੀ ਮਿਲੀਆਂ ਪਛਾਣਾਂ ਤੋਂ ਦੂਰ ਆਪਣੇ ਵਜੂਦ ਦੀ ਘਾੜਤ ਘੜਦੀ ਸੁਤੰਤਰ ਨਾਰੀ ਹਰ ਰੰਗ ਦੇ ਮੌਸਮ ਦਾ ਅਹਿਸਾਸ ਮਾਣਦੀ ਹੈ।ਮੇਹਰੂ ਦੀ ਧੀ ਦੇ ਤਿੜਕੇ ਸੁਪਨਿਆਂ ਵਿਚਲੇ ਦੁਖਾਂਤ ਦਾ ਕਾਵਿ ਬਿਰਤਾਂਤ ਸਿਰਜਦੀ ਮਨਦੀਪ 'ਪੀਲੇ ਫੁੱਲਾਂ ਦਾ ਸੁਪਨਾ' ਕਵਿਤਾ ਰਾਹੀਂ ਸਮਾਜ ਦੇ ਅਸਾਵੇਂਪਣ ਦੀਆਂ ਪਰਤਾਂ ਉਲੀਕ ਜਾਂਦੀ ਹੈ। ਉਹ ਜ਼ਿੰਦਗੀ ਦੀ ਉਪਰਾਮਤਾ ਦੀ ਧੁੰਦ ਨੂੰ ਚੇਤਨਾ ਦੇ ਸੂਰਜ ਨਾਲ ਖ਼ਤਮ ਕਰਦੀ ਬਿਖੜੇ ਰਾਹਾਂ ਵਿੱਚੋਂ ਵੀ ਲਾਲੀ ਢੂੰਡ ਲੈਂਦੀ ਹੈ। ਕਵਿਤਾ ਵਿਚਲੀ ਕਾਵਿ ਪਾਤਰ ਰੂੜੀਵਾਦੀ ਕਦਰਾਂ-ਕੀਮਤਾਂ ਦੇ ਪ੍ਰਚੱਲਤ ਮਾਪਦੰਡਾਂ 'ਤੇ ਉਂਗਲ ਰੱਖਦੀ ਹੋਈ 'ਵਰਤ' ਕਵਿਤਾ ਵਿੱਚ ਅਜਿਹਾ ਸੁਆਲ ਉਭਾਰਦੀ ਹੈ।ਮੰਡੀ ਤੇ ਮੀਡੀਆ ਰਾਹੀਂ ਪੇਸ਼ ਨਾਰੀ ਦੀ ਆਜ਼ਾਦੀ, ਬਰਾਬਰੀ ਤੇ ਖੁਦ ਤਿਆਰੀ ਤੇ ਨਿੱਜਤਾ ਸਬੰਧੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਾਹਿਤ ਸੰਸਾਰ ਨਾਲ ਨਿਰੰਤਰ ਜੁੜੇ ਰਹਿਣ ਲਈ ਪ੍ਰੇਰਦੀ ਪੁਸਤਕ

## ਹੱਡੀਂ ਹੰਢਾਏ ਸੱਚ

(ਚਿੰਤਨ)
**ਬਲਬੀਰ ਪਰਵਾਨਾ**
**ਪੰਨੇ-128, ਮੁੱਲ-200 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਨਿਰੰਜਣ ਬੋਹਾ

ਜੇ ਕਿਸੇ ਲੇਖਕ ਦੇ ਅਨੁਭਵ 'ਹੱਡੀਂ ਹੰਢਾਏ ਸੱਚ' 'ਤੇ ਅਧਾਰਤ ਹੋਣ ਤਾਂ ਉਨ੍ਹਾਂ ਤੋਂ ਪੈਦਾ ਹੋਣ ਵਾਲੀ ਅਨੁਭੂਤੀ ਉਸ ਨੂੰ ਵਿਸ਼ੇਸ਼ ਮਾਨਸਕ ਰਾਹਤ ਵੀ ਦਿੰਦੀ ਹੈ ਤੇ ਉਸ ਦੀ ਰਚਨਾਤਮਕਤਾ ਨੂੰ ਵੀ ਹੋਰ ਵਿਵੇਕਸ਼ੀਲ ਬਣਾਉਂਦੀ ਹੈ। ਇਸ ਸੰਦਰਭ ਵਿੱਚ ਉੱਘੇ ਗਲਪਕਾਰ, ਕਵੀ ਤੇ ਸਾਹਿਤ ਚਿੰਤਕ ਬਲਬੀਰ ਪਰਵਾਨਾ ਦੀ ਹਥਲੀ ਪੁਸਤਕ 'ਹੱਡੀ ਹੰਢਾਏ ਸੱਚ' ਉਸ ਵੱਲੋਂ ਆਪਣੇ ਤਨ ਤੇ ਮਨ 'ਤੇ ਹੰਢਾਏ ਅਜਿਹੇ ਸਮਾਜਿਕ ਵਰਤਾਰਿਆਂ ਦੀ ਸ਼ਨਾਖ਼ਤ ਕਰਦੀ ਹੈ, ਜਿਨ੍ਹਾਂ ਤੋਂ ਪ੍ਰਾਪਤ ਹੋਏ ਅਨੁਭਵ ਉਸ ਦੀ ਪਛਾਣ ਇੱਕ ਚੇਤੰਨ ਤੇ ਚਿੰਤਨਸ਼ੀਲ ਲੇਖਕ ਵਜੋਂ ਬਣਾਉਣ ਵਿੱਚ ਸਹਾਈ ਬਣੇ ਹਨ। ਚਾਹੇ ਅਜਿਹੇ ਵਰਤਾਰੇ ਹਰੇਕ ਮਨੁੱਖ ਦੇ ਜੀਵਨ ਵਿੱਚ ਵਾਪਰਦੇ ਹਨ, ਪਰ ਇਨ੍ਹਾਂ ਵਰਤਾਰਿਆਂ ਦੀ ਸਧਾਰਨਤਾ ਵਿੱਚ ਛੁਪੀ ਅਸਧਾਰਨਤਾ ਦੀ ਪਰਖ ਤੇ ਪਛਾਣ ਪਰਵਾਨਾ ਵਰਗਾ ਕੋਈ ਸੰਵੇਦਨਸ਼ੀਲ ਤੇ ਅਨੁਭਵੀ ਲੇਖਕ ਹੀ ਕਰ ਸਕਦਾ ਹੈ। ਇਸ ਪੁਸਤਕ ਰਾਹੀਂ ਉਸ ਨੇ ਆਪਣੇ ਹੱਡੀਂ ਹੰਢਾਏ ਸੱਚ ਨੂੰ ਦਸਤਾਵੇਜ਼ੀ ਰੂਪ ਵਿੱਚ ਵੀ ਸੰਭਾਲਿਆ ਹੈ ਅਤੇ ਇਸ ਅਨੁਸਾਰ ਆਪਣੇ ਸਾਹਿਤਕ ਤੇ ਸਮਾਜਿਕ ਜੀਵਨ ਦੀ ਨਵੀਂ ਵਿਉਂਤਬੰਦੀ ਵੀ ਕੀਤੀ ਹੈ।

ਪੁਸਤਕ ਦੇ ਪਹਿਲੇ ਭਾਗ 'ਸਾਹਿਤ ਅਨੁਭਵ' ਵਿਚ ਲੇਖਕ ਨੇ ਪਾਠਕੀ ਮਾਨਸਿਕਤਾ 'ਤੇ ਸਾਹਿਤ ਪਾਠ ਦੇ ਪੈਣ ਵਾਲੇ ਡੂੰਘੇ ਪ੍ਰਭਾਵ ਨੂੰ ਢੁੱਕਵੀਆਂ ਉਦਾਹਰਣਾਂ ਰਾਹੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲਕਾਰ ਜਸਵੰਤ ਸਿੰਘ ਕੰਵਲ ਨਾਲ ਬਹੁਤ ਸਾਰੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਉਹ ਉਸ ਦੇ ਨਾਵਲ 'ਰਾਤ ਬਾਕੀ ਹੈ' ਦੇ ਨਾਇਕ ਚਰਨ ਨੂੰ ਆਪਣੇ ਜੀਵਨ ਦੇ ਆਦਰਸ਼ਕ ਨਾਇਕ ਵਜੋਂ ਸਵੀਕਾਰਦਾ ਹੈ ਤੇ ਆਪਣੀ ਸੋਚ 'ਤੇ ਜੀਵਨ ਦੀ ਨਵੀਂ ਵਿਉਂਤਬੰਦੀ ਕਰਨ ਲਈ ਇਸ ਨਾਇਕ ਤੋਂ ਪ੍ਰੇਰਨਾ ਵੀ ਲੈਂਦਾ ਹੈ। ਲੇਖਕ ਅਨੁਸਾਰ ਰਾਮ ਲੀਲ੍ਹਾ, ਕਿੱਸਾ ਸਾਹਿਤ ਤੇ ਢਾਡੀ ਪਰੰਪਰਾ ਦੇ ਨਾਇਕਾਂ ਨੇ ਵੀ ਪੰਜਾਬੀ ਲੋਕ ਮਾਨਸਿਕਤਾ ਘੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪੁਸਤਕ ਦੇ ਪਹਿਲੇ ਲੇਖ 'ਰਚਨਾ ਦੀਆਂ ਜੜ੍ਹਾਂ' ਅਨੁਸਾਰ ਕਿਸੇ ਲੇਖਕ ਲਈ ਰਚਨਾ ਲਿਖਣ ਦਾ ਫੌਰੀ ਸਬੱਬ ਕੋਈ ਵੀ ਹੋਵੇ, ਪਰ ਉਸ ਦੇ ਪਿਛੋਕੜ ਵਿੱਚ ਜ਼ਿੰਦਗੀ ਦੀ ਘਾਲਣਾ ਤੇ ਕਮਾਏ ਅਨੁਭਵ ਹੀ ਕਾਰਜ਼ਸ਼ੀਲ ਹੁੰਦੇ ਹਨ । ਲੇਖ 'ਸਿਰਜਣਾ ਦਾ ਸਮਕਾਲ' ਆਖਦਾ ਹੈ ਕਿ ਜੇ ਲੇਖਕ ਆਪਣੀ ਰਚਨਾ ਦੇ ਸਮਕਾਲ ਵਿਚ ਗਹਿਰਾ ਨਹੀਂ ਉਤਰਦਾ ਤਾਂ ਉਸ ਦੀ ਰਚਨਾ ਵੀ ਸਤਹੀ ਪੱਧਰ ਦੀ ਪਛਾਣ ਹੀ ਬਣਾ ਸਕਦੀ ਹੈ।ਇਸ ਲੇਖ ਅਨੁਸਾਰ ਪਲ-ਪਲ ਬਦਲ ਰਹੀ ਜ਼ਿੰਦਗੀ ਦੀ ਬਦਲਾਵ ਦੀ ਪ੍ਰਕਿਰਿਆ ਨੂੰ ਨੇੜਿਓਂ ਸਮਝ ਕੇ ਲਿਖੀ ਰਚਨਾ ਹੀ ਪਾਠਕੀ ਮਾਨਸਿਕਤਾ 'ਤੇ ਦੀਰਘਕਾਲੀ ਤੇ ਬੱਝਵਾਂ ਪ੍ਰਭਾਵ ਪਾ ਸਕਦੀ ਹੈ ।



ਲੇਖਕ ਕਿਸੇ ਲਿਖਤ ਨੂੰ ਆਪਣੇ ਸਮੇਂ ਦੀ ਕੁਦਰਤ ਦਾ ਅਨੁਵਾਦ ਮੰਨਦਾ ਹੈ ਤੇ ਉਸ ਦਾ ਇਹ ਵੀ ਮੱਤ ਹੈ ਕਿ ਕੁਦਰਤ ਨਾਲ ਇਕਮਿਕਤਾ ਹੀ ਕਿਸੇ ਲੇਖਕ ਦੀ ਵਿਚਾਰਧਾਰਕ ਇਕਾਗਰਤਾ ਤੇ ਸ਼ੁਧਤਾ ਵਿੱਚ ਵੀ ਵਾਧਾ ਕਰਦੀ ਹੈ।

ਪੁਸਤਕ ਦੇ ਦੂਜੇ ਭਾਗ ਰਾਹੀਂ ਲੇਖਕ ਨੇ 1995 ਤੋਂ ਲੈ ਕੇ 2000 ਦੌਰਾਨ ਆਪਣੇ ਜੀਵਨ ਵਿਚ ਵਾਪਰੀਆਂ ਉਨ੍ਹਾਂ ਘਟਨਾਵਾਂ, ਯਾਦਾਂ ਤੇ ਅਨੁਭਵਾਂ ਨੂੰ ਸੰਗ੍ਰਹਿਤ ਕੀਤਾ ਹੈ, ਜਿਹੜੇ ਸਿੱਧੇ ਜਾ ਅਸਿੱਧੇ ਰੂਪ ਵਿਚ ਉਸ ਦੀ ਜੀਵਨ ਦੀ ਦਿਸ਼ਾ ਨੂੰ ਬਦਲਣ ਦਾ ਕਾਰਨ ਬਣੇ ਹਨ। ਆਪਣੇ ਪਿੰਡ ਦਾ ਹਰਿਆ-ਭਰਿਆ ਕੁਦਰਤੀ ਵਾਤਾਵਰਣ ਅਜੇ ਵੀ ਉਸ ਦੇ ਅਵਚੇਤਨ ਵਿਚ ਪਿਆ ਹੈ, ਜੋ ਅਜੋਕੇ ਆਪਾ-ਧਾਪੀ ਦੇ ਯੁੱਗ ਵਿਚ ਵੀ ਉਸ ਨੂੰ ਕੁਦਰਤੀ ਤੇ ਸਹਿਜ ਭਾਵੀ ਜ਼ਿੰਦਗੀ ਜਿਉਣ ਲਈ ਪ੍ਰੇਰਦਾ ਹੈ। ਆਪਣੇ ਰੁਜ਼ਗਾਰ ਲਈ ਕੀਤੇ ਰੋਜ਼ਾਨਾ ਚਾਰ ਘੰਟੇ ਦੇ ਬੱਸ ਸਫ਼ਰ ਦੌਰਾਨ ਉਹ ਆਪਣੇ ਸਹਿ-ਯਾਤਰੀਆਂ ਤੋਂ ਮਿਲਣ ਵਾਲੀਆਂ ਨਵੀਂਆਂ ਜਾਣਕਾਰੀਆਂ ਦਾ ਲਾਹਾ ਵੀ ਲੈਂਦਾ ਹੈ ਤੇ ਕੁਦਰਤ ਦੇ ਵੱਖ-ਵੱਖ ਰੰਗਾਂ ਨੂੰ ਵੀ ਮਾਣਦਾ ਹੈ। ਇਸ ਭਾਗ ਵਿਚ 'ਅਨੁਭਵ ਬਿੰਦੂ' ਨਾਂਅ ਹੇਠ ਦਰਜ ਕੀਤੀਆਂ ਨਿੱਕ-ਅਕਾਰੀ ਵਾਰਤਕ ਲਿਖਤਾਂ ਉਸ ਦੀ ਲੋਕ ਪ੍ਰਤੀਬੱਧਤਾ ਨੂੰ ਉਚੇਚੇ ਰੂਪ ਵਿਚ ਉਭਾਰਦੀਆਂ ਹਨ। ਆਪਣੀ ਲੋਕ ਪ੍ਰਤੀਬੱਧ ਵਿਚਾਰਧਾਰਾ ਸਦਕਾ ਹੀ ਉਹ ਇੱਕ ਮਜ਼ਦੂਰ ਬੱਚੇ ਵੱਲੋਂ ਪਾਰਟੀ ਫੰਡ ਲਈ ਦਿੱਤੇ ਪੰਜਾਹ ਪੈਸੇ ਦੀ ਅਹਿਮੀਅਤ ਵੀ ਪਛਾਣਦਾ ਹੈ ।

ਪੁਸਤਕ ਵਿਚ ਸ਼ਾਮਿਲ ਬਹੁਤ ਸਾਰੇ ਨਿੱਕ-ਅਕਾਰੀ ਪ੍ਰੇਰਕ ਪ੍ਰਸੰਗ ਸਾਹਿਤਕ ਤੇ ਸਿਆਸੀ ਪੱਧਰ 'ਤੇ ਗੰਭੀਰ ਸੰਵਾਦ ਛੇੜਣ ਵਾਲੇ ਹਨ। ਉਸ ਦੀ ਲਿਖਤ 'ਰੋਟੀ ਬਨਾਮ ਉੱਤਰ ਆਧੁਨਿਕਤਾ' ਪੜ੍ਹਣ-ਲਿਖਣ ਦੀ ਉਮਰੇ ਬੱਚਿਆਂ ਨੂੰ ਬੱਸਾਂ, ਗੱਡੀਆਂ ਵਿਚ ਭੀਖ ਮੰਗਦੇ ਵੇਖ ਕੇ ਉੱਤਰ ਆਧੁਨਿਕਤਵਾਦੀ ਤੋਂ ਤਿੱਖੇ ਸੁਰ ਵਿੱਚ ਇਹ ਸਵਾਲ ਪੁੱਛਦੀ ਹੈ ਕਿ ਕੀ ਉਨ੍ਹਾਂ ਕੋਲ ਇਸ ਅਮਾਨਵੀ ਵਿਵਸਥਾ ਨੂੰ ਬਦਲਣ ਦਾ ਕੋਈ ਸੰਕਲਪ ਹੈ? ਲਿਖਤ 'ਸੁੱਖ-ਸਹੂਲਤਾਂ' ਇਹ ਵਿਚਾਰਧਾਰਕ ਚਰਚਾ ਛੇੜਦੀ ਹੈ ਕਿ ਸਮੇਂ ਤੇ ਸਮਾਜਿਕ ਪ੍ਰਸੰਗਕਤਾ ਤੋਂ ਟੁੱਟ ਕੇ ਮਾਣੀਆਂ ਸੁੱਖ-ਸਹੂਲਤਾਂ ਦੇ ਆਪਣੇ ਆਪ ਵਿਚ ਕੋਈ ਅਰਥ ਨਹੀਂ ਹੁੰਦੇ? ਲੇਖ 'ਮੈਂ ਤੇ ਮੇਰੀ ਕਵਿਤਾ' ਰਾਹੀਂ ਉਹ ਸਮੇਂ ਦੀ ਪ੍ਰਸੰਗਿਕਤਾ ਨੂੰ ਨਜ਼ਰਅੰਦਾਜ਼ ਕਰਨ ਵਾਲੇ ਕਵੀਆਂ ਨਾਲ ਦੋ ਟੁੱਕ ਗੱਲ ਕਰਦਾ ਹੈ ਕਿ ਉਨ੍ਹਾਂ ਦੀ ਜਿਹੜੀ ਰਚਨਾ ਅੱਜ ਪ੍ਰਸੰਗਿਕ ਨਹੀਂ ਹੈ, ਉਹ ਕਦੇ ਵੀ ਪ੍ਰਸੰਗਿਕ ਨਹੀ ਹੋ ਸਕੇਗੀ।

ਪੁਸਤਕ ਦੇ ਅੰਤਲੇ ਤਿੰਨ ਲੇਖ ਯੁੱਗ ਕਵੀ ਅਵਤਾਰ ਸਿੰਘ ਪਾਸ਼, ਨਕਸਲੀ ਯੋਧੇ ਅਮਰ ਸਿੰਘ ਅਚਰਵਾਲ ਤੇ ਕਾਮਰੇਡ ਗਿਆਨ ਸਿੰਘ ਸੰਘਾ ਦੀਆਂ ਸ਼ਹਾਦਤਾਂ ਨੂੰ ਲੋਕ ਵਿਰਸੇ ਵਜੋਂ ਸੰਭਾਲਦੇ ਹਨ। ਇਨ੍ਹਾਂ ਲੇਖਾਂ ਵਿਚਲੀ ਚਿੰਤਨੀ ਸੁਰ ਦੱਸਦੀ ਹੈ ਕਿ ਉਨ੍ਹਾਂ ਦੇ ਵਿਰੋਧੀਆਂ ਨੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਮਾਰ ਕੇ ਉਨ੍ਹਾਂ ਦੀ ਵਿਚਾਰਧਾਰਕ ਉਮਰ ਸੈਂਕੜੇ ਸਾਲ ਵਧਾ ਦਿੱਤੀ ਹੈ। ਪੁਸਤਕ ਵਿੱਚ ਸ਼ਾਮਲ ਕੁਝ ਅਨੁਭਵ ਬਿੰਦੂ ਰਚਨਾਵਾਂ ਵਿੱਚ ਗਲਪੀ ਰਚਨਾਵਾਂ ਵਰਗਾ ਕਹਾਣੀ ਰਸ ਹੈ। ਉਸ ਦੀਆਂ ਉਹ ਰਚਨਾਵਾਂ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਦੀਆਂ ਹਨ, ਜੋ ਉਸ ਦੇ ਆਪਣੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਨਾਲ ਸੰਬੰਧਤ ਹਨ। ਇਹ ਪੁਸਤਕ ਸਾਹਿਤ ਸੰਸਾਰ ਨਾਲ ਨਿਰੰਤਰ ਜੁੜੇ ਰਹਿਣ ਲਈ ਸਿਰਜਨਾਤਮਕ ਊਰਜਾ ਪ੍ਰਦਾਨ ਕਰਦੀ ਹੈ, ਇਸ ਲਈ ਪੰਜਾਬੀ ਭਾਸ਼ਾ ਦੇ ਲੇਖਕ ਵਰਗ ਨੂੰ ਇਸ ਦਾ ਪਾਠ ਜ਼ਰੂਰ ਕਰਨਾ ਚਾਹੀਦਾ ਹੈ।

*ਸੰਪਰਕ 89682-82700*

## ਸੱਜਰਾ ਸਾਹਿਤ

### ਰਾਗ ਧਿਆਨ ਪਰੰਪਰਾ

(ਇੱਕ ਵਿਸ਼ਲੇਸ਼ਣਾਤਮਕ ਅਧਿਐਨ)
**ਡਾ. ਮਨੋਨੀਤ ਖੇੜਾ**
**ਪੰਨੇ : 99, ਕੀਮਤ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਕਲਾ ਦਾ ਪਸਾਰ ਕੁਦਰਤ ਦੇ ਕਣ-ਕਣ ਵਿੱਚ ਹੈ। ਕਲਾ ਭਾਵੇਂ ਚਿੱਤਰ, ਕਾਵਿ, ਸੰਗੀਤ, ਸਾਹਿਤ ਜਾਂ ਨ੍ਰਿਤ ਕਿਸੇ ਵੀ ਰੂਪ ਵਿੱਚ ਹੋਵੇ, ਅਛੋਪਲੇ ਹੀ ਹਰੇਕ ਮਨੁੱਖ ਦੇ ਮਨ ਨੂੰ ਪ੍ਰਭਾਵਿਤ ਕਰਦੀ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿੱਚ ਕਲਾ ਦੀ ਅਰਾਧਨਾ ਭਿੰਨ-ਭਿੰਨ ਰੂਪ-ਆਕਾਰਾਂ ਵਿੱਚ ਕੀਤੀ ਜਾਂਦੀ ਰਹੀ ਹੈ। ਭਾਵੇਂ ਇਹ ਰੂਪ ਆਕਾਰ ਬ੍ਰਹਿਮੰਡ ਰਚੇਤਾ ਬ੍ਰਹਮਾ ਦਾ ਹੋਵੇ, ਕਲਾ ਦੀ ਦੇਵੀ ਸਰਸਵਤੀ ਦਾ, ਕਲਾ ਜੁੱਗਾਂ ਤੋਂ ਅਰਾਧਨਾ ਦੀ ਦੇਵੀ ਤੇ ਆਤਮਾ ਦੀ ਖੁਰਾਕ ਰਹੀ ਹੈ। ਕਲਾ ਉਹ ਹੈ, ਜੋ ਮਨ ਵਿੱਚ ਵਿਚਰਦੇ ਸੂਖਮ ਭਾਵਾਂ ਨੂੰ ਜਨ-ਸਮੁਦਾਇ ਅੱਗੇ ਅਭਿਵਿਅਕਤ ਕਰ ਸਕੇ, ਵਿਰਹਾ-ਵੇਦਨਾ, ਹਰਸ਼-ਉਲਾਸ, ਸ਼ਿੰਗਾਰ-ਕਰੁਣ ਭਾਵਾਂ ਨੂੰ ਅਨੰਦ ਦੀ ਅਵਸਥਾ ਤੱਕ ਪਹੁੰਚ ਕੇ ਮਨੁੱਢ ਨੂੰ ਆਤਮਕ ਤੌਰ 'ਤੇ ਉਚੇਰਾ ਮਿਆਰ ਪ੍ਰਦਾਨ ਕਰ ਸਕੇ। ਕਲਾਕਾਰ ਨੂੰ ਸਿਰਜਨਾਤਮਕਤਾ ਤੇ ਕਲਾਮਈ ਦ੍ਰਿਸ਼ਟੀਕੋਣ ਪੱਖੋਂ ਉਤਸ਼ਾਹਿਤ ਕਰ ਸਕੇ।

-ਮੁਖ ਬੰਦ 'ਚੋਂ

### ਮ੍ਰਿਗ ਤ੍ਰਿਸ਼ਨਾ

(ਕਾਵਿ ਸੰਗ੍ਰਹਿ)
**ਰਾਜਬੀਰ ਰੰਧਾਵਾ**
**ਪੰਨੇ : 147, ਕੀਮਤ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਔਰਤ ਸਦੀਆਂ ਤੋਂ ਆਦਮੀ ਦੀ ਤਾਕਤ ਅੱਗੇ ਕਮਜ਼ੋਰ ਰਹੀ ਹੈ। ਮੈਂ ਕਵਿੱਤਰੀ ਕਿਉਂ ਬਣੀ, ਇਹ ਈਰਾਨ ਦੀਆਂ ਔਰਤਾਂ ਦੇ ਸੰਘਰਸ਼ ਦੀ ਕਹਾਣੀ ਹੈ। ਮੈਂ ਪੇਕੇ-ਸਹੁਰੇ ਆਜ਼ਾਦੀ ਲਈ ਇਕੱਲੀ ਲੜੀ, ਜਿੱਤ ਨਾ ਹੁੰਦੀ ਦੇਖ ਦੇ ਕਵਿਤਾ ਲਿਖ ਕੇ ਲੁਕਾ ਦੇਂਦੀ । ਮੇਰੀ ਕੁੱਟਮਾਰ ਮੇਰੇ ਲਿਖਣ ਦੇ ਗੁਨਾਹ ਤੋਂ। ਇਨ੍ਹਾਂ ਔਰਤਾਂ ਤੋਂ ਵੱਧ ਜ਼ੁਲਮਾਂ ਦੀ ਕਹਾਣੀ ਪਰ ਮੈਂ ਢੀਠ ਸੀ। ਅੱਜ ਵੀ ਮੇਰੀ ਨੂੰਹ ਨੇ ਇੱਕ ਦਿਨ ਮੈਨੂੰ ਬੰਦ ਕਮਰੇ ਵਿੱਚ ਬੈਠਿਆਂ ਲਿਖਦਿਆਂ ਚਾਹ ਦੇਣ ਆਈ ਨੇ ਕਿਹਾ, "ਮਾਮਾ, ਸੱਚੀਂ ਤੁਸੀਂ ਢੀਠ ਮਿੱਟੀ ਦੇ ਹੋ।" ਮੈਂ ਕਿਹਾ ਹਾਂ, ਮੇਰੇ ਬੱਚੇ।

-ਸਵੈ ਕਥਨ 'ਚੋਂ

### ਜੀਵਨ ਦਰਿਆ

**ਅਨੋਖ ਸਿੰਘ ਵਿਰਕ**
**ਪੰਨੇ : 140, ਕੀਮਤ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਲੇਖਕ ਦੇ ਕਈ ਲੇਖ, ਕਹਾਣੀਆਂ ਉਸ ਦੀ ਗੁਰਬਤ ਵਿਰੁੱਧ ਜੱਦੋਜਹਿਦ ਦੀ ਗਾਥਾ ਹੈ। ਜਿਸ ਨੂੰ ਬੜੀ ਸ਼ਿੱਦਤ ਅਤੇ ਰੌਚਕ ਢੰਗ ਨਾਲ ਪੇਸ਼ ਕਰਦਾ ਹੈ। ਸਮਾਜ ਵਿੱਚ ਔਰਤਾਂ ਦੇ ਸਮਾਜਿਕ ਰੁਤਬੇ, ਉਨ੍ਹਾਂ ਪ੍ਰਤੀ ਸੌੜੀ ਮਾਨਸਿਕਤਾ ਅਤੇ ਸ਼ੋਸ਼ਣ ਦਾ ਜ਼ਿਕਰ ਕਰਦਾ ਹੈ। 'ਸੱਤਿਆਵਾਨ' ਅਤੇ 'ਗੋਮਾ ਵਿਚਾਰੀ ਵਿਕ ਗਈ' ਇਸ ਦੀ ਉਦਾਹਰਣ ਹਨ। ਅੱਜਕੱਲ੍ਹ ਦੇ ਨੌਜਵਾਨ ਮੁੰਡੇ-ਕੁੜੀਆਂ ਸਮਾਜ ਖਿਲਾਫ ਬਗਾਵਤ ਕਰ ਰਹੇ ਹਨ। ਖਾਸ ਕਰਕੇ ਜੀਵਨ ਸਾਥੀ ਚੁਣਨ ਦੇ ਮਸਲੇ ਵਿਚ ਮਨਮਰਜ਼ੀ ਚਾਹੁੰਦੇ ਹਨ। ਜਿਵੇਂ ਕਿ 'ਉਧਲ ਗਈ ਦੀ ਭਾਲ', 'ਚਲਿੱਤਰੀ ਕੁੜੀ', 'ਧਰਮੀ ਬਾਬਲ' ਅਤੇ 'ਉਦਾਸ ਮਹਿੰਦੀ' ਆਦਿ ਸੱਚੀਆਂ ਘਟਨਾਵਾਂ ਵਿੱਚ ਲੇਖਕ ਸਮਾਜ ਦੇ ਦਰਪੇਸ਼ ਮਸਲਿਆਂ ਦਾ ਜ਼ਿਕਰ ਕਰਦਾ ਹੈ, ਜੋ ਕਿ ਬੜੀ ਸੰਵੇਦਨਸ਼ੀਲ ਸਮੱਸਿਆ ਹੈ।

-ਭੂਮਿਕਾ ਵਿੱਚੋਂ

# ਪੁਸਤਕ ਰੀਵਿਊ

## ਸੰਸਦ ਤੋਂ ਸੜਕ ਤੱਕ

**ਧੂਮਿਲ**
**ਅਨੁਵਾਦ : ਕੰਵਰਜੀਤ ਸਿੰਘ ਸਿੱਧੂ**
**ਮੁੱਲ : 220 ਰੁਪਏ, ਪੰਨੇ : ਪੇਪਰ ਬੈਕ ਸਜਿਲਦ 156, ਸੁਚਿੱਤਰ**
**ਵ੍ਹਾਈਟ ਕਰੋ ਪਬਲਿਸ਼ਰਜ਼, ਮਾਨਸਾ**

ਇਸ ਪੁਸਤਕ ਦਾ ਲੇਖਕ ਪ੍ਰਸਿੱਧ ਹਿੰਦੀ ਕਵੀ ਸੁਦਾਮਾ ਪਾਂਡੇਯ ਧੂਮਿਲ ਹੈ, ਜਿਸ ਦਾ ਜਨਮ 9 ਨਵੰਬਰ 1936 ਈ. ਨੂੰ ਸੰਯੁਕਤ ਪ੍ਰਾਂਤ ਦੇ ਬਨਾਰਸ ਜ਼ਿਲ੍ਹੇ ਦੇ ਪਿੰਡ ਖੇਵਲੀ ਵਿਚ ਹੋਇਆ ਸੀ। ਉਹ ਮੁਕਤੀ ਬੋਧ ਨਾਲ ਵਿਦਰੋਹੀ-ਕਵਿਤਾ ਦਾ ਅਹਿਮ ਹਸਤਾਖਰ ਸੀ। ਉਸ ਨੂੰ ਹਿੰਦੀ ਕਵਿਤਾ ਦਾ ਗੁਸੈਲਾ ਨੌਜਵਾਨ (ਐਂਗਰੀ ਯੰਗ ਮੈਨ) ਮੰਨਿਆ ਜਾਂਦਾ ਹੈ। ਉਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਆਪਣੇ ਪਿੰਡ ਵਿਚ ਰਹਿ ਕੇ ਹੀ ਲੰਘਾਇਆ ਸੀ। ਉਸ ਦੇ ਪਰਵਾਰ ਵਾਲਿਆਂ ਨੂੰ ਉਸ ਦੇ ਮਹਾਨ ਕਵੀ ਹੋਣ ਦਾ ਪਤਾ ਉਦੋਂ ਲੱਗਾ, ਜਦੋਂ ਉਸ ਦੀ ਮੌਤ ਦੀ ਖਬਰ ਰੇਡੀਓ ਤੋਂ ਨਸ਼ਰ ਹੋਈ। ਉਹ 10 ਫਰਵਰੀ 1975 ਈ. ਨੂੰ 38 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਿਆ ਸੀ।

ਧੂਮਿਲ ਦੀ ਕੇਵਲ ਇਕੋ ਕਾਵਿ ਪੁਸਤਕ : 'ਸੰਸਦ ਸੇ ਸੜਕ ਤੱਕ' 1972 ਈ. ਵਿਚ ਪ੍ਰਕਾਸ਼ਤ ਹੋਈ ਸੀ। ਉਸ ਦੀ ਮੌਤ ਪਿੱਛੋਂ 1975 ਈ. ਵਿਚ ਉਸ ਦੀ ਦੂਜੀ ਪੁਸਤਕ 'ਕੱਲ੍ਹ ਸੁਨਣਾ ਮੁਝੇ' ਪ੍ਰਕਾਸ਼ਿਤ ਹੋਈ, ਜਿਸ ਨੂੰ ਵਕਾਰੀ ਸਾਹਿਤ ਅਕਾਦਮੀ ਸਨਮਾਨ 1979 ਈ. ਨੂੰ ਪ੍ਰਾਪਤ ਹੋਇਆ। 1983 ਵਿਚ ਉਨ੍ਹਾਂ ਦੀ ਤੀਸਰੀ ਕਿਤਾਬ 'ਸਦਾਮਾ ਪਾੜੇਕਾ ਪਰਜਾਤੰਤਰ' ਛਪਵਾਈ, 2021 ਈ: ਵਿਚ 'ਧੂਮਿਲ ਸਮਗਰ' ਵਜੋਂ ਉਨ੍ਹਾਂ ਦੀ ਸਮੁੱਚੀ ਰਚਨਾਵਲੀ ਨੂੰ ਤਿੰਨ ਜਿਲਦਾਂ ਵਿਚ ਛਾਪਿਆ ਗਿਆ ਹੈ।

ਧੂਮਿਲ ਪ੍ਰਸਿੱਧ ਕਵੀ ਹੋਇਆ ਹੈ। ਉਸ ਨੇ ਆਪ ਇਕ ਕਵਿਤਾ ਰਾਹੀਂ ਕਵੀ ਦੇ ਫਰਜ਼ਾਂ ਨੂੰ ਪਰਿਭਾਸ਼ਤ ਕੀਤਾ ਹੈ।

'ਇਕ ਸਹੀ ਕਵਿਤਾ, ਪਹਿਲਾਂ
ਇਕ ਸਾਰਥਕ ਟਿੱਪਣੀ ਹੁੰਦੀ ਹੈ
...... ਕਵਿਤਾ
ਸ਼ਬਦਾਂ ਦੀ ਅਦਾਲਤ ਵਿਚ
ਮੁਜਰਿਮ ਦੇ ਕਟਹਿਰੇ ਵਿਚ, ਖੜ੍ਹੇ ਬੇਕਸੂਰ ਬੰਦੇ ਦਾ
ਹਲਫਨਾਮਾ ਹੈ।' (ਜਾਇਜ਼ ਕਾਰਵਾਈ)
ਜਾਂ
ਕਵਿਤਾ, ਭਾਸ਼ਾ ਵਿਚ
ਆਦਮੀ ਹੋਣ ਦੀ, ਤਮੀਜ਼ ਹੈ।
(ਜਾਇਜ਼ ਕਾਰਵਾਈ)

ਉਸ ਦਾ ਨਿਧੜਕ ਹੋ ਕੇ ਲਿਖਣਾ ਹੀ ਉਸ ਦੇ ਕਾਵਿ ਦੀ ਖ਼ੂਬਸੂਰਤ ਪ੍ਰਾਪਤੀ ਹੈ ਕਿ 'ਮੈਂ ਕਵੀ ਹਾਂ, ਕਵੀ, ਮਤਲਬ ਭਾਸ਼ਾ ਵਿਚ ਠੇਠ ਹਾਂ। ਇਸ ਕਦਰ ਕਾਇਰ ਹਾਂ ਕਿ ਉੱਤਰ ਪ੍ਰਦੇਸ਼ ਹਾਂ।

ਧੂਮਿਲ ਦੀਆਂ ਕਵਿਤਾਵਾਂ ਦਾ ਅਨੁਵਾਦ ਸੰਸਾਰ ਭਰ ਦੀਆਂ ਪ੍ਰਸਿੱਧ ਭਾਸ਼ਾਵਾਂ ਵਿਚ ਹੋਇਆ ਹੈ, ਪਰ ਮੁਕੰਮਲ ਅਨੁਵਾਦ 'ਸੰਸਦ ਸੇ ਸੜਕ ਤੱਕ' ਕੇਵਲ ਇਟਲੀ ਦੀ ਮੇਰੀਵੋਲਾਫ੍ਰੇਦੀ/ ਅੰਤਰਰਾਸ਼ਟਰੀ ਭਾਸ਼ਾ ਦੇ ਵਿਕਾਸ ਕ੍ਰਮ ਵਿਚ, ਉਸ ਦੇ ਅੰਤਰਰਾਸ਼ਟਰੀ ਅਨੁਵਾਦ ਕਾਰਜ ਅਕੈਡਮੀਆਂ ਦਾ ਹੈ। ਅਕੈਡਮੀਆਂ ਆਪਣੇ ਢੰਗ ਨਾਲ ਅਨੁਵਾਦ ਕਾਰਜ ਕਰਦੀਆਂ ਹਨ, ਪਰ ਜਾਪਦਾ ਹੈ ਕਿ ਅਕਾਡਮੀਆਂ ਨੂੰ ਧੂਮਿਲ ਜੀ, ਉਦੋਂ ਯਾਦ ਆਉਣਗੇ, ਜਦੋਂ ਉਹ ਕਿਸੇ ਭੁੱਲੇ ਵਿਸਰੇ ਪਥਰਾਟ (Fossils) ਵਿਚ ਤਬਦੀਲ ਹੋ ਜਾਣਗੇ। .....) (ਭੂਮਿਕਾ 'ਚੋਂ)

ਇਸ ਪੁਸਤਕ ਵਿਚ ਧੂਮਿਲ ਦੀਆਂ ਲੱਗਭੱਗ ਦੋ ਦਰਜਨ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਦਾ ਅਨੁਵਾਦ ਕੰਵਰਜੀਤ ਸਿੰਘ ਸਿੱਧੂ ਨੇ ਕੀਤਾ ਹੈ।

ਕਵਿਤਾ ਸਿਰਲੇਖ ਅਧੀਨ ਪੁਸਤਕ ਦੀ ਪਹਿਲੀ ਕਵਿਤਾ ਹੈ। ਇਸ ਦਾ ਪਾਠ ਕਰੋਗੇ, ਨਿਵੇਕਲੀ ਕਵਿਤਾ ਹੈ।

ਉਸ ਨੂੰ ਪਤਾ ਹੈ ਕਿ ਸ਼ਬਦਾਂ ਪਿੱਛੇ, ਕਿੰਨੇ ਚਿਹਰੇ ਨੰਗੇ ਹੋ ਚੁੱਕੇ ਹਨ

ਅਤੇ ਕਤਲ ਹੁਣ ਲੋਕਾਂ ਦੀ ਰੁਚੀ ਨਹੀਂ, ਆਦਤ ਬਣ ਚੁੱਕੀ ਹੈ
ਉਹ ਕਿਸੇ ਮੂਰਖ ਬੰਦੇ ਦੇ ਅਕੇਵੇਂ ਤੋਂ ਪੈਦਾ ਹੋਈ ਸੀ ਅਤੇ
ਇਕ ਪੜ੍ਹੇ-ਲਿਖੇ ਬੰਦੇ ਨਾਲ, ਸ਼ਹਿਰ ਵਿਚ ਚਲੀ ਗਈ।
(ਕਵਿਤਾ, ਪੰਨਾ 17) ਜਾਂ
ਭੁੱਖ ਕੌਣ ਉਪਜਾਂਦਾ ਹੈ, ਉਹ ਇੱਛਾ ਜੋ ਲਲ੍ਹਕ ਦਿੰਦੀ ਹੈ
ਜਾਂ ਉਹ ਨਫ਼ਤਰ, ਜੋ ਅੱਖਾਂ 'ਤੇ ਪੱਟੀ ਬੰਨ੍ਹ ਕੇ,
ਸਾਨੂੰ ਘਾਹ ਮੰਡੀ ਵਿਚ
ਛੱਡ ਆਉਂਦੀ ਹੈ।
(ਕਵਿਤਾ : ਕਾਲ ਦਰਸ਼ਨ, ਪੰਨਾ-25)
ਅਤੇ

ਉਸ ਦੀਆਂ ਕਾਲ ਦਰਸ਼ਨ (ਪੰਨਾ-25) ਰਾਜ ਕਮਲ ਚੌਧਰੀ ਲਈ (ਪੰਨਾ-40) ਮੋਚੀ ਰਾਮ , (ਪੰਨਾ-49), ਮਕਾਨ (ਪੰਨਾ-63), (ਕਵੀ 1970) (ਪੰਨਾ-76) ਪਦ ਕਥਾ ਆਦਿ ਇਕ ਲੜੀ ਦੀਆਂ ਨਿਵੇਕਲੀਆਂ ਕਵਿਤਾਵਾਂ ਹਨ, ਜਿਨ੍ਹਾਂ ਦੀ ਪਿੱਠ ਭੂਮੀ ਅਤੇ ਮਾਹੌਲ ਆਪਣਾ ਹੈ। ਸੰਸਕ੍ਰਿਤੀ ਅਥਵਾ ਮਾਹੌਲ ਆਪਣਾ ਹੈ। ਕਵੀ ਦੀ ਪਿੱਠ ਭੂਮੀ ਆਪਣੀ ਹੈ। ਕਵੀ ਦੇ ਹਾਲਾਤ ਵੱਖਰੇ ਹਨ।

ਫਿਰ ਵੀ ਧੂਮਿਲ ਦੇ ਕਾਵਿ ਨੂੰ ਕੰਵਰਜੀਤ ਸਿੰਘ ਸਿੱਧੂ ਨੇ ਪੰਜਾਬੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕਰਵਾਇਆ ਹੈ, ਉਸ ਲਈ ਅਨੁਵਾਦਕ ਵਧਾਈ ਦਾ ਹੱਕਦਾਰ ਹੈ। ਬਹੁਤ ਘੱਟ ਪਾਠਕ ਤੇ ਲੇਖਕ ਵੀ ਧੂਮਿਲ ਨੂੰ ਜਾਣਦੇ ਹੋਣਗੇ।

**- ਡਾ. ਅਮਰ ਕੋਮਲ**

## ਮਿੱਟੀ ਦੀ ਕਸਕ

(ਕਾਵਿ ਸੰਗ੍ਰਹਿ)
**ਗੋਪਾਲ ਸਿੰਘ ਕੋਟ ਫੱਤਾ**
**ਮੁੱਲ : 200 ਰੁਪਏ, ਪੰਨੇ : 72**
**ਸਪਰੈੱਡ ਪਬਲੀਕੇਸ਼ਨ ਰਾਮਪੁਰ (ਪੰਜਾਬ)**

ਗੋਪਾਲ ਸਿੰਘ ਕੋਟ ਫੱਤਾ ਜ਼ਹੀਨ ਅਤੇ ਸੰਵੇਦਨਸ਼ੀਲ ਸ਼ਾਇਰ ਹੈ। ਇਸ ਕਥਨ ਦੀ ਸ਼ਾਹਦੀ ਉਸ ਦਾ ਪਲੇਠਾ ਕਾਵਿ-ਸੰਗ੍ਰਹਿ 'ਮਿੱਟੀ ਦੀ ਕਸਕ' ਭਰਦਾ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਉਸ ਨੇ 'ਮਨ ਦੀ ਉਡਾਰੀ' ਤੋਂ ਲੈ ਕੇ 'ਮਾਂ ਦੀਆਂ ਹਰੀਆਂ ਵੇਲਾਂ' ਤੱਕ 39 ਕਵਿਤਾਵਾਂ ਸੰਕਲਿਤ ਕੀਤੀਆਂ ਹਨ। ਮਿੱਟੀ ਦਾ ਸ੍ਰਿਸ਼ਟੀ ਦੀ ਸਿਰਜਣਾ 'ਚ ਅਹਿਮ ਰੋਲ ਹੈ। ਇਹ ਆਦਿ-ਜੁਗਾਦੀ ਵਰਤਾਰਾ ਹੈ ਕਿ 'ਮਿੱਟੀ' ਬਹੁ-ਆਰਥਕ ਸ਼ਬਦ ਹੈ, ਜਿਸ ਦੇ ਅਨੇਕਾਂ ਅਰਥਾਂ/ਤੱਤਾਂ/ਵਰਤਾਰਿਆਂ ਨੂੰ ਇਸ ਕਾਵਿ ਸੰਗ੍ਰਹਿ ਦੀਆਂ 'ਅੱਜ ਬਾਪੂ ਨਹੀਂ, 'ਮਜ਼ਦੂਰ', 'ਕਿਸਾਨ', 'ਅਨਾਥ', 'ਪਿੱਪਲ', 'ਵਾਟਰ ਵਰਕਸ ਦੀ ਡਿੱਗੀ, 'ਗੁਆਚਿਆ ਅਤੀਤ' 'ਰੋ ਪੈਂਦਾ ਹਾਂ', 'ਸੋਕਾ', 'ਨੀਵੀਂ ਥਾਂ', 'ਗੂੰਗਾ', 'ਮਿੱਟੀ ਦਾ ਦੀਵਾ', 'ਮਾਂ ਦੀਆਂ ਹਰੀਆਂ ਵੇਲਾਂ' ਆਦਿ ਕਵਿਤਾਵਾਂ ਨੂੰ ਪੜ੍ਹਦਿਆਂ ਪਾਠਕ ਆਵੇਸ਼ ਜਿੱਥੇ ਮਹਿਸੂਸ ਕਰੇਗਾ, ਉਥੇ ਖੜ੍ਹੱਪੇ ਸੱਪ ਵਾਂਗ ਫਨ ਉਠਾਈ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਿਕ ਵਖਰੇਵਿਆਂ ਸੰਬੰਧੀ ਉੱਠਦੇ ਭੈਅ-ਭੀਤ ਕਰਨ ਵਾਲੇ ਪ੍ਰਸ਼ਨਾਂ ਸਾਹਵੇਂ ਵੀ ਖੜਾ ਮਹਿਸੂਸ ਕਰੇਗਾ। 'ਨੀਵੀਂ ਥਾਂ' ਕਵਿਤਾ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਗਰੀਬੀ, ਅਣਮਨੁੱਖੀ ਸਮਾਜਿਕ ਵੰਡੀਆਂ ਦੀ ਮੰਜ਼ਰ ਕਸ਼ੀ ਵੀ ਕਰਦੀਆਂ ਪ੍ਰਤੀਤ ਹੋਣਗੀਆਂ :

ਠੀਕ ਹਾਂ ਮੈਂ
ਆਪਣੀ ਨੀਵੀਂ ਥਾਂ
ਨਹੀਂ ਜਾਣਾ ਮੈਂ
ਮੁੜ ਉੱਚੀ ਥਾਂ
ਡਿੱਗਣ ਤੋਂ
ਤਿਲਕਣ ਤੋਂ ਹਾਂ ਡਰਦਾ
ਕਿਉਂਕਿ
ਮੇਰਾ ਨਹੀਂ ਮੇਲ
ਉਸ ਉਚੀ ਥਾਂ ਨਾਲ

'ਨੀਵੀਂ ' ਅਤੇ 'ਉੱਚੀ' ਥਾਂ ਦਾ ਮੈਟਾਫ਼ਰ (ਬਿੰਬ) ਸਾਡੇ ਅਜੋਕੇ ਸਮਾਜਿਕ ਤਾਣੇ-ਬਾਣੇ ਦੀ ਯਥਾਰਥਕ ਸਥਿਤੀ ਨੂੰ ਜਿੱਥੇ ਪੇਸ਼ ਕਰਦਾ ਹੈ, ਉਥੇ ਇਹ ਵੀ ਸੰਕੇਤ ਦਿੰਦਾ ਹੈ ਕਿ ਸੁਹਾਗਾ ਮਾਰ ਕੇ ਉੱਚੀ-ਨੀਵੀਂ ਥਾਂ ਨੂੰ ਪੱਧਰਿਆਂ ਵੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਦੀਆਂ ਤੋਂ ਚਲਦੀਆਂ ਆ ਰਹੀਆਂ ਗੀਤਾਂ ਚਲਦੇ ਸੁਹਾਗੇ ਨੂੰ 'ਅਸਮਾਨੀ ਟਾਕੀਆਂ ਲਾਉਣ' ਦਾ ਲਕਬ ਲਾ ਵੰਡੀਆਂ ਵਾਲੇ ਸੰਸਾਰ ਦੀ ਹਮਾਇਤ ਕਰਨਗੀਆਂ। 'ਸੋਕਾ' ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਸ਼ਬਦਾਂ ਦੇ ਅਰਥਾਂ ਨੂੰ ਸਹੀ ਪ੍ਰਸੰਗ 'ਚ ਸਮਝਣ ਲਈ ਹੋਰ ਵੀ ਵਧੇਰੇ ਕਾਰਗਰ ਸਿੱਧ ਹੋਣਗੀਆਂ।

ਪਾਰਕ ਨੰਬਰ ਅੱਠ 'ਚ
ਰਸਮੀ ਜਿਹੀ ਮਿਲਣੀ
ਤੇ ਖਾਮੋਸ਼ ਚੁੱਪ
ਸਵੱਖਤੇ ਮੀਂਹ ਪਿਆ ਹੈ
ਪਤਾ ਨਹੀਂ ਫਿਰ ਵੀ
ਮੇਰੇ ਸ਼ਹਿਰ 'ਚ ਸੋਕਾ ਹੈ

ਉਪਰੋਕਤ ਸਤਰਾਂ 'ਚ ਵਰਤੇ ਗਏ ਸ਼ਬਦ : ਪਾਰਕ ਨੰਬਰ ਅੱਠ, ਖਾਮੋਸ਼, ਚੁੱਪ, ਸੁਵੱਖਤੇ, ਮੀਂਹ, ਸ਼ਹਿਰ, ਸੋਕਾ ਮਨੁੱਖੀ ਸਮਾਜ ਦੀ ਅੰਦਰੂਨੀ ਬਣਤਰ ਦੇ ਸੰਕੇਤ ਹਨ, ਜੋ 'ਮਨੁੱਖ' ਨੂੰ 'ਮਨੁੱਖ' ਰਾਹੀਂ ਕੁਝ ਹੋਰ ਹੀ ਬਣਾਉਂਦੇ ਹਨ, ਜਿੱਥੇ ਮਨੁੱਖ ਦੀ ਅੰਦਰੂਨੀ ਅਤੇ ਬਾਹਰੀ ਸ਼ਕਤੀ ਖੀਣ ਹੋ ਕੇ ਰਹਿ ਜਾਂਦੀ ਹੈ। 'ਤਰਲਾ' ਕਵਿਤਾ ਪੜ੍ਹਦਿਆਂ ਕਾਵਿ ਪਾਠਕ ਬਿਲਕੁੱਲ ਹੀ ਸੁੰਨ ਹੋ ਜਾਵੇਗਾ।

ਮੈਨੂੰ ਛੂਹੋ ਨਾ
ਮੈਂ ਅਛੂਤ ਹਾਂ,
ਮੈਨੂੰ ਤੱਕੋ ਨਾ
ਮੈਂ ਕੋੜ੍ਹੀ ਹਾਂ
ਮੈਨੂੰ ਸੁਣੋ ਨਾ
ਮੈਂ ਪਾਗਲ ਹਾਂ

ਉਪਰੋਕਤ ਸਤਰਾਂ 'ਚ ਆਏ ਸ਼ਬਦ 'ਅਛੂਤ', 'ਕੋੜ੍ਹੀ' ਅਤੇ 'ਪਾਗਲ' ਮਿੱਟੀ ਦੀ ਕਸਕ ਦੀਆਂ ਅਨੇਕਾਂ ਧੁਨੀਆਂ ਹਨ। ਅਜਿਹੀ ਅਵਸਥਾ/ਵਿਵਸਥਾ 'ਚ ਵਿਚਰਦਾ ਸੰਵੇਦਨਸ਼ੀਲ ਮਨੁੱਖ ਅਤੇ ਫੌਲਾਦੀ ਇਰਾਦਿਆਂ ਵਾਲਾ ਇਤਿਹਾਸਕ ਪਾਤਰ ਹੀ ਸਥਿਤੀ ਨੂੰ ਮੋੜਾ ਦੇਣ ਦਾ ਸਬੱਬ ਬਣ ਸਕਦਾ ਹੈ। 'ਰੋ ਪੈਂਦਾ ਹਾਂ' ਕਵਿਤਾ 'ਚ ਪੇਸ਼ ਕੇਂਦਰੀ ਨੁਕਤਾ ਹੈ ਕਿ ਮਨੁੱਖ ਸੰਵੇਦਨਸ਼ੀਲ ਬਣੇ।

ਗੋਪਾਲ ਸਿੰਘ ਕੋਟ ਫੱਤਾ ਨੇ ਇਨ੍ਹਾਂ ਕਵਿਤਾਵਾਂ ਵਿੱਚ ਵਿਰੋਧਾਤਮਕ ਦ੍ਰਿਸ਼ਾਂ ਦੇ ਭੇੜ ਰਾਹੀਂ ਮਨੁੱਖ ਦੀਆਂ ਅੰਦਰੂਨੀ ਖਾਹਸ਼ਾਂ ਨੂੰ ਬਾਖੂਬੀ ਵਿਅਕਤ ਕੀਤਾ ਹੈ। ਸੰਬੋਧਨੀ ਸ਼ੈਲੀ ਰਾਹੀਂ ਮਨੁੱਖੀ ਮਨ ਦਾ ਆਤਮ-ਮੰਥਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਕਿ ਪਾਠਕ ਨੂੰ ਇਹ ਕਵਿਤਾਵਾਂ ਜਿੱਥੇ ਪ੍ਰਭਾਵਤ ਕਰਨਗੀਆਂ, ਉਥੇ ਹੀ ਇਨ੍ਹਾਂ ਪ੍ਰਸ਼ਨਾਂ ਸੰਗ ਜੂਝਣ ਲਈ ਵੀ ਪ੍ਰੇਰਿਤ ਕਰਨਗੀਆਂ। ਆਮੀਨ !

**- ਸੰਧੂ ਵਰਿਆਣਵੀ (ਪ੍ਰੋ:)**

## ਇਜ਼ਰਾਈਲ-ਫਲਸਤੀਨ ਸੰਘਰਸ਼

(ਇਕ ਇਤਿਹਾਸਕ ਝਾਤ)
**ਡਾ. ਅਜ਼ੀਜ਼ੁਰ ਰਹਿਮਾਨ ਆਜ਼ਮੀ**
**ਅਨੁਵਾਦ : ਹਰਜੋਤ**
**ਸੰਪਾਦਕ : ਕਿੰਦ ਨਾਹਲ**
**ਵ੍ਹਾਈਟ ਕਰੋ ਪਬਲਿਸ਼ਰਜ਼, ਮਾਨਸਾ**

ਭਾਵੇਂ ਪੁਸਤਕ ਦਾ ਵਿਸ਼ਾ ਸਾਹਿਤਕ ਨਾ ਹੋ ਕੇ ਵਧੇਰੇ ਰਾਜਨੀਤਕ ਹੈ, ਫਿਰ ਵੀ ਪਿਛਲੇ ਕਈ ਦਹਾਕਿਆਂ ਤੋਂ ਇਹ ਸੰਸਾਰ ਭਰ ਦਾ ਇਕ ਭਖਦਾ ਮਸਲਾ ਹੈ। ਪੁਸਤਕ ਦਾ ਸਮੁੱਚਾ ਵਿਸ਼ਾ ਇਸ ਸਮੱਸਿਆ ਉੱਪਰ ਆਧਾਰਿਤ ਹੈ।

ਪੁਸਤਕ ਦੇ 'ੳ' ਭਾਗ ਵਿਚ : ਆਰੰਭ ਵਿਚ ਇਸ ਸਮੱਸਿਆ ਦੇ ਵੇਰਵੇ ਦਿੱਤੇ ਗਏ ਹਨ। ਫਲਸਤੀਨ ਦਾ ਇਤਿਹਾਸ ਅਤੇ ਦਾਅਵੇ ਪੇਸ਼ ਹਨ। ਬ੍ਰਿਟਿਸ਼ ਫਰਮਾਨ ਅਤੇ ਫਲਸਤੀਨੀ ਸਮੱਸਿਆ ਦੀ ਸ਼ੁਰੂਆਤ ਸੰਬੰਧੀ ਚਾਨਣਾ ਪਾਇਆ ਗਿਆ ਹੈ ਅਤੇ ਅਜੋਕੇ ਫਲਸਤੀਨ ਅਤੇ ਇਜ਼ਰਾਈਲ ਦੇ ਅੱਜਕੱਲ੍ਹ ਸੰਬੰਧੀ ਵੇਰਵੇ ਦਰਜ ਹਨ। ਭਾਗ 'ਅ' ਵਿਚ ਇਜ਼ਰਾਈਲ-ਫਲਸਤੀਨ ਸੰਘਰਸ਼ ਦਾ ਵਸਤੂ ਵੇਰਵਾ ਪੇਸ਼ ਹੈ ਅਤੇ ਇਜ਼ਰਾਈਲ ਦੀ ਵੇਦੀ 'ਤੇ ਇਕ ਸੰਸਾਰ ਦਾ ਬਲੀਦਾਨ ਸੰਬੰਧੀ ਵਿਆਖਿਆ ਕੀਤੀ ਗਈ ਹੈ। ਇਹ ਸੰਖੇਪ ਇਤਿਹਾਸ ਹੈ। ਪੱਛਮੀ-ਏਸ਼ੀਆ ਦਾ ਇਹ ਸੰਕਟ ਹੈ, ਇਸ ਸੰਬੰਧੀ ਵਸਤੂ-ਵੇਰਵੇ ਦਰਜ ਹਨ। ਪੱਛਮੀ ਏਸ਼ੀਆ ਸੰਕਟ ਬ੍ਰਿਟਿਸ਼ ਬਸਤੀਵਾਦ ਅਤੇ ਅਮਰੀਕੀ ਸਾਮਰਾਜਵਾਦ ਦੇ ਸ਼ਿਕਾਰ ਫਲਸਤੀਨੀ ਹਨ।

ਭਾਵੇਂ ਇਸ ਪੁਸਤਕ ਦਾ ਵਸਤੂ ਵੇਰਵਾ ਰਾਜਨੀਤਕ ਹੈ, ਪ੍ਰੰਤੂ ਇਸ ਮਸਲੇ ਨੂੰ ਲੇਖਕ, ਆਮ ਸਾਧਾਰਨ ਪਾਠਕ ਵੀ ਆਸਾਨੀ ਨਾਲ ਸਮਝ ਸਕਦਾ ਹੈ।

ਪੁਸਤਕ ਦੇ 'ੳ' ਅਤੇ 'ਅ' ਭਾਗ ਹਨ। ਦੋਵਾਂ ਭਾਗਾਂ ਰਾਹੀਂ ਇਸ ਸਮੱਸਿਆ ਨੂੰ ਵਿਸਥਾਰ ਸਹਿਤ ਵਿਚਾਰਿਆ ਗਿਆ ਹੈ, ਇਸ ਭਖਦੇ ਮਸਲੇ ਦੇ ਭਿੰਨ-ਭਿੰਨ ਹੱਲ ਪੇਸ਼ ਕੀਤੇ ਗਏ। ਪਾਠਕ ਇਸ ਪੁਸਤਕ ਦਾ ਅਧਿਐਨ ਕਰਕੇ ਇਸ ਔਖੀ ਸਮੱਸਿਆ ਬਾਰੇ ਵਧੇਰੇ ਸਮਝ ਸਕਦੇ ਹਨ। ਇਸ ਸਮੱਸਿਆ ਦੇ ਕੀਤੇ ਚਿੰਤਨ ਲਈ ਲੇਖਕ ਨੇ ਜਿਨ੍ਹਾਂ ਪੁਸਤਕਾਂ ਦੀ ਸਹਾਇਤਾ ਲਈ ਹੈ, ਉਸ ਦੀ ਸੂਚੀ ਦਰਜ ਹੈ।

**- ਡਾ. ਅਮਰ ਕੋਮਲ**

23-June-Sunday-final.qxd 6/22/2024 11:02 PM Page 6



## 'ਸਮਾਂਤਰ ਨਜ਼ਰੀਆ' ਪਰਚੇ ਦਾ ਹੋਇਆ ਲੋਕ ਅਰਪਣ

ਬਰਨਾਲਾ (ਚੰਡਿਹੋਕ) ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਦੇ ਅਹੁਦੇਦਾਰਾਂ ਦੀ ਅਗਵਾਈ ਵਿਚ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਦੇ ਵਿਹੜੇ ਵਿਚ 'ਸਮਾਂਤਰ ਨਜ਼ਰੀਆ' ਦਾ 'ਅਪ੍ਰੈਲ-ਜੂਨ 2024 ਅੰਕ' ਲੋਕ ਅਰਪਣ ਕੀਤਾ ਗਿਆ। ਸਭ ਤੋਂ ਪਹਿਲਾਂ ਪਰਚੇ ਵਿਚ ਛਪੀਆਂ ਰਚਨਾਵਾਂ ਬਾਰੇ ਭੋਲਾ ਸਿੰਘ ਸੰਘੇੜਾ ਨੇ ਸੰਖੇਪ ਵਿਚ ਜਾਣਕਾਰੀ ਦਿੱਤੀ। ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਹਰ ਪਰਚੇ ਦੀ ਆਪਣੀ-ਆਪਣੀ ਅਹਿਮੀਅਤ ਹੁੰਦੀ ਹੈ। ਇਸ ਅੰਕ ਵਿਚ ਰਘਵੀਰ ਭਗਤ ਨੇ ਵਾਰਿਸ ਸ਼ਾਹ ਦੀਆਂ ਹੀਰ ਤੋਂ ਬਿਨਾਂ ਹੋਰ ਰਚਨਾਵਾਂ ਬਾਰੇ ਮੁੱਲਵਾਨ ਜਾਣਕਾਰੀ ਦਿੱਤੀ ਹੈ। ਓਮ ਪ੍ਰਕਾਸ਼ ਗਾਸੋ, ਤਰਸੇਮ ਅਤੇ ਡਾ. ਅਨਿਲ ਸ਼ੋਰੀ ਦਾ ਸਾਂਝਾ ਮੱਤ ਸੀ ਕਿ ਸੁਲੱਖਣ ਸਰਹੱਦੀ ਪੰਜਾਬੀ ਦੇ ਪ੍ਰਬੁੱਧ ਗ਼ਜ਼ਲਕਾਰ ਹਨ ਪਰ ਉਹਨਾਂ ਵੱਲੋਂ ਪੰਜਾਬੀ ਭਾਸ਼ਾ ਦੇ ਸੰਬੰਧ ਵਿਚ ਉਠਾਏ ਨੁਕਤਿਆਂ ਬਾਰੇ ਬਹਿਸ ਹੋਣੀ ਚਾਹੀਦੀ ਹੈ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਅਤੇ ਸ਼ਾਇਰ ਰਾਮ ਸਰੂਪ ਸ਼ਰਮਾ ਨੇ ਪਰਚੇ ਵੱਲੋਂ ਹੋਰ ਕਾਲਮ ਸ਼ੁਰੂ ਕਰਨ ਬਾਰੇ ਸੁਝਾਅ ਦਿੱਤੇ ਗਏ। ਸੰਘ ਦੀ ਇਕਾਈ ਦੇ ਪ੍ਰਧਾਨ ਡਾ. ਹਰਿਭਗਵਾਨ ਨੇ ਸਭ ਦਾ ਧੰਨਵਾਦ ਕਰਨ ਉਪਰੰਤ ਕਿਹਾ ਕਿ ਪਰਚੇ ਵੱਲੋਂ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨਾ ਅਤੀ ਸਲਾਹੁਣਯੋਗ ਕਾਰਜ ਹੈ।

—ਤੇਜਿੰਦਰ ਚੰਡਿਹੋਕ

# ਸਾਹਿਤ ਪ੍ਰੇਮੀਆਂ ਦੇ ਰੂਬਰੂ ਹੋਏ ਦਰਸ਼ਨ ਸਿੰਘ ਆਸ਼ਟ



**ਖੰਨਾ** : ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਤੇ ਸਭਾ ਦੇ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਪਿੰਡ ਭੱਟੀਆਂ ਦੀ ਸੱਥ ਵਿੱਚ ਨੇੜੇ ਪ੍ਰਾਇਮਰੀ ਸਕੂਲ ਵਿਖੇ ਹੋਈ। ਅੱਜ ਦੀ ਇਸ ਮੀਟਿੰਗ ਵਿੱਚ ਡਾਕਟਰ ਦਰਸ਼ਨ ਸਿੰਘ ਆਸ਼ਟ ਸ਼੍ਰੋਮਣੀ ਬਾਲ ਸਾਹਿਤਕਾਰ ਵਿਜੇਤਾ ਨੂੰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਗਿਆ।ਉਸ ਤੋਂ ਪਹਿਲਾਂ ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਪਾਣੀ ਬਚਾਉਣ ਦੇ ਯਤਨ ਕਰਨ ਵਾਲਾ ਗੀਤ 'ਪਾਣੀ ਬਚਾ ਲਓ' ਸੁਣਾਇਆ। ਨਾਇਬ ਸਿੰਘ ਟਿਵਾਣਾ ਵੱਲੋਂ ਆਪਣੇ ਪਿੰਡ ਬਘੌਰ ਦੀ ਗਾਥਾ ਸੁਣਾਈ, ਗੀਤਕਾਰ ਬਾਵਾ ਹੋਲੀਆਂ ਸ਼ਹੀਦੇ-ਆਜ਼ਮ ਸ਼ਹੀਦ ਭਗਤ ਸਿੰਘ ਦੀ ਵਾਰ ਸੁਣਾਈ, ਗੁਰਦੇਵ ਸਿੰਘ ਸਾਹਨੀ ਮੰਜਾਲੀ ਕਲਾਂ ਗੀਤ, ਮਨੀਸ਼ ਮਾਣਕੀ ਗੀਤ, ਨਰੇਸ਼ ਨਿਮਾਣਾ ਗ਼ਜ਼ਲ, ਸੁਖਵਿੰਦਰ ਸਿੰਘ ਬਿੱਟੂ ਖੰਨੇਵਾਲਾ ਦਰੱਖਤਾਂ ਨੂੰ ਕੈਨੇਡਾ ਲਾਗੇ ਡਾਲਰ ਲੱਗਦੇ, ਮੁਖਤਿਆਰ ਸਿੰਘ ਆਸ਼ਟ ਵੱਲੋਂ ਪਿੰਡ ਭੱਟੀਆਂ ਬਾਰੇ ਜਾਣਕਾਰੀ ਦਿੱਤੀ, ਗੁਰਜਿੰਦਰ ਸਿੰਘ ਏਡੀਏ ਵੱਲੋਂ ਕਵਿਤਾ ਮਾਂ, ਗੁਰੀ ਤੁਰਮਰੀ ਗੀਤ ਗਾ ਕੇ ਸਭ ਨੂੰ ਭਾਵੁਕ ਕਰ ਦਿੱਤਾ, ਗੁਰਪ੍ਰੀਤ ਸਿੰਘ ਰਾਜੇਵਾਲ ਨੇ ਵਿਚਾਰ ਚਰਚਾ ਕੀਤੀ, ਕਿਰਨਦੀਪ ਸਿੰਘ ਕੁਲਾਰ ਗਜ਼ਲ, ਅਨਹਦ ਛੋਟੀ ਬੱਚੀ ਵੱਲੋਂ ਦਰਸ਼ਨ ਸਿੰਘ ਆਸ਼ਟ ਦੇ ਜੀਵਨ ਬਾਰੇ ਲਿਖੀ ਕਵਿਤਾ ਸੁਣਾਈ, ਮਾਸਟਰ ਅਮਰਜੀਤ ਘੁਡਾਣੀ ਵੱਲੋਂ ਕਵਿਤਾ, ਗੀਤਕਾਰ ਜੰਗ ਚਾਪੜੇਵਾਲਾ ਵੱਲੋਂ ਗੀਤ, ਦਵਿੰਦਰ ਧੌਲ ਮਾਜਰਾ ਗੀਤ, ਭੋਲੂ ਧੌਲ ਮਾਜਰਾ ਨੇ ਬਹੁਤ ਹੀ ਪਿਆਰੀ ਆਵਾਜ਼ ਗੀਤ ਸੁਣਾਇਆ, ਸਰਬਜੀਤ ਸਿੰਘ ਵੱਲੋਂ ਕਵਿਤਾ, ਗੁਰਪ੍ਰੀਤ ਸਿੰਘ ਰਾਜੇਵਾਲ ਕਵਿਤਾ, ਸ਼ਾਹਨਵਾਜ਼ ਖੰਨਾ ਵੱਲੋਂ ਬਾਖੂਬੀ ਨਾਲ ਗੀਤ ਤੋਂ ਪਹਿਲਾਂ ਵਿਅੰਗਮਈ ਕਵਿਤਾ ਸੁਣਾਈ। ਸ਼ੌਂਕੀ ਭੁਮੱਦੀ ਗੀਤ, ਸੰਮੀ ਖਾਨ ਭੁਮੱਦੀ ਗੀਤ, ਰਹਿਮਾਨ ਖਾਨ ਵੱਲੋਂ ਗੀਤ, ਗੁਰਪ੍ਰੀਤ ਸੋਹਲ ਕਵਿਤਾ, ਰਜਤ ਰੌਣੀਵਾਲ ਗਜ਼ਲ, ਗੁਰੀ ਵੈਦ ਗੀਤ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਪਤੀ-ਪਤਨੀ ਵਿੱਚ ਨੋਕ-ਝੋਕ ਨੂੰ ਦਰਸਾਉਂਦਾ ਹੋਇਆ ਗੀਤ, ਸਭਾ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਭਾਦਲਾ, ਗ਼ਜ਼ਲ ਨਰਿੰਦਰ ਮਾਣਕੂ ਗਜ਼ਲ, ਸਭਾ ਦੇ ਪ੍ਰਧਾਨ ਹਰਦੀਪ ਸਿੰਘ ਭੱਟੀ ਮਿੰਨੀ ਕਹਾਣੀ, ਇਸ ਤੋਂ ਇਲਾਵਾ ਛੋਟਾ ਬੱਚਾ ਜਸਵਿੰਦਰਪ੍ਰੀਤ ਸਿੰਘ, ਮਾਸਟਰ ਲਖਵੀਰ ਸਿੰਘ, ਛੋਟੀ ਬੱਚੀ ਅਸ਼ਵਿਤਾ ਕੌਰ, ਗੁਰਪ੍ਰੀਤ ਸਿੰਘ ਸੈਕਰੇਟਰੀ, ਰਵਿੰਦਰ ਸਿੰਘ, ਹਰਜਿੰਦਰ ਸਿੰਘ ਨੇ ਵੀ ਸਭਾ ਵਿੱਚ ਭਾਗ ਲਿਆ।ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ ਨੈਸ਼ਨਲ ਅਤੇ ਸਟੇਟ ਐਵਾਰਡੀ ਵੱਲੋਂ ਆਪਣੇ ਜੀਵਨ ਦੇ ਵਿੱਚ ਘਟਨਾਵਾਂ ਦਾ ਵਰਨਣ ਕਰਦਿਆਂ ਬਾਖੂਬੀ ਨਾਲ ਆਪਣੀ ਮਿਹਨਤ ਨਾਲ ਕੀਤੀ ਤਰੱਕੀ ਬਾਰੇ ਦੱਸਿਆ ਕਿ ਉਹ ਕਿਵੇਂ ਇੱਕ ਤੱਪੜ 'ਤੇ ਬੈਠ ਕੇ ਪੜ੍ਹਨ ਵਾਲੇ ਸਕੂਲ ਤੋਂ ਲੈ ਕੇ ਪ੍ਰਧਾਨ ਮੰਤਰੀ ਦੇ ਘਰ ਸਵੇਰ ਦੀ ਰੋਟੀ ਖਾਣ ਵਾਲਾ ਮਾਸਟਰ ਬਣਿਆ।ਇਹਨਾਂ ਆਪਣੇ ਜ਼ਿੰਦਗੀ ਦੇ ਸਫਰ ਦੀ ਬਾਖੂਬੀ ਢੰਗ ਨਾਲ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਸੀਨੀਅਰ ਪੱਤਰਕਾਰ ਜੋਗਿੰਦਰ ਸਿੰਘ ਉਬਰਾਏ ਵੱਲੋਂ ਆਪਣੀ ਜ਼ਿੰਦਗੀ ਦੇ ਕੌੜੇ-ਮਿੱਠੇ ਪਲ ਯਾਦ ਕਰਦਿਆਂ ਆਪਣੇ ਰਾਜਨੀਤਕ ਅਤੇ ਸਾਹਿਤਕ ਅਤੇ ਪੱਤਰਕਾਰੀ ਦੇ ਖੇਤਰ ਬਾਰੇ ਸਾਹਿਤਕਾਰਾਂ ਨਾਲ ਵਿਚਾਰ ਸਾਂਝੇ ਕੀਤੇ।ਖੰਨਾ ਇਲਾਕੇ ਦੇ ਬਹੁਤ ਹੀ ਸੂਝਵਾਨ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੇ ਪੰਥਕ ਢਾਡੀ ਸੰਦੀਪ ਸਿੰਘ ਰੁਪਾਲੋਂ ਵੱਲੋਂ ਡਾਕਟਰ ਦਰਸ਼ਨ ਸਿੰਘ ਆਸ਼ਟ ਸ਼੍ਰੋਮਣੀ ਬਾਲ ਪੁਰਸਕਾਰ ਵਿਜੇਤਾ ਨੂੰ ਬਾਖੂਬੀ ਢੰਗ ਨਾਲ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ। ਉਹਨਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।ਡਾਕਟਰ ਦਰਸ਼ਨ ਸਿੰਘ ਜਿਹੜੇ ਕਿ ਅੱਜ ਸਾਹਿਤ ਸਭਾ ਸਾਂਝੀ ਸਤ ਵੱਲੋਂ ਸਾਹਿਤ ਪ੍ਰੇਮੀਆਂ ਤੇ ਸਾਹਿਤਕਾਰਾਂ ਦੇ ਰੂਬਰੂ ਕਰਵਾਏ ਗਏ, ਉਹਨਾਂ ਵੱਲੋਂ ਆਪਣੇ ਸੰਘਰਸ਼ ਭਰੇ ਜੀਵਨ ਬਾਰੇ ਦੱਸਦਿਆਂ ਦਰਸ਼ਕਾਂ ਨਾਲ ਬਹੁਤ ਰੌਚਕ ਭਰੇ ਆਪਣੇ ਕੌੜੇ-ਮਿੱਠੇ ਤਜਰਬੇ ਦੱਸ ਕੇ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਵਿੱਚ ਬੈਠੇ ਵੱਡੀ ਗਿਣਤੀ ਵਿੱਚ ਸਾਹਿਤਕਾਰ ਅਤੇ ਸਾਹਿਤ ਪ੍ਰੇਮੀਆਂ ਨੂੰ ਭਾਵੁਕ ਕਰ ਦਿੱਤਾ।ਕਿਸ ਤਰ੍ਹਾਂ ਦਰਸ਼ਨ ਸਿੰਘ ਤੋਂ ਦਰਸ਼ਨ ਸਿੰਘ ਆਸ਼ਟ ਬਣੇ।ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਉਹਨਾਂ ਬਿਜਲੀ ਬੋਰਡ ਦੇ ਖੰਭੇ ਗੱਡਣ ਦੇ ਕੰਮ ਤੋਂ ਸ਼ੁਰੂਆਤ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਟੈਨੋ ਦੀ ਨੌਕਰੀ ਕਿਸ ਤਰ੍ਹਾਂ ਪ੍ਰਾਪਤ ਕੀਤੀ।ਅਜਿਹੇ ਵਿਚ ਜ਼ਿੰਦਗੀ ਦੇ ਨਾਲ-ਨਾਲ ਆਪਣਾ ਸਾਹਿਤਕ ਸਫ਼ਰ ਬਹੁਤ ਵਧੀਆ ਢੰਗ ਨਾਲ ਕਿਸ ਤਰ੍ਹਾਂ ਉਹਨਾਂ ਨੇ ਜਾਰੀ ਰੱਖਿਆ। ਇਸ ਬਾਰੇ ਵੀ ਸਰੋਤਿਆਂ ਨੂੰ ਬਹੁਤ ਬਾਖੂਬੀ ਢੰਗ ਨਾਲ ਉਹਨਾਂ ਦੱਸਿਆ।ਅੰਤ ਵਿੱਚ ਉਹਨਾਂ ਵੱਲੋਂ ਮੁਹਾਰਨੀ ਤੇ ਲਿਖਿਆ ਆਪਣਾ ਗੀਤ ਬਾਲ ਗੀਤ ਸੁਣਾ ਕੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀਆਂ ਨੂੰ ਕੀਲ ਕੇ ਰੱਖ ਦਿੱਤਾ।ਸਭਾ ਦੀ ਕਾਰਵਾਈ ਗੁਰੀ ਤੁਰਮਰੀ ਅਤੇ ਸੁਖਵਿੰਦਰ ਸਿੰਘ ਭਾਦਲਾ ਵੱਲੋਂ ਬਾਖੂਬੀ ਢੰਗ ਨਾਲ ਨਿਭਾਈ ਗਈ।ਅੱਜ ਦੀ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ 'ਚ ਆਏ ਸਾਰੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾ ਵੱਲੋਂ ਕੀਤਾ ਗਿਆ। ਸਾਹਿਤ ਸਭਾ ਸਾਂਝੀ ਸੱਥ ਦੀ ਅਗਲੀ ਮੀਟਿੰਗ ਪਿੰਡ ਬਰਧਾਲਾ ਵਿਖੇ ਕੀਤੀ ਜਾਵੇਗੀ।

*—ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ*

# ਕਾਵਿ ਸੰਗ੍ਰਹਿ 'ਲੀਹਾਂ' ਲੋਕ ਅਰਪਣ



**ਲੁਧਿਆਣਾ** : ਮਹਿਫ਼ਲ-ਏ-ਅਦੀਬ ਸੰਸਥਾ ਜਗਰਾਉਂ ਵੱਲੋਂ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਦੀ ਅਗਵਾਈ ਹੇਠ ਸੰਸਥਾ ਦੀ ਮਹੀਨਾਵਾਰ ਇਕੱਤਰਤਾ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਹਾਲ ਜਗਰਾਉਂ ਵਿਖੇ ਹੋਈ, ਜਿਸ ਵਿਚ ਪ੍ਰਸਿੱਧ ਅੰਤਰ-ਰਾਸ਼ਟਰੀ ਪੱਤਰਕਾਰ ਅਤੇ ਸਾਹਿਤਕਾਰ ਐੱਸ. ਅਸ਼ੋਕ ਭੌਰਾ ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ, ਪ੍ਰਸਿੱਧ ਆਲੋਚਕ ਡਾ. ਸੁਰਜੀਤ ਬਰਾੜ, ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ ਅਤੇ ਸਾਬਕਾ ਐੱਸ. ਡੀ. ਐੱਮ. ਹਰਚਰਨ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਨੇ ਅੱਜ ਦੀ ਇਕੱਤਰਤਾ 'ਤੇ ਚਾਨਣਾ ਪਾਇਆ ਅਤੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਪਰੰਤ ਸਮੂਹ ਮਹਿਮਾਨਾਂ ਅਤੇ ਸੰਸਥਾ ਦੇ ਅਦੀਬਾਂ ਨੇ ਸਾਂਝੇ ਤੌਰ 'ਤੇ ਡਾ. ਅਮਨ ਅੱਚਰਵਾਲ ਦੇ ਦੂਜੇ ਕਾਵਿ ਸੰਗ੍ਰਹਿ 'ਲੀਹਾਂ' ਨੂੰ ਲੋਕ ਅਰਪਣ ਕੀਤਾ।

ਇਸ ਮੌਕੇ ਅਮਰੀਕ ਸਿੰਘ ਤਲਵੰਡੀ, ਹਰਚਰਨ ਸਿੰਘ ਸੰਧੂ, ਮਿੱਤਰ ਸੈਨ ਮੀਤ, ਡਾ. ਬਲਦੇਵ ਸਿੰਘ ਸਾਬਕਾ ਡਿਪਟੀ ਡਾਇਰੈਕਟਰ, ਡਾ. ਸੁਰਜੀਤ ਬਰਾੜ, ਮਿੱਤਰ ਨੇ ਡਾ. ਅਮਨ ਅੱਚਰਵਾਲ ਨੂੰ ਉਨ੍ਹਾਂ ਦੇ ਦੂਜੇ ਕਾਵਿ ਸੰਗ੍ਰਹਿ 'ਲੀਹਾਂ' ਲਈ ਵਧਾਈਆਂ ਦਿੱਤੀਆਂ ਅਤੇ ਪ੍ਰਸੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਗੀਤਾਂ ਵਿਚ ਲੋਕ ਹਿੱਤ ਦੀ ਖੁਸ਼ਬੂ ਆਉਂਦੀ ਹੈ ਅਤੇ ਉਹ ਇਕ ਪ੍ਰੋੜ੍ਹ ਅਤੇ ਸਮਾਜ ਲਈ ਫਿਕਰਮੰਦ ਗੀਤਕਾਰਾਂ ਦੀ ਕਤਾਰ ਵਿਚ ਸ਼ਾਮਲ ਹੋਏ ਹਨ। ਅਜਿਹੇ ਗੀਤਕਾਰਾਂ ਦੀ ਸਮਾਜ ਨੂੰ ਵੱਡੀ ਲੋੜ ਹੈ। ਇਸ ਉਪਰੰਤ ਮੁੱਖ ਮਹਿਮਾਨ ਐੱਸ. ਅਸ਼ੋਕ ਭੌਰਾ ਦਾ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਜਿੱਥੇ ਡਾ. ਅੱਚਰਵਾਲ ਨੂੰ ਵਧਾਈਆਂ ਦਿੱਤੀਆਂ, ਉੱਥੇ ਉਨ੍ਹਾ ਕਿਹਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੌਜੂਦਾ ਸਮੇਂ ਵਿਚ ਅਸੀਂ ਇਖ਼ਲਾਕੀ ਤੌਰ 'ਤੇ ਟੁੱਟ ਰਹੇ ਹਨ, ਆਪਸੀ ਪਰਵਾਰਕ ਰਿਸ਼ਤਿਆਂ ਵਿਚ ਤਰੇੜਾਂ ਪੈ ਰਹੀਆਂ ਹਨ, ਜੋ ਕਿ ਸਾਡੇ ਲਈ ਬਹੁਤ ਗੰਭੀਰ ਵਿਸ਼ਾ ਹੈ।ਇਸ ਦੇ ਕਾਰਨਾਂ ਦੀ ਪੜਚੋਲ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਨੂੰ ਇਨ੍ਹਾਂ ਮਸਲਿਆਂ 'ਤੇ ਵਿਚਾਰ ਗੋਸ਼ਟੀਆਂ ਕਰਕੇ ਕਾਰਨ ਅਤੇ ਉਨ੍ਹਾਂ ਦੇ ਹੱਲ ਲੱਭਣ ਦੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਮਹਿਫ਼ਲ-ਏ-ਅਦੀਬ ਸੰਸਥਾ ਦੇ ਇਸ ਉਪਰਾਲੇ ਅਤੇ ਉਨ੍ਹਾਂ ਦੇ ਕੀਤੇ ਸਨਮਾਨ ਲਈ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਡਾ. ਅਮਨ ਅੱਚਰਵਾਲ ਦਾ ਵੀ ਸੰਸਥਾ, ਪੰਚਾਇਤ ਅਤੇ ਪਰਵਾਰਕ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਉਪਰੰਤ ਕਵੀ ਦਰਬਾਰ ਦੌਰਾਨ ਜਸਵੰਤ ਭਾਰਤੀ, ਮੁਨੀਸ਼ ਸਰਗਮ, ਕਾਨਤਾ ਦੇਵੀ, ਚਰਨਜੀਤ ਕੌਰ ਗਗੜਾ, ਡਾ. ਬਲਦੇਵ ਸਿੰਘ, ਅਵਤਾਰ ਸਿੰਘ ਭੁੱਲਰ, ਮਹਿੰਦਰ ਸਿੰਘ ਸੰਧੂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਆਖ਼ਿਰ ਵਿਚ ਪ੍ਰਧਾਨ ਰਛਪਾਲ ਸਿੰਘ ਚਕਰ ਨੇ ਆਏ ਸਾਰੇ ਮਹਿਮਾਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਭਦੀਪ ਸਿੰਘ ਅੱਚਰਵਾਲ, ਤਰਲੋਚਨ ਸਿੰਘ, ਚਮਕੌਰ ਸਿੰਘ ਸਾਬਕਾ ਸਰਪੰਚ ਅੱਚਰਵਾਲ, ਬਲਵੀਰ ਸਿੰਘ ਸਾਬਕਾ ਸਰਪੰਚ ਅੱਚਰਵਾਲ, ਪ੍ਰੇਮ ਸਿੰਘ ਭੁੱਲਰ, ਰੂਮੀ ਰਾਜ, ਗੁਰਜੰਟ ਸਿੰਘ, ਜੀਵਨ ਸਿੰਘ, ਹਰਭਜਨ ਸਿੰਘ, ਗੁਰਪ੍ਰੀਤ ਸਿੰਘ, ਡਾ. ਲਾਲ ਸਿੰਘ ਮਾਣੂੰਕੇ, ਬਲਵੀਰ ਕੌਰ ਪਤਨੀ ਡਾ. ਅਮਨ ਅੱਚਰਵਾਲ, ਅਮਰਜੀਤ ਕੌਰ, ਕਰਮਜੀਤ ਕੌਰ ਸਾਬਕਾ ਸਰਪੰਚ, ਪਲਵਿੰਦਰ ਸਿੰਘ ਝੋਰੜਾਂ ਆਦਿ ਹਾਜ਼ਰ ਸਨ।

# 'ਕਸਕ' 'ਤੇ ਗੋਸ਼ਟੀ ਤੇ ਵਿਚਾਰ-ਚਰਚਾ



**ਬਰਨਾਲਾ** : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ, ਜਿਸ ਵਿੱਚ ਪ੍ਰਸਿੱਧ ਨਾਵਲਕਾਰ ਡਾ. ਧਰਮਪਾਲ ਸਾਹਿਲ ਦੇ ਨਾਵਲ 'ਕਸਕ' ਉਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਰਾਮਪਾਲ ਸਿੰਘ ਨੇ ਕਿਹਾ, ਇਸ ਨਾਵਲ ਵਿਚ ਹਨੇਰੇ ਤੋਂ ਬਾਅਦ ਸਵੇਰੇ ਦੀ ਉਤਸੁਕਤਾ ਭਰੀ ਉਡੀਕ ਹੈ।ਇਸ ਦੇ ਪਾਤਰ ਸਿਕੋਹ ਮਲਿਕ ਅਤੇ ਬੀਬੀ ਮੁਹੰਮਦ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਇੱਕ ਹੋ ਜਾਣ ਦੇ ਪ੍ਰਤੀਕ ਹਨ!

ਮਾਲਵਾ ਸਾਹਿਤ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਸ ਨਾਵਲ ਵਿੱਚ ਲੇਖਕ ਨੇ 1947 ਦੀ ਵੰਡ ਦੇ ਕਾਰਨ ਅਤੇ ਉਜਾੜੇ ਦੇ ਦਰਦ ਨੂੰ ਘਟਨਾਵਾਂ ਦੇ ਆਧਾਰ 'ਤੇ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ ਹੈ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਜੁਗਰਾਜ ਧੌਲਾ, ਡਾ. ਭੁਪਿੰਦਰ ਸਿੰਘ ਹੁਸ਼ਿਆਰਪੁਰ, ਡਾ. ਕੁਲਦੀਪ ਸਿੰਘ, ਤੇਜਾ ਸਿੰਘ ਤਿਲਕ, ਡਾ. ਭੁਪਿੰਦਰ ਸਿੰਘ ਬੇਦੀ ਦਰਸ਼ਨ ਸਿੰਘ ਗੁਰੂ, ਜਗਤਾਰ ਜਜੀਰਾ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ! ਉਪਰੰਤ ਪਿਤਾ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਲਖਵਿੰਦਰ ਸਿੰਘ ਠੀਕਰੀਵਾਲ, ਹਾਕਮ ਸਿੰਘ ਰੂੜੇਕੇ, ਸੁਖਵਿੰਦਰ ਸਿੰਘ ਸਨੇਹ, ਰਾਜਵੀਰ ਸਿੰਘ, ਜਸਪਾਲ ਸਿੰਘ ਪਾਲੀ, ਪ੍ਰਿੰਸੀਪਲ ਕੌਰ ਸਿੰਘ ਧਨੌਲਾ, ਰਾਮ ਸਰੂਪ ਸ਼ਰਮਾ, ਮਾ. ਸੁਰਜੀਤ ਸਿੰਘ ਦਿਹੜ, ਕਰਮਜੀਤ ਸਿੰਘ ਜੱਗੀ ਭੋਤਨਾ, ਸ਼ਿੰਦਰ ਧੌਲਾ, ਕਰਮਜੀਤ ਭੱਠਲ, ਮਨਦੀਪ ਕੁਮਾਰ, ਚਰਨੀ ਬੇਦਿਲ, ਡਾ. ਉਜਾਗਰ ਸਿੰਘ ਮਾਨ, ਦਲਵਾਰ ਸਿੰਘ ਧਨੌਲਾ ਅਤੇ ਜਤਿੰਦਰ ਸਿੰਘ ਉੱਪਲੀ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਅਸ਼ੋਕ ਭਾਰਤੀ, ਮੇਜਰ ਸਿੰਘ ਗਿੱਲ, ਕੈਪਟਨ ਦਰਬਾਰਾ ਸਿੰਘ ਪੱਖੋਕੇ, ਹਰਬੰਸ ਸਿੰਘ ਟੱਲੇਵਾਲ, ਵੀਰਪਾਲ ਕੌਰ ਹੰਡਿਆਇਆ, ਨਾਵਲਕਾਰ ਸਨੇਹ ਬਠਿੰਡਾ, ਅਵਤਾਰ ਸਿੰਘ ਬੱਬੀ, ਰਾਏਸਰ ਤੋਂ ਇਲਾਵਾ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ। ਸਭਾ ਦੀ ਰਵਾਇਤ ਮੁਤਾਬਕ ਇਸ ਮੌਕੇ ਡਾ. ਧਰਮਪਾਲ ਸਾਹਿਲ ਦਾ ਸਨਮਾਨ ਵੀ ਕੀਤਾ ਗਿਆ।

# ਸਮਕਾਲ

## ਹੁਣ-49




ਜੂਨ-ਸਤੰਬਰ, 24, 'ਹੁਣ' ਦਾ ਨਵਾਂ ਅੰਕ ਹੈ। 'ਹੁਣ' ਦਾ ਸਾਹਿਤਕ ਪੱਤਰਕਾਰੀ 'ਚ ਨਿਵੇਕਲਾ ਮੁਕਾਮ ਹੈ। ਸੰਪਾਦਕੀ 'ਚ ਸੁਸ਼ੀਲ ਨੇ ਵਿਛੜ ਗਏ ਲੇਖਕਾਂ ਨੂੰ ਯਾਦ ਕੀਤਾ ਹੈ। ਹੱਥਲੇ ਅੰਕ ਵਿੱਚ ਚਿੰਤਨ ਅਤੇ ਭਾਰਤੀ ਸੰਸਕ੍ਰਿਤੀ ਦਾ ਵਿਸ਼ਲੇਸ਼ਣ ਕਰਦੇ ਤਿੰਨ ਲੇਖ ਅਹਿਮ ਹਨ। 'ਮੁੱਢਲੇ ਭਾਰਤੀ ਕੌਣ ਸਨ ਤੇ ਕਿੱਥੋਂ ਆਏ' ਲੇਖ 'ਚ ਮਨਮੋਹਨ ਨੇ ਟੋਨੀ ਜੋਸਫ਼ ਦੀ ਕਿਤਾਬ ਦੇ ਹਵਾਲੇ ਨਾਲ ਮੁੱਢਲੇ ਭਾਰਤੀਆਂ ਦੀ ਇਤਿਹਾਸਕਾਰੀ ਕੀਤੀ ਹੈ। ਹਰਵਿੰਦਰ ਭੰਡਾਲ ਆਪਣੇ ਲੇਖ 'ਅਜੋਕੇ ਭਾਰਤੀ ਸਮਾਜ ਦੀਆਂ ਨੀਹਾਂ' 'ਚ ਇਸ ਮੁੱਦੇ ਨੂੰ ਅਗਾਹ ਤੋਰਦਾ ਹੈ। ਉਹ ਭਾਰਤੀ ਨਸਲਾਂ ਸੰਬੰਧੀ ਕਈ ਨੁਕਤੇ ਸਾਂਝੇ ਕਰਦਾ ਹੈ। ਡਾ. ਜਸਵੰਤ ਰਾਏ ਵੱਲੋਂ ਅਨੁਵਾਦ ਚਰਨ ਦਾਸ ਸਿੱਧੂ ਦਾ ਲੇਖ 'ਕੀ ਰੰਗਕਰਮੀ ਸ਼ੂਦਰ ਹੁੰਦੇ ਹਨ?' ਵੀ ਇਸ ਮਸਲੇ ਨੂੰ ਅਗਾਂਹ ਤੋਰਦਾ ਹੈ, ਕਿਵੇਂ ਦਲਿਤ ਲੋਕ ਆਪਣੀ ਕਲਾ ਰਾਹੀਂ ਆਪਣੀ ਪਰੰਪਰਾ ਨੂੰ ਬਚਾਈ ਰੱਖਦੇ ਹਨ। ਅਮਰਜੀਤ ਸਿੰਘ ਗਰੇਵਾਲ ਨੇ 'ਅਰਥਾਂ ਦੇ ਸ਼ਕਤੀ ਸਬੰਧਾਂ ਵਿਰੁੱਧ ਫ਼ੈਸਲਾਕੁਨ ਜੰਗ' ਰਾਹੀਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਨੂੰ ਸਮਝਿਆ ਹੈ।

ਹੱਥਲੇ ਅੰਕ ਵਿੱਚ ਜਸਵੀਰ ਰਾਣਾ (ਇਕ ਦਸਤਾਰ ਰੱਤ ਲਿੱਬੜੀ), ਬਲਵੰਤ ਫ਼ਰਵਾਲੀ (ਰੈੱਡ ਰਿਬਨ), ਗੁਰਮੀਤ ਸਿੰਘ ਸਿੰਗਲ (ਉਜਾੜ), ਸੁਖਵਿੰਦਰ ਸਿੰਘ ਢਿੱਲੋਂ (ਹਲਾ ਓਏ, ਲਲਾ ਓਏ), ਗੁਰਪ੍ਰੀਤ ਡੈਨੀ (ਤਸਵੀਰ), ਅਲਫ਼ਾਜ਼ (ਬੱਜੋਰੱਤਾ) ਦੀਆਂ ਛੇ ਕਹਾਣੀਆਂ ਛਪੀਆਂ ਹਨ। ਰਾਣਾ, ਬਲਵੰਤ ਤੇ ਡੈਨੀ ਦੀਆਂ ਕਹਾਣੀਆਂ ਕੁਝ ਗੱਲਾਂ ਕਰਕੇ ਅਹਿਮ ਹਨ। ਬਲਦੇਵ ਸਿੰਘ ਦੇ ਨਵੇਂ ਨਾਵਲ ਦਾ ਅੰਸ਼ ਛਪਿਆ ਹੈ। ਅਕਰਮ ਸ਼ੇਖ, ਦਵਿੰਦਰ ਸੈਫ਼ੀ, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਕੰਵਲਜੀਤ ਭੁੱਲਰ, ਕੁਲਦੀਪ ਗੋਲਡੀ, ਸੁਮਿਤਾ ਮਿਸ਼ਰਾ, ਗੌਤਮ, ਤਰਸੇਮ, ਸਿਮਰਨਜੋਤ ਮਾਨ, ਰਾਜਬੀਰ ਮੱਤਾ, ਰਿਤੂ ਵਾਸੂਦੇਵ ਦੀਆਂ ਕਵਿਤਾਵਾਂ ਹਨ। ਮੁੱਢ ਵਿੱਚ ਸੁਰਜੀਤ ਪਾਤਰ ਅਤੇ ਮੋਹਨਜੀਤ ਦੀਆਂ ਪਹਿਲੀਆਂ ਮੁਲਾਕਾਤਾਂ ਵਿੱਚੋਂ ਚੋਣਵੀਆਂ ਗੱਲਾਂ ਤਸਵੀਰਾਂ ਸਮੇਤ ਦਿੱਤੀਆ ਹਨ। ਰੂਬੀਨਾ ਗੋਗੀ ਦੀਆਂ ਪੇਂਟਿੰਗਜ਼ ਰੰਗਦਾਰ ਛਾਪੀਆਂ ਹਨ।

ਬਲਬੀਰ ਸਿੰਘ ਕੰਵਲ ਨੇ 'ਦੁਨੀਆ ਦੇ ਬਹੁਤ ਵੱਡੇ ਭਲਵਾਨਾਂ ਦੇ ਇਤਿਹਾਸਕ ਭੇੜ', ਸੁਕੀਰਤ ਨੇ 'ਇਕ ਹੋਣੀ, ਇਕ ਵਸੀਅਤ', ਗੁਲਜ਼ਾਰ ਸਿੰਘ ਸੰਧੂ ਨੇ 'ਵੇਖੇ ਸੁਣੇ ਟਾਪੂ', ਜਗਤਾਰਜੀਤ ਸਿੰਘ ਨੇ 'ਚਿੱਤਰਕਾਰ ਠਾਕੁਰ ਸਿੰਘ' ਆਦਿ ਲੇਖ 'ਚ ਲੇਖਕ ਆਪਣੇ ਆਪਣੇ ਵਿਸ਼ੇ ਤੇ ਪਕੜ ਬਣਾਈ ਰੱਖਦੇ ਹਨ। ਭਗਵੰਤ ਰਸੂਲਪੁਰੀ ਨੇ ਆਪਣੀ 33 ਸਾਲਾ ਦੌਰਾਨ ਲਿਖੀ ਕਹਾਣੀ ਦੀ ਸਿਰਜਣ ਪ੍ਰਕਿਰਿਆ 'ਮੈਂ ਸਮਾਜ ਦੀ ਜ਼ਮੀਨ 'ਚੋਂ ਪਾਤਰ ਚੁੱਕ, ਕਹਾਣੀ 'ਚ ਰੱਖਦਾ ਹਾਂ' ਅਧੀਨ ਖੁੱਲ੍ਹ ਕੇ ਗੱਲ ਕੀਤੀ ਹੈ। ਇੰਦਰਜੀਤ ਚੁਗਾਵਾਂ ਨੇ 'ਮਾਨਵੀ ਰਿਸ਼ਤੇ ਤੇ ਪੁਲ਼!' ਅਤੇ ਸਰਬਜੀਤ ਕੌਰ ਜੱਸ ਨੇ 'ਭੈਅ ਦੇ ਸਾਏ ਹੇਠਲਾ ਬਚਪਨ' ਤਹਿਤ ਮਨੁੱਖੀ ਜ਼ਿੰਦਗੀ ਨੂੰ ਸਮਝਿਆ ਹੈ। ਭੋਲਾ ਸਿੰਘ ਸੰਘੇੜਾ ਨੇ 'ਬਸੰਤ ਕੁਮਾਰ ਰਤਨ' ਤੇ ਤਰਸੇਮ ਬਸ਼ਰ ਨੇ 'ਅਸ਼ੋਕ ਹੁਸ਼ਿਆਰਪੁਰੀ' ਦਾ ਸ਼ਬਦ ਚਿੱਤਰ ਲਿਖਿਆ ਹੈ। ਨਿੰਦਰ ਘੁਗਿਆਣਵੀ ਨੇ ਰੋਜ਼ਗਾਰਡਨ ਡਾਇਰੀ ਲਿਖੀ ਹੈ। ਪ੍ਰਵੇਸ਼ ਸ਼ਰਮਾ ਨੇ 'ਪੰਜਾਬੀ ਲੋਕਧਾਰਾ ਵਿੱਚ ਨਾਇਕ' ਅਧੀਨ ਜੱਟ ਕਲਚਰ ਬਾਰੇ ਲਿਖਿਆ ਹੈ। ਭੋਜ ਰਾਜ ਨੇ ਇਸ਼ਤਿਆਕ ਅਹਿਮਦ ਦੀ ਕਿਤਾਬ 'ਪੰਜਾਬ' ਦਾ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ 'ਕੈਨੇਡਾ ਦੀਆਂ ਪ੍ਰਤੀਨਿਧ ਪੰਜਾਬੀ ਕਹਾਣੀਆਂ' ਦਾ ਵਿਸ਼ਲੇਸ਼ਣ ਕੀਤਾ ਹੈ। ਅੰਤ ਵਿੱਚ ਐੱਚ. ਐੱਸ. ਡਿੰਪਲ ਨੇ ਹੁਣ ਦੇ ਪਿਛਲੇ ਅੰਕ ਵਿੱਚ ਛਪੀਆਂ ਕਹਾਣੀਆਂ ਤੇ ਤਬਸਰਾ ਕੀਤਾ ਹੈ। ਪਰਚੇ ਦੇ ਪੰਨੇ : 196, ਮੁੱਲ : 200 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਸੁਸ਼ੀਲ ਦੁਸਾਂਝ, ਕਮਲ ਦੁਸਾਂਝ, 102, ਦੂਜੀ ਮੰਜ਼ਿਲ, ਮੋਨਾ ਪੈਰਾਡਾਈਜ਼, ਸ਼ਿਵਾਲਿਕ ਸਿਟੀ, ਮੋਹਾਲੀ, ਮੁਬਾਇਲ : 98887-99870

## ਰਾਗ-17

ਮਈ-ਅਗਸਤ, 24, ਰਾਗ ਦਾ ਨਵਾਂ ਅੰਕ ਛਪ ਕੇ ਆ ਗਿਆ ਹੈ। ਹੱਥਲੇ ਅੰਕ ਵਿੱਚ ਛਪਿਆ ਮਿਆਰੀ ਮੈਟਰ ਪਾਠਕ ਨੂੰ ਆਪਣੇ ਵੱਲ ਖਿੱਚਣ ਵਾਲਾ ਹੈ। ਪਰਚੇ ਦੇ ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ ਨੇ ਵਾਤਾਵਰਣ ਦੀ ਗੱਲ ਕਰਦਿਆਂ ਪੰਜਾਬੀਆਂ ਨੂੰ 'ਜਾਗਣ ਦਾ ਵੇਲਾ' ਚੇਤਾ ਕਰਵਾਇਆ ਹੈ। ਪਰਮਜੀਤ ਦਿਓਲ ਨੇ ਆਪਣੇ ਸੰਪਾਦਕੀ ਨੋਟ 'ਚ 'ਸਮੇਂ ਦੀ ਨਬਜ਼ 'ਤੇ ਹੱਥ ਧਰਿਆ' ਹੈ। ਜੰਗ ਬਹਾਦੁਰ ਗੋਇਲ ਨੇ 'ਮੇਰੇ ਤਿੰਨ ਲਾਹੌਰ' ਅਧੀਨ ਲਾਹੌਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਇਸ ਵਾਰ ਪਰਚੇ 'ਚ ਅੱਠ ਕਹਾਣੀਆਂ ਛਪੀਆਂ ਹਨ। ਦੀਪਤੀ ਬਬੂਟਾ (ਜਾਂਦੀ ਗੱਡੀ ਦੀਆਂ ਕੂਕਾਂ!), ਦਰਸ਼ਨ ਜੋਗਾ (ਲਕੀਰ), ਹਰਪਾਲ ਸਿੰਘ ਪੰਨੀ (ਲਕੀਰ ਦਾ ਕੁਟਾਪਾ), ਅਜਮੇਰ ਰੋਡੇ (ਓਪਰਾ ਮੁੰਡਾ), ਰੋਜ਼ੀ ਸਿੰਘ (ਪਸ਼ਚਾਤਾਪ), ਭੁਪਿੰਦਰ ਸਿੰਘ ਮਾਨ (ਹੈੱਡ ਹੰਟਰਜ), ਡਾ. ਜਸਵੰਤ ਰਾਏ (ਅਪਣੱਤ), ਗੁਰਪ੍ਰੀਤ ਡੈਨੀ (ਮੈਂ ਵਰਜਿਨ ਨਹੀਂ ) ਕਹਾਣੀਆਂ ਛਪੀਆਂ ਹਨ। ਮਾਨ, ਡੈਨੀ, ਜਸਵੰਤ, ਜੋਗਾ ਤੇ ਦੀਪਤੀ ਦੀਆਂ ਕਹਾਣੀਆਂ ਖ਼ਰੀਆਂ ਹਨ। ਤ੍ਰੈਲੋਚਨ ਲੋਚੀ, ਗੁਰਪ੍ਰੀਤ, ਸਹਿਜਪ੍ਰੀਤ ਮਾਂਗਟ, ਕਰਮਜੀਤ ਕਿਸ਼ਾਂਵਲ, ਉਂਕਾਰਪ੍ਰੀਤ, ਜਗਦੀਪ ਸਿੱਧੂ, ਆਦੇਸ਼ ਅੰਕੁਸ਼, ਮੀਤ ਅਨਮੋਲ, ਜਸ ਪ੍ਰੀਤ, ਜੱਸ ਬਠਿੰਡਾ, ਰੂਹੀ ਸਿੰਘ, ਜਗਤਾਰ ਪੱਖੋਂ, ਰਣਧੀਰ, ਇੰਦਰਜੀਤ ਜਾਦੂ, ਸੰਦੀਪ ਕੌਰ, ਵਿਨੋਦ ਅਨੀਕੇਤ, ਦਲਜੀਤ ਸਿੰਘ ਪੁਰੇਵਾਲ ਦੀ ਸ਼ਾਇਰੀ ਵਿੱਚ ਸਮਕਾਲ ਝਲਕਦਾ ਹੈ। ਬਾਬੂਸ਼ਾ ਕੋਹਲੀ ਦੀਆਂ ਕਵਿਤਾਵਾਂ ਦਾ ਅਨੁਵਾਦ ਭੁਪਿੰਦਰ ਕੌਰ ਪ੍ਰੀਤ ਨੇ ਕੀਤਾ ਹੈ। ਬਾਬੂਸ਼ਾ ਨੇ ਆਪਣੀ ਕਵਿਤਾ ਵਿੱਚ ਬਹੁਤ ਸੂਖ਼ਮ ਅਹਿਸਾਸ ਪ੍ਰਗਟ ਕੀਤੇ ਹਨ।

ਪਰਚੇ ਵਿੱਚ ਅੱਠ ਸ਼ਬਦ ਚਿੱਤਰ ਅਹਿਮ ਹਨ। ਲਖਵਿੰਦਰ ਜੌਹਲ ਨੇ 'ਗੁਰਜ਼ਾਰ ਸਿੰਘ ਸੰਧੂ ਬਾਰੇ, ਭਗਵੰਤ ਰਸੂਲਪੁਰੀ ਨੇ 'ਦੇਸ ਰਾਜ ਕਾਲੀ ਬਾਰੇ, ਰਾਜਿੰਦਰ ਪਾਲ ਬਰਾੜ ਨੇ 'ਸੁਖਜੀਤ' ਬਾਰੇ, ਨਿੰਦਰ ਘੁਗਿਆਣਵੀ ਨੇ 'ਗੁਰਦੇਵ ਸਿੰਘ ਰੁਪਾਣਾ' ਬਾਰੇ, ਗੁਰਦੀਪ ਸਿੰਘ ਨੇ 'ਤੁੰਗਆਲੀਏ ਬੀਰੇ' ਬਾਰੇ, ਸਵਾਮੀ ਸਰਬਜੀਤ ਨੇ 'ਟੋਨੀ ਬਾਤਿਸ' ਬਾਰੇ, ਤਰਸੇਮ ਬਸ਼ਰ ਨੇ 'ਜਸਪਾਲ ਮਾਨਖੇੜਾ' ਬਾਰੇ, ਦਿਲਬਾਗ ਰਾਣਾ ਨੇ 'ਦੀਪਕ ਜੈਤੋਈ ਬਾਰੇ ਲਿਖ ਕੇ ਉਨ੍ਹਾਂ ਦੀ ਸ਼ਖ਼ਸ਼ੀਅਤ ਦੇ ਵੱਖ ਵੱਖ ਪਹਿਲੂਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਇਨ੍ਹਾਂ ਸ਼ਬਦ ਚਿੱਤਰਾਂ ਵਿੱਚ ਗੁਲਜਾਰ, ਕਾਲੀ, ਸੁਖਜੀਤ, ਰੁਪਾਣਾ, ਬਾਤਿਸ਼ ਤੇ ਜੈਤੋਈ ਆਦਿ ਕੇ ਕਈ ਅਛੂਤੇ ਪਹਿਲੂਆਂ ਬਾਰੇ ਪਾਠਕ ਜਾਣ ਸਕਣਗੇ। ਹਰਵਿੰਦਰ ਸਿੰਘ ਨੇ ਜਸਬੀਰ ਭੁੱਲਰ ਦੀ ਮੁਲਾਕਾਤ ਕੀਤੀ ਹੈ। ਜਿਸ ਵਿੱਚ ਉਨ੍ਹਾਂ ਅਨੇਕਾਂ ਕੌੜੇ-ਖੱਟੇ ਅਹਿਸਾਸ ਪ੍ਰਗਟ ਕੀਤੇ ਹਨ। ਕੇ. ਐੱਲ. ਗਰਗ ਦੀ ਪਤਨੀ ਦੀ ਮੁਲਾਕਾਤ ਵੀ ਪੜ੍ਹਨਯੋਗ ਹੈ। ਬਲਵਿੰਦਰ ਸੰਧੂ ਨੇ ਆਪਣੀ ਸਿਰਜਣਾ ਦੇ ਸਰੋਤ ਸਾਂਝੇ ਕੀਤੇ ਹਨ। ਸਰਵਣ ਸਿੰਘ ਨੇ ਪੈਰਿਸ ਉਲੰਪਿਕਸ-24 ਨੂੰ 'ਦੁਨੀਆਂ ਭਰ ਦੀ ਜੁਆਨੀ ਦਾ ਸਭ ਤੋਂ ਵੱਡਾ ਜੋੜ ਮੇਲਾ' ਕਿਹਾ ਹੈ। ਲੇਖ ਰਸਹੀਣ ਬੋਝਲ ਡਾਟੇ ਨਾਲ ਭਰਿਆ ਪਿਆ ਹੈ। ਪ੍ਰੇਮ ਮਾਨ ਨੇ 'ਕੈਲੇਫੋਰਨੀਆ ਵਿਚ ਪੜ੍ਹਨ ਪੜ੍ਹਾਉਣ ਤੇ ਬਿਤਾਏ ਕੁਝ ਸਾਲ' 'ਚ ਉਥੋਂ ਦੇ ਵਿਦਿਅਕ ਮੰਦਰਾਂ ਬਾਰੇ ਕਮਾਲ ਦੀ ਵਰਤਕ ਲਿਖੀ ਹੈ। ਯੂਨੀਵਰਸਿਟੀਆਂ ਦੇ ਉੱਚ ਵਿਦਿਆ ਦੇ ਮਿਆਰ ਬਾਰੇ ਵੀ ਲੇਖ ਗੱਲ ਕਰਦਾ ਹੈ। ਅੰਬਰੀਸ਼ ਨੇ 'ਮੇਰਾ ਅੰਮ੍ਰਿਤਸਰ' ਵਿੱਚ ਵੀ ਮੁੱਲਵਾਨ ਗੱਲਾਂ ਕੀਤੀਆਂ ਹਨ। ਬੂਟਾ ਸਿੰਘ ਚੌਹਾਨ ਦਾ 'ਦਾਗ਼ ਦੇਹਲਵੀ ਬਨਾਮ ਪ੍ਰਕਾਸ਼ ਸਾਥੀ' ਲੇਖ ਚੰਗਾ ਵਾਰਤਕ ਦਾ ਨਮੂਨਾ ਹੈ। ਸਾਹਿਬ ਸਿੰਘ ਨੇ 'ਫ਼ਿਲਮ ਅਮਰ ਸਿੰਘ ਚਮਕੀਲਾ' ਦੇ ਪ੍ਰਸੰਗ ਵਿੱਚ ਚਮਕੀਲੀ ਦਾ ਗਾਇਕੀ ਅਤੇ ਉਸ ਵੇਲੇ ਦੇ ਸਮਾਜ ਦੀ ਸਮਾਜਿਕ ਸਥਿਤੀ ਨੂੰ ਸਮਝਿਆ ਹੈ। ਰਮਨ ਸੰਧੂ ਨੇ 'ਸਾਹਿਤ ਨੂੰ ਢਾਹ ਲਾਉਂਦੀਆਂ ਸਾਹਿਤ ਸਭਾਵਾਂ' ਅਧੀਨ ਆਪਣੀਆਂ ਖੱਟੀਆਂ ਮਿੱਠੀਆਂ ਲਿਖੀਆਂ ਹਨ। ਲਖਵਿੰਦਰ ਜੌਹਲ ਨੇ ਤੁਰ ਗਏ ਸੁਰਜੀਤ ਪਾਤਰ, ਮੋਹਨ ਜੀਤ ਤੇ ਸੁਖਜੀਤ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਅੰਤ ਵਿੱਚ ਕੁਝ ਕਿਤਾਬਾਂ ਦੀ ਪਰਖ ਪੜਚੋਲ ਕੀਤੀ ਗਈ ਹੈ। ਪਰਚੇ ਦੇ ਪੰਨੇ : 240, ਮੁੱਲ : 200 ਰੁਪਏ ਹੈ। ਸੰਪਰਕ ਪਤਾ: ਮੁੱਖ ਸੰਪਾਦਕ : ਇੰਦਰਜੀਤ ਪੁਰੇਵਾਲ, ਨਿਊ ਯਾਰਕ, ਅਮਰੀਕਾ, ਮੁਬਾਇਲ : +1-845-702-1886

*- ਭਗਵੰਤ ਰਸੂਲਪੁਰੀ*

# ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ




**ਸਰੀ** : ਬੀਤੇ ਦਿਨ ਗ਼ਜ਼ਲ ਮੰਚ ਸਰੀ ਵੱਲੋਂ ਜਗਰਾਉਂ (ਪੰਜਾਬ) ਤੋਂ ਆਏ ਸ਼ਾਇਰ ਰਾਜਦੀਪ ਤੂਰ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਮੰਚ ਦੇ ਸਕੱਤਰ ਦਵਿੰਦਰ ਗੌਤਮ ਨੇ ਮੰਚ ਵੱਲੋਂ ਰਾਜਦੀਪ ਤੂਰ ਦਾ ਸਵਾਗਤ ਕੀਤਾ ਅਤੇ ਉਸ ਬਾਰੇ ਸੰਖੇਪ ਜਾਣਕਾਰੀ ਮੰਚ ਦੇ ਦੋਸਤਾਂ ਨਾਲ ਸਾਂਝੀ ਕੀਤੀ। ਦਵਿੰਦਰ ਨੇ ਦੱਸਿਆ ਕਿ ਰਾਜਦੀਪ ਤੂਰ ਪੰਜਾਬੀ ਦਾ ਪਿਆਰਾ ਸ਼ਾਇਰ ਹੈ। ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਵੱਦੀ ਕਲਾਂ ਦੇ ਜੰਮਪਲ ਰਾਜਦੀਪ ਤੂਰ ਨੂੰ ਲਿਖਣ ਦੀ ਚੇਟਕ ਆਪਣੇ ਪਿਤਾ ਤੋਂ ਲੱਗੀ। ਉਸ ਦੇ ਪਿਤਾ ਸਵ. ਰਾਜਿੰਦਰ ਸਿੰਘ ਰਾਜ਼ ਸਵੱਦੀ ਆਪਣੇ ਸਮੇਂ ਦੇ ਵਧੀਆ ਕਹਾਣੀ ਲੇਖਕ ਸਨ। ਰਾਜਦੀਪ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨਾਲ ਲਬਰੇਜ਼ ਹੈ। ਉਸ ਦੀਆਂ ਗ਼ਜ਼ਲਾਂ ਸ਼ਾਇਰ ਦੀ ਸਮਾਜਿਕ ਚੇਤਨਤਾ ਨੂੰ ਬਾਖੂਬੀ ਦਰਸਾਉਂਦੀਆਂ ਹਨ। ਉਦਾਸੀ ਅਤੇ ਨਿਰਾਸ਼ਾ ਨੂੰ ਉਸਾਰੂ ਰੂਪ ਵਿੱਚ ਪ੍ਰਗਟ ਕਰ ਕੇ ਜ਼ਿੰਦਗੀ ਨੂੰ ਸਮਝਣ ਅਤੇ ਮਾਨਣ ਦਾ ਸੁਨੇਹਾ ਉਹ ਆਪਣੀ ਸ਼ਾਇਰੀ ਰਾਹੀਂ ਦਿੰਦਾ ਹੈ।ਰਾਜਦੀਪ ਤੂਰ ਨੇ ਆਪਣੇ ਸਾਹਿਤਕ ਸਫ਼ਰ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਉਸ ਦਾ ਇੱਕ ਗਜ਼ਲ ਸੰਗ੍ਰਹਿ 'ਰੂਹ ਵੇਲਾ' ਪ੍ਰਕਾਸ਼ਿਤ ਹੋ ਚੁੱਕਿਆ ਹੈ। ਇਹ ਗਜ਼ਲ ਸੰਗ੍ਰਹਿ ਸ਼ਾਹਮੁਖੀ ਵਿੱਚ ਵੀ ਛਪ ਚੁੱਕਿਆ ਹੈ। ਇਸ ਤੋਂ ਇਲਾਵਾ ਕਈ ਸਾਂਝੀਆਂ ਕਾਵਿ-ਪੁਸਤਕਾਂ ਵਿਚ ਵੀ ਉਸ ਦੀਆਂ ਰਚਨਾਵਾਂ ਸ਼ਾਮਲ ਹਨ। ਪੰਜਾਬ ਅਤੇ ਵਿਸ਼ੇਸ਼ ਕਰਕੇ ਲੁਧਿਆਣਾ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਉਸ ਨੇ ਖੁੱਲ੍ਹ ਕੇ ਗੱਲਬਾਤ ਕੀਤੀ। ਪੰਜਾਬ ਵਿਚਲੀਆਂ ਸਾਹਿਤ ਸਭਾਵਾਂ ਅਤੇ ਕੈਨੇਡੀਅਨ ਸਾਹਿਤ ਸਰਗਰਮੀਆਂ ਬਾਰੇ ਵੀ ਗੱਲਬਾਤ ਹੋਈ। ਰਾਜਦੀਪ ਨੇ ਦੱਸਿਆ ਕਿ ਪੰਜਾਬ ਦੇ ਸਾਹਿਤਕ ਹਲਕਿਆਂ ਵਿੱਚ ਗ਼ਜ਼ਲ ਮੰਚ ਸਰੀ ਦੀ ਗੂੜ੍ਹੀ ਪਛਾਣ ਬਣ ਚੁੱਕੀ ਹੈ ਅਤੇ ਵਿਸ਼ੇਸ਼ ਕਰਕੇ ਪੰਜਾਬੀ ਗ਼ਜ਼ਲਗੋ ਇਸ ਸੰਸਥਾ ਦੀਆਂ ਸਰਗਰਮੀਆਂ ਅਤੇ ਇਸ ਦੇ ਸ਼ਾਇਰਾਂ ਤੋਂ ਬੇਹੱਦ ਪ੍ਰਭਾਵਿਤ ਹੋ ਰਹੇ ਹਨ। ਇਸ ਮੌਕੇ ਉਸ ਨੇ ਆਪਣੀਆਂ ਕੁਝ ਗਜ਼ਲਾਂ ਮੰਚ ਦੇ ਸ਼ਾਇਰਾਂ ਨਾਲ ਸਾਂਝੀਆਂ ਕੀਤੀਆਂ। ਰਾਜਦੀਪ ਨੇ ਆਪਣੇ ਸਵਰਗੀ ਪਿਤਾ ਰਾਜਿੰਦਰ ਰਾਜ਼ ਸਵੱਦੀ ਦੇ ਕਹਾਣੀ ਸੰਗ੍ਰਹਿ 'ਜ਼ਿੰਦਗੀ ਵਿਕਦੀ ਨਹੀਂ' ਨੂੰ ਮੁੜ ਪ੍ਰਕਾਸ਼ਿਤ ਕਰਨ ਬਾਰੇ ਵੀ ਗੱਲਬਾਤ ਸਾਂਝੀ ਕੀਤੀ ਅਤੇ ਇਸ ਮੌਕੇ ਇਹ ਕਿਤਾਬ ਗਜ਼ਲ ਮੰਚ ਦੇ ਮੈਂਬਰਾਂ ਵੱਲੋਂ ਰਿਲੀਜ਼ ਕੀਤੀ ਗਈ। ਇਸੇ ਤਰ੍ਹਾਂ ਮੰਚ ਦੇ ਮੈਂਬਰਾਂ ਕੋਲ ਪਹੁੰਚੀ ਸੁਰਿੰਦਰਪ੍ਰੀਤ ਘਣੀਆ ਬਾਰੇ ਪ੍ਰਕਾਸ਼ਿਤ ਪੁਸਤਕ 'ਸੁਰਿੰਦਰਪ੍ਰੀਤ ਘਣੀਆ ਦੀ ਗਜ਼ਲ ਚੇਤਨਾ' ਵੀ ਮੰਚ ਵੱਲੋਂ ਰਿਲੀਜ਼ ਕੀਤੀ ਗਈ। ਇਸ ਸਾਹਿਤਕ ਇਕੱਤਰਤਾ ਦੌਰਾਨ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼, ਗੁਰਮੀਤ ਸਿੱਧੂ ਅਤੇ ਬਿੰਦੂ ਮਠਾੜੂ ਮੌਜੂਦ ਸਨ।

*—ਹਰਦਮ ਮਾਨ*

# ਫਲਸਤੀਨੀ ਕਵੀ ਮਹਿਮੂਦ ਨੂੰ ਸਮਰਪਤ ਸਾਹਿਤਕ ਮੀਟਿੰਗ

ਸਾਹਿਤ ਚਿੰਤਨ, ਚੰਡੀਗੜ੍ਹ ਦੀ ਜੂਨ ਮਹੀਨੇ ਦੀ ਮਾਸਿਕ ਇਕੱਤਰਤਾ ਡਾ. ਜਗਦੀਸ਼ ਚੰਦਰ ਦੀ ਪ੍ਰਧਾਨਗੀ ਹੇਠ ਹੋਈ। ਡਾ. ਅਜੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।

ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ- ਇਸਲਾਮਿਕ ਯੂਨੀਵਰਸਿਟੀ ਆਫ਼ ਗਾਜ਼ਾ ਦੇ ਵੀ ਸੀ ਪ੍ਰੋ. ਸੂਫੀਆਨ ਤਾਈਯੇਹ, ਅੰਗਰੇਜ਼ੀ ਸਾਹਿਤ ਦੇ ਪ੍ਰੋਫ਼ੈਸਰ ਡਾ. ਰਿਫ਼ਤ ਅਲਾਰੀਰ, 90 ਪ੍ਰੋਫ਼ੈਸਰ, 231 ਅਧਿਆਪਕ, 97 ਪੱਤਰਕਾਰ, 4400 ਵਿਦਿਆਰਥੀ, 35000 ਨਾਗਰਿਕ, ਭਾਰਤੀ ਅਰਥ ਸ਼ਾਸਤਰੀ ਪ੍ਰੋ. ਏ ਐੱਸ ਢੇਸੀ, ਕਿਸਾਨ ਜਸਵੰਤ ਸਿੰਘ ਤੇ ਕਿਸਾਨ ਸੁਖਮੰਦਰ ਕੌਰ, ਸਰੋਕਾਰਾਂ ਦੀ ਅਵਾਜ਼ ਦੇ ਸੰਪਾਦਕ ਜਗਰੂਪ ਸਿੰਘ ਸਿੱਧੂ, ਡਾ. ਸੁਰਜੀਤ ਪਾਤਰ, ਟ੍ਰਿਬਿਊਨ ਦੇ ਸਾਬਕਾ ਟਰੱਸਟੀ ਨਰੇਸ਼ ਮੋਹਨ, ਹਿੰਦੀ ਲੇਖਿਕਾ ਮਾਲਤੀ ਜੋਸ਼ੀ, ਸਿੱਖ ਇਤਿਹਾਸਕਾਰ ਪ੍ਰੋ. ਸੰਤ ਸਿੰਘ ਪਦਮ, ਪੱਤਰਕਾਰ ਮਹਿੰਦਰਪਾਲ ਬਾਤਿਸ਼ ਦੀ ਮਾਤਾ ਬਚਨ ਕੌਰ, ਗਾਜ਼ਾ ਵਿੱਚ ਸਰਜਰੀ ਦੇ ਮਾਹਿਰ ਡਾ. ਉੱਸੱਯਦ ਕਮਾਲ, ਲੇਖਕ ਅਜਮੇਰ ਸਾਗਰ, ਜਸਪਾਲ ਸਿੰਘ ਦੇਸੂਵੀ ਦੀ ਮਾਤਾ ਗੁਰਨਾਮ ਕੌਰ, ਡਾ. ਚਰਨਜੀਤ ਕੌਰ ਦੇ ਪਤੀ ਕਰਮਜੀਤ ਸਿੰਘ, ਪ੍ਰਵਾਸੀ ਲੇਖਕ ਸਰਵਣ ਜ਼ਫ਼ਰ, ਨੋਬੇਲ ਵਿਜੇਤਾ ਲੇਖਕਾ ਆਲਿਸ ਮੁਨਰੋ, ਪਾਕਿਸਤਾਨ ਅਦਾਕਾਰ ਤਲਤ ਹੁਸੈਨ, ਲੇਖਕ ਤੇਜਾ ਸਿੰਘ ਰੌਂਤਾ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ।

ਫਲਸਤੀਨ ਦੇ ਸਮਰਥਨ ਵਿੱਚ-'ਸਟਾਪ ਬੰਬਿੰਗ ਗਾਜ਼ਾ'- ਵਿਸ਼ੇ ਬਾਰੇ ਬੋਲਦਿਆਂ ਸ੍ਰੀ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਦੂਜੀ ਸੰਸਾਰ ਜੰਗ ਸਮੇਂ ਹਿਟਲਰ ਦੀਆਂ ਨਾਜ਼ੀ ਫੌਜਾਂ ਨੇ 60 ਲੱਖ ਯਹੂਦੀਆਂ ਦਾ ਘਾਣ ਕੀਤਾ। ਅਮਰੀਕਾ ਦੀ ਸ਼ਹਿ ਉਤੇ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਨੂੰ ਉਜਾੜ ਕੇ ਕੁਦਰਤੀ ਸਾਧਨਾਂ ਉਪਰ ਕਬਜ਼ਾ ਕਰਨਾ ਮੁੱਖ ਮੰਤਵ ਹੈ। ਗਾਜ਼ਾ ਪੱਟੀ ਦੀ ਘੇਰਾਬੰਦੀ ਕਰਕੇ ਖੁੱਲ੍ਹੀ ਜੇਲ੍ਹ ਵਿੱਚ ਬਦਲ ਦਿੱਤਾ ਗਿਆ ਹੈ। ਅਮਰੀਕੀ-ਇਜ਼ਰਾਈਲੀ ਸਾਮਰਾਜ ਦਾ ਚਿਹਰਾ ਨੰਗਾ ਹੋਇਆ ਹੈ। ਭਾਰਤ ਦੀ ਮੋਦੀ ਸਰਕਾਰ ਵੀ ਯੂ ਐੱਨ ਓ ਮਤੇ ਵਿੱਚੋਂ ਗੈਰ-ਹਾਜ਼ਰ ਹੋ ਕੇ ਸਾਮਰਾਜ ਦੀ ਮਦਦ ਕਰ ਰਹੀ ਹੈ। ਫਲਸਤੀਨੀ ਲੋਕਾਂ ਦੇ ਜਜ਼ਬੇ ਨੂੰ ਸਲਾਮ ਕਰਨਾ ਬਣਦਾ ਹੈ। ਵਿਸ਼ਾਨ ਜਨ-ਸਮਰਥਨ ਤੋਂ ਬਿਨਾਂ ਕੋਈ ਸਮਝੌਤਾ ਲਾਗੂ ਨਹੀਂ ਹੋ ਸਕਦਾ। ਇਹ ਫਲਸਤੀਨੀ ਲੋਕਾਂ ਨਾਲ ਖੜਨ ਦਾ ਵੇਲਾ ਹੈ। ਵੱਖ-ਵੱਖ ਬੁਲਾਰਿਆਂ ਨੇ ਫਲਸਤੀਨ ਦੀ ਹਾਲਤ ਬਾਰੇ ਵਿਚਾਰ ਪੇਸ਼ ਕੀਤੇ। ਡਾ. ਜਗਦੀਸ਼ ਚੰਦਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਗਾਜ਼ਾ ਦੀ ਅੱਗ ਸਾਡੇ ਘਰ ਤੱਕ ਵੀ ਆਵੇਗੀ। ਅੱਜ ਸਟੇਟ ਅੰਦਰ ਡੀਪ ਸਟੇਟ ਕੰਮ ਕਰ ਰਹੀ ਹੈ। ਇਰਾਨ ਦੇ ਵੱਡੇ ਸਿਆਸੀ ਤੇ ਫੌਜੀ ਮੁਖੀ ਮਾਰ ਦਿੱਤੇ ਹਨ। ਅਮਰੀਕਾ ਮੁਸਲਮਾਨਾਂ ਨੂੰ ਦਬਾਅ ਕੇ ਅਤੇ ਲੜਾ ਕੇ ਰੱਖਣਾ ਚਾਹੁੰਦਾ, ਗਾਜ਼ਾ ਪੱਟੀ ਨੂੰ ਤਬਾਹ ਕਰਕੇ ਸਵੇਜ ਨਹਿਰ ਦੇ ਸਮਾਂਤਰ ਵਪਾਰ ਲਈ ਨਵਾਂ ਲਾਂਘਾ ਬਣਾਉਣਾ ਚਾਹੁੰਦਾ ਹੈ। ਸਾਡਾ ਮੁਲਕ ਵੀ ਫਾਸ਼ੀਵਾਦੀ ਤਾਕਤਾਂ ਅਧੀਨ ਬਹੁਤ ਪਿੱਛੇ ਚਲਾ ਗਿਆ ਹੈ। ਲੋਕ-ਘੋਲਾਂ ਉਪਰ ਹੀ ਟੇਕ ਰੱਖਣੀ ਪਵੇਗੀ।

ਵਿਸ਼ੇਸ਼ ਮਹਿਮਾਨ ਡਾ. ਅਰੀਤ ਕੌਰ ਨੇ ਕਿਹਾ ਕਿ ਫਲਸਤੀਨ ਨੂੰ ਆਪਣੀ ਫੌਜ ਰੱਖਣ ਦਾ ਵੀ ਹੱਕ ਨਹੀਂ ਹੈ। ਗਾਜ਼ਾ ਪੱਟੀ ਨੂੰ ਥੇਹ ਕਰ ਦਿੱਤਾ ਗਿਆ ਹੈ। ਅਮਰੀਕਾ ਇਜ਼ਰਾਈਲ ਫੈਡਰਲ ਬੈਂਕ ਤੋਂ ਕਰਜ਼ਾ ਲੈ ਕੇ ਆਪਣੀ ਸਨਅਤ ਖੜ੍ਹੀ ਕਰ ਰਿਹਾ ਹੈ। ਭਾਰਤ ਵਿੱਚ ਵੀ ਧਾਰਮਿਕ ਸਥਾਨਾਂ ਉੱਤੇ ਹਮਲੇ ਦਾ ਹਉਆ ਖੜ੍ਹਾ ਕਰਕੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਦੰਗੇ ਕਰਵਾਏ ਜਾਂਦੇ ਹਨ। ਮਾਸੂਮ ਲੋਕਾਂ ਦੇ ਕਤਲ ਦੀ ਜ਼ਿੰਮੇਵਾਰੀ ਤੈਅ ਕਰਨੀ ਪਵੇਗੀ। ਖੱਬੇ ਪੱਖੀ ਮਾਅਰਕੇਬਾਜ਼ੀ ਨੇ ਵੀ ਨੁਕਸਾਨ ਕੀਤਾ ਹੈ। ਬੁਲੰਦ ਆਵਾਜ਼ ਨਾਲ ਡਟਣਾ ਪਵੇਗਾ।

ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਸਰਵਸ੍ਰੀ ਅਰਸ਼ਦੀਪ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ ਸੈਣੀ, ਬਲਬੀਰ ਸਿੰਘ ਸੈਣੀ, ਡਾ. ਹਜ਼ਾਰਾ ਸਿੰਘ ਚੀਮਾ, ਪਰਮਜੀਤ ਸਿੰਘ, ਸੰਦੀਪ ਸਿੰਘ, ਅਮਨਦੀਪ ਧੀਮਾਨ, ਰਮਿੰਦਰਪਾਲ ਸਿੰਘ, ਅਰਨਵ ਸਿੰਘ ਸਮੇਤ ਦੋ ਦਰਜਨ ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ। ਇਹ ਮੀਟਿੰਗ ਫਲਸਤੀਨੀ ਕਵੀ ਮਹਿਮੂਦ ਦਰਵੇਸ਼ ਨੂੰ ਸਮਰਪਿਤ ਸੀ।

# ਪਾਠਕਾਂ ਦੇ ਝਰੋਖੇ 'ਚੋਂ

## ਸੰਤੁਲਿਤ ਵਿਚਾਰ

6 ਜੂਨ ਦੇ ਨਵਾਂ ਜ਼ਮਾਨਾ ਵਿਚ 'ਦ੍ਰਿਸ਼ਟੀਕੋਣ' ਵਿਚ ਨਵੀਂ ਬਣੀ ਕੇਂਦਰ ਦੀ ਸਰਕਾਰ ਬਾਰੇ ਸੰਤੁਲਿਤ ਵਿਚਾਰ ਲਿਖੇ ਹਨ।ਕਾਲਮਨਵੀਸ ਦੀ ਗੱਲ ਸਹੀ ਹੈ ਕਿ ਹਰ ਵਾਰ ਸਰਕਾਰ ਨੂੰ ਤੋੜਨ ਦੀਆਂ ਗੱਲਾਂ ਲੋਕ ਹਿੱਤਾਂ ਵਿਚ ਨਹੀਂ ਹਨ ।ਸਰਕਾਰ ਨੂੰ ਲੋਕਾਂ ਵਾਸਤੇ ਕੰਮ ਕਰਨ ਦਿਓ ।ਵੇਖੋ ਜਦੋਂ ਕਦੇ ਭਾਜਪਾ ਮੈਂਬਰ ਲੋਕਾਂ ਦੇ ਵਿਰੁੱਧ ਕੋਈ ਫੈਸਲਾ ਲੈਂਦੇ ਹਨ ਤਾਂ ਹਰਕਤ ਵਿਚ ਆਉਣ ਦੀ ਲੋੜ ਹੈ। ਵਿਰੋਧੀ ਪਾਰਟੀਆਂ ਵੀ ਇਸ ਵੇਲੇ ਮਜ਼ਬੂਤ ਹਨ ।ਇਹੋ ਜਿਹਾ ਕੋਈ ਗਲਤ ਕੰਮ ਨਹੀਂ ਕਰਨ ਦੇਣਗੀਆਂ। ਜੋ ਲੋਕਾਂ ਦੀ ਭਾਵਨਾ ਦੇ ਖਿਲਾਫ ਜਾਂਦਾ ਹੋਵੇ ।ਨਾਲੇ ਕਹਿ ਦੇਣਾ ਬਹੁਤ ਸੌਖਾ ਹੈ ਨਵੀਂ ਸਰਕਾਰ ਬਣਾਉਣ ਦਾ ਕੰਮ ਇਸ ਦੇਸ਼ ਵਿਚ ਬਹੁਤ ਮਹਿੰਗਾ ਹੈ ।ਸਾਰਾ ਭਾਰ ਸਾਧਾਰਨ ਲੋਕਾਂ 'ਤੇ ਹੀ ਪੈਂਦਾ ਹੈ ।ਬਹੁਤ ਸਾਰਾ ਫਾਲਤੂ ਧਨ ਖਰਚ ਹੋ ਜਾਂਦਾ ਹੈ। ਹੁਣ ਵਾਲੀਆਂ ਪੰਜਾਬ ਵਿਚ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਵੀ ਕਾਹਲੀ ਦਾ ਕੰਮ ਹੈ। ਲੋਕ ਅਜੇ ਤੱਕ ਇਨ੍ਹਾਂ ਚੋਣਾਂ ਲਈ ਤਿਆਰ ਨਹੀਂ ਸਨ, ਨਾ ਹੀ ਸਿਆਸੀ ਪਾਰਟੀਆਂ ਦੀ ਲੋਕ ਸਭਾ ਚੋਣਾਂ ਵਾਲੀ ਥਕਾਵਟ ਲੱਥੀ ਸੀ। ਖੈਰ ਕੌਣ ਕਹੇ ਰਾਣੀ ਅੱਗਾ ਢੱਕ ।ਚੋਣ ਕਮਿਸ਼ਨ ਦੀ ਆਪਣੀ ਮਰਜ਼ੀ ਮੈਕਸਿਮ ਗੋਰਕੀ ਦਾ ਲੇਖ ਚੰਗਾ ਹੈ । ਗੋਰਕੀ ਲੋਕਾਂ ਦਾ ਦਾ ਹਮਦਰਦ ਸੀ ।ਪੁਰਾਣਾ ਲੇਖ ਪੜ੍ਹ ਕੇ ਚੰਗਾ ਲੱਗਾ। ਡਾ. ਦੀਪਤੀ ਨੇ ਗੁਰੂ ਨਾਨਕ ਦੇਵ ਜੀ ਤੇ ਕਾਰਲ ਮਾਰਕਸ ਦੀ ਤੁਲਨਾ ਕੀਤੀ ਹੈ। ਮਾਰਕਸ ਆਰਥਿਕ ਖੇਤਰ ਦਾ ਮਾਹਰ ਸੀ ।'ਸਰਮਾਇਆ' ਕਿਤਾਬ ਆਰਥਿਕ ਮਸਲਿਆਂ ਨਾਲ ਸੰਬੰਧਤ ਹੈ ।ਜਦੋਂ ਕਿ ਗੁਰੂ ਨਾਨਕ ਦੀ ਫਿਲਾਸਫੀ ਕੁਲ ਦੁਨੀਆ ਵਾਸਤੇ ਹੈ, ਸਗੋਂ ਸਮੁੱਚੀ ਮਨੁੱਖਤਾ ਲਈ ਹੈ। ਮਾਨਵਤਾ ਦੇ ਭਲੇ ਲਈ ਸਮੁੱਚੀ ਜੀਵਨ-ਜਾਚ ਹੈ। ਗੁਰੂ ਨਾਨਕ ਬਾਣੀ ਵਿਚ । ਗੁਰੂ ਨਾਨਕ ਦੀ ਨਜ਼ਰ ਵਿਚ ਕੋਈ ਹਿੰਦੂ ਮੁਸਮਲਾਨ ਨਹੀਂ ਹੈ, ਸਾਰੇ ਉਸ ਅੱਲ੍ਹਾ ਦੇ ਬੰਦੇ ਹਨ । ਇਹ ਗੱਲ ਗੁਰੂ ਸਾਹਿਬ ਨੇ ਵੇਈਂ ਪ੍ਰਵੇਸ਼ ਸਮੇਂ ਹੀ ਕਹਿ ਦਿੱਤੀ ਸੀ ।ਗੁਰੂ ਨਾਨਕ ਦੇ ਪੈਰੋਕਾਰ ਵਿਸ਼ਵ ਦਾ ਗੁਰੂ ਮੰਨਦੇ ਹਨ ।ਗੁਰੂ ਨਾਨਕ ਦੇਵ ਦੀ ਮਾਨਤਾ ਸਿੱਖ-ਮੁਸਲਮਾਨ ਤੇ ਹਿੰਦੂ ਵਿਚ ਬਰਾਬਰ ਹੈ ।ਗੁਰੂ ਨਾਨਕ ਭਾਈ ਲਾਲੋ ਦਾ ਮੁਰੀਦ ਹੈ। ਗੁਰੂ ਨਾਨਕ ਨੂੰ ਮਲਿਕ ਭਾਗੋ ਵਾਲੀ ਸੋਚ ਦੇ ਬੰਦੇ ਚੰਗੇ ਨਹੀਂ ਹਨ, ਕਿਉਂਕਿ ਉਹ ਪਾਪਾਂ ਨਾਲ ਧਨ ਇਕੱਠਾ ਕਰਦੇ ਹਨ ।ਗੁਰੂ ਨਾਨਕ ਤੇ ਮਾਰਕਸ ਦੋਨੋਂ ਕਿਰਤ ਦੇ ਮੁਦਈ ਹਨ ।ਗੁਰੂ ਨਾਨਕ ਨੇ ਕਿਰਤ ਕਰਕੇ ਰੋਟੀ ਕਮਾਉਣ ਦਾ ਉਪਦੇਸ਼ ਦਿੱਤਾ ਹੈ। ਮਾਰਕਸ ਵੀ ਮਿਹਨਤਕਸ਼ ਲੋਕਾਂ ਦੀ ਆਵਾਜ਼ ਹੈ। ਮਾਰਕਸ ਦੀ ਫਿਲਾਸਫੀ ਗੁਰੂ ਨਾਨਕ ਫਿਲਾਸਫੀ ਦਾ ਇਕ ਅੰਸ਼ ਹੈ। ਇਹ ਵਿਸ਼ਾ ਬਹੁਤ ਵਿਸ਼ਾਲ ਹੈ। ਇਸ ਬਾਰੇ ਵਿਦਵਾਨਾਂ ਦੇ ਵਿਚਾਰ ਪਹਿਲਾਂ ਵੀ ਛਪਦੇ ਰਹੇ ਹਨ । ਡਾ. ਦਵਿੰਦਰ ਸ਼ੈਫੀ ਦੀਆਂ ਨਵੀਆਂ ਕਵਿਤਾਵਾਂ ਚੰਗੀਆਂ ਹਨ। ਜ਼ਿੰਦਗੀ ਦਾ ਅਕਸ ਹਨ। ਦਰਸ਼ਨ ਢਿੱਲੋਂ ਨੇ ਸਰਵਣ ਜ਼ਫਰ ਬਾਰੇ ਚੰਗੀ ਜਾਣਕਾਰੀ ਦਿੱਤੀ ਹੈ। ਸਰਵਣ ਜ਼ਫਰ ਮਿਹਨਤੀ ਪੱਤਰਕਾਰ ਤੇ ਪਾਰਟੀ ਦਾ ਨੇਕ ਕਾਮਾ ਸੀ। ਬਲਦੇਵ ਸਿੰਘ ਦੇ ਨਵੇਂ ਨਾਵਲ 'ਯਸ਼ੋਧਰਾ' ਬਾਰੇ ਡਾ. ਸੁਰਜੀਤ ਬਰਾੜ ਨੇ ਨਾਵਲ ਦੀ ਸਮੀਖਿਆ ਖੁੱਲ੍ਹ ਕੇ ਕੀਤੀ ਹੈ ।ਇਹ ਇਤਿਹਾਸਕ ਨਾਵਲ ਸਾਡੇ ਹਿੰਦੂ ਮਿਥਿਹਾਸ ਦਾ ਇਕ ਪੰਨਾ ਹੈ। ਮਹਾਤਮਾ ਬੁੱਧ ਦੇ ਪੈਰੋਕਾਰਾਂ ਲਈ ਸੁਗਾਤ ਹੈ ।ਕਿਤਾਬ ਸੋਚ ਦੇ ਅੱਖਰ ਦਾ ਰੀਵਿਊ ਛਾਪਣ ਦਾ ਬਹੁਤ ਧੰਨਵਾਦ । ਸੰਧੂ ਵਰਿਆਣਵੀ ਤੇ ਡਾ. ਅਮਰ ਕੋਮਲ ਦੇ ਰੀਵਿਊ ਪੜ੍ਹ ਕੇ ਕਿਤਾਬਾਂ ਦੀ ਜਾਣਕਾਰੀ ਮਿਲੀ । ਸਰਗਰਮੀਆਂ ਵਿਚ ਰੂਹ ਦਾ ਸਾਲਣ, ਵਿਹੜੇ ਵਾਲੀ ਨਿੰਮ, ਰਸਾਲਾ ਸਾਹਿਤਨਾਮਾ ਦਾ ਪ੍ਰਵੇਸ਼, ਮਾਹਿਲਪੁਰ ਵਿਚ ਸੁਰਜੀਤ ਪਾਤਰ ਦੀ ਯਾਦ 'ਚ ਸਾਹਿਤਕ ਸਮਾਗਮ, ਹੀਰਾ ਸਿੰਘ ਤੂਤ ਦੀ ਕਿਤਾਬ 'ਖੰਡਰ' ਦਾ ਲੋਕ ਅਰਪਣ ਰਿਪੋਰਟਾਂ ਰੀਝ ਨਾਲ ਪੜ੍ਹੀਆਂ।

ਇਕ ਪਾਠਕ ਦਮਨਜੀਤ ਕੌਰ ਧੂਰੀ ਦਾ ਮੇਰੇ ਖਤਾਂ ਦਾ ਨੋਟਿਸ ਲੈਣ ਦਾ ਧੰਨਵਾਦ । ਨਵਾਂ ਜ਼ਮਾਨਾ ਮੇਰੀ ਰੂਹ ਦੀ ਖੁਰਾਕ ਬਣ ਚੁੱਕਾ ਹੈ। *—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ*

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਇਜ਼ਰਾਈਲ ਦਾ ਫਾਸ਼ੀਵਾਦ ਤੱਕ ਸਫਰ : ਹਰਵਿੰਦਰ ਭੰਡਾਲ

ਪਹਿਲੀ ਦੇਸ਼ ਭਗਤ ਵਿਧਾਨਕਾਰਾ ਬੀਬੀ ਰਘਬੀਰ ਕੌਰ : ਚਰੰਜੀ ਲਾਲ ਕੰਗਣੀਵਾਲ

'ਲੂਣਦਾਨੀ' : ਹਰਪ੍ਰੀਤ ਸੇਖਾ, (ਫੋਕਸ) : ਡਾ. ਸਤਿੰਦਰ ਸਿੰਘ ਰੈਬੀ

ਜਸਬੀਰ ਢੰਡ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਪ੍ਰੋ: ਕੁਲਵੰਤ ਔਜਲਾ ਦੀਆਂ ਕਵਿਤਾਵਾਂ

## ਦੀਵਾ ਤੂੰ ਬਾਲ ਬੀਬਾ

ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ
ਬਲੂ ਦੀਵਾ ਤਾਂ ਪੰਘਰਨਗੇ ਧੁਰ ਅੰਦਰੋਂ ਖ਼ਿਆਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵੇ ਪੁਰਖਿਆਂ ਦੀ ਜਾਗਤ ਜੋਤ ਬੀਬਾ
ਦੀਵੇ ਚਾਨਣਾਂ ਦੇ ਸ਼ਾਇਰਾਨਾ ਸ੍ਰੋਤ ਬੀਬਾ
ਦੀਵੇ ਵੰਡਦੇ ਤਰੰਨਮ ਤੇ ਤਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵੇ ਬਾਲਣ ਨਾਲ ਮੁਸਾਫ਼ਿਰਾਂ ਨੂੰ ਰਾਹ ਮਿਲਦਾ
ਦੀਵੇ ਬਲਣ ਨਾਲ ਸੰਘਰਸ਼ਾਂ ਨੂੰ ਉਤਸ਼ਾਹ ਮਿਲਦਾ
ਦੀਵੇ ਊਰਜਾ ਦੀ ਕਾਵਿਕ ਮਸ਼ਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਕੱਚੇ ਕੋਠਿਆਂ ਨੂੰ ਕਾਵਿਕ ਬਣਾ ਦੇਣ ਦੀਵੇ
ਕਠੋਰ ਵਕਤਾਂ ਨੂੰ ਭਾਵੁਕ ਬਣਾ ਦੇਣ ਦੀਵੇ
ਦੀਵੇ ਸੁਪਨਿਆਂ ਦੀ ਸੁਰਮਈ ਪਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਦੀਵਿਆਂ ਦੀ ਰੌਸ਼ਨੀ ਵਿੱਚ ਰਾਤਾਂ ਜਾਪ ਕਰਦੀਆਂ
ਦੀਵਿਆਂ ਦੀ ਰੌਸ਼ਨੀ ਵਿੱਚ ਪਰਭਾਤਾਂ ਅਲਾਪ ਕਰਦੀਆਂ
ਸੂਰਜਵੰਤਾ ਦੀਵਿਆਂ ਦਾ ਜਾਹੋ ਜਲਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਵਿਸ਼ਵਾਸ ਨੂੰ ਮਘਦਾ ਰਖਦੀ ਦੀਵਿਆਂ ਦੀ ਲੋਅ
ਇਤਿਹਾਸ ਨੂੰ ਜਗਦਾ ਰਖਦੀ ਦੀਵਿਆਂ ਦੀ ਲੋਅ
ਦੀਵੇ ਫੁਰਨਿਆਂ ਦੀ ਸਹਿਜ ਟਕਸਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਲੰਬੀਆਂ ਉਦਾਸੀਆਂ ਦੀ ਭਟਕਣ ਤੇ ਭਾਲ ਵਿੱਚ
ਗ਼ਰਜ਼ਾਂ ਦੇ ਗੂੜ੍ਹੇ ਤੇ ਗਹਿਰੇ ਜੰਜਾਲ ਵਿੱਚ
ਦੀਵੇ ਤੁਰਦੇ ਰਹੇ ਹਮੇਸ਼ਾ ਨਾਲ ਨਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ

ਅਨੇਕਾਂ ਆਏ ਤਾਨਾਸ਼ਾਹੀ ਨਾਲ ਚਾਨਣ ਨੂੰ ਮਿਣਨ ਵਾਲੇ
ਅਨੇਕਾਂ ਆਏ ਚਾਨਣ ਨੂੰ ਨੀਹਾਂ ਵਿੱਚ ਚਿਣਨ ਵਾਲੇ
ਚਾਨਣ ਮਘਦਾ ਰਿਹਾ ਪਰ ਹਰ ਹਾਲ ਬੀਬਾ
ਹਨੇਰਾ ਉਤਰ ਆਇਆ ਹੈ ਦੀਵਾ ਤੂੰ ਬਾਲ ਬੀਬਾ
ਦੀਵਾ ਬਲੂ ਤਾਂ ਪੰਘਰਨਗੇ ਧੁਰ ਅੰਦਰੋਂ ਖ਼ਿਆਲ ਬੀਬਾ

## ਨਿੱਕੀ ਜਿਹੀ ਉਮੀਦ ਬਚਾ ਕੇ ਰੱਖੀਂ

ਵੱਡਾ ਸਾਰਾ ਹੌਂਸਲਾ ਤੇ ਨਿੱਕੀ ਜਿਹੀ ਉਮੀਦ ਬਚਾ ਕੇ ਰੱਖੀਂ
ਕਲਪਨਾ ਦੀਆਂ ਕਿਆਰੀਆਂ ਵਿੱਚ ਨਗਮੇ ਤੇ ਨਜ਼ਮਾਂ ਉਗਾ ਕੇ ਰੱਖੀਂ

ਕਿੰਨਾ ਵੀ ਅਸਹਿਜ ਜਾਂ ਅਜਨਬੀ ਹੋ ਜਾਵੇ ਮੌਸਮ
ਮੋਹ ਤੇ ਮੁਹੱਬਤ ਦੀਆਂ ਮੋਮਬੱਤੀਆਂ ਹਰ ਹਾਲਤ ਜਗਾ ਕੇ ਰੱਖੀਂ

ਪਤਾ ਨਹੀਂ ਕਿਹੜੇ ਵੇਲੇ ਜ਼ਿੰਦਗੀ ਦੀ ਸ਼ਾਮ ਢਲ ਜਾਵੇ
ਪਿਉ ਦਾਦਿਆਂ ਦੀ ਇਹ ਨਸੀਅਤ ਦਿਲ ਉਤੇ ਲਿਖਵਾ ਕੇ ਰੱਖੀਂ

ਬਹੁਮਾਰਗੀ ਜ਼ਮਾਨਾ ਹੈ ਪਤਾ ਨਹੀਂ ਕਦੋਂ ਕਿੱਥੇ ਭਟਕ ਜਾਈਏ
ਸਿਰਨਾਵਾਂ ਤੇ ਸ਼ਨਾਖਤ ਆਪਣੀ ਸਦਾ ਜੇਬ ਵਿੱਚ ਪਾ ਕੇ ਰੱਖੀਂ

ਇਹ ਬਾਰ ਬਾਰ ਬਿਫ਼ਰੇਗਾ, ਗਰਜੇਗਾ ਅਤੇ ਛਟਪਟਾਏਗਾ
ਭਾਵਨਾਵਾਂ ਦੇ ਅਟਕ ਦਰਿਆ ਨੂੰ ਥੋੜ੍ਹਾ ਥੋੜ੍ਹਾ ਅਟਕਾ ਕੇ ਰੱਖੀਂ

ਸਾਰੀਆਂ ਰੀਝਾਂ ਅਤੇ ਸਾਰੇ ਚਾਅ ਕਦੇ ਪੂਰੇ ਨਹੀਂ ਹੁੰਦੇ
ਅੱਥਰੇ ਅਤੇ ਆਮੋੜ ਮਨ ਨੂੰ ਇਹ ਗੱਲ ਸਮਝਾ ਕੇ ਰੱਖੀਂ

ਦੁਨੀਆਂ ਦੁਨੀਆਂ ਹੈ ਇਹ ਸੁਣੇਗੀ ਵੀ ਤੇ ਪੁਣੇਗੀ ਵੀ
ਬਾਤਾਂ ਦਰਦ-ਏ-ਦੀਵਾਨਗੀ ਦੀਆਂ ਦਿਲ ਵਿੱਚ ਲੁਕਾ ਕੇ ਰੱਖੀਂ

ਤੇਰੇ ਪਿੱਛੋਂ ਵੀ ਧੜਕਣ ਤੇ ਬੋਲਣਗੀਆਂ ਤੇਰੀਆਂ ਕਵਿਤਾਵਾਂ
ਤੱਤੀਆਂ ਤਵੀਆਂ ਦੇ ਸੇਕ ਨਾਲ ਇਨ੍ਹਾਂ ਨੂੰ ਪਿਘਲਾ ਕੇ ਰੱਖੀਂ

ਬੁਝ ਨਾ ਜਾਵੀਂ, ਭਟਕ ਨਾ ਜਾਵੀਂ, ਥਿੜਕ ਨਾ ਜਾਵੀਂ
ਨਵੀਆਂ ਪੈੜਾਂ ਪਾਉਣ ਦਾ ਜਜ਼ਬਾ ਸੀਨੇ ਨਾਲ ਲਾ ਕੇ ਰੱਖੀਂ

## ਹੋਕਰੇ ਲਗਾ ਲਗਾ ਕੇ

ਰਖਦਾ ਸੀ ਜੋ ਪਿੰਡ ਨੂੰ ਹਮੇਸ਼ਾ ਸੀਨੇ ਨਾਲ ਲਾ ਕੇ
ਹਵਾ ਲੈ ਗਈ ਉਸ ਸ਼ਖਸ ਨੂੰ ਵੈਨਕੂਵਰ ਉਡਾ ਕੇ

ਪਿਉ ਦਾਦਿਆਂ ਦਾ ਪੰਜਾਬ ਸਾਂਭ ਸੰਭਾਲ ਨਾ ਹੋਇਆ
ਕੀ ਕਰਾਂਗੇ ਪਰਦੇਸੀ ਮਿੱਟੀ 'ਚ ਨਿੱਕੇ-ਨਿੱਕੇ ਪੰਜਾਬ ਉਗਾ ਕੇ

ਚਮਕ ਦੀ ਚਾਹਤ ਨਾਲ ਦੂਹਰੇ ਤੀਹਰੇ ਹੋਏ ਇਸ ਦੌਰ ਵਿੱਚ
ਹਰ ਕੋਈ ਬੈਠਾ ਗੈਂਗਸਟਰਾਂ ਵਾਂਗੂ ਨਿੱਕੇ ਨਿੱਕੇ ਧੜੇ ਬਣਾ ਕੇ

ਰੁੱਖੀ ਮਿੱਸੀ ਖਾਣ ਦਾ ਸੰਕਲਪ ਤਕਰੀਰਾਂ ਜੋਗਾ ਰਹਿ ਗਿਆ
ਆਫ਼ਰੇ ਫਿਰਦੇ ਨੇ ਲੋਕ ਵੰਨ ਸੁਵੰਨੇ ਪਕਵਾਨ ਖਾ ਖਾ ਕੇ

ਦੀਨ, ਧਰਮ, ਇਮਾਨ ਤੇ ਇਖ਼ਲਾਕ ਸਭ ਕੂੜਿਆਰ ਹੋ ਗਏ
ਕੱਲ੍ਹ ਓਧਰ ਸੀ ਜੋ ਅੱਜ ਏਧਰ ਬੈਠਾ ਪੂਰੀ ਧੌਣ ਅਕੜਾ ਕੇ

ਰੱਬਾ ਮੇਰੇ ਵਲੈਤੀ ਪੋਤਰੇ ਨੂੰ ਮਾਤ ਭਾਸ਼ਾ ਦੀ ਸੁਮੱਤ ਦੇਣਾ
ਕਰੇ ਅਰਜ਼ੋਈਆਂ ਦਾਦੀ ਹਰ ਰੋਜ਼ ਗੁਰਦੁਆਰੇ ਜਾ ਕੇ

ਮੈਂ ਅਯੁੱਧਿਆ ਦੀ ਕੁੱਖੋਂ ਜਨਮਿਆ ਨਵਾਂ ਭਾਰਤ ਹਾਂ
ਬਹੁਤ ਮਜ਼ਾ ਆਉਂਦਾ ਮੈਨੂੰ ਦੂਸਰਿਆਂ ਦੀ ਨੀਂਦ ਉਡਾ ਕੇ

ਸ਼ੰਭੂ ਬਾਰਡਰ ਉੱਤੇ ਬੈਠੇ ਕਿਰਸਾਨਾਂ ਦੀ ਹੱਕੀ ਅਵਾਜ਼ ਸੁਣ
ਦੁਨੀਆਂ ਨੂੰ ਮੁਰਸ਼ਿਤ ਨਾ ਕਰ ਪੇਡ ਚੈਨਲਾਂ ਉੱਤੇ ਆ ਆ ਕੇ

'ਕੁਲਵੰਤ' ਆਪਣੇ ਹਰਫਾਂ ਨੂੰ ਲਾਜ਼ਮੀ ਜੀਊਂਦਾ ਤੇ ਜਾਗਦਾ ਰੱਖੀਂ
ਤੇਰੇ ਪਿੱਛੋਂ ਵੀ ਵੰਡਣਗੇ ਇਹ ਚਾਨਣ ਹੋ ਕੇ ਹੇਕਾਂ ਲਗਾ ਕੇ

## ਹਲ ਵਾਹਕ ਬਾਪੂ

ਮੇਰੇ ਬਾਪੂ ਕੋਲ
ਸਵਰਗ ਦੀ ਦਾਤ ਵਰਗਾ ਹਲ ਸੀ
ਤੇ ਹਲ ਦੀ ਸੰਗਤ ਕਰਨ ਵਾਲੇ
ਬਹੁਤ ਸਾਰੇ ਸੰਦ ਸਨ
ਕਹੀਆਂ, ਰੰਬੇ, ਪੰਜਾਲੀਆਂ
ਤੰਗਲੀਆਂ, ਦਾਤੀਆਂ ਤੇ ਟੋਕੇ
ਇਨ੍ਹਾਂ ਸੰਦਾਂ ਸਹਾਰੇ ਪੂਰੀ ਜ਼ਿੰਦਗੀ
ਬਾਪੂ ਨੇ ਖੇਤਾਂ ਨੂੰ ਵਾਹਿਆ ਤੇ ਉਗਾਇਆ
ਹਲ ਦੀ ਮੁੰਨੀ ਫੜ ਕੇ
ਪਤਾ ਨਹੀਂ ਕਿੰਨਾ ਪੈਂਡਾ ਪੈਦਲ ਗਾਹਿਆ
ਬਾਪੂ ਆਪਣੇ ਸੰਦਾਂ ਨੂੰ
ਧੀਆਂ ਪੁੱਤਰਾਂ ਵਾਂਗ ਸਾਂਭ ਸਾਂਭ ਕੇ ਰੱਖਦਾ
ਬਾਪੂ ਕੋਲ ਪਰ ਕੋਈ ਛੱਤ ਨਹੀਂ ਸੀ
ਜਾਨ ਤੋਂ ਪਿਆਰੇ ਇਨ੍ਹਾਂ ਸੰਦਾਂ ਦਾ ਸਿਰ ਢਕਣ ਲਈ
ਸਿੱਟੇ ਵਜੋਂ ਬਾਪ ਦੇ ਇਹ ਸਾਜ਼ਾਂ ਵਰਗੇ ਸੰਦ
ਕਦੇ ਮੀਂਹਾਂ ਵਿੱਚ ਠੁਰ-ਠੁਰ ਕਰਦੇ
ਕਦੇ ਤਿੱਖੜ ਧੁੱਪਾਂ ਵਿੱਚ ਪੋਰ-ਪੋਰ ਲੂਸਦੇ
ਸੰਦਾਂ ਦਾ ਸਿਰ ਢਕਣ ਦੀ ਰੀਝ ਬੇਸ਼ੱਕ
ਘਰ ਦੀਆਂ ਗਰਜ਼ਾਂ ਖਾ ਜਾਂਦੀਆਂ ਰਹੀਆਂ
ਬਾਪੂ ਨੇ ਪਰ ਖੁੰਢੀਆਂ ਨਾ ਹੋਣ ਦਿੱਤੀਆਂ ਕਦੇ
ਜਿਗਰ ਦੇ ਟੋਟਿਆਂ ਵਰਗੀਆਂ ਦਾਤੀਆਂ ਤੇ ਕਹੀਆਂ
ਨਾ ਹੁਣ ਬਾਪੂ
ਨਾ ਬਾਪੂ ਦੇ ਸੰਦ
ਪਰ ਅਜੇ ਵੀ ਮੇਰਾ ਬੰਦ ਬੰਦ
ਬਾਪੂ ਦੇ ਸੰਦਾਂ ਵਰਗੇ ਸਾਜ਼ਿੰਦ ਸੁਪਨੇ
ਅੱਖਰਾਂ ਵਿੱਚ ਉਗਾਉਂਦਾ ਹੈ
ਊੜੇ ਐੜੇ ਦੀਆਂ ਕਾਵਿਕ ਜ਼ਮੀਨਾਂ
ਬਿਲਕੁੱਲ ਬਾਪੂ ਵਾਂਗੂੰ ਵਾਹੁੰਦਾ ਹੈ
ਬਿਲਕੁੱਲ ਬਾਪੂ ਵਾਂਗੂੰ ਵਾਹੁੰਦਾ ਹੈ

## ਮੌਲ਼ਾ

ਦੁੱਖਾਂ ਨੂੰ ਜੀਰਨ ਦੀ ਤੌਫ਼ੀਕ ਬਖਸ਼ ਮੌਲ਼ਾ
ਸਰਗਮ ਜਿਹੇ ਸਵੇਰਿਆਂ ਦੀ ਉਡੀਕ ਬਖਸ਼ ਮੌਲ਼ਾ

ਫੋਕੇ ਫਲਸਫਿਆਂ ਦੇ ਜਾਲ ਵਿੱਚ ਫਸ ਗਏ ਹਾਂ
ਰਸਤਾ ਕੋਈ ਸਿੱਧਾ ਤੇ ਠੀਕ ਬਖਸ਼ ਮੌਲ਼ਾ

ਡਾਲਰ ਖੋਜਣ ਗਏ ਜੋ ਵਾਪਸ ਘਰ ਨਹੀਂ ਆਏ
ਉਨ੍ਹਾਂ ਆਉਣ ਦੀ ਖ਼ਬਰ ਤਾਰੀਕ ਬਖਸ਼ ਮੌਲ਼ਾ

ਸਿਰਫ਼ ਆਪਣਾ ਆਪਣਾ ਭਲਾ ਲੋਚਦੇ ਆਲਮ ਨੂੰ
ਸਰਬੱਤ ਦੇ ਭਲੇ ਦੀ ਸਾਂਝੀ ਤਹਿਰੀਕ ਬਖਸ਼ ਮੌਲ਼ਾ

ਕਵਿਤਾ ਦੀ ਕਾਸ਼ਤ ਤੋਂ ਬਿਨਾਂ ਮੈਨੂੰ ਕੁਝ ਨਹੀਂ ਆਉਂਦਾ
ਮੈਨੂੰ ਕੋਰੇ ਅਨਪੜ੍ਹ ਨੂੰ ਬੁੱਧੀ ਬਾਰੀਕ ਬਖ਼ਸ਼ ਮੌਲਾ

ਦਿਲ ਦੀ ਸ਼ਾਇਰੀ ਨੂੰ ਸੁਰਾਂ ਵਿੱਚ ਢਾਲਣਾ ਚਾਹੁੰਨਾ
ਹੂ ਬ ਹੂ ਰਬਾਬ ਵਰਗਾ ਕੋਈ ਰਫ਼ੀਕ ਬਖਸ਼ ਮੌਲ਼ਾ

ਮੋਹਹੀਣ ਤੇ ਮਤੱਸਬੀ ਹੋ ਰਹੀਆਂ ਮਾਨਵੀ ਮਿੱਟੀਆਂ ਨੂੰ
ਸੁਰਵੰਤ ਹਵਾਵਾਂ ਵੰਡਦੇ ਅੰਬਰ ਰਮਣੀਕ ਬਖਸ਼ ਮੌਲ਼ਾ

ਟੁਕੜਾ ਟੁਕੜਾ ਸਰੀਕਾਂ ਨੇ ਨਿਗਲ ਲਿਆ ਮੈਨੂੰ
ਅਣਵੰਡੇ ਲਹੂਆਂ ਵਰਗਾ ਅਵੰਤ ਸ਼ਰੀਕ ਬਖਸ਼ ਮੌਲ਼ਾ

ਜਿੱਥੇ ਸ਼ਾਇਰੀ, ਸੰਗੀਤ ਤੇ ਸਮਸ਼ੀਰ ਇਕੱਠੇ ਰਹਿ ਸਕਣ
ਨਕਸ਼ਾ ਦੁਨੀਆ ਦਾ ਐਸਾ ਯੂਨੀਕ ਬਖਸ਼ ਮੌਲ਼ਾ

ਐਡਮਿੰਟਨ ਦੀ ਬਰਫ਼ ਨਾਲ ਜੰਮੇ ਹੋਏ 'ਕੁਲਵੰਤ' ਨੂੰ
ਜਾਤੀਕੇ ਪਿੰਡ ਦਾ ਜਾਣੂੰ ਵਸਨੀਕ ਬਖਸ਼ ਮੌਲ਼ਾ



## ਸਫ਼ਾ 1 ਦੀ ਬਾਕੀ — ਅਮਰੀਕਾ ਵਿਚ ਵਸਦੇ ਮੌਤ...

ਦੀਆਂ ਸਾਜ਼ਿਸ਼ਾਂ ਹੀ ਹਨ।

ਮਿਕ ਜਾਂ ਅਮਰੀਕਾ ਕਹਿ ਰਿਹਾ ਹੈ ਕਿ ਜੇ ਰੂਸ ਯੂਕਰੇਨ ਦੀ ਲੜਾਈ ਜਿੱਤ ਜਾਂਦਾ ਹੈ ਤਾਂ ਯੂਰਪ ਦੀ ਖੈਰ ਨਹੀਂ, ਪਰ

ਜੇ ਰੂਸ ਅਜੇ ਤੱਕ ਰੂਸ ਯੂਕਰੇਨ ਦੀਆਂ ਰੂਸ ਦੇ ਨਾਲ ਲਗਦੀਆਂ ਸਰਹੱਦਾਂ 'ਤੇ ਕਾਬਜ਼ ਨਹੀਂ ਹੋ ਸਕਿਆ ਤਾਂ ਮਿਕ ਰੂਸ ਦਾ ਸਾਲਾਨਾ ਫੌਜ ਉਪਰ ਕੀਤਾ ਜਾਂਦਾ ਖਰਚਾ ਅਮਰੀਕਾ ਦੇ ਖਰਚੇ ਦਾ ਦਸਵਾਂ ਹਿੱਸਾ ਹੈ ਅਤੇ ਚੀਨ ਦਾ ਤੀਸਰਾ ਹਿੱਸਾ ਘੱਟ, ਉਹ ਵੀ ਉਦੋਂ ਚੀਨ ਦਾ ਆਕਾਰ ਅਮਰੀਕਾ ਤੋਂ ਅੱਧਾ ਹੈ। ਜੇ ਅਮਰੀਕਾ ਦੇ ਫੌਜ ਦੇ ਬਜਟ ਵਿਚ ਉਸ ਦੇ ਸਾਥੀ ਨਾਟੋ ਦੇਸ਼ਾਂ ਵੱਲੋਂ ਕੀਤੇ ਜਾਂਦੇ ਫੌਜੀ ਖਰਚੇ ਵੀ ਜੋੜ ਦਿੱਤੇ ਜਾਣ ਤਾਂ ਅੰਤਰ ਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ।

ਇਸ ਸਭ ਕੁਝ ਦੇ ਬਾਵਜੂਦ ਮਿਕ ਦੇ ਮੈਂਬਰ ਰੂਸ ਤੇ ਚੀਨ ਨਾਲ ਸਿੱਧੀ ਲੜਾਈ ਦੀ ਵਕਾਲਤ ਕਰ ਰਹੇ ਹਨ ਅਤੇ ਇਸੇ ਮਕਸਦ ਤਹਿਤ ਇੰਡੋ-ਪੈਸੇਫਿਕ (ਪ੍ਰਸ਼ਾਂਤ ਸਾਗਰ) ਦੇ ਖਿੱਤੇ ਵਿਚ ਚੀਨ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੈਂਟਾਗਨ ਵੱਲੋਂ ਅਸਟਰੇਲੀਆ, ਗੁਆਮ, ਮਾਈਕਰੋਨੇਸੀਆ, ਜਾਪਾਨ, ਮਾਰਸ਼ਲ ਦੀਪ, ਪਲਾਊ ਪਾਪੂ, ਨਿਊ ਗਿਆਨਾ ਅਤੇ ਫਿਲਪਾਈਨਜ਼ ਵਿਚ ਨਵੇਂ ਫੌਜੀ ਅੱਡੇ ਸਥਾਪਤ ਕਰ ਰਿਹਾ ਹੈ।

ਨਿਸ਼ਚੇ ਹੀ ਅਜਿਹੀਆਂ ਕਾਰਵਾਈਆਂ ਰੂਸ ਅਤੇ ਚੀਨ ਨੂੰ ਧਮਕਾਉਣ ਦੀਆਂ ਸਾਜ਼ਿਸ਼ਾਂ ਹੀ ਹਨ ਕਿ ਉਹ ਆਪਣੀ ਸੁਰੱਖਿਆ ਦੇ ਲਈ ਕੁਝ ਕਰਨ। ਇਸ ਸਭ ਕੁਝ ਦਾ ਅੰਤ ਕੀ ਹੈ ? ਮਿਕ ਦੇ ਮੁਨਾਫਿਆਂ ਵਿਚ ਬੇਇੰਤਹਾ ਵਾਧਾ ਹੋ ਰਿਹਾ ਹੈ ਅਤੇ ਸਾਰੀ ਦੁਨੀਆ ਦੀ ਜ਼ਿੰਦਗੀ ਖਤਰੇ ਵਿਚ ਪੈ ਰਹੀ ਹੈ। ਸਾਫ ਤੇ ਸਪੱਸ਼ਟ ਸਵਾਲ ਹੈ, ਜੇ ਅਮਰੀਕਾ ਦੇ ਮਿਲਟਰੀ ਉਦਯੋਗ ਅਤੇ ਸਾਥੀਆਂ ਯਾਨੀ ਮਿਕ ਦੇ ਮਨਸੂਬੇ ਕਾਮਯਾਬ ਹੋ ਜਾਂਦੇ ਹਨ ਤਾਂ ਅਮਰੀਕਾ ਤੇ ਨਾਟੋ ਇੱਕ ਪਾਸੇ ਤੇ ਰੂਸ ਤੇ ਚੀਨ ਦੀ ਆਹਮਣੇ-ਸਾਹਮਣੇ ਦੀ ਟੱਕਰ, ਯਾਨੀ ਵਿਸ਼ਵ ਯੁੱਧ ਤੇ ਇਸ ਮਨੁੱਖੀ ਸੱਭਿਅਤਾ ਦਾ ਸਤਿਆਨਾਸ।

ਉਪਾਅ ਧਰਤੀ 'ਤੇ ਵਸਦੇ ਜੀਵ-ਜੰਤੂਆਂ ਦੀ ਰਖਵਾਲੀ, ਇਸ ਗ੍ਰਹਿ ਦੇ ਭਵਿੱਖ ਦੀ ਸੁਰੱਖਿਆ ਦੇ ਲਈ ਮੌਤ ਦੇ ਇਨ੍ਹਾਂ ਸੌਦਾਗਰਾਂ ਦੇ ਗਠਜੋੜ ਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲਾ ਕਦਮ ਤਾਂ ਇਹ ਹੀ ਹੈ ਅਮਰੀਕਾ ਵਾਸੀਆਂ ਵੱਲੋਂ ਦਿੱਤੇ ਜਾਂਦੇ ਕਰਾਂ ਵਿੱਚੋਂ ਇਨ੍ਹਾਂ ਨੂੰ ਦਿੱਤੇ ਜਾਂਦੇ ਡਾਲਰਾਂ 'ਤੇ ਕਟੌਤੀ ਲਾਈ ਜਾਵੇ। ਇਹ ਡਾਲਰ ਹੀ ਮਿਕ ਦੀ ਜਾਨ ਹਨ। ਬਹੁਤ ਘੱਟ ਲੋਕਾਂ ਨੂੰ ਗਿਆਨ ਹੋਵੇਗਾ ਕਿ ਡੋਨਾਲਡ ਟਰੰਪ ਵੇਲੇ ਦੇ ਪੈਂਟਾਗਨ ਦੇ ਮੁਖੀ ਕਰਿਸਟੋਫਰ ਮਿਲਰ ਨੇ ਕਿਹਾ ਸੀ ਕਿ ਪੈਂਟਾਗਨ ਦਾ ਬਜਟ ਅੱਧਾ ਕਰ ਦੇਣਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਕੰਮ ਸੌਖਾ ਨਹੀਂ ਹੈ, ਕਿਉਂਕਿ ਇਨ੍ਹਾਂ ਉਦਯੋਗਪਤੀਆਂ ਨੇ ਪੈਸੇ ਦੇ ਜ਼ੋਰ ਨਾਲ ਸੰਸਦ ਮੈਂਬਰਾਂ ਜਾਂ ਕਾਨੂੰਨ ਘਾੜਿਆਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ।

ਸਾਡੇ ਮਾਹਰ ਹੋਰ ਵੀ ਤਰਕੀਬਾਂ ਤੇ ਸੋਚ-ਵਿਚਾਰ ਕਰ ਰਹੇ ਹਨ, ਜਿਵੇਂ ਅਦਾਲਤ ਦਾ ਸਹਾਰਾ ਲੈਣਾ, ਹਥਿਆਰ ਸਨਅਤ ਦੇ ਕੌਮੀਕਰਨ ਲਈ ਮੁਹਿੰਮ ਛੇੜਨਾ, ਮੁਨਾਫਾਖੋਰੀ 'ਤੇ ਰੋਕ ਲਾਉਣਾ, ਫੌਜ ਦੇ ਇੱਕ ਹਿੱਸੇ ਨੂੰ ਨਾਗਰਿਕ ਸਹਾਇਤਾ ਕੰਮਾਂ ਵਿਚ ਲਾਉਣਾ ਆਦਿ। ਸਾਡੇ ਵਿੱਚੋਂ ਬਹੁਤ ਸਾਰੇ ਮਿਕ ਦੀ ਬਰਖਾਸਤਗੀ ਨੂੰ ਬਹੁਤ ਮੁਸ਼ਕਲ ਕਹਿਣਗੇ ਤੇ ਕਹਿੰਦੇ ਹਨ, ਪਰ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਵਿਸ਼ਵ ਯੁੱਧ ਕੋਈ ਅਜਿਹੀ ਚੀਜ਼ ਨਹੀਂ ਹੈ, ਜਿਸ ਨੂੰ ਟਾਲਿਆ ਨਹੀਂ ਜਾ ਸਕਦਾ। ਯੁੱਧ ਨੂੰ ਟਾਲਣ ਲਈ ਅਤੇ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਲਈ ਇਨ੍ਹਾਂ ਮੌਤ ਦੇ ਸੌਦਾਗਰਾਂ ਦੇ ਸੰਗਠਨ (ਮਿਕ) ਨੂੰ ਤੋੜਨਾ ਬਹੁਤ ਜ਼ਰੂਰੀ ਹੈ।

***ਮੋਬਾਇਲ : 94632-32402***

***(ਡੇਵਿਡ ਵਾਈਨ ਅਮਰੀਕਨ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ, ਕਿਤਾਬ "ਯੂਨਾਈਟਡ ਸਟੇਸ ਆਫ ਵਾਰ" ਦਾ ਲੇਖਕ ਹੈ)। ਥਾਰੇਸਾ ਕੋਨਕਾਰਡੀਆ ਯੂਨੀਵਰਸਿਟੀ ਵਿਚ ਸਹਾਇਕ ਪ੍ਰੋਫੈਸਰ ਹੈ। ਕਾਊਂਟਰਪੰਚ ਤੋਂ ਧੰਨਵਾਦ ਸਹਿਤ।***

## ਸਫ਼ਾ 2 ਦੀ ਬਾਕੀ — ਬੇਅਦਬੀ ਦੀਆਂ ਘਟਨਾਵਾਂ ਅਤੇ

ਅਤੇ ਇਹ ਸਰਾਸਰ ਸੰਗੀਨ ਅਪਰਾਧ ਹੈ।ਕਿਸੇ ਵੀ ਧਾਰਮਿਕ ਗ੍ਰੰਥ ਅਤੇ ਨਿਆਂ ਪ੍ਰਣਾਲੀ ਵਿੱਚ ਨਹੀਂ ਲਿਖਿਆ ਹੈ ਕਿ ਧਾਰਮਿਕ ਬੇਹੁਰਮਤੀ ਕਰਨ ਵਾਲੇ ਨੂੰ ਕਾਨੂੰਨੀ ਪ੍ਰਕਿਰਿਆ ਅਪਣਾਏ ਬਿਨਾਂ ਹੀ ਜਾਨੋਂ ਮਾਰ ਦਿੱਤਾ ਜਾਵੇ। ਸਵਾਲ ਇਹ ਵੀ ਹੈ ਕਿ ਜੇਕਰ ਬ੍ਰਹਿਮੰਡ ਵਿੱਚ ਕਿਸੇ ਅਖੌਤੀ ਪ੍ਰਮਾਤਮਾ ਦੀ ਹੋਂਦ ਹੈ ਤਾਂ ਉਹ ਬੇਅਦਬੀ ਦੀਆਂ ਘਟਨਾਵਾਂ ਅਤੇ ਆਪਣੇ ਪੈਰੋਕਾਰਾਂ ਨੂੰ ਅਜਿਹੇ ਵਹਿਸ਼ੀ ਕਤਲ ਕਰਨ ਤੋਂ ਰੋਕਦਾ ਕਿਉਂ ਨਹੀਂ?

ਕਈ ਵਾਰ ਅਕਸਰ ਸ਼ਾਰਟ ਸਰਕਟ ਕਾਰਨ ਧਾਰਮਿਕ ਗ੍ਰੰਥ ਅੱਗ ਦੀ ਭੇਟ ਚੜ੍ਹ ਜਾਂਦੇ ਹਨ ਜਾਂ ਹੜ੍ਹ, ਤੂਫ਼ਾਨ ਕਾਰਨ ਪਾਣੀ ਵਿੱਚ ਰੁੜ੍ਹ ਜਾਂਦੇ ਹਨ ਅਤੇ ਕਈ ਵਾਰ ਜ਼ਿਆਦਾ ਵਰਤੋਂ ਵਿਚ ਆਉਣ ਕਰਕੇ ਖਸਤਾ ਹਾਲਤ ਵਿੱਚ ਖਰਾਬ ਹੋ ਜਾਂਦੇ ਹਨ। ਇਹੀ ਨਹੀਂ, ਬਲਕਿ ਪ੍ਰਬੰਧਕਾਂ ਦੀ ਅਣਗਹਿਲੀ ਨਾਲ ਪਿਛਲੇ ਸਮੇਂ ਵਿੱਚ ਕਈ ਵਾਰ ਧਾਰਮਿਕ ਸਥਾਨਾਂ 'ਚੋਂ ਗੁਰੂ ਸਾਹਿਬ ਦੇ ਸਰੂਪ ਚੋਰੀ ਵੀ ਹੋਏ, ਪਰ ਪ੍ਰਬੰਧਕ ਸੰਸਥਾਵਾਂ ਵੱਲੋਂ ਨਾ ਤਾਂ ਕਿਸੇ ਦੀ ਜ਼ਿੰਮੇਵਾਰੀ ਤਹਿ ਕੀਤੀ ਗਈ ਅਤੇ ਨਾ ਹੀ ਭਵਿੱਖ ਲਈ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ। ਉਦੋਂ ਵੀ ਤਾਂ ਅਸੀਂ ਇਸ ਨੂੰ ਕੁਦਰਤੀ ਕਰੋਪੀ ਜਾਂ ਮਨੁੱਖੀ ਅਣਗਹਿਲੀ ਕਹਿ ਕੇ ਅੱਖੋਂ-ਪਰੋਖੇ ਕਰਦੇ ਆਏ ਹਾਂ। ਅਜਿਹਾ ਕਹਿਣ ਦਾ ਹਰਗਿਜ਼ ਮਤਲਬ ਬੇਅਦਬੀ ਦੀਆਂ ਘਟਨਾਵਾਂ ਨੂੰ ਅੱਖੋਂ-ਪਰੋਖੇ ਕਰਨਾ ਨਹੀਂ, ਬਲਕਿ ਅਜਿਹੀਆਂ ਅਨੈਤਿਕ ਘਟਨਾਵਾਂ ਨੂੰ ਵਾਪਰਨ ਤੋਂ ਰੋਕਣਾ, ਮਨੁੱਖੀ ਜਾਨਾਂ ਅਤੇ ਭਾਈਚਾਰਕ ਸਾਂਝ ਨੂੰ ਬਚਾਉਣਾ ਹੈ।

ਇਸ ਤੱਥ ਨੂੰ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਜੇਕਰ ਕੋਈ ਨਾਗਰਿਕ ਸੰਵਿਧਾਨ ਦੀ ਧਾਰਾ 51- ਏ (ਐੱਚ) ਤਹਿਤ ਆਪਣਾ ਫਰਜ਼ ਨਿਭਾਉਂਦਾ ਹੋਇਆ ਵਿਗਿਆਨਕ ਨਜ਼ਰੀਏ ਤੋਂ ਸਦੀਆਂ ਪੁਰਾਣੇ ਅੰਧ-ਵਿਸ਼ਵਾਸਾਂ, ਰੂੜੀਵਾਦੀ ਰਸਮਾਂ ਅਤੇ ਸਮਾਜਿਕ ਬੁਰਾਈਆਂ ਉਤੇ ਕਿੰਤੂ-ਪ੍ਰੰਤੂ ਕਰਦਾ ਹੈ ਤਾਂ ਉਸ ਉਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਨਜਾਇਜ਼ ਅਪਰਾਧਿਕ ਦੋਸ਼ ਲਾ ਦੇਣਾ ਕਿੱਥੋਂ ਤੱਕ ਸਹੀ ਹੈ? ਕੀ ਕਿਸੇ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਵਾਕਈ ਹੀ ਇੰਨੀਆਂ ਕਮਜ਼ੋਰ ਹੁੰਦੀਆਂ ਹਨ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅੰਧ-ਵਿਸ਼ਵਾਸਾਂ ਅਤੇ ਮਿਥਿਹਾਸ ਉਤੇ ਕਿੰਤੂ-ਪ੍ਰੰਤੂ ਕਰਨ ਨਾਲ ਹੀ ਭੜਕ ਜਾਂਦੀਆਂ ਹਨ?

ਸਵਾਲ ਹੈ ਕਿ ਅਜਿਹੇ ਲੋਕਾਂ ਦੀਆਂ ਮਨੁੱਖੀ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ ਸਾਮਰਾਜੀ ਹਕੂਮਤਾਂ ਵੱਲੋਂ ਉਨ੍ਹਾਂ ਦੀ ਜ਼ਿੰਦਗੀ ਨਾਲ ਸਿੱਧੇ ਤੌਰ 'ਤੇ ਸੰਬੰਧਤ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ, ਸੜਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਖਤਮ ਕਰਨ ਦੀਆਂ ਲੋਕ ਮਾਰੂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ, ਜਦਕਿ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਕਰਜ਼ਾ, ਬਿਮਾਰੀ ਅਤੇ ਮਹਿੰਗਾਈ ਤੋਂ ਤੰਗ ਹੋ ਕੇ ਹਜ਼ਾਰਾਂ ਪੀੜਤ ਲੋਕ ਖੁਦਕੁਸ਼ੀ ਕਰ ਰਹੇ ਹਨ? ਅਜਿਹੇ ਲੋਕਾਂ ਦੇ ਹਿਰਦੇ ਉਦੋਂ ਕਿਉਂ ਨਹੀਂ ਵਲੂੰਧਰੇ ਜਾਂਦੇ, ਜਦੋਂ ਕਿਸੇ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ-ਜ਼ਨਾਹ ਕਰਨ ਤੋਂ ਬਾਅਦ ਉਸ ਉਤੇ ਤੇਲ ਪਾ ਕੇ ਸਾੜ ਦਿੱਤਾ ਜਾਂਦਾ ਹੈ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਗਟ ਕਰਦੇ ਲੋਕਾਂ ਉਤੇ ਲਾਠੀਆਂ-ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਨੂੰ ਝੂਠੇ ਕੇਸਾਂ ਹੇਠ ਗ੍ਰਿਫ਼ਤਾਰ ਕਰਕੇ ਸਾਲਾਂਬੱਧੀ ਜੇਲ੍ਹਾਂ ਵਿਚ ਡੱਕਿਆ ਜਾਂਦਾ ਹੈ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ ਪੈਸੇ ਖੁਣੋਂ ਨਿੱਜੀ ਹਸਪਤਾਲਾਂ ਵਿਚ ਇਲਾਜ ਨਾ ਕਰਵਾ ਸਕਣ ਕਾਰਨ ਹਜ਼ਾਰਾਂ ਗਰੀਬ ਮਰੀਜ਼ ਦਮ ਤੋੜ ਜਾਂਦੇ ਹਨ? ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਲਈ ਮਨੁੱਖੀ ਜ਼ਿੰਦਗੀ ਨਾਲੋਂ ਧਰਮ ਹੀ ਸਭ ਤੋਂ ਉੱਤਮ ਹੈ ਅਤੇ ਅਜਿਹੀ ਸੋਚ ਸਰਾਸਰ ਗ਼ਲਤ ਹੀ ਨਹੀਂ, ਬਲਕਿ ਸਮੁੱਚੇ ਸਮਾਜ ਅਤੇ ਖ਼ੁਦ ਉਨ੍ਹਾਂ ਦੇ ਵਿਕਾਸ ਲਈ ਖ਼ਤਰਨਾਕ ਵੀ ਹੈ।

ਇਤਿਹਾਸ ਵਿੱਚ ਧਰਮ ਦੇ ਨਾਂਅ ਹੇਠ ਹੋਏ ਵਹਿਸ਼ੀ ਕਤਲੇਆਮ ਅਤੇ ਅਣਮਨੁੱਖੀ ਘਟਨਾਵਾਂ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਧਾਰਮਿਕਤਾ ਕਿਸੇ ਵਿਅਕਤੀ ਦੀ ਨੈਤਿਕਤਾ ਦਾ ਕੋਈ ਸਹੀ ਪੈਮਾਨਾ ਨਹੀਂ ਹੋ ਸਕਦੀ।ਇਸ ਦੇ ਉਲਟ ਗ਼ੈਰ ਧਾਰਮਿਕ ਲੋਕ ਆਪਣੇ ਅਮਲੀ ਜੀਵਨ ਵਿੱਚ ਵੱਧ ਨੈਤਿਕ, ਸਹਿਣਸ਼ੀਲ ਅਤੇ ਜਮਹੂਰੀਅਤ ਪਸੰਦ ਹੁੰਦੇ ਹਨ ਅਤੇ ਧਰਮ ਨੂੰ ਹਰੇਕ ਵਿਅਕਤੀ ਦਾ ਨਿੱਜੀ ਮਾਮਲਾ ਸਮਝ ਕੇ ਧਾਰਮਿਕ ਅਜ਼ਾਦੀ ਦੇ ਜਮਹੂਰੀ ਹੱਕ ਦਾ ਸਨਮਾਨ ਵੀ ਕਰਦੇ ਹਨ।

ਅਕਸਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਕੋਈ ਵੀ ਧਰਮ ਖ਼ਾਸ ਕਰਕੇ ਸਿੱਖ ਧਰਮ ਕਿਸੇ ਨਿਹੱਥੇ ਉਤੇ ਵਾਰ ਕਰਨਾ ਨਹੀਂ ਸਿਖਾਉਂਦਾ। ਸਿੱਖ ਧਰਮ ਦੇ ਪੈਰੋਕਾਰ ਅਤੇ ਪ੍ਰਬੰਧਕ ਤਾਂ ਵੈਸੇ ਵੀ ਰੋਜ਼ਾਨਾ ਆਪਣੇ ਨਿੱਤਨੇਮ ਵਿੱਚ ਸਰਬੱਤ ਦੇ ਭਲੇ ਅਤੇ ਭੁੱਲ ਚੁੱਕ ਦੀ ਮਾਫ਼ੀ ਲਈ ਅਰਦਾਸ ਕਰਦੇ ਹਨ। ਫਿਰ ਇਹ ਤੱਥ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ ਕਿ ਅਜਿਹੇ ਦੋਸ਼ੀਆਂ ਨੂੰ ਮੌਕੇ ਉਤੇ ਮਾਰ ਦੇਣ ਨਾਲ ਕੀ ਬੇਅਦਬੀ ਦੀਆਂ ਘਟਨਾਵਾਂ ਬੰਦ ਹੋ ਗਈਆਂ ਹਨ ਜਾਂ ਹੋ ਜਾਣਗੀਆਂ? ਕੀ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਨੂੰ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ-ਨਾਲ ਇਸ ਵਿਚਲੀਆਂ ਉਨ੍ਹਾਂ ਨੈਤਿਕ ਸਿੱਖਿਆਵਾਂ ਉਤੇ ਅਮਲ ਨਹੀਂ ਕਰਨਾ ਚਾਹੀਦਾ ਜੋ ਇਕ ਇਨਸਾਨੀ ਜ਼ਿੰਦਗੀ ਦੀ ਰੱਖਿਆ ਕਰਨ ਅਤੇ ਕਿਸੇ ਭਟਕੇ ਹੋਏ ਮਨੁੱਖ ਨੂੰ ਵਿਵੇਕ ਦਾਨ ਦੇ ਕੇ ਉਸ ਵਿੱਚ ਸੁਧਾਰ ਕਰਨ ਦਾ ਸੰਦੇਸ਼ ਦਿੰਦੀਆਂ ਹਨ ਅਤੇ ਜਿਸ ਦਾ ਉਹ ਰੋਜ਼ਾਨਾ ਉਚਾਰਨ ਕਰਨ ਦਾ ਦਾਅਵਾ ਵੀ ਕਰਦੇ ਹਨ। ਇਸ ਲਈ ਅਜਿਹੇ ਵਕਤ ਪ੍ਰਬੰਧਕਾਂ ਨੂੰ ਸੂਝ-ਸਮਝ ਅਤੇ ਸਹਿਣਸ਼ੀਲਤਾ ਤੋਂ ਕੰਮ ਲੈਂਦੇ ਹੋਏ ਪੁਲਸ ਦੀ ਹਾਜ਼ਰੀ ਵਿੱਚ ਤਫਤੀਸ਼ ਦਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਸੀ।

ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਉਨ੍ਹਾਂ ਪੰਜਾਬ ਵਿਰੋਧੀ ਤਾਕਤਾਂ ਦਾ ਕਾਰਾ ਹੋ ਸਕਦਾ ਹੈ, ਜਿਹੜੀਆਂ ਪੰਜਾਬ ਵਿਚ ਕਿਸਾਨੀ ਸੰਘਰਸ਼, ਲੋਕਾਂ ਦੀ ਭਾਈਚਾਰਕ ਸਾਂਝ ਤੋੜਨ, ਕਿਸਾਨ ਜਥੇਬੰਦੀਆਂ 'ਚ ਆਪਸੀ ਫੁੱਟ ਪਵਾਉਣ ਅਤੇ ਪੰਜਾਬ ਦੇ ਲੋਕਾਂ ਦੇ ਬੇਰੁਜ਼ਗਾਰੀ, ਰਿਸ਼ਵਤਖੋਰੀ, ਮਹਿੰਗੀ ਸਿੱਖਿਆ ਤੇ ਸਿਹਤ ਸੇਵਾਵਾਂ, ਨਿੱਜੀਕਰਨ, ਨੌਜਵਾਨਾਂ ਦਾ ਭਵਿੱਖ, ਕਾਰਪੋਰੇਟ ਲੁੱਟ, ਨਜਾਇਜ਼ ਵਿਕਦੇ ਨਸ਼ਿਆਂ, ਵਧਦੇ ਅਪਰਾਧਾਂ, ਰੁਜ਼ਗਾਰ, ਭ੍ਰਿਸ਼ਟਾਚਾਰ ਤੇ ਕਿਸਾਨੀ ਮੁੱਦਿਆਂ ਆਦਿ ਤੋਂ ਧਿਆਨ ਭਟਕਾਉਣਾ ਚਾਹੁੰਦੀਆਂ ਹਨ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਅ ਕੇ ਫ਼ਿਰਕੂ ਸਿਆਸਤ ਰਾਹੀਂ ਸੱਤਾ ਉੱਤੇ ਕਾਬਜ਼ ਹੋਣਾ ਚਾਹੁੰਦੀਆਂ ਹਨ। ਨਤੀਜੇ ਵਜੋਂ ਸਾਮਰਾਜ ਪੱਖੀ ਹਾਕਮ ਜਮਾਤਾਂ ਨੂੰ ਫਿਰਕੂ ਤਾਕਤਾਂ ਦੇ ਦਬਾਅ ਹੇਠ ਹੋਰ ਵੱਧ ਸਖਤ ਕਾਨੂੰਨ ਬਣਾਉਣ ਦਾ ਮੌਕਾ ਮਿਲਦਾ ਹੈ । ਫਿਰ ਇਹੀ ਮਨੁੱਖ ਵਿਰੋਧੀ ਕਾਲੇ ਕਾਨੂੰਨ ਹੁਕਮਰਾਨਾਂ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਅਤੇ ਆਮ ਲੋਕਾਂ ਦੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਵਰਤੇ ਜਾਂਦੇ ਹਨ।

ਲੋਕ ਪੱਖੀ ਜਮਹੂਰੀ ਤੇ ਪ੍ਰਗਤੀਸ਼ੀਲ ਧਿਰਾਂ ਨੂੰ ਇਹ ਤੱਥ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪੂੰਜੀਵਾਦ ਦਾ ਸੰਕਟ ਲਗਾਤਾਰ ਗਹਿਰਾ ਹੁੰਦਾ ਜਾ ਰਿਹਾ ਹੈ ਅਤੇ ਸਾਮਰਾਜੀ ਹਕੂਮਤਾਂ ਕਾਰਪੋਰੇਟ ਅਦਾਰਿਆਂ ਨੂੰ ਇਸ ਸੰਕਟ 'ਚੋਂ ਬਾਹਰ ਕੱਢਣ ਲਈ ਜਨਤਕ ਅਦਾਰਿਆਂ ਅਤੇ ਕੁਦਰਤੀ ਸਾਧਨਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ, ਕਾਰਪੋਰੇਟਾਂ ਦੇ ਅਰਬਾਂ ਰੁਪਏ ਦੇ ਡੁੱਬੇ ਕਰਜ਼ੇ ਮੁਆਫ਼ ਕਰਨ ਅਤੇ ਕਈ ਲੱਖ ਕਰੋੜਾਂ ਰੁਪਏ ਦੀਆਂ ਸਾਲਾਨਾ ਰਿਆਇਤਾਂ ਦੇਣ ਦੀਆਂ ਲੋਕਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ। ਉਹ ਅਜਿਹੀ ਕਾਰਪੋਰੇਟ ਲੁੱਟ ਤੋਂ ਧਿਆਨ ਭਟਕਾਉਣ ਲਈ ਜਿੱਥੇ ਲੋਕਾਂ ਨੂੰ ਧਾਰਮਿਕ ਬੇਅਦਬੀਆਂ, ਜਾਤ-ਪਾਤਾਂ ਦੇ ਵਖਰੇਵਿਆਂ ਰਾਹੀਂ ਆਪਸ ਵਿੱਚ ਲੜਾ ਕੇ ਉਨ੍ਹਾਂ ਦੀ ਜੱਥੇਬੰਦਕ ਤਾਕਤ ਅਤੇ ਭਾਈਚਾਰਕ ਸਾਂਝ ਨੂੰ ਖਤਮ ਕਰਨਾ ਚਾਹੁੰਦੀਆਂ ਹਨ, ਉੱਥੇ ਹੀ ਅੰਦਰੂਨੀ ਸੁਰੱਖਿਆ ਦੀ ਆੜ ਹੇਠ ਲੋਕਾਂ ਦੇ ਜਮਹੂਰੀ ਹੱਕਾਂ ਅਤੇ ਲੋਕ ਪੱਖੀ ਜਨਤਕ ਸੰਘਰਸ਼ਸ਼ੀਲ ਲਹਿਰਾਂ ਨੂੰ ਸਖ਼ਤ ਕਾਲੇ ਕਾਨੂੰਨਾਂ ਰਾਹੀਂ ਕੁਚਲਣ ਦੀਆਂ ਸਾਜ਼ਿਸ਼ਾਂ ਵੀ ਕਰ ਰਹੀਆਂ ਹਨ ਜਿਸ ਤੋਂ ਉਨ੍ਹਾਂ ਨੂੰ ਸੁਚੇਤ ਹੋ ਕੇ ਇਸ ਦਾ ਜਮਾਤੀ ਪੱਧਰ 'ਤੇ ਡਟਵਾਂ ਵਿਰੋਧ ਕਰਨ ਦੀ ਲੋੜ ਹੈ।

ਹਕੀਕਤ ਇਹ ਹੈ ਕਿ ਧਰਮ ਦੀ ਫ਼ਿਰਕੂ ਰਾਜਨੀਤੀ ਕਰਨ ਵਾਲੀਆਂ ਹਕੂਮਤਾਂ ਅਤੇ ਕੁਝ ਕੱਟੜ ਫ਼ਿਰਕਾਪ੍ਰਸਤ ਤਾਕਤਾਂ ਪਿਛਲੇ ਕੁਝ ਦਹਾਕਿਆਂ ਤੋਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ ਹੇਠ ਧਾਰਾ 295 ਅਤੇ 295 ਏ ਨੂੰ ਫ਼ਿਰਕੂ ਹਥਿਆਰ ਦੇ ਤੌਰ 'ਤੇ ਵਰਤ ਕੇ ਉਨ੍ਹਾਂ ਜਮਹੂਰੀ ਸੰਸਥਾਵਾਂ ਅਤੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਕੀਲਾਂ, ਸਮਾਜਿਕ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਚਾਹੁੰਦੀਆਂ ਹਨ, ਜੋ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ, ਰੂੜੀਵਾਦੀ, ਫ਼ਿਰਕਾਪ੍ਰਸਤ, ਅੰਧ-ਵਿਸ਼ਵਾਸੀ, ਸਾਮਰਾਜ ਪੱਖੀ, ਗੈਰ ਸੰਵਿਧਾਨਕ ਕਾਰਵਾਈਆਂ ਅਤੇ ਜਾਬਰ ਕਾਲੇ ਕਾਨੂੰਨਾਂ ਦਾ ਜਨਤਕ ਪੱਧਰ 'ਤੇ ਲਗਾਤਾਰ ਡਟਵਾਂ ਵਿਰੋਧ ਕਰਦੇ ਹੋਏ ਲੋਕਾਈ ਨੂੰ ਜਮਾਤੀ ਪੱਧਰ 'ਤੇ ਚੇਤਨ ਕਰ ਰਹੇ ਹਨ ।

ਮੌਜੂਦਾ ਲੋਕ ਸਭਾ ਚੋਣਾਂ ਦੌਰਾਨ ਜਿਸ ਤਰ੍ਹਾਂ ਮੁਲਕ ਵਿਚ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ-ਸੰਘ ਵੱਲੋਂ ਆਪਣੀਆਂ ਚੋਣ ਰੈਲੀਆਂ ਵਿੱਚ ਆਪਣੇ ਸਿਆਸੀ ਭਾਈਵਾਲ ਕਾਰਪੋਰੇਟ ਘਰਾਣਿਆਂ ਅਤੇ ਗੋਦੀ ਮੀਡੀਆ ਦੀ ਹਮਾਇਤ ਨਾਲ ਘੱਟਗਿਣਤੀਆਂ ਵਿਰੁੱਧ ਫਿਰਕੂ ਨਫਰਤ ਦੀ ਜ਼ਹਿਰੀਲੀ ਸਿਆਸਤ ਖੇਡੀ ਗਈ ਹੈ ਅਤੇ ਜਿਸ ਤਰ੍ਹਾਂ ਕੇਂਦਰੀ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੇ ਇਸ ਸੰਬੰਧੀ ਵਿਰੋਧੀ ਸਿਆਸੀ ਪਾਰਟੀਆਂ ਦੀਆਂ ਸ਼ਿਕਾਇਤਾਂ ਤੋਂ ਜਾਣਬੁੱਝ ਕੇ ਅੱਖਾਂ ਮੀਟੀ ਰੱਖੀਆਂ ਹਨ, ਉਸ ਨੂੰ ਕਿਸੇ ਵੀ ਤਰ੍ਹਾਂ ਨਿਰਪੱਖ ਅਤੇ ਸੁਤੰਤਰ ਚੋਣਾਂ ਤਸਲੀਮ ਨਹੀਂ ਕੀਤਾ ਜਾ ਸਕਦਾ ਅਤੇ ਇਸ ਨੂੰ ਅਸਲ ਨਤੀਜੇ ਅਤੇ ਜਮਹੂਰੀਅਤ ਕਦਾਚਿਤ ਨਹੀਂ ਕਿਹਾ ਜਾ ਸਕਦਾ, ਪਰ ਇਸ ਦੇ ਨਾਲ ਹੀ ਪੰਜਾਬ ਦੇ ਕੁਝ ਲੋਕਾਂ ਅਤੇ ਫ਼ਿਰਕੂ ਸੰਸਥਾਵਾਂ ਵੱਲੋਂ ਪੰਜਾਬ ਦੀਆਂ ਫਰੀਦਕੋਟ ਅਤੇ ਖਡੂਰ ਸਾਹਿਬ ਦੋ ਸੀਟਾਂ ਉੱਤੇ ਜਿਸ ਤਰ੍ਹਾਂ ਫਿਰਕਾਪ੍ਰਸਤੀ ਦੇ ਹੱਕ ਵਿੱਚ ਵੋਟ ਫਤਵਾ ਦਿੱਤਾ ਗਿਆ ਹੈ, ਉਹ ਵੀ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕਾਂ ਦੇ ਭਵਿੱਖ, ਭਾਈਚਾਰਕ ਸਾਂਝ ਅਤੇ ਦੇਸ਼ ਦੀ ਜਮਹੂਰੀਅਤ ਲਈ ਖ਼ਤਰਨਾਕ ਸਿੱਧ ਹੋ ਸਕਦਾ ਹੈ ਅਤੇ ਭਵਿੱਖ ਦੇ ਲੋਕ ਪੱਖੀ ਕਿਸਾਨੀ ਸੰਘਰਸ਼ ਅਤੇ ਜਨਤਕ ਜੱਥੇਬੰਦੀਆਂ ਲਈ ਬਹੁਤ ਵੱਡੀ ਵੰਗਾਰ ਵੀ ਹੋ ਸਕਦੀ ਹੈ।

ਇਸ ਲਈ ਪੰਜਾਬ ਦੇ ਲੋਕਾਂ ਨੂੰ ਵਿਗਿਆਨਕ ਅਤੇ ਇਨਸਾਨੀਅਤ ਪੱਖੀ ਸੋਚ ਰੱਖਦੇ ਹੋਏ ਅਜਿਹੀਆਂ ਫਿਰਕੂ ਸਾਜ਼ਿਸ਼ਾਂ ਕਰਨ ਵਾਲੀਆਂ ਲੋਕ ਵਿਰੋਧੀ ਸਿਆਸੀ ਤਾਕਤਾਂ ਤੋਂ ਸੁਚੇਤ ਹੋ ਕੇ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਸਿਰਫ ਜੱਥੇਬੰਦਕ ਸੰਘਰਸ਼ਾਂ ਉਤੇ ਟੇਕ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ ਫ਼ਿਰਕੂ ਤਾਕਤਾਂ ਦੇ ਪਿਛਲੱਗੂ ਬਣਨ ਦੀ ਬਜਾਏ ਕਿਸੇ ਵੀ ਬੇਅਦਬੀ ਦੀ ਘਟਨਾ ਮੌਕੇ ਜਜ਼ਬਾਤੀ ਹੋ ਕੇ ਹਿੰਸਕ ਪ੍ਰਤੀਕਰਮ ਦੇਣ ਦੀ ਥਾਂ ਸਿਆਣਪ ਅਤੇ ਸੰਜਮ ਨਾਲ ਉਸ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਇਕਜੁੱਟ ਹੋ ਕੇ ਪੁਲਸ ਪ੍ਰਸ਼ਾਸਨ ਉਤੇ ਦਬਾਅ ਪਾਉਣਾ ਚਾਹੀਦਾ ਹੈ।

ਪੰਜਾਬ ਸਰਕਾਰ ਅਤੇ ਜਾਂਚ ਏਜੰਸੀਆਂ ਨੂੰ ਹੁਣ ਤੱਕ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਮੌਕੇ ਦੇ ਮੁਲਜ਼ਮਾਂ ਨੂੰ ਕਤਲ ਕਰਨ ਤੇ ਸਬੂਤ ਮਿਟਾਉਣ ਦੀਆਂ ਸਾਜ਼ਿਸ਼ਾਂ ਨੂੰ ਪੂਰੀ ਇਮਾਨਦਾਰੀ ਨਾਲ ਸਾਹਮਣੇ ਲਿਆ ਕੇ ਜ਼ਿੰਮੇਵਾਰ ਦੋਸ਼ੀਆਂ ਅਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਸਜ਼ਾਵਾਂ ਦਿਵਾਉਣੀਆਂ ਚਾਹੀਦੀਆਂ ਹਨ। ਇਸ ਲਈ ਫ਼ਿਰਕੂ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣ ਅਤੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਰਾਖੀ ਲਈ ਪੰਜਾਬ ਸਮੇਤ ਮੁਲਕ ਦੀਆਂ ਸਮੂਹ ਲੋਕ ਪੱਖੀ ਜਮਹੂਰੀ ਜਨਤਕ ਅਤੇ ਅਗਾਂਹਵਧੂ ਧਿਰਾਂ ਨੂੰ ਹੁਣ ਹੋਰ ਵੀ ਵੱਧ ਜ਼ਿੰਮੇਵਾਰੀ ਨਾਲ ਜਮਾਤੀ ਪੱਧਰ 'ਤੇ ਆਪਣੀ ਆਵਾਜ਼ ਬੁਲੰਦ ਕਰਨੀ ਹੋਵੇਗੀ।

***ਸੰਪਰਕ : 76960-30173***

## ਆਖਰੀ ਸਫ਼ਾ ਦੀ ਬਾਕੀ — ਗੂੰਗਿਆਂ ਦਾ ਸ਼ਹਿਰ ਜੇਜੋਂ...

ਸ਼ਿਅਰ ਲਿਖਾ ਕੇ ਇਮਾਰਤਾਂ ਉੱਤੇ ਤਖ਼ਤੀਆਂ ਟੰਗੀਆਂ ਹੋਈਆਂ ਹਨ। ਬੰਦ ਪਈਆਂ ਤੇ ਉਜੜੀਆਂ ਹੋਈਆਂ ਇਮਾਰਤਾਂ ਦੇ ਉੱਤੇ ਲਿਖੇ ਸ਼ਿਅਰ ਇਸ ਸ਼ਹਿਰ ਦੀ ਤਸਵੀਰ ਰੂਪਮਾਨ ਕਰਦੇ ਹਨ :

* ਪੇੜੋਂ ਕੋ ਛੋਡ ਕਰ ਜਾ ਉਡੇ ਉਨ ਕਾ ਜ਼ਿਕਰ ਕਿਆ,
ਪਾਲੇ ਹੁਏ ਭੀ ਗੈਰੋਂ ਕੀ ਛੱਤ ਪਰ ਚਲੇ ਗਏ।
* ਫਿਰ ਮੇਰੇ ਜੁਰਮ ਕੀ ਜੋ ਸਜ਼ਾ ਦੋ ਮੁਝ ਕੋ,
ਕੌਨ ਮੁਜਰਿਮ ਹੈ ਪਹਿਲੇ ਯਹ ਤੋ ਬਤਾ ਦੋ ਮੁਝ ਕੋ।
* ਕਿਆ ਯਾਦ ਮਿਲ ਸਕੇਗੀ, ਯੇ ਤੋ ਗੂੰਗੋਂ ਕਾ ਸ਼ਹਿਰ ਹੈ,
ਅਫਾਨਾ-ਏ-ਹਿਆਤ ਯਹਾਂ ਮਤ ਸੁਨਾਈਏ।

ਸੰਤਾਲੀ ਦੀ ਖ਼ੂਨੀ ਹਨੇਰੀ ਇੱਥੇ ਵੀ ਝੁੱਲੀ ਸੀ। ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ। ਮਨੁੱਖਤਾ ਦਾ ਘਾਣ ਹੋਇਆ ਸੀ। ਚਾਵਾਂ ਨਾਲ ਭਰੇ ਘਰ ਲੁੱਟ ਲਏ ਗਏ ਸਨ। ਇੱਥੇ ਇੱਕ ਰਾਜ ਮਿਸਤਰੀ ਦਸੌਂਧੀ ਸ਼ਾਹ ਹੁੰਦਾ ਸੀ। ਬੜਾ ਅੱਛਾ ਕਾਰੀਗਰ ਸੀ। ਉਹਦੀਆਂ ਬਣਾਈਆਂ ਇਮਾਰਤਾਂ ਅਜੇ ਵੀ ਖੜ੍ਹੀਆਂ ਹਨ। ਉਹਨੂੰ ਦੰਗਾਕਾਰੀਆਂ ਨੇ ਮਾਰ ਮੁਕਾਇਆ। ਇਕ ਗੁੱਜਰ ਮੁੰਡੇ ਦਾ ਕਤਲ ਹੋਇਆ ਸੀ। ਉਸ ਨੂੰ ਸਰੇਆਮ ਬਾਜ਼ਾਰ ਵਿੱਚ ਵੱਢ ਦਿੱਤਾ ਗਿਆ ਸੀ। ਇਕ 35-40 ਸਾਲ ਦਾ ਮੁਹੰਮਦ ਅਲੀ ਹੁੰਦਾ ਸੀ, ਉਹ ਵੈਦ ਹੁੰਦਾ ਸੀ, ਉਹਨੂੰ ਜੋਕਾਂ ਵਾਲਾ ਮੁਹੰਮਦ ਅਲੀ ਕਹਿੰਦੇ ਸਨ। ਉਹ ਜੋਕਾਂ ਨਾਲ ਫੋੜੇ, ਫਿਨਸੀਆਂ ਦਾ ਇਲਾਜ ਕਰਦਾ ਹੁੰਦਾ ਸੀ। ਜਿਹੜੇ ਫੋੜੇ-ਫਿਨਸੀਆਂ ਖਰਾਬ ਹੋ ਜਾਂਦੇ, ਉਹ ਉਨ੍ਹਾਂ ਉੱਤੇ ਜੋਕਾਂ ਲਾਉਂਦਾ ਹੁੰਦਾ ਸੀ। ਜੋਕ ਗੰਦ ਚੂਸ ਲੈਂਦੀ ਹੁੰਦੀ ਸੀ ਫੇਰ ਉਹ ਕੋਈ ਦਵਾਈ ਲਾਉਂਦਾ ਸੀ। ਮੁਹੰਮਦ ਅਲੀ ਨੂੰ ਭਰੋਸੇ ਵਿੱਚ ਲੈ ਕੇ ਜੇਜੋਂ ਵਾਲਿਆਂ ਰੱਖ ਲਿਆ ਸੀ। ਬਾਅਦ ਵਿੱਚ ਹਮਲਾਵਰਾਂ ਨੇ ਪਿੰਡ ਕੁੱਕੜਾਂ ਵਿੱਚ ਲਿਜਾ ਕੇ ਬੜੀ ਬੇਰਹਿਮੀ ਨਾਲ ਵੱਢਿਆ ਸੀ।

ਇਸ ਰੌਲੇ-ਰੱਪੇ ਵਿੱਚ ਡਰਦੇ ਲੋਕ ਵਣ ਵਿੱਚ ਜਾ ਛੁਪੇ ਸਨ। ਜਦੋਂ ਪਾਕਿਸਤਾਨ ਤੋਂ ਮਿਲਟਰੀ ਆਈ, ਉਨ੍ਹਾਂ ਨਾਲ ਕਾਫਲਾ ਚਲੇ ਗਿਆ। ਧੋਬੀਆਂ ਦੇ ਨਬੀ ਬਖਸ਼ ਦਾ ਪਰਵਾਰ ਪਹਿਲਾਂ ਕਿਤੇ ਚਲਾ ਗਿਆ ਸੀ। ਬਾਅਦ ਵਿੱਚ ਵਾਪਸ ਆ ਗਏ ਸਨ। ਇਹ ਪਰਿਵਾਰ ਹੁਣ ਵੀ ਇੱਥੇ ਰਹਿ ਰਿਹਾ ਹੈ। ਇਸੇ ਤਰ੍ਹਾਂ ਗੁੱਜਰਾਂ ਦੇ ਕਈ ਘਰ ਵਣ ਵਿੱਚ ਜਾ ਲੁਕੇ ਸਨ। ਜਿਹੜੇ ਹੁਣ ਵੀ ਇੱਥੇ ਹੀ ਰਹਿ ਰਹੇ ਹਨ। ਇਨ੍ਹਾਂ ਵਿਚੋਂ ਸਫੀ, ਰੁਕਮਦੀਨ, ਨਜਾਮ ਦਾ ਪਰਵਾਰ ਦੇ ਮੁੰਡੇ ਤੇ ਸ਼ੇਰੇ ਦੇ ਮੁੰਡੇ ਰਹਿ ਗਏ ਸਨ। ਲੋਕਾਂ ਨੇ ਘਰ ਲੁੱਟ ਕੇ ਸਾੜ ਦਿੱਤੇ ਸਨ। ਇਸ ਉਜਾੜੇ ਪਿਛੋਂ ਬਹੁਤ ਸਾਰੇ ਲੋਕ ਪਾਕਿਸਤਾਨ ਤੋਂ ਜੇਜੋਂ ਆਏ ਸਨ। ਲੋਕਾਂ ਦਾ ਕਹਿਣਾ ਹੈ ਕਿ ਉਹ ਦੱਬਿਆ ਹੋਇਆ ਧਨ ਤੇ ਗਹਿਣੇ ਲੈ ਕੇ ਗਏ ਹੋਣਗੇ। ਮੁਸਲਮਾਨ ਪਰਵਾਰਾਂ ਨਾਲ ਸਾਂਝ ਦੀਆਂ ਯਾਦਾਂ ਅੱਜ ਵੀ ਲੋਕ ਚੇਤਿਆਂ ਵਿੱਚ ਵਸੀਆਂ ਹੋਈਆਂ ਹਨ। ਪੰਡਤ ਹਰੀ ਦੱਤ ਵੈਦ (78) ਨੂੰ ਇਸ ਸੰਬੰਧੀ ਪੁੱਛਿਆ ਗਿਆ।

ਬਜ਼ੁਰਗੋ, ਕੋਈ ਏਹੋ ਜਿਹੀ ਯਾਦ ਸਾਂਝੀ ਕਰੋ ਜਾਂ ਕਿਸੇ ਬੰਦੇ ਬਾਰੇ ਦੱਸੋ, ਜਿਹੜਾ ਤੁਹਾਨੂੰ ਕਦੇ ਭੁੱਲਿਆ ਨਾ ਹੋਵੇ,

'ਇਕ ਸੱਯਦ ਅਲੀ ਮੁਹੰਮਦ ਸ਼ਾਹ ਹੁੰਦਾ ਸੀ, ਉਹ ਡਰਾਮੇ ਵਿੱਚ ਸੀਨਰੀ ਬਣਾਉਂਦਾ ਹੁੰਦਾ ਸੀ। ਬੜਾ ਤੱਕੜਾ ਕਾਰੀਗਰ ਸੀ। ਕਮਾਲ ਦਾ ਕਲਾਕਾਰ ਸੀ। ਮੁਹੱਰਮ ਦੇ ਦਿਨਾਂ ਵਿੱਚ ਤਾਜੀਏ ਨਿਕਲਦੇ ਹੁੰਦੇ ਸਨ। ਹੁਸ਼ਿਆਰਪੁਰ ਤੋਂ ਸੁਲਤਾਨ ਆਉਂਦੇ ਸਨ ਸੀਨਰੀਆਂ ਬਣਾਉਣ, ਬੁੱਤ ਬਣਾਉਣ ਅਤੇ ਹੋਰ ਕਈ ਤਰ੍ਹਾਂ ਦੇ ਮੁਕਾਬਲੇ ਕਰਾਏ ਜਾਂਦੇ ਸਨ। ਹੋਰ ਕਲਾਕਾਰ ਵੀ ਦੂਰੋਂ-ਦੂਰੋਂ ਆਉਂਦੇ ਸਨ। ਸ਼ਾਹ ਨੂੰ ਹਮੇਸ਼ਾ ਇਨਾਮ ਮਿਲਦਾ ਸੀ। ਉਹ ਪਹਿਲੇ ਨੰਬਰ 'ਤੇ ਆਉਂਦਾ ਹੁੰਦਾ ਸੀ, ਉਹ ਮੈਨੂੰ ਕਦੇ ਨਹੀਂ ਭੁੱਲਿਆ।'

ਵੰਡ ਤੋਂ ਪਹਿਲਾਂ ਇੱਥੇ ਪੰਜ ਹਜ਼ਾਰ ਦੇ ਕਰੀਬ ਜਨਸੰਖਿਆ ਸੀ, ਜਦਕਿ ਹੁਣ ਡੇਢ ਹਜ਼ਾਰ ਮਸਾਂ ਹੋਣੀ ਹੈ। ਜੇਜੋਂ ਦਾ ਖੇਤਰਫਲ ਬੜਾ ਘੱਟ ਹੈ। ਪਹਿਲਾਂ ਸੁਨਿਆਰਿਆਂ ਦਾ ਇੱਕ ਪੂਰਾ ਬਾਜ਼ਾਰ ਹੁੰਦਾ ਸੀ, ਜਿੱਥੇ ਵੱਖ-ਵੱਖ ਤਰ੍ਹਾਂ ਦੇ ਗਹਿਣੇ ਬਣਦੇ ਸਨ। ਹੁਣ ਦੋ-ਤਿੰਨ ਦੁਕਾਨਾਂ ਹੀ ਗਹਿਣਿਆਂ ਦੀਆਂ ਰਹਿ ਗਈਆਂ ਹਨ। ਇੱਥੇ ਖੰਡਰਾਤ ਬਣੀਆਂ ਕੋਠੀਆਂ ਦੀ ਸੰਖਿਆ ਜ਼ਿਆਦਾ ਹੈ। ਇਕ ਮਹਿਲਨੁਮਾ ਪੁਰਾਣੀ ਕੋਠੀ ਹੈ, ਇਹ ਸੂਦਾਂ ਦੀ ਹੈ। ਇਸ ਦੇ 40 ਕਮਰੇ ਹਨ। ਸੂਦਾਂ ਦੇ ਮੁਹੱਲੇ ਵਿੱਚ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਛੋਟੀਆਂ-ਵੱਡੀਆਂ ਕੋਠੀਆਂ ਹਨ। ਜੈਨੀਆਂ ਦੇ ਬਾਜ਼ਾਰ ਵਿੱਚ ਵੀ ਅਜਿਹੀਆਂ ਕੋਠੀਆਂ ਦੀ ਬਹੁਤਾਤ ਹੈ। ਕੰਧਾਂ ਉੱਤੇ ਚਿੱਤਰਕਾਰੀ ਦੇਖਣਯੋਗ ਹੈ। ਕੋਠੀਆਂ ਦੀ ਫਰੰਟ ਸਾਈਡ 'ਤੇ ਵਾਧੇ ਕੱਢੇ ਹੋਏ ਹਨ। ਉਨ੍ਹਾਂ ਥੱਲੇ ਮੂਰਤੀਆਂ ਬਣੀਆਂ ਹੋਈਆਂ ਹਨ। ਪੁਰਾਣੀ ਮੂਰਤੀ ਕਲਾ ਦਾ ਵੀ ਇੱਥੇ ਅਨੰਦ ਮਿਲਦਾ ਹੈ। ਲੱਕੜ ਦੇ ਬੜੇ-ਬੜੇ ਦਰਵਾਜ਼ੇ ਹਨ। ਇਨ੍ਹਾਂ ਦਰਵਾਜ਼ਿਆਂ ਉੱਤੇ ਵੀ ਮੀਨਾਕਾਰੀ ਕੀਤੀ ਹੋਈ ਹੈ।

ਇੱਥੋਂ ਦੇ ਬਣਾਏ ਖੋਏ ਦੇ ਪੇੜੇ ਅੱਜ ਵੀ ਮਸ਼ਹੂਰ ਹਨ। ਇਹ ਬੜੇ ਸੁਆਦੀ ਬਣਾਏ ਜਾਂਦੇ ਹਨ। ਸੁਆਦੀ ਲੱਗਣ ਦਾ ਕਾਰਨ ਸ਼ੁੱਧ ਖੋਏ ਦੀ ਵਰਤੋਂ ਹੈ। ਇੱਕ ਤਾਂ ਇੱਧਰ ਰਸਾਇਣਕ ਵਰਤੋਂ ਵਾਲੇ ਪੱਠੇ ਨਹੀਂ ਹਨ, ਦੂਜਾ ਦੁੱਧ ਵਿੱਚ ਹੋਰ ਕੋਈ ਮਿਲਾਵਟ ਨਹੀਂ ਕੀਤੀ ਜਾਂਦੀ। ਇਸ ਕਰਕੇ ਸੁਆਦ ਹੁੰਦੇ ਹਨ। ਇੱਥੇ ਪਹਿਲਾਂ ਪੰਜ ਬੈਂਕ ਹੁੰਦੇ ਸਨ, ਹੁਣ ਸਿਰਫ਼ ਇੱਕ ਬੈਂਕ ਹੀ ਰਹਿ ਗਿਆ ਹੈ। ਇੱਥੇ ਬਾਂਦਰਾਂ ਦੀ ਭਰਮਾਰ ਹੈ। ਜਿਹੜੀ ਚੀਜ਼ ਇਨ੍ਹਾਂ ਦੇ ਹੱਥ ਆ ਜਾਂਦੀ ਹੈ, ਖੋਹ ਕੇ ਲੈ ਜਾਂਦੇ ਹਨ। ਰੋਟੀ-ਕੱਪੜਾ ਤੱਕ ਨਹੀਂ ਛੱਡਦੇ। ਹਰ ਚੀਜ਼ ਲੁਕਾ ਕੇ ਰੱਖਣੀ ਪੈਂਦੀ ਹੈ। ਕੋਈ ਹੱਥ ਵਿੱਚ ਫੜ ਕੇ ਖਾਣ ਵਾਲੀ ਚੀਜ਼ ਨਹੀਂ ਲਿਜਾ ਸਕਦਾ, ਇਹ ਝਪਟ ਮਾਰ ਕੇ ਖੋਹ ਲੈਂਦੇ ਹਨ। ਇਸ ਕਰਕੇ ਝੋਲੇ ਆਦਿ ਵਿੱਚ ਮਠਿਆਈ, ਫਲ-ਫਰੂਟ ਜਾਂ ਹੋਰ ਚੀਜ਼ਾਂ ਲਿਜਾਣੀਆਂ ਪੈਂਦੀਆਂ ਹਨ। ਇਹ ਕਈ ਵਾਰ ਬੰਦਿਆਂ ਨੂੰ ਵੱਢ ਵੀ ਦਿੰਦੇ ਹਨ। ਵਣ ਵਿੱਚੋਂ ਵੀ ਜੰਗਲੀ ਜੀਵ-ਜੰਤੂ ਆ ਜਾਂਦੇ ਹਨ, ਕੁੱਤੇ, ਬਿੱਲੀਆਂ, ਬੱਕਰੀਆਂ ਵਗੈਰਾ ਚੁੱਕ ਕੇ ਲੈ ਜਾਂਦੇ ਹਨ। ਉਹ ਪਾਣੀ ਪੀਣ ਵੀ ਆਉਂਦੇ ਹਨ, ਪਾਣੀ ਪੀ ਕੇ ਚਲੇ ਜਾਂਦੇ ਹਨ।

## ਸਫ਼ਾ 3 ਦੀ ਬਾਕੀ — ਨਾਰੀ ਹੋਂਦ ਦੀਆਂ ਨਿਵੇਕਲੀਆਂ ਪੈੜਾਂ ਚਿਤਰਦਾ ...

ਪ੍ਰਚਾਰੀਆਂ ਜਾ ਰਹੀਆਂ ਮਿਥਾਂ ਕਿਵੇਂ ਨਵੀਆਂ ਚੁਣੌਤੀਆਂ ਬਣ ਰਹੀਆਂ ਹਨ ਉਸ ਬਾਰੇ ਵੀ ਇਹ ਕਵਿਤਾ ਸੰਵਾਦ ਛੇੜਦੀ ਹੈ। ਇਹ ਉਪਭੋਗੀ ਮਨੁੱਖ ਦੀ ਮਾਨਸਿਕਤਾ ਦੀ ਤਸਵੀਰ ਖਿੱਚਦੀ ਹੈ ਕਿ ਅਜਿਹੀ ਬੀਮਾਰ ਮਾਨਸਿਕਤਾ ਨਾਰੀ ਵਿਰੋਧੀ ਘਟਨਾਵਾਂ ਨੂੰ ਅੰਜਾਮ ਦੇ ਰਹੀ ਹੈ।ਮਨਦੀਪ ਦੀ ਕਵਿਤਾ ਸ਼ਬਦਾਂ ਵਿਚਲੇ ਅਰਥਾਂ ਦੀ ਸੂਖਮਤਾ ਪਕੜਦੀ ਹੋਈ ਮਨੁੱਖ ਦੀ ਦ੍ਰਿਸ਼ਟੀ ਅੰਦਰ ਪਏ ਭਾਵਾਂ ਦੀ ਨਿਸ਼ਾਨਦੇਹੀ ਕਰਨ ਤੋਂ ਕਿਤੇ ਵੀ ਕਤਰਾਉਂਦੀ ਨਹੀਂ ਹੈ।

ਇਸ ਲਈ ਉਹ ਅਸ਼ਲੀਲਤਾ ਪਹਿਰਾਵੇ ਵਿੱਚ ਨਹੀਂ, ਬਲਕਿ ਵੇਖਣ ਵਾਲੇ ਦੀਆਂ ਨਿਗਾਹਾਂ ਵਿੱਚੋਂ ਵਾਚਦੀ ਹੈ।ਇਸ ਕਵਿਤਾ ਦਾ ਮੁਹੱਬਤੀ ਪਾਸਾਰ ਵੀ ਕਈ ਕੋਣਾਂ ਤੋਂ ਵੇਖਿਆ ਜਾ ਸਕਦਾ ਹੈ। ਮੁਹੱਬਤ ਨਾਲ ਅਜਿਹਾ ਅੰਤਰ ਸਬੰਧ ਪੈਦਾ ਕਰਦੀ ਇਹ ਕਵਿਤਾ ਚੌਗਿਰਦੇ ਵਿਚਲੇ ਮੁਹੱਬਤੀ ਅੰਸ਼ਾਂ ਵਿੱਚੋਂ ਸਕੂਨ ਦੀ ਤਲਾਸ਼ ਕਰਦੀ ਹੈ।ਮਨਦੀਪ ਨੂੰ ਆਪਣੇ ਆਪ ਨਾਲ ਇੱਕਮੁੱਕ ਹੋ ਕੇ ਆਨੰਦਿਤ ਹੋਣਾ ਹੀ ਮੁਹੱਬਤ ਪਾਲਣਾ ਹੈ।ਇਸ ਦਾ ਅਹਿਸਾਸ ਉਸ ਦੀ ਕਵਿਤਾ ਵਿਚਲੀ ਪਾਤਰ ਨੂੰ ਹੈ ਕਿ ਆਪਣੇ ਆਪ ਨੂੰ ਪਿਆਰ ਕਰਦੀ ਜਾਣਦੀ ਹੈ ਕਿ ਇਸ ਨਾਲ ਸਿਰਫ਼ ਜ਼ਿੰਦਗੀ ਵਿੱਚ ਖ਼ੁਸ਼ਹਾਲਤਾ ਹੀ ਨਹੀਂ, ਸਗੋਂ ਜਿਊਣ ਦਾ ਸਲੀਕਾ ਵੀ ਆਉਂਦਾ ਹੈ।ਪਿਆਰ ਸੂਖਮ ਅਹਿਸਾਸ, ਸਕੂਨ ਭਰੀ ਭਾਵਨਾ, ਜ਼ਿੰਦਗੀ ਦੇ ਸੁਪਨਿਆਂ ਦਾ ਅਸੀਮ ਪ੍ਰਵਾਹ ਅਤੇ ਸੂਹੇ ਰੰਗਾਂ ਵਿਚ ਰੰਗੇ ਜਾਣ ਦਾ ਅਨੁਭਵ ਇਸ ਕਵਿਤਾ ਵਿੱਚੋਂ ਝਲਕਦਾ ਹੈ।ਮਨਦੀਪ ਦੀ ਕਵਿਤਾ ਖੁਦ ਦੀ ਫਿਕਰਮੰਦੀ ਦੀ ਬਜਾਏ ਸਮੁੱਚੇ ਨਾਰੀ ਵਰਗ ਨੂੰ ਸਮਾਉਂਦੀ, ਸੰਵਾਦ ਅਤੇ ਸੁਚੇਤਨਾ ਵਿਚੋਂ ਨਵੀਆਂ ਬੁਲੰਦੀਆਂ ਦਾ ਹਾਣੀ ਬਨਦੀ ਹੈ।ਇਹ ਕਵਿਤਾ ਮੁਹੱਬਤ ਨੂੰ ਵਿਸਥਾਰਦੀ ਹੈ ਜਿਸ ਦਾ ਫੈਲਾਅ ਆਜ਼ਾਦ ਹੋਂਦ ਦੀ ਪਹਿਚਾਣ ਬਣਦਾ ਹੈ। ਉਹ ਆਪਣੀ ਮੁਹੱਬਤ ਦੇ ਹਾਣ ਦਾ ਸਾਥੀ ਲੱਭਦੀ ਆਪਣੀ ਅੰਤਰੀਵ ਭਾਵਨਾ ਦਾ ਖੁੱਲ੍ਹੇ ਤੌਰ 'ਤੇ ਇਜ਼ਹਾਰ ਕਰਦੀ 'ਨਾਚ' ਕਵਿਤਾ ਲਿਖਦੀ ਹੈ।ਏਥੇ ਪਿਆਰ ਦਾ ਅਰਥ ਬੰਧਨ ਨਹੀਂ ਪਹਿਚਾਣ ਹੈ। ਮਨਦੀਪ ਦੀ ਕਵਿਤਾ ਵਿਚਲੀ ਨਾਰੀ ਜਿੱਥੇ ਆਪਣੇ ਆਪ ਨੂੰ ਪਿਆਰ ਕਰਦੀ ਹੈ, ਉਥੇ ਉਹ ਆਪਣੇ ਸਾਥੀ ਨਾਲ ਵੀ ਮੁਹੱਬਤ ਪਾਲਦੀ ਹੋਈ ਉਸ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੈ। ਆਪਣੇ ਆਪ ਨਾਲ ਮੁਹੱਬਤ ਦਾ ਅਹਿਸਾਸ ਕਿਤਾਬ ਖਰੀਦਿਆਂ ਆਪਣੀ ਪਸੰਦ 'ਤੇ ਢੁਕਦਾ ਹੈ। ਪਿਆਰ ਦਾ ਮਤਲਬ ਹੈ, ਆਪਣੇ ਸਮੁੱਚ ਨੂੰ ਪਿਆਰ ਕਰਨਾ, ਆਪਣੇ ਵਿਅਕਤੀਤਵ, ਸੁਪਨੇ, ਕਿਰਦਾਰ ਕਰਮ-ਸਾਧਨਾ, ਕਾਵਿ ਕਿਰਤ ਨੂੰ ਪਿਆਰ ਕਰਨਾ ਹੈ।

ਆਪਣੇ ਸਾਥੀ ਨਾਲ ਪਿਆਰ ਦਾ ਸੰਕਲਪ ਉਹ ਬੰਨ੍ਹਣ ਵਿੱਚ ਨਹੀਂ, ਬਲਕਿ ਹੋਂਦ ਵਿਸਥਾਰਨ ਵਿੱਚ ਲੈਂਦੀ ਹੈ । 'ਵੈਲੇਨਟਾਈਨ ਡੇਅ' ਤੇ 'ਪਿਆਰ ਕਵਿਤਾ' ਵਿੱਚ ਉਹ ਆਪਣੇ ਪਿਆਰ ਦੇ ਵੱਖਰੇ ਢੰਗ ਨੂੰ ਬਿਆਨਦੀ ਤੇ ਹਰ ਦਿਨ ਨੂੰ ਪਿਆਰ ਦਿਹਾੜਾ ਮੰਨਦੀ ਹੈ । ਮੁਹੱਬਤ ਨੂੰ ਦੇਹ ਤੋਂ ਪਾਰ ਸਿਰਜਦੀ ਇਹ ਕਵਿਤਾ ਦੋ ਧਰੁਵਾਂ 'ਤੇ ਖੜ ਕੇ ਵੀ ਮੁਹੱਬਤ ਦਾ ਅਹਿਸਾਸ ਕਰਦੀ 'ਸੁਫ਼ਨੇ ਸਮਾਂਤਰ' ਕਵਿਤਾ ਮੁਹੱਬਤ ਦੇ ਪੂਰਨੇ ਪਾਉਂਦੀ ਹੈ।ਪਿਆਰ ਨੂੰ ਜੀਵਨ-ਸ਼ੈਲੀ ਵਿੱਚ ਢਾਲਦਾ ਮਨਦੀਪ ਦਾ ਸਕਾਰਾਤਮਕ ਨਜ਼ਰੀਆ ਅਸੀਮਤ ਸਮਰਥਾਵਾਂ, ਛੁਪੀਆਂ ਕਲਾਵਾਂ ਪੁੰਗਰਨ ਤੇ ਮੌਲਣ ਦਾ ਮੌਕਾ ਦਿੰਦਾ ਲਿੰਗਕ ਵਿੱਥਾਂ, ਜਾਤੀ ਵਿਰਲਾਂ, ਪਿੱਤਰਕੀ ਵਲਗਣਾਂ, ਆਰਥਿਕ ਪਾੜੇ ਤੋਂ ਪਾਰ ਚਲਾ ਜਾਂਦਾ ਹੈ। ਉਹ ਸਮਾਜਿਕ ਸੰਰਚਨਾ ਵਿੱਚ ਪਈ ਨਾਰੀ ਪ੍ਰਤੀ ਸੌੜੀ ਸੋਚ ਦੀ ਧਾਰਨਾ ਨੂੰ ਤੋੜਦੀ ਹੋਈ ਮੁਹੱਬਤ ਵਿੱਚੋਂ ਜੀਵਨ ਦੀ ਪੂਰੀ ਤਸੱਲੀ ਲੱਭਦੀ ਹੈ, ਇਸੇ ਲਈ ਉਸ ਨੂੰ ਪ੍ਰਿਯੰਕਾ ਤੇ ਮਲਾਇਕਾ ਪਸੰਦ ਹਨ, ਜਿਨ੍ਹਾਂ ਨੇ ਆਪਣੇ ਮੁਹੱਬਤ ਨੂੰ ਜਿਉਂਦਿਆਂ ਰੱਖਣ ਲਈ ਸਮਾਜ ਦੀਆਂ ਵਲਗਣਾਂ ਨੂੰ ਤੋੜਿਆ ਤੇ ਪਿਆਰ ਦੇ ਅਰਥਾਂ ਨੂੰ ਨਵੇਂ ਰੂਪ ਨਾਲ ਸਿੰਜਿਆ। 'ਬਹਾਨਾ' ਵਰਗੀਆਂ ਕਵਿਤਾਵਾਂ ਪਿਆਰ ਦੇ ਉਜਵਲ ਰੂਪ ਨੂੰ ਨਿਹਾਰਦੀ ਤੇ ਗੁੱਸੇ, ਗਿਲੇ, ਬੇਵਫਾਈ ਆਦਿ ਸ਼ਬਦਾਂ ਨੂੰ ਆਪਣੀ ਮੁਹੱਬਤੀ ਡਿਕਸ਼ਨਰੀ 'ਚੋਂ ਬਾਹਰ ਕੱਢਦੀ ਹੈ। 'ਚੰਨ ਤੁਰਦਾ ਹੈ', 'ਇੱਕੋ-ਮਿੱਕਾ ਪਿਆਰ', 'ਲਵ ਇਨ ਏ ਟਾਈਮ ਆਫ ਕਰੋਨਾ', 'ਅਨਜੋੜ', 'ਏਪਰਲ' ਆਦਿ ਕਵਿਤਾਵਾਂ ਵਿਚਲੀ ਮੁਹੱਬਤ ਰੂਹ ਦਾ ਪਕੇਰਾ ਰਿਸ਼ਤਾ ਸਥਾਪਿਤ ਕਰਦੀ ਹੈ।

ਇਹ ਕਵਿਤਾ ਸਮਕਾਲੀ ਘਟਨਾਵਾਂ ਤਹਿਤ ਕਿਸਾਨ ਅੰਦੋਲਨ ਨਾਲ ਸੰਬੰਧਤ ਹੈ।ਕਿਸਾਨ ਅੰਦੋਲਨ ਵੇਲੇ ਬਹੁਤ ਸਾਰੀ ਕਵਿਤਾ ਸਿਰਜੀ ਗਈ ਤੇ ਬਹੁਤੀ ਕਵਿਤਾ ਸਤਹੀ ਪੱਧਰ 'ਤੇ ਸਥਿਤੀ ਦੀ ਫੋਟੋਗ੍ਰਾਫੀ ਹੀ ਰਹੀ ਹੈ। ਮਨਦੀਪ ਦੀਆਂ ਇਸ ਅੰਦੋਲਨ ਨਾਲ ਸੰਬੰਧਤ ਕਵਿਤਾਵਾਂ ਨੂੰ ਰਾਜਸੀ ਤੇ ਸਮਾਜਿਕ ਪਰਿਵੇਸ਼ ਵਿੱਚ ਰੱਖ ਕੇ ਵਾਚੀਆਂ ਜਾ ਸਕਦੀਆਂ ਹਨ। ਕਵਿਤਾ 'ਭੱਜੋ ਵੀਰੋ ਵੇ' ਨਾਅ ਦੀ ਕਵਿਤਾ ਲੋਕ ਬੋਲੀ ਨਾਲ ਸ਼ੁਰੂ ਹੁੰਦਾ ਹੈ। ਹਰਾ ਘਾਹ ਦਾ ਮੈਟਾਫ਼ਰ ਖੇਤਾਂ ਦੀ ਪੈਰਵੀ ਕਰਦਾ ਤੇ ਸੱਪ ਕਾਰਪੋਰੇਟ ਦੇ ਮਕਸਦ ਨੂੰ ਪ੍ਰਗਟਾਉਣਾ ਹੈ ਜੋ ਖੇਤ ਹੜੱਪਣ ਦੀਆਂ ਨੀਤੀਆਂ ਤਹਿਤ ਬਰਬਾਦੀ ਦੀ ਜ਼ਹਿਰ ਫੈਲਾਉਂਦਾ ਹੈ।ਇਸ ਦਾ ਮੁਕਾਬਲਾ ਕਰਨ ਲਈ ਕੱਲਾ ਬਾਪੂ ਨਹੀਂ, ਨੌਜਵਾਨੀ ਦੀ ਲੋੜ ਹੈ। ਇਸ ਕਵਿਤਾ ਵਿੱਚ ਖੇਤਾਂ ਨੂੰ ਬਚਾਉਣ ਲਈ ਜੂਝਦੇ ਲੋਕਾਂ ਲਈ ਬਾਪੂ ਪੰਜਾਬ ਦੇ ਕਿਰਤੀ ਕਿਸਾਨ ਵਰਗ ਦੀ ਪੈਰਵੀ ਕਰਦਾ।ਇਹਦਾ ਕਿਰਦਾਰ ਜੂਝਦਾ ਪਾਤਰ ਬਣ ਧਰਤ ਨੂੰ ਬਚਾਉਣ ਲਈ ਊਰਜਾ ਪ੍ਰਦਾਨ ਕਰਦਾ ਹੈ।

'ਕਿਸਾਨ ਦੇ ਹੰਝੂਆਂ ਦੇ ਨਾਂਅ' ਲਿਖੀ ਹੋਈ ਕਵਿਤਾ ਸੰਸਦ ਦੇ ਅੱਗੇ ਸਵਾਲ ਖੜਾ ਕਰਦੀ ਹੈ।'ਜੋ ਨਹੀਂ ਪਰਤੇ' ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਪ੍ਰਤੀ ਉਸ ਦੀ ਨੇਕ ਭਾਵਨਾ ਉਜਾਗਰ ਹੁੰਦੀ ਹੈ। ਜੰਗ ਦੇ ਮੈਦਾਨ ਵਿੱਚ ਸਧਾਰਨ ਲੋਕ ਕਿਸ ਤਰ੍ਹਾਂ 'ਰੈੱਡ ਕਾਰਡ' ਦਿਖਾਉਂਦੇ ਆਪਣੇ ਹੱਕਾਂ ਦੀ ਲੜਾਈ ਲੜ ਕੇ ਇਤਿਹਾਸ ਬਣਾਉਂਦੇ ਹਨ। ਇਨ੍ਹਾਂ ਕਵਿਤਾਵਾਂ ਵਿੱਚ ਮਨਦੀਪ ਦੀ ਰਾਜਸੀ ਵਿਚਾਰਧਾਰਕ ਸੂਝ ਝਲਕਦੀ ਹੈ।ਉਹ ਫੈਜ਼ ਦੀ ਕਵਿਤਾ ਪੜ੍ਹਦੀ ਖੁਦ ਕਵਿਤਾ ਹੋ ਜਾਂਦੀ ਤੇ 'ਟੁੱਟੀ ਲੱਤ ਤੇ ਅਸ਼ਵਮੇਧ' ਕਵਿਤਾ ਆਜ਼ਾਦੀ ਲਈ ਲੜਨ ਵਾਲੇ ਇਨਕਲਾਬੀ ਮਨੁੱਖ ਦੀ ਜੁਝਾਰੂ ਪ੍ਰਵਿਰਤੀ ਨੂੰ ਪ੍ਰਗਟਾਉਂਦੀ ਲੋਕਤੰਤਰ ਦੇ ਅਰਥਾਂ ਦਾ ਨਿਰਮਾਣਕਰਦੀ ਹੈ।'ਯਾਤਰੀ ਗੁਰੂ' ਤੇ 'ਕਿਸਾਨ ਗੁਰੂ' ਕਵਿਤਾਵਾਂ ਦੇ ਦਾਰਸ਼ਨਿਕ ਭਾਵ ਯਾਤਰਾ ਦਾ ਸਲੀਕਾ ਤੇ ਕਿਰਤ ਦੀ ਅਹਿਮੀਅਤ ਦੱਸਦੀਆਂ ਖੂਬਸੂਰਤ ਕਵਿਤਾਵਾਂ ਹਨ।

ਮਨਦੀਪ ਦੀ ਕਵਿਤਾ ਵਿੱਚ ਦੀ ਵਿਲੱਖਣਤਾ ਉਸ ਦੀ ਪਰਵਾਜ਼ ਰਵਾਇਤੀ ਮੁੱਲਾਂ ਨੂੰ ਵੰਗਾਰਦੀ ਕਵਿਤਾ ਤੇ ਰੱਬ ਦੇ ਅਰਥਆਪਣੀ ਦ੍ਰਿਸ਼ਟੀ ਤੋਂ ਦੱਸਦੀ ਹੈ।ਇਹ ਨਾਟਕ ਤੇ ਜ਼ਿੰਦਗੀ ਦਾ ਇੱਕੋ ਬੈਲੈਂਸ ਵੇਖਦੀ ਤੇ ਆਪਣਾ ਬੈਲੈਂਸ ਸ਼ਾਸਤਰ ਪੇਸ਼ ਕਰਦੀ ਹੈ। ਸਾਈਕਲ ਚਲਾਉਣ ਤੇ ਜ਼ਿੰਦਗੀ ਵਿਚਲੀ ਦੁਨੀਆਦਾਰੀ ਦੇ ਘੁੰਮਦੇ ਪਈਏ ਵਿਚਲਾ ਫਰਕ ਕਵਿਤਰੀ ਬੜੀ ਸੂਖਮਤਾ ਨਾਲ ਵਾਚਦੀ ਹੈ। ਇਸ ਕਵਿਤਾ ਵਿੱਚ ਫੱਗਣ, ਚੇਤਰ ਮਹੀਨੇ ਦਾ ਮਨੁੱਖੀ ਜ਼ਿੰਦਗੀ ਦੀ ਮੁਹੱਬਤ ਨਾਲ ਗਹਿਰਾ ਸੰਬੰਧ ਜੁੜਦਾ ਹੈ।

ਘਰੇਲੂ ਕੰਮ ਵਿੱਚ ਵਿਅਸਤ ਹੋਈ ਮਾਂ ਨੂੰ ਮਸ਼ੀਨ ਬਣਨ ਤੋਂ ਵਰਜਦੀ ਗਹਿਰੀ ਸੰਵੇਦਨਾ 'ਰੋਟੀਆਂ ਪਕਾਉਂਦੀ ਮਾਂ' ਕਵਿਤਾ ਵਿੱਚ ਵੇਖੀ ਜਾ ਸਕਦੀ ਹੈ।ਸ਼ਬਦਾਂ ਵਿਚਲੇ ਭਾਵਾਂ ਦੀ ਕਿਰਿਆਸ਼ੀਲਤਾ ਮਨਦੀਪ ਆਪਣੀ ਬੌਧਿਕ ਪ੍ਰਤੀਕਿਰਿਆ ਰਾਹੀਂ ਇਸ ਤਰ੍ਹਾਂ ਪ੍ਰਗਟਾਉਂਦੀ ਹੈ ਕਿ ਵਿਚਾਰ ਸ਼ਕਤੀ ਦੀ ਅਭਿਵਿਅਕਤੀ ਹੋ ਸਕੇ। ਇਸ ਕਵਿਤਾ ਵਿੱਚ ਭਾਵਾਂ ਤੇ ਮਨੋਵੇਗਾਂ ਦੇ ਤਰਤੀਬੀ ਬਿੰਦੂ ਕਾਵਿਕਤਾ ਨੂੰ ਬਿਖੇਰਦੇ ਨਹੀਂ। 'ਰੰਗ ਮੌਸਮ ਅਹਿਸਾਸ' ਕਵਿਤਾ ਹਰ ਪਲ ਨੂੰ ਮਹਿਸੂਸਦੀ ਹੈ।ਕਵਿਤਾ ਆਲੇ-ਦੁਆਲੇ ਦੀਆਂ ਘਟਨਾਵਾਂ, ਵਸਤਾਂ, ਰਿਸ਼ਤੇ, ਯਾਦਾਂ ਆਦਿ ਡਾਇਰੀ ਦੇ ਪੰਨੇ ਬਣ ਸੰਵਾਦ ਰਚਾਉਂਦੇ ਮਨਦੀਪ ਜ਼ਿੰਦਗੀ ਦੇ ਹੁਸੀਨ ਪਲਾਂ ਨੂੰ ਸਾਂਭਣ ਦਾ ਵੀ ਵਲ਼ ਜਾਣਦੀ ਹੈ। ਉਸ ਦੀ ਨਿਰਸੁਆਰਥ ਰਾਹਾਂ ਨਾਲ ਪਾਈ ਕਿਕਲੀ ਡਾਇਰੀ ਦੇ ਆਖਰੀ ਪੰਨੇ 'ਤੇ ਦਰਜ ਹੋ ਕੇ ਜੀਵਨ ਦਾ ਅਟੁੱਟ ਹਿੱਸਾ ਬਣ ਜਾਂਦੀ ਹੈ 'ਡਾਇਰੀ ਦਾ ਆਖਰੀ ਪੰਨਾ' ਕਵਿਤਾ ਇੱਕ ਮਘਦਾ ਅਹਿਸਾਸ ਹੈ। ਅਜਿਹੇ ਅਹਿਸਾਸਾਂ ਨੂੰ ਮਨ ਦੇ ਕੋਨੇ ਵਿੱਚ ਸਾਂਭਣ ਦਾ ਸਲੀਕਾ ਔਰਤ ਕੋਲ ਹੈ। ਇਸ ਕਵਿਤਾ ਵਿਚਲੀ ਨਾਰੀ ਬਿਖੜੇ ਰਾਹਾਂ ਵਿੱਚੋਂ ਵੀ ਸਕੂਨ ਲੱਭਦੀ ਹੈ। 'ਭਟਕਣ' ਕਵਿਤਾ ਸਫਰ ਵਿਚਲੀ ਭਟਕਣ ਨੂੰ ਮਹਿਸੂਸਦੀ ਹੋਈ ਜ਼ਿੰਦਗੀ ਦੀ ਤੋਰ ਪਹਿਚਾਣਦੀ ਹੈ।'ਗੁਲਾਬੀ ਫੁੱਲ ਵਾਲੀ ਚਪਲੀ' ਵਿੱਚਲੀ ਗੁਲਾਬੀ ਰਮਜ਼ ਮਾਸੂਮੀਅਤ ਦੇ ਫੁੱਲਾਂ ਨੂੰ ਕੰਢਿਆਂ ਤੋਂ ਬਚਾਉਂਦੀ ਮਿੱਟੀ ਦੀ ਖ਼ਸਲਤ ਦੱਸਦੀ ਹੈ ।

ਕੁਝ ਕਵਿਤਾਵਾਂ ਮਨਦੀਪ ਦੇ ਸ਼ੌਕ ਦੀ ਗਵਾਹੀ ਭਰਦੀਆਂ ਪਹਾੜਾਂ ਵਾਦੀਆਂ ਵਿੱਚ ਬੇਪ੍ਰਵਾਹੀ ਨਾਲ ਘੁੰਮਣਾ ਤੇ ਪਹਾੜਾਂ ਨਾਲ ਇੱਕਮਿਕ ਹੋ ਕੇ ਪ੍ਰਕਿਰਤੀ ਨਾਲ ਮੁਹੱਬਤ ਪਾਲਣਾ ਹੈ। ਉਹ ਪਹਾੜੀ ਦ੍ਰਿਸ਼ਾਂ ਅੰਦਰਲੀ ਤੇ ਬਾਹਰਲੀ ਖ਼ੂਬਸੂਰਤੀ ਨੂੰ ਜੀਵੰਤ ਪੈਂਡਿਆਂ ਦੀ ਹੋਂਦ ਦਰਸਾਉਂਦੀ ਔਰਤ ਦੀ ਮਨੋ ਦਸ਼ਾ ਵਿਚਲੀ ਬੇਤਰਤੀਬੀ ਨੂੰ ਖੋਲ੍ਹਦੀ ਹੈ।ਪਹਾੜੀ ਬੱਚੇ ਨਾਲ ਸੰਬੰਧਤ ਕਵਿਤਾਵਾਂ ਵਿੱਚ ਮਨਦੀਪ ਬੱਚੇ ਦੀ ਮਾਨਸਿਕਤਾ ਨੂੰ ਬਾਖੂਬੀ ਨਾਲ ਚਿਤਰਦੀ ਹੈ, ਕਿਵੇਂ ਸੈਨਿਕ ਸਕੂਲਪਹਾੜੀ ਬੱਚੇ ਨੂੰ ਬੇਗਾਨੀ ਧਰਤੀ ਜਾਪਦਾ ਤੇ ਉਹ ਅਤੀਤ ਦੇ ਪਲਾਂ ਨੂੰ ਵਰਤਮਾਨੀ ਦਹਿਲੀਜ਼ 'ਤੇ ਖੜ੍ਹ ਕੇ ਜੀਵਨ ਦੇ ਖੱਪੇ ਨੂੰ ਯਾਦਾਂ ਵਿੱਚ ਸਮੇਟਣ ਦਾ ਯਤਨ ਕਰਦਾ ਹੈ।ਲਾਲ ਸਾਈਕਲ ਯੂਨੀਵਰਸਲ ਸਿੰਬਲ ਬਣ ਵਗਦੇ ਸਫ਼ਰ ਨੂੰ ਅਰਥ ਭਰਪੂਰ ਬਣਾਉਂਦਾ ਹੈ।ਇਹ ਕਵਿਤਾ ਪਹਾੜੀ ਬੱਚੇ ਦੀਆਂ ਸੁੱਤੀਆਂ ਭਾਵਨਾਵਾਂ ਤੇ ਕੋਮਲ ਅਹਿਸਾਸਾਂ ਨੂੰ ਜਗਾ ਕੇ ਕਾਰਜੀ ਗਤੀਸ਼ੀਲਤਾ ਨੂੰ ਦ੍ਰਿਸ਼ਟਮਾਨ ਕਰਦੀ ਹੈ।

ਕੁੱਲ ਮਿਲਾ ਕੇ ਇਸ ਕਵਿਤਾ ਵਿਚਲੀ ਪਾਤਰ ਆਪਣਾ ਰਸਤਾ ਆਪ ਬਣਾ ਕੇ ਤੁਰਨ ਦਾ ਵਲ ਰੱਖਦੀ ਹੈ।ਉਹ ਜੀਵਨ ਵਿਚਲੀਆਂ ਮੁਸ਼ਕਲਾਂ ਦੇ ਚੱਕਰਵਿਊ ਵਿੱਚੋਂ ਨਿਕਲਣ ਦੇ ਲਈ ਘਾੜਤ ਘੜਨ ਵਿੱਚ ਵੀ ਮਾਹਿਰ ਹੈ।ਉਹ ਆਪਣੀ ਲੀਹ ਨੂੰ ਖੰਡਿਤ ਨਹੀਂ ਹੋਣ ਦਿੰਦੀ ਤੇ ਇਹ ਉਹ ਔਰਤ ਦੀ ਸੁਤੰਤਰ ਹੋਂਦ ਦਾ ਮੁਹਾਂਦਰਾ ਘੜਨ ਲਈ ਸਾਰਥਿਕ ਰਾਹਾਂ 'ਤੇ ਆਜ਼ਾਦ ਤੁਰਨ ਦੀ ਊਰਜਾ ਪ੍ਰਦਾਨ ਕਰਦੀ ਹੈ। ਨਾਰੀ ਅੰਦਰਲੀ ਸ਼ਕਤੀ ਤੇ ਸਵੈਮਾਨ ਨਾਲ ਬੰਧਨੀ ਤੇ ਬੋਝਲ ਜ਼ਿੰਦਗੀ ਤੋਂ ਮੁਕਤ ਹੋਣ ਦਾ ਨਵਾਂ ਮੁਹਾਵਰਾ ਸਿਰਜਣਾ ਹੀ ਇਸ ਕਵਿਤਾ ਦਾ ਹਾਸਲ ਬਣਦਾ ਹੈ ।ਇਹ ਕਵਿਤਾ ਨਾਰੀ ਕਾਵਿ ਵਿੱਚ ਵੱਖਰੀ ਪਹਿਚਾਣ ਦਾ ਨਕਸ਼ ਚਿੱਤਰ ਹੈ।

23-June-Sunday-final.qxd 6/22/2024 11:00 PM Page 2



# ਗੁੰਗਿਆਂ ਦਾ ਸ਼ਹਿਰ ਜੇਜੋਂ

**ਅਜਮੇਰ ਸਿੱਧੂ**

ਜੇਜੋਂ ਦੁਆਬਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦਾ ਇੱਕ ਅਜਿਹਾ ਸ਼ਹਿਰ ਹੈ, ਜਿਹੜਾ ਅਨੇਕਾਂ ਯਾਦਾਂ ਆਪਣੇ ਸੀਨੇ ਅੰਦਰ ਸਮੋਈ ਖੜ੍ਹਾ ਹੈ। ਬੀਤੇ ਸਮੇਂ ਦੀ ਦਾਸਤਾਨ ਲੁਕਾਈ ਬੈਠਾ ਹੈ। ਇਹ ਸ਼ਹਿਰ ਗੜ੍ਹਸ਼ੰਕਰ ਤੋਂ ਲਗਭਗ ਵੀਹ ਕਿਲੋਮੀਟਰ ਦੀ ਦੂਰੀ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚਕਾਰ ਵਸਿਆ ਹੋਇਆ ਹੈ। ਇਹ ਪੰਜਾਬ ਦੀ ਸਰਹੱਦ 'ਤੇ ਆਖਰੀ ਸਟੇਸ਼ਨ ਹੈ। ਮਾਹਿਲਪੁਰ ਤੋਂ ਚੜ੍ਹਦੇ ਪਾਸੇ ਵੱਲ ਜਾਈਏ ਤਾਂ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਇਹ ਲੱਗਦਾ ਹੈ। ਜੇਜੋਂ ਖਤਮ ਹੁੰਦਿਆਂ ਹੀ ਹਿਮਾਚਲ ਪ੍ਰਦੇਸ਼ ਸ਼ੁਰੂ ਹੋ ਜਾਂਦਾ ਹੈ।




ਇਸ ਸ਼ਹਿਰ ਦੇ ਵਸਣ ਦੀ ਕਹਾਣੀ ਸਦੀਆਂ ਪੁਰਾਣੀ ਹੈ। ਜਦੋਂ ਭਾਰਤ ਵਿੱਚ ਮੁਗਲ ਆਏ, ਉਨ੍ਹਾਂ ਤੋਂ ਵੀ ਪਹਿਲਾਂ ਦਾ ਇਹ ਸ਼ਹਿਰ ਵਸਿਆ ਹੋਇਆ ਹੈ। ਇਥੇ ਹਿੰਦੂ ਤੇ ਮੁਸਲਮਾਨੀ ਕਲਚਰ ਦੋਵਾਂ ਦੇ ਹੀ ਚਿੰਨ੍ਹ ਮੌਜੂਦ ਹਨ। ਇਹ ਰਾਜਿਆਂ-ਮਹਾਰਾਜਿਆ ਅਤੇ ਵਪਾਰੀਆਂ ਵੱਲੋਂ ਆਪਣੀ ਐਸ਼ੋ-ਆਰਾਮ ਲਈ ਬਣਾਈ ਗਈ ਰਿਹਾਇਸ਼ਗਾਹ ਸੀ। ਇਥੇ ਬਣੇ ਮਹਿਲ, ਕੋਠੀਆਂ ਅਤੇ ਹੋਰ ਇਮਾਰਤਾਂ ਦੀ ਮੀਨਾਕਾਰੀ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ।

ਗੜ੍ਹਸ਼ੰਕਰ ਦੇ ਲਾਗਲਾ ਪਿੰਡ ਬਿਲੜੋਂ ਲੰਘ ਕੇ ਹੀ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਕੰਢੀ ਖੇਤਰ ਕਿਹਾ ਜਾਂਦਾ ਹੈ। ਉੱਚੀਆਂ-ਉੱਚੀਆਂ ਪਹਾੜੀਆਂ ਮਨ ਮੋਹ ਲੈਂਦੀਆਂ ਹਨ। ਦੂਰ-ਦੂਰ ਤੱਕ ਫੈਲੀਆਂ ਪਹਾੜੀਆਂ ਉੱਤੇ ਹਰਿਆਵਲ ਅਤੇ ਛੋਟੇ-ਵੱਡੇ ਦਰੱਖਤ ਵਾਤਾਵਰਣ ਨੂੰ ਸੁਹਾਵਣਾ ਬਣਾਉਂਦੇ ਹਨ। ਜਦੋਂ ਇਨ੍ਹਾਂ ਘਾਟੀਆਂ ਵਿੱਚ ਬੰਦਾ ਦਾਖਲ ਹੋ ਜਾਂਦਾ ਹੈ ਤਾਂ ਪ੍ਰਦੂਸ਼ਣ ਦੀ ਸਮੱਸਿਆ ਨਹੀਂ ਰਹਿੰਦੀ। ਡੂੰਘੇ-ਡੂੰਘੇ ਸਾਹ ਲੈਣ ਨੂੰ ਚਿੱਤ ਕਰਦਾ ਹੈ। ਮਨ ਨੂੰ ਸਕੂਨ ਮਿਲਦਾ ਹੈ। ਮੱਲੋ-ਮੱਲੀ ਬੰਦੇ ਦਾ ਸਾਧ ਹੋਣ ਨੂੰ ਚਿੱਤ ਕਰਦਾ ਹੈ।ਸੜਕ ਦੇ ਕਿਨਾਰੇ ਮਲ੍ਹੇ-ਝਾੜੀਆਂ ਹਨ। ਨਾਲੇ ਕੰਡੇ ਲੁਆਓ ਨਾਲੇ ਬੇਰ ਖਾਓ। ਜੰਗਲੀ ਜੀਵ-ਜੰਤੂਆਂ ਨੂੰ ਮਿਲੋ। ਜੇਜੋਂ ਦੇ ਆਸ-ਪਾਸ ਇੱਕ ਵਿਸ਼ਾਲ ਵਣ (ਬੇਲਾ) ਹੈ।

ਜੇਜੋਂ ਨੂੰ ਲੋਕ ਮੁਸਲਮਾਨ ਫਕੀਰ ਜੀਜੂ ਸ਼ਾਹ ਨਾਲ ਜੋੜਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪਹਾੜੀਆਂ ਵਿੱਚ ਵਸਿਆ ਹੋਣ ਕਰਕੇ ਪਹਿਲਾਂ ਇਸ ਸ਼ਹਿਰ ਦਾ ਨਾਂਅ ਪੱਥਰਾਂਆਲੀ ਹੁੰਦਾ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਪਹਿਲਾਂ ਇਸ ਸ਼ਹਿਰ ਦਾ ਨਾਂਅ ਫਲੇਆਲੀ ਹੁੰਦਾ ਸੀ। ਬਜ਼ੁਰਗ ਇਸ ਨੂੰ ਅਜੇ ਵੀ ਫਲੇਆਲੀ ਨਾਂਅ ਨਾਲ ਪੁਕਾਰਦੇ ਹਨ। ਇਹ ਨਾਂਅ ਦੱਸਣ ਵਾਲੇ ਦੱਸਦੇ ਹਨ ਕਿ ਇਸ ਸ਼ਹਿਰ ਨੂੰ ਖੱਡ ਵਿਚੋਂ ਕੇਵਲ ਇੱਕ ਹੀ ਰਾਹ ਜਾਂਦਾ ਸੀ, ਜਿਸ ਨੂੰ ਰਾਤ ਸਮੇਂ ਫੱਲਾ ਭਾਵ ਲੱਕੜੀ ਦਾ ਫਾਟਕ ਲਾ ਕੇ ਬੰਦ ਕਰ ਦਿੱਤਾ ਜਾਂਦਾ ਸੀ। ਇਸ ਕਰਕੇ ਇਸ ਨੂੰ ਫਲੇਆਲੀ ਕਹਿੰਦੇ ਸਨ। ਜਦੋਂ ਸਾਈਂ ਜੀਜੂ ਸ਼ਾਹ ਨੇ 'ਕਰਾਮਾਤ' ਦਿਖਾਈ ਤਾਂ ਇਹਦਾ ਨਾਂਅ ਬਦਲ ਕੇ ਜੇਜੋਂ ਰੱਖ ਦਿੱਤਾ ਗਿਆ, ਪਰ ਕੁਝ ਹਿੰਦੂ ਲੋਕ ਇਸ ਕਥਨ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਇਹ ਜੀਜੂ ਸ਼ਾਹ ਦੇ ਸ਼ਰਧਾਲੂਆਂ ਦੀ ਕਾਢ ਹੈ। ਉਹਨਾਂ ਅਨੁਸਾਰ ਇਸ ਦਾ ਪਹਿਲਾਂ ਤੋਂ ਹੀ ਨਾਂਅ ਜੇਜੋਂ ਹੈ। ਇਹ ਤਾਂ ਕੁਦਰਤੀ ਸਾਈਂ ਦਾ ਨਾਂਅ ਜੇਜੋਂ ਨਾਲ ਮੇਲ ਖਾ ਗਿਆ।

ਧਾਰਮਕ ਲੋਕਾਂ ਲਈ ਇਹ ਪੰਜ ਪੀਰਾਂ ਦੀ ਨਗਰੀ ਹੈ। ਇੱਥੇ ਸਾਈਂ ਜੀਜੂ ਸ਼ਾਹ ਦਾ ਮਜ਼ਾਰ, ਬਾਬਾ ਮਨੋਹਰ ਦਾਸ ਦਾ ਡੇਰਾ, ਬਾਬਾ ਔਗੜ ਦਾ ਮੰਦਰ, ਖਾਕੀ ਸ਼ਾਹ ਮਲੰਗ ਦੀ ਕਬਰ ਅਤੇ ਡੇਰਾ ਜਵਾਲਾਪੁਰੀ ਹੈ। ਇਨ੍ਹਾਂ ਸੰਤਾਂ ਅਤੇ ਪੀਰਾਂ ਦੀਆਂ ਵੱਖ-ਵੱਖ ਲੋਕਾਂ ਵਿੱਚ ਵੱਖ-ਵੱਖ ਮਨੌਤਾਂ ਹਨ। ਇਨ੍ਹਾਂ ਬਾਰੇ ਵੱਖ-ਵੱਖ ਦੰਦ ਕਥਾਵਾਂ ਪ੍ਰਚੱਲਤ ਹਨ।

ਸਾਈਂ ਜੀਜੂ ਸ਼ਾਹ ਬਾਰੇ ਇੱਕ ਮਿੱਥ ਮਸ਼ਹੂਰ ਹੈ ਕਿ ਅੰਗਰੇਜ਼ਾਂ ਨੇ ਸਮਾਜ ਸੁਧਾਰ ਵਜੋਂ ਭੀਖ ਮੰਗਣ 'ਤੇ ਪਾਬੰਦੀ ਲਾ ਦਿੱਤੀ ਸੀ। ਜਿਹੜਾ ਭੀਖ ਮੰਗਦਾ ਫੜਿਆ ਜਾਂਦਾ, ਉਸ ਨੂੰ ਪੁਲਿਸ ਹਵਾਲਾਤ ਵਿੱਚ ਬੰਦ ਕਰ ਦਿੰਦੀ। ਲਾਹੌਰ ਸ਼ਹਿਰ ਵਿੱਚ ਅਨੇਕਾਂ ਭੀਖ ਮੰਗਣ ਵਾਲੇ ਫੜੇ ਗਏ। ਸਾਈਂ ਜੀਜੂ ਸ਼ਾਹ ਆਪਣੇ ਚੇਲਿਆਂ-ਬਾਲਕਿਆਂ ਨਾਲ ਲਾਹੌਰ ਗਏ। ਉਥੇ ਅੰਗਰੇਜ਼ ਵਾਇਸਰਾਏ ਦੀ ਕੋਠੀ ਮੋਹਰੇ ਖੜ੍ਹ ਕੇ ਭੀਖ ਮੰਗਣੀ ਸ਼ੁਰੂ ਕਰ ਦਿੱਤੀ। ਸਾਈਂ ਅਤੇ ਉਹਦੇ ਸੇਵਕਾਂ ਨੂੰ ਫੜ ਕੇ ਪੁਲਸ ਨੇ ਜੇਲ੍ਹ ਵਿੱਚ ਡੱਕ ਦਿੱਤਾ। ਸਾਈਂ ਦੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਪੁਲਸ ਨੇ ਉਨ੍ਹਾਂ ਨੂੰ ਜੇਲ੍ਹ ਵਿੱਚ ਬੰਦ ਕੀਤਾ, ਪਰ ਉਹ ਬਾਹਰ ਫਿਰਦੇ ਦਿਖਾਈ ਦੇਣ। ਜਦੋਂ ਭੀਖ ਮੰਗਣ ਵਾਲਿਆਂ ਨਾਲ ਜੇਲ੍ਹਾਂ ਭਰ ਗਈਆਂ ਤਾਂ ਵਾਇਸਰਾਏ ਨੇ ਐਲਾਨ ਕੀਤਾ ਕਿ ਜਿਹੜਾ ਕਰਾਮਾਤ ਦਿਖਾਏਗਾ ਜਾਂ ਅੱਗ ਵਿਚੋਂ ਲੰਘ ਕੇ ਦਿਖਾਏਗਾ, ਉਸ ਨੂੰ ਛੱਡ ਦਿੱਤਾ ਜਾਏਗਾ। ਅੱਗ ਦਾ ਆਵਾ ਤਿਆਰ ਕੀਤਾ ਗਿਆ। ਜਦੋਂ ਸਾਈਂ ਜੀਜੂ ਸ਼ਾਹ ਅੱਗ ਦੇ ਆਵੇ ਵਿਚੋਂ ਲੰਘਣ ਲੱਗੇ ਤਾਂ ਬਾਕੀ ਸਾਈਂ ਤੇ ਸਾਧ ਸੰਤ ਉਨ੍ਹਾ ਅੱਗੇ ਹੱਥ ਜੋੜ ਕੇ ਖੜ੍ਹ ਗਏ। ਉਨ੍ਹਾਂ ਦੀ ਬੇਵਸੀ ਤੇ ਲਾਚਾਰੀ ਦੇਖ ਕੇ ਸਾਈਂ ਹੁਰਾਂ ਉਨ੍ਹਾਂ ਨੂੰ ਹੁਕਮ ਚਾੜ੍ਹਿਆ ਕਿ ਉਹ ਵੀ ਮਗਰੇ ਛਾਲਾਂ ਮਾਰ ਦੇਣ। ਕਹਿੰਦੇ ਨੇ ਜਦੋਂ ਸਾਈਂ ਹੁਰਾਂ ਅੱਗ ਵਿੱਚ ਛਾਲ ਮਾਰੀ ਤਾਂ ਆਵਾ ਠੰਢਾ ਹੋ ਗਿਆ। ਅੰਗਰੇਜ਼ ਵਾਇਸਰਾਏ ਨੇ ਖੁਸ਼ ਹੋ ਕੇ ਸਾਈਂ ਜੀਜੂ ਸ਼ਾਹ ਨੂੰ ਅਤੇ ਨਾਲਦਿਆਂ ਨੂੰ ਛੱਡ ਦਿੱਤਾ। ਇਸ ਗੱਲ ਦੀ ਦੂਰ-ਦੂਰ ਤੱਕ ਚਰਚਾ ਹੋਈ। ਇਸ ਨਾਲ ਸਾਈਂ ਜੀਜੂ ਸ਼ਾਹ ਦੀ ਮਾਨਤਾ ਹੋਰ ਵਧ ਗਈ। ਇਸ ਕਰਾਮਾਤ ਵੇਲੇ ਲੋਕਾਂ ਨੇ ਫਲੇਆਲੀ ਦਾ ਨਾਂਅ ਬਦਲ ਕੇ ਜੇਜੋਂ ਰੱਖ ਦਿੱਤਾ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਜੇਜੋਂ ਤਾਂ ਰਾਜਪੂਤ ਰਾਜਿਆਂ ਦੀ ਸਦੀਆਂ ਪੁਰਾਣੀ ਜਗ੍ਹਾ ਹੈ। ਅਜਿਹੀਆਂ ਦੰਦ ਕਥਾਵਾਂ ਹਰੇਕ ਮੁਸਲਮਾਨੀ ਫਕੀਰ ਨਾਲ ਜੋੜ ਲਈਆਂ ਜਾਂਦੀਆਂ ਹਨ। ਜਿਨ੍ਹਾਂ ਦਾ ਆਧਾਰ ਚਮਤਕਾਰਾਂ ਦਾ ਪ੍ਰਚਾਰ ਕਰਕੇ ਸ਼ਰਧਾਲੂਆਂ ਦੀ ਗਿਣਤੀ ਵਧਾਉਣਾ ਹੁੰਦਾ ਹੈ। ਜੀਜੂ ਸ਼ਾਹ ਦਾ ਇਥੇ ਮਜ਼ਾਰ ਬਣਿਆ ਹੋਇਆ ਹੈ। ਸੰਤਾਲੀ ਤੋਂ ਪਹਿਲਾਂ ਇਸ ਮਜ਼ਾਰ 'ਤੇ ਰੌਸ਼ਨੀ ਦਾ ਮੇਲਾ ਲੱਗਦਾ ਹੁੰਦਾ ਸੀ। ਲਾਹੌਰ ਤੋਂ ਕਵਾਲ ਆਉਂਦੇ ਹੁੰਦੇ ਸਨ। ਸੰਤਾਲ਼ੀ ਦੀ ਵੱਢ-ਟੁੱਕ ਤੋਂ ਬਾਅਦ ਇਹ ਮੇਲਾ ਖਤਮ ਹੋ ਗਿਆ। ਜਦੋਂ ਨਵਾਂ-ਨਵਾਂ ਪਾਕਿਸਤਾਨ ਬਣਿਆ ਸੀ, ਉਦੋਂ ਉਸ ਪਾਸੇ ਤੋਂ ਮੇਲੇ ਸੰਬੰਧੀ ਚਿੱਠੀਆਂ ਆਉਂਦੀਆਂ ਰਹੀਆਂ। ਪਾਕਿਸਤਾਨ ਤੋਂ ਲੋਕ ਮੇਲੇ 'ਤੇ ਆਉਣਾ ਚਾਹੁੰਦੇ ਸਨ, ਪਰ ਇਧਰ ਦੇ ਲੋਕਾਂ ਨੇ ਸਾਫ ਜੁਆਬ ਦੇ ਦਿੱਤਾ ਕਿ ਇੱਥੇ ਕੋਈ ਮੇਲਾ ਨਹੀਂ ਲੱਗਦਾ। ਸਾਈਂ ਜੀਜੂ ਸ਼ਾਹ ਦੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਸਾਈਂ ਹੁਰੀਂ ਅੱਜ ਤੋਂ 3-4 ਸੌ ਸਾਲ ਪਹਿਲਾਂ ਹੋਏ ਹਨ, ਪਰ ਉਨ੍ਹਾਂ ਦੀ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਹੋਣ ਦੀ ਪੁਸ਼ਟੀ ਹੁੰਦੀ ਹੈ।

ਜੈਨੀਆਂ ਵਾਲੇ ਬਾਜ਼ਾਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਬਾਬਾ ਮਨੋਹਰ ਦਾਸ ਦਾ ਡੇਰਾ ਆਉਂਦਾ ਹੈ। ਉਹਦੇ ਬਾਰੇ ਲੋਕਾਂ ਦਾ ਵਿਚਾਰ ਹੈ ਕਿ ਉਹ ਇਕ 'ਪਹੁੰਚਿਆ ਹੋਇਆ' ਸੰਤ ਸੀ। ਉਸ ਨੇ ਕਿਹਾ ਸੀ ਕਿ ਕਦੇ ਵੀ ਇਸ ਧਰਤੀ 'ਤੇ ਪਲੇਗ ਨਹੀਂ ਫੈਲੇਗੀ।




ਸੂਦਾਂ ਵਾਲੇ ਪਾਸੇ ਬਾਬਾ ਔਗੜ ਦਾ ਮੰਦਰ ਹੈ। ਦੁਆਬੇ ਵਿੱਚ ਰਾਹੋਂ ਬਾਰੇ ਇੱਕ ਲੋਕ ਗੀਤ ਸੁਣਦੇ ਹੁੰਦੇ ਸੀ। ਉਸ ਵਿੱਚ ਬਾਬੇ ਔਗੜ ਦਾ ਜ਼ਿਕਰ ਆਉਂਦਾ ਹੈ—



ਔਗੜ ਜਿੱਡਾ ਸੰਤ ਨਾ ਕੋਈ।

ਬਾਬਾ ਔਗੜ ਦਾ ਪੂਰਾ ਨਾਂਅ ਫਤਹਿ ਨਾਥ ਹੈ। ਇਹ ਜੇਜੋਂ ਦੇ ਰਹਿਣ ਵਾਲੇ ਨਹੀਂ ਸਨ। ਬਲਖ ਬੁਖਾਰੇ ਤੋਂ ਆ ਕੇ ਵਸੇ ਸਨ। ਇਹ ਅੱਜ ਤੋਂ 130 ਸਾਲ ਪਹਿਲਾਂ ਹੋਏ ਹਨ। ਇਨ੍ਹਾਂ ਬਾਰੇ ਮਸ਼ਹੂਰ ਹੈ ਕਿ ਜਿਉਂਦੇ ਜੀਅ ਸੁੱਖ ਲੈਂਦੇ ਹੁੰਦੇ ਸੀ। ਜਿਹੜਾ ਸ਼ਰਧਾਲੂ ਇਨ੍ਹਾਂ ਕੋਲ ਆਪਣਾ ਕੰਮ ਕਰਵਾਉਣ ਲਈ ਸੁੱਖ ਸੁੱਖਦਾ ਸੀ, ਉਸ ਤੋਂ ਸੁੱਖ ਆਪ ਲੈਂਦੇ ਹੁੰਦੇ ਸੀ।

'ਪਹਿਲਾਂ ਸਾਲੇ ਸੁੱਖਾਂ ਸੁਖਦੇ ਨੇ, ਫੇ ਭੁੱਲ ਜਾਂਦੇ ਨੇ। ਜਦੋਂ ਮੈਂ ਡੰਡਾ ਚਾੜ੍ਹਿਆ, ਫੇ ਆਪੇ ਭੱਜੇ ਆਉਣਗੇ।' ਇਹ ਗੱਲ ਸੁੱਖ ਸੁੱਖਣ ਵਾਲੇ ਸ਼ਰਧਾਲੂ ਨੂੰ ਕਹਿੰਦੇ। ਇੱਥੇ ਸੁੱਖਾਂ ਸੁੱਖੀਆਂ ਜਾਂਦੀਆਂ ਸਨ। ਚੜ੍ਹਾਵੇ ਵਜੋਂ ਸ਼ਰਾਬ ਦੀਆਂ ਬੋਤਲਾਂ ਚੜ੍ਹਦੀਆਂ ਸਨ। ਪਿਆਕੜਾਂ ਲਈ ਬੜੀ ਮੌਜ ਸੀ। ਸ਼ਰਾਬ ਦੇ ਦੌਰ ਚਲਦੇ ਰਹਿੰਦੇ ਸਨ। ਇਕੱਲੀ ਸ਼ਰਾਬ ਹੀ ਨਹੀਂ, ਹੋਰ ਕਈ ਤਰ੍ਹਾਂ ਦੇ ਚੜ੍ਹਾਵੇ ਚੜ੍ਹਦੇ ਸਨ। ਲੋਕਾਂ ਵਿੱਚ ਪਹਿਲਾਂ ਵਾਂਗ ਅੱਜ ਵੀ ਭਰਮ ਬਣਿਆ ਹੋਇਆ ਹੈ ਕਿ ਜਿਹੜੀ ਸੁੱਖ ਸੁੱਖਣੀ ਹੈ, ਉਹ ਦੇਣੀ ਹੀ ਪੈਣੀ ਹੈ, ਨਹੀਂ ਤੇ ਬਾਬੇ ਨੇ ਤੰਗ ਕਰਕੇ ਲੈ ਲੈਣੀ ਹੈ।

ਬਾਬੇ ਔਗੜ ਦਾ ਇਕ ਚੇਲਾ ਰੋਟੀ ਰਾਮ ਹੁੰਦਾ ਸੀ। ਉਹ ਇੱਕ ਵਾਰ ਪਿੱਪਲ ਥੱਲੇ ਬੈਠਾ ਕੂੰਡੇ ਵਿੱਚ ਸ਼ਰਦਾਈ ਰਗੜ ਰਿਹਾ ਸੀ। ਪਿੱਪਲ ਤੋਂ ਸੱਪਣੀ ਦਾ ਬੱਚਾ ਕੂੰਡੇ ਵਿੱਚ ਡਿੱਗ ਪਿਆ। ਉਹ ਵੀ ਉਹਨੇ ਵਿਚੇ ਰਗੜ ਦਿੱਤਾ। ਬਾਬੇ ਔਗੜ ਨੇ ਉਹ ਸ਼ਰਦਾਈ ਪੀਣ ਤੋਂ ਨਾਂਹ ਕਰ ਦਿੱਤੀ ਤਾਂ ਰੋਟੀ ਰਾਮ ਆਪ ਪੀ ਗਿਆ। ਬਾਬਾ ਔਗੜ ਦੰਗ ਰਹਿ ਗਿਆ।

ਚੰਗਾ ਬਈ ਰੋਟੀ ਰਾਮ, ਹੁਣ ਤੂੰ ਇਥੋਂ ਚਲਾ ਜਾਹ। ਜਿਸ ਤਰ੍ਹਾਂ ਇਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ, ਇਸੇ ਤਰ੍ਹਾਂ ਆਪਾਂ ਹੁਣ ਇਕੱਠੇ ਨਹੀਂ ਰਹਿ ਸਕਦੇ। ਜਿੰਨੀ ਮੇਰੇ ਕੋਲ ਸ਼ਕਤੀ ਹੈ, ਓਨੀ ਤੇਰੇ ਕੋਲ ਵੀ ਆ ਗਈ ਹੈ। ਇਹ ਸੁਣ ਕੇ ਰੋਟੀ ਰਾਮ ਨੇ ਬਾਬੇ ਔਗੜ ਦਾ ਡੇਰਾ ਛੱਡ ਦਿੱਤਾ। ਜੇਜੋਂ ਤੋਂ 5-6 ਕਿਲੋਮੀਟਰ ਦੀ ਦੂਰੀ 'ਤੇ (ਹੁਣ ਹਿਮਾਚਲ ਵਿੱਚ) ਆਪਣਾ ਡੇਰਾ ਜਮਾ ਲਿਆ।

ਇੱਥੇ ਇਕ ਬਾਬਾ ਜਵਾਲਾਪੁਰੀ ਦਾ ਡੇਰਾ ਹੈ। ਇਨ੍ਹਾਂ ਬਾਰੇ ਲੋਕਾਂ ਵਿੱਚ ਮਿੱਥ ਹੈ ਕਿ ਉਨ੍ਹਾ ਭਵਿੱਖ ਬਾਣੀ ਕੀਤੀ ਸੀ ਕਿ ਜੇਜੋਂ ਨੇ ਉੱਜੜ ਜਾਣਾ ਹੈ। ਅੱਜ ਦੇ ਉਜਾੜ ਪਏ ਜੇਜੋਂ ਨੂੰ ਲੋਕ ਉਨ੍ਹਾਂ ਦਾ ਹੀ ਸਰਾਪ ਸਮਝਦੇ ਨੇ। ਇੱਥੇ ਸਾਈਂ ਖਾਕੀ ਸ਼ਾਹ ਦੀ ਕਬਰ ਵੀ ਹੈ। ਕਹਿੰਦੇ ਨੇ ਉਹ ਮਸਤ ਮਲੰਗ ਬੰਦਾ ਸੀ। 'ਮਰ ਜੋ ਚਿੜੀਓ, ਉੱਡ ਜੋ ਚਿੜੀਓ' ਵਾਲੀ ਮਿੱਥ ਨਾਲ ਲੋਕ ਉਨ੍ਹਾ ਨੂੰ ਜੋੜਦੇ ਹਨ। ਉਨ੍ਹਾਂ ਦੀ ਯਾਦ ਵਿੱਚ ਨੌਗੱਜੇ ਵਾਲੀ ਕਬਰ ਬਣਾਈ ਹੋਈ ਹੈ।

ਉਪਰੋਕਤ ਪੀਰਾਂ ਜਾਂ ਸੰਤਾਂ ਦੀਆਂ ਕਰਾਮਾਤਾਂ ਜਾਂ ਸ਼ਕਤੀਆਂ ਦੀਆਂ ਜਿਹੜੀਆਂ ਗੱਲਾਂ ਹੋਈਆਂ ਨੇ, ਕਈ ਲੋਕ ਇਨ੍ਹਾਂ ਨੂੰ ਰੱਦ ਕਰਦੇ ਹਨ। ਉਹ ਇਨ੍ਹਾਂ ਨੂੰ ਮਹਿਜ਼ ਇਕ ਪ੍ਰਚਾਰ ਵਜੋਂ ਲੈਂਦੇ ਹਨ। ਇਨ੍ਹਾਂ ਤੋਂ ਇਲਾਵਾ ਡੇਰਾ ਰਤਨਪੁਰੀ, ਦੋ ਸ਼ਿਵ ਮੰਦਰ, ਠਾਕੁਰ ਦੁਆਰਾ, ਜੈਨੀਆਂ ਦੇ ਸ਼ਵੇਤਾਂਬਰ, ਦਸੰਬਰ ਪਾਂਸ਼ਟੇ ਅਤੇ ਕਾਲੀ ਮਾਤਾ ਦਾ ਮੰਦਰ ਆਦਿ ਧਾਰਮਕ ਸਥਾਨ ਹਨ। ਚੜ੍ਹਦੇ ਪਾਸੇ ਤੋਂ ਰਾਹ ਬੇਈਂ ਹਾਰੇ ਨੂੰ ਜਾਂਦਾ ਹੈ। ਇਹ ਰਾਹ ਵਾਲੇ ਪਾਸੇ ਸਾਧੂਆਂ ਦੇ ਕੱਚੇ, ਪੱਕੇ ਭੋਰੇ ਹੁੰਦੇ ਸਨ। ਕਈ ਲੋਕਾਂ ਦਾ ਵਿਚਾਰ ਹੈ ਕਿ ਇਹ ਵਪਾਰ ਦਾ ਕੇਂਦਰ ਹੋਣ ਕਰਕੇ ਸਾਧੂ-ਸੰਤ, ਫਕੀਰ ਰੋਟੀ ਦੀ ਭਾਲ ਵਿੱਚ ਇੱਥੇ ਡੇਰੇ ਬਣਾ ਲੈਂਦੇ ਸਨ।

ਇੱਥੇ 17ਵੀ ਅਤੇ 18ਵੀਂ ਸਦੀ ਵਿੱਚ ਰਾਜਪੂਤ ਰਜਵਾੜਿਆਂ ਦੇ ਰਾਜ ਕਰਨ ਦੇ ਵੀ ਪ੍ਰਮਾਣ ਮਿਲਦੇ ਹਨ। 1815 ਤੱਕ ਰਾਜਪੂਤ (ਉੱਪ ਜਾਤੀ ਜਸਵਾਲ) ਰਾਜਿਆਂ ਦਾ ਰਾਜ ਰਿਹਾ। ਉਨ੍ਹਾਂ ਵੱਲੋਂ 1701 ਵਿੱਚ ਇੱਕ ਕਿਲ੍ਹਾ ਬਣਾਇਆ ਗਿਆ, ਜਿਹੜਾ ਬਾਅਦ ਵਿੱਚ ਥੇਹ ਹੋ ਗਿਆ ਸੀ। ਇੱਥੇ ਕਿਲ੍ਹੇ ਦਾ ਕੁਝ ਵੀ ਬੱਚਿਆ ਨਹੀਂ। ਅੱਜ ਤੋਂ ਦਸ ਸਾਲ ਪਹਿਲਾਂ ਕਿਲ੍ਹੇ ਦੀਆਂ ਕੰਧਾਂ ਦੇ ਨਿਸ਼ਾਨ ਹੁੰਦੇ ਸਨ, ਹੁਣ ਉਹ ਵੀ ਗਾਇਬ ਨੇ। ਦੱਖਣ ਵਾਲੇ ਪਾਸੇ ਖੱਡੋਂ ਪਾਰ ਇਕ ਖੂਹ ਹੈ। ਲੋਕ ਇਸ ਖੂਹ ਤੋਂ ਬੜੇ ਡਰਦੇ ਨੇ। ਲੋਕਾਂ ਦਾ ਭਰਮ ਹੈ ਕਿ ਇਸ ਖੂਹ ਕੋਲ ਜਾਣ 'ਤੇ ਇਹ ਜੇਠੇ ਪੁੱਤ ਦੀ ਬਲੀ ਮੰਗਦਾ ਹੈ। ਦੂਜਾ ਇਹਦੇ ਬਾਰੇ ਡਰ ਹੈ ਕਿ ਇੱਥੇ ਇੱਛਾਧਾਰੀ (ਮਣੀ ਵਾਲਾ ਸੱਪ) ਰਹਿੰਦਾ ਹੈ। ਚੜ੍ਹਦੇ ਪਾਸੇ ਨੂੰ ਇੱਕ ਵੱਖਰੀ ਪਹਾੜੀ 'ਤੇ ਰਾਜ ਮਹਿਲ ਦੇ ਵੀ ਨਿਸ਼ਾਨ ਮਿਲਦੇ ਹਨ। ਇਸ ਦਾ ਨਾਂਅ ਮਹਿਲਾਂ ਵਾਲੀ ਹੈ। ਭਾਵੇਂ ਹੁਣ ਇੱਥੇ ਮਹਿਲ ਦੀ ਕੋਈ ਇਮਾਰਤ ਨਹੀਂ, ਪਰ ਅਕਬਰ ਸ਼ਾਹੀ ਇੱਟਾਂ ਖਿਲਰੀਆਂ ਪਈਆਂ ਹਨ।

ਜਸਵਾਲ ਰਾਜਿਆਂ ਵਲੋਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਬਣਾਇਆ ਕਿਲ੍ਹਾ ਖ਼ੂਨੀ ਟਿੱਲਾ ਜਾਂ ਸੂਲੀ ਟਿੱਲਾ ਕਹਾਉਂਦਾ ਸੀ। ਜੇਜੋਂ ਸ਼ਹਿਰ ਅਸਲ ਵਿੱਚ ਵਪਾਰੀਆਂ ਅਤੇ ਆਰਾਮਪ੍ਰਸਤ ਲੋਕਾਂ ਦਾ ਸ਼ਹਿਰ ਸੀ। ਇਸ ਕਰਕੇ ਜਿੰਨੀਆਂ ਵੀ ਰਾਜਨੀਤਕ ਲਹਿਰਾਂ ਉੱਠੀਆਂ, ਉਨ੍ਹਾਂ ਦਾ ਇੱਥੇ ਨਾਂਅ-ਨਿਸ਼ਾਨ ਨਹੀਂ। ਇੱਥੇ ਬਾਗੀ ਪੈਦਾ ਨਹੀਂ ਹੋਏ। ਬਾਣੀਏ ਲੋਕਾਂ ਦੀ ਬਹੁਤਾਤ ਸੀ। ਬਹੁਤ ਹੀ ਘੱਟ ਗਿਣਤੀ ਵਿੱਚ ਵਿਰੋਧੀ ਹੋਏ ਨੇ। ਇਨ੍ਹਾਂ ਵਿਰੋਧੀਆਂ ਲਈ ਹੀ ਕਿਲ੍ਹੇ ਵਿੱਚ ਖ਼ੂਨੀ ਟਿੱਲਾ ਬਣਾਇਆ ਗਿਆ ਸੀ। ਜਿਹੜਾ ਵੀ ਰਾਜਿਆਂ ਵਿਰੁੱਧ ਬਗਾਵਤ ਦੇ ਝੰਡੇ ਗੱਡਦਾ, ਉਸ ਨੂੰ ਇਸ ਖ਼ੂਨੀ ਟਿੱਲੇ ਵਿੱਚ ਸਜ਼ਾ ਦਿੱਤੀ ਜਾਂਦੀ। ਹਾਕਮ ਮੁਸ਼ਕਾਂ ਬੰਨ੍ਹ ਕੇ ਯੋਧਿਆਂ ਨੂੰ ਜਾਂ ਦੋਸ਼ੀਆਂ ਨੂੰ ਕਿਲ੍ਹੇ ਤੋਂ ਰੇੜ੍ਹ ਦਿੰਦੇ ਸਨ। ਵਣ ਵੱਲ ਡਿੱਗੀਆਂ ਲਾਸ਼ਾਂ ਜਾਨਵਰ ਖਾ ਜਾਂਦੇ ਸਨ ਜਾਂ ਸੂਲੀ ਟਿੱਲੇ 'ਤੇ ਸੂਲੀ ਚਾੜ੍ਹੇ ਜਾਂਦੇ ਸਨ। ਮਾਹਿਲਪੁਰ ਦੇ ਚੌਧਰੀ ਰਾਮ ਰਾਏ ਨੂੰ ਵੀ ਇਸੇ ਤਰ੍ਹਾਂ ਮਾਰਿਆ ਗਿਆ ਸੀ। ਉਸ ਨੂੰ ਟਿੱਲੇ ਤੋਂ ਰੇੜ੍ਹ ਦਿੱਤਾ ਗਿਆ ਸੀ। ਉਸ ਦੀ ਮੌਤ ਤੋਂ ਬਾਅਦ ਰਾਗੀ, ਢਾਡੀ ਵਾਰਾਂ ਗਾਉਂਦੇ ਸਨ—

'ਮਾਹਿਲਪੁਰ ਮਾਰੂ ਵੱਜਿਆ ਤੇ ਜੇਜੋਂ ਵੱਜੀ ਡੱਫ,
ਰਾਜਪੁਰੇ ਦੀਆਂ ਰੋਣ ਰਾਣੀਆਂ, ਚੜ੍ਹਿਆ ਰਾਮ ਰਾਏ ਜੱਟ।'

1815 ਈਸਵੀ ਤੱਕ ਰਾਜਪੂਤ ਰਾਜਾ ਰਾਮ ਰਾਏ ਜਸਵਾਲ ਰਾਜ ਕਰਦਾ ਸੀ। ਜੇਜੋਂ ਕੋਲ ਆਪਣੀ ਜ਼ਮੀਨ ਜਾਂ ਇਲਾਕਾ ਨਹੀਂ ਹੈ, ਨਾ ਹੀ ਇਹਦਾ ਆਪਣਾ ਕੋਈ ਵਣ ਹੈ। ਜੇਜੋਂ ਦੇ ਸਕੂਲ ਤੇ ਰੇਲਵੇ ਸਟੇਸ਼ਨ ਪਿੰਡ ਹਰਜੀਆਣੇ ਦੀ ਜ਼ਮੀਨ ਵਿੱਚ ਪੈਂਦੇ ਹਨ। ਪਰ ਕੁੱਕੜਾਂ, ਹੇਲਰਾਂ, ਬਰਿਆਣਾ, ਹਿਆਤਪੁਰ, ਲਸਾੜਾ ਅਤੇ ਹਰਜੀਆਣਾ ਆਦਿ ਪਿੰਡ ਜਸਵਾਲ ਰਾਜੇ ਦੇ ਮੁਰਸੀ ਸਨ। ਇਨ੍ਹਾਂ ਪਿੰਡਾਂ ਦੇ ਲੋਕ ਜੇਜੋਂ ਆ ਕੇ ਮੁਰਸ ਭਰਦੇ ਸਨ। ਜਸਵਾਲ ਰਾਜਿਆਂ ਨੇ ਪਹਾੜੀ ਇਲਾਕੇ ਵਿੱਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ 108 ਦੇ ਨੇੜੇ ਖੂਹ ਲਵਾਏ ਸਨ। ਇਨ੍ਹਾਂ ਵਿੱਚੋਂ ਕਈ ਤਾਂ ਹੁਣ ਵੀ ਚਲਦੇ ਹਨ। ਕਈ ਨਾ ਵਰਤੋਂ ਵਿੱਚ ਆਉਣ ਕਰਕੇ ਸੁੱਕ ਗਏ ਹਨ।

1767 ਈ. ਤੋਂ ਲੈ ਕੇ 1799 ਈ. ਤੱਕ ਸਿੱਖ ਮਿਸਲਾਂ ਤਹਿਤ ਡੱਲੇਵਾਲੀਆ ਮਿਸਲ, ਜਿਸ ਦੇ (ਸੰਸਥਾਪਕ ਗੁਲਾਬ ਸਿੰਘ) ਤਾਰਾ ਸਿੰਘ ਗੇਬਾ ਮੁਖੀ ਸਨ, ਦੇ ਅਧੀਨ ਜੇਜੋਂ ਆਉਂਦਾ ਸੀ। ਇਹ ਜਸਵਾਲ ਰਾਜੇ ਉਨ੍ਹਾਂ ਦੀ ਰਹਿਨੁਮਾਈ ਹੇਠ ਰਾਜ ਕਰਦੇ ਸਨ। ਤਾਰਾ ਸਿੰਘ ਗੇਬਾ ਮਹਾਰਾਜਾ ਰਣਜੀਤ ਸਿੰਘ ਦਾ ਨਜ਼ਦੀਕੀ ਦੋਸਤ ਸੀ, ਪਰ ਜਦੋਂ ਉਸ ਦੀ ਮੌਤ ਹੋਈ ਤਾਂ ਅਜੇ ਉਸ ਦੇ ਅੰਤਮ ਸੰਸਕਾਰ ਅਤੇ ਹੋਰ ਰਸਮੋ-ਰਿਵਾਜ ਵੀ ਪੂਰੇ ਨਹੀਂ ਹੋਏ ਸਨ, ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੇ ਡੱਲੇਵਾਲੀਆ ਮਿਸਲ ਦੀ ਰਾਜਧਾਨੀ ਰਾਹੋਂ 'ਤੇ ਹੱਲਾ ਬੋਲ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੇ ਬੜੀ ਆਸਾਨੀ ਨਾਲ ਆਪਣੇ ਮਿੱਤਰ ਦੇ ਰਾਜ-ਭਾਗ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ।

1815 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵੱਲੋਂ ਜੇਜੋਂ 'ਤੇ ਹਮਲਾ ਕੀਤਾ ਗਿਆ। ਰਾਜਾ ਰਾਮ ਰਾਏ ਦੀ ਫ਼ੌਜ ਬੁਰੀ ਤਰ੍ਹਾਂ ਹਾਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਜੇਜੋਂ ਨੂੰ ਆਪਣੇ ਅਧੀਨ ਕਰ ਲਿਆ। ਰਾਜਾ ਰਾਮ ਰਾਏ ਨੇ ਜਦੋਂ ਉਨ੍ਹਾ ਦੀ ਅਧੀਨਗੀ ਸਵੀਕਾਰ ਕਰ ਲਈ ਤਾਂ ਰਾਜੇ ਨੂੰ ਕਸਬਾ ਅੰਬ (ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਵਿੱਚ) ਜਗੀਰ ਦੇ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਵੀ ਇਸ ਸ਼ਹਿਰ ਨੂੰ ਵਪਾਰ ਅਤੇ ਆਰਾਮਗਾਹ ਲਈ ਵਰਤਿਆ ਗਿਆ। ਉਨ੍ਹਾਂ ਨੇ ਇੱਥੇ ਬਾਰਾਂਦਰੀ ਬਣਵਾਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਖਾਸ-ਖਾਸ ਥਾਵਾਂ 'ਤੇ ਬਾਰਾਂਦਰੀਆਂ ਬਣਵਾਈਆਂ ਗਈਆਂ। ਇਹ ਬਾਰਾਂਦਰੀਆਂ ਉਸ ਸਮੇਂ ਦੇ ਰੈਸਟ ਹਾਊਸ ਹੁੰਦੇ ਸਨ, ਪਰ ਹੁਣ ਇੱਥੇ ਬਾਰਾਂਦਰੀ ਦਾ ਨਾਂਅ-ਨਿਸ਼ਾਨ ਵੀ ਨਹੀਂ ਮਿਲਦਾ।

19ਵੀਂ ਸਦੀ ਵਿੱਚ ਜੇਜੋਂ ਪੂਰੇ ਜੋਬਨ 'ਤੇ ਸੀ। ਭਾਵੇਂ ਇਹ ਛੋਟਾ ਜਿਹਾ ਸ਼ਹਿਰ ਹੈ, ਪਰ ਇਸ ਦੀਆਂ ਲੱਤਾਂ-ਬਾਹਾਂ ਏਨੀਆਂ ਵੱਡੀਆਂ ਸਨ ਕਿ ਇਸ ਦੇ ਬਨੇਰੇ ਬਜਵਾੜੇ ਸ਼ਹਿਰ ਨਾਲ ਜਾ ਜੁੜਦੇ ਸਨ। ਇੱਥੇ ਕੱਪੜੇ ਦਾ ਵਪਾਰ ਵੱਡੀ ਪੱਧਰ 'ਤੇ ਹੁੰਦਾ ਸੀ। ਲੋਕ ਵੱਡੀ ਪੱਧਰ 'ਤੇ ਧੌਂਸੀਆਂ ਬੁਣਦੇ ਸਨ। ਲਲਾਰੀ ਵੀ ਵੱਡੀ ਗਿਣਤੀ ਵਿੱਚ ਸਨ। ਉਨ੍ਹਾਂ ਦੇ ਸਿਰ 'ਤੇ ਕੱਪੜੇ ਦੀ ਰੰਗਾਈ ਦਾ ਕੰਮ ਚਲਦਾ ਸੀ। ਇੱਥੇ ਕੱਪੜੇ ਦੇ ਥੋਕ ਦੇ ਵਪਾਰੀ ਹੁੰਦੇ ਸਨ। ਏਸ਼ੀਆ ਦੀਆਂ ਮੰਡੀਆਂ ਵਿੱਚ ਇਸ ਦਾ ਨਾਂਅ ਆਉਂਦਾ ਸੀ। ਸਾਰਾ ਵਪਾਰ ਊਠਾਂ ਤੇ ਖੱਚਰਾਂ ਨਾਲ ਹੁੰਦਾ ਸੀ। ਰੋਜ਼ਾਨਾ ਦੋ-ਤਿੰਨ ਸੌ ਦੇ ਕਰੀਬ ਊਠ ਤੇ ਖੱਚਰਾਂ ਰਾਹੀਂ ਦੂਸਰੇ ਰਾਜਾਂ ਨੂੰ ਮਾਲ ਸਪਲਾਈ ਕੀਤਾ ਜਾਂਦਾ ਸੀ। ਇੱਥੋਂ ਅਫਗਾਨਿਸਤਾਨ, ਸਮਰਕੋਟ, ਸ਼ਾਹਕੋਟ, ਊਨਾ, ਕਾਂਗੜਾ, ਮੰਡੀ, ਨੰਗਲ ਅਤੇ ਹੋਰ ਥਾਵਾਂ ਨੂੰ ਵਪਾਰ ਹੁੰਦਾ ਸੀ। ਇਸ ਦਾ ਵੱਡਾ ਕਾਰਨ ਕਾਂਗੜਾ, ਮੰਡੀ ਤੇ ਨੰਗਲ ਨੂੰ ਕੋਈ ਹੋਰ ਰਾਹ ਨਹੀਂ ਜਾਂਦਾ ਸੀ। ਜੇਜੋਂ ਤੋਂ ਵਣ ਰਾਹੀਂ ਕੱਚਾ ਰਾਹ ਹੁੰਦਾ ਸੀ। ਇਸ ਰਾਹ ਰਾਹੀਂ ਹੀ ਸਾਰਾ ਵਪਾਰ ਊਠਾਂ ਤੇ ਖੱਚਰਾਂ 'ਤੇ ਹੁੰਦਾ ਸੀ। ਜੇਜੋਂ ਤੋਂ ਊਨੇ ਜਾਣ ਵਾਲਾ ਰਾਹ ਵੀ ਹਮੇਸ਼ਾ ਭਰਿਆ ਰਹਿੰਦਾ ਸੀ। ਦਿਨ-ਰਾਤ ਵਪਾਰੀ ਲੋਕ ਆਪਣੇ ਮਾਲ ਨਾਲ ਤੁਰੇ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਰਾਜ ਖਿੰਡ-ਪੁੰਡ ਗਿਆ। ਸਿੱਖ ਜਗੀਰਦਾਰ ਆਪਸੀ ਲੜਾਈ ਵਿੱਚ ਉਲਝ ਗਏ। 1845-46 ਵਿੱਚ ਪਹਿਲਾ ਅੰਗਰੇਜ਼-ਸਿੱਖ ਯੁੱਧ ਹੋਇਆ, ਜਿਸ ਵਿੱਚ ਸਿੱਖ ਹਾਰ ਗਏ। ਅੰਗਰੇਜ਼ਾਂ ਨੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ 'ਤੇ ਕਬਜ਼ਾ ਕਰ ਲਿਆ। 11 ਮਾਰਚ 1846 ਨੂੰ ਲਾਹੌਰ ਦੀ ਦੂਜੀ ਸੰਧੀ ਹੋਈ, ਜਿਸ ਅਨੁਸਾਰ ਬਿਸਤ ਦੁਆਬ ਦਾ ਮੈਦਾਨੀ ਤੇ ਪਹਾੜੀ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। ਜੇਜੋਂ ਉਨ੍ਹਾਂ ਲਈ ਸੈਰ-ਸਪਾਟੇ ਦਾ ਕੇਂਦਰ ਬਣ ਗਿਆ। ਉਨ੍ਹਾਂ ਇੱਥੇ ਮਿਊਂਸਪਲ ਕਮੇਟੀ ਵੀ ਬਣਾਈ। ਇੱਥੇ ਇਕ ਰੈਸਟ ਹਾਊਸ ਹੁੰਦਾ ਸੀ। ਅੰਗਰੇਜ਼ ਹਾਕਮ ਤੇ ਅਫ਼ਸਰ ਇੱਥੇ ਆ ਕੇ ਠਹਿਰਦੇ ਸਨ। ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਸਰ ਜਿੰਨ ਕਿੰਗ ਤਾਂ ਅਕਸਰ ਆਪਣਾ ਸਰਕਾਰੀ ਦੌਰਾ ਇੱਥੇ ਹੀ ਰੱਖਦਾ ਹੁੰਦਾ ਸੀ। ਅੰਗਰੇਜ਼ ਸ਼ਾਸਕਾਂ ਨੇ ਇਸ ਵਪਾਰਕ ਕੇਂਦਰ ਨੂੰ ਹੋਰ ਵਧਾਉਣ ਲਈ ਜੇਜੋਂ ਨੂੰ 1916 ਈਸਵੀ ਵਿੱਚ ਨਵਾਂਸ਼ਹਿਰ-ਫਗਵਾੜਾ ਰੇਲ ਲਾਈਨ (ਵਾਇਆ ਗੜ੍ਹਸ਼ੰਕਰ) ਨਾਲ ਜੋੜਿਆ। ਉਦੋਂ ਰਾਹੋਂ ਤੇ ਨਵਾਂਸ਼ਹਿਰ ਵੀ ਵੱਡੀਆਂ ਮੰਡੀਆਂ ਹੁੰਦੀਆਂ ਸਨ। ਰਾਹੋਂ ਤੋਂ ਗੱਡੀ ਨਵਾਂਸ਼ਹਿਰ ਤੇ ਗੜ੍ਹਸ਼ੰਕਰ ਰਾਹੀਂ ਸਿੱਧੀ ਜੇਜੋਂ ਨੂੰ ਜਾਂਦੀ ਹੁੰਦੀ ਸੀ।

1947 ਈਸਵੀ ਦੀ ਵੰਡ ਤੋਂ ਪਹਿਲਾਂ ਇੱਥੇ ਮਹਾਜਨ, ਖੱਤਰੀ, ਬ੍ਰਾਹਮਣ, ਸੂਦ, ਜੈਨ, ਮੁਸਲਮਾਨ-ਸੱਯਦ, ਸ਼ੇਖ, ਜੁਲਾਹੇ, ਪੇਂਜੇ, ਧੋਬੀ ਅਤੇ ਹੋਰ ਦਲਿਤ ਲੋਕ ਰਹਿੰਦੇ ਸਨ। ਇੱਥੇ ਮੁੱਖ ਜਮਾਤ ਵਪਾਰ ਕਰਨ ਵਾਲੀ ਹੀ ਸੀ। ਜਦੋਂ ਅਸੀਂ ਜੈਨ ਧਰਮ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਧਰਮ ਬਹੁਤਾ ਵਪਾਰੀ ਤਬਕੇ ਵਿੱਚ ਹੀ ਪ੍ਰਚੱਲਤ ਸੀ। ਇਸ ਕਰਕੇ ਇਹ ਧਰਮ ਇੱਥੇ ਵੀ ਵਪਾਰੀਆਂ ਵਿੱਚ ਫੈਲਿਆ। ਵਪਾਰ ਵਿੱਚ ਸਹਾਇਕ ਹੋਰ ਜਾਤਾਂ ਨੂੰ ਵੀ ਇੱਥੇ ਵਸਾਇਆ ਗਿਆ। ਦਲਿਤਾਂ ਨੂੰ ਮਜ਼ਦੂਰੀ ਕਰਾਉਣ ਜਾਂ ਵਗਾਰ ਲੈਣ ਲਈ ਰੱਖਿਆ ਹੋਇਆ ਸੀ। ਉਹਨਾਂ ਵਿੱਚੋਂ ਜਿਹੜਾ ਔਖਾ, ਫਿੱਕਾ ਹੁੰਦਾ ਸੀ, ਉਹਨੂੰ ਖ਼ੂਨੀ ਟਿੱਲੇ 'ਤੇ ਭੇਜ ਦਿੱਤਾ ਜਾਂਦਾ ਸੀ।

ਇਥੇ ਪਹਿਲਾਂ ਡਾਕਖਾਨੇ ਵਾਲਾ ਬਾਜ਼ਾਰ, ਮੇਨ ਬਾਜ਼ਾਰ, ਪੌੜ ਸਾਂਗ ਬਾਜ਼ਾਰ, ਬਾਬਾ ਔਗੜ ਚੌਕ, ਲਲਾਰੀ ਬਾਜ਼ਾਰ, ਕੰਜਰੀ ਬਾਜ਼ਾਰ ਅਤੇ ਸੁਨਿਆਰਾ ਬਾਜ਼ਾਰ ਆਦਿ ਹੁੰਦੇ ਸਨ। ਕੰਜਰਾਂ ਦੇ ਮੁਹੱਲੇ ਕੰਜਰੀਆਂ ਕੋਲ ਹਾਕਮ, ਅਫ਼ਸਰ ਤੇ ਵਪਾਰੀ ਲੋਕ ਮਨ ਬਹਿਲਾਉਣ ਲਈ ਜਾਂਦੇ ਸਨ। ਇਨ੍ਹਾਂ ਬਾਰੇ ਲੋਕਾਂ ਦਾ ਵਿਚਾਰ ਹੈ ਕਿ ਇਹ ਲੋਕ ਆਪਣੇ ਅਸੂਲਾਂ ਦੇ ਪੱਕੇ ਹੁੰਦੇ ਸਨ। ਇਨ੍ਹਾਂ ਦੀਆਂ ਔਰਤਾਂ ਨੂੰ ਗੀਤ-ਸੰਗੀਤ ਦੀ ਚੰਗੀ ਜਾਣਕਾਰੀ ਹੁੰਦੀ ਸੀ। ਆਏ ਗਾਹਕਾਂ ਦਾ ਮਨਪ੍ਰਚਾਵਾ ਹੀ ਕਰਦੀਆਂ ਸਨ।

ਜੇਜੋਂ ਵਿੱਚ ਪੱਤੀਆਂ ਨਹੀਂ ਸਨ। ਘਰਾਂ ਦੀ ਬਣਤਰ ਜਾਤਾਂ ਅਨੁਸਾਰ ਸੀ। ਖੰਨੇ ਖੱਤਰੀਆਂ ਦੀ ਅਬਾਦੀ ਅਲੱਗ ਹੁੰਦੀ ਸੀ। ਸੂਦ ਆਪਣੀ ਵੱਖਰੀ ਆਬਾਦੀ ਵਿੱਚ ਰਹਿੰਦੇ ਸਨ। ਇਸੇ ਤਰ੍ਹਾਂ ਬ੍ਰਾਹਮਣ, ਮਰਾਸੀ ਅਤੇ ਗੁੱਜਰਾਂ ਦੇ ਆਪਣੇ-ਆਪਣੇ ਮੁਹੱਲੇ ਸਨ। ਮੁਸਲਮਾਨਾਂ ਵਿੱਚ ਵੀ ਜਿੰਨੀਆਂ ਜਾਤਾਂ ਸਨ, ਉਹ ਵੀ ਆਪਣੇ ਵੱਖਰੇ-ਵੱਖਰੇ ਮੁਹੱਲਿਆਂ ਵਿੱਚ ਰਹਿੰਦੇ ਸਨ। ਇੱਥੇ ਸੱਯਦ ਮੁਸਲਮਾਨ, ਮਹਾਜਨ ਤੇ ਰਾਜਪੂਤ ਭਾਰੂ ਸਨ। ਜੇ ਤੁਸੀਂ ਪਹਾੜੀ ਇਲਾਕੇ ਵਿੱਚ ਜਾਓ, ਜਿਵੇਂ ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼ ਵਿੱਚ) ਦੇ ਕਿਸੇ ਪਿੰਡ ਵਿੱਚ ਜਾਓ, ਇੱਕ ਪਹਾੜੀ 'ਤੇ ਇਕ ਜਾਤੀ ਅਤੇ ਦੂਜੀ ਪਹਾੜੀ 'ਤੇ ਦੂਜੀ ਜਾਤੀ ਦੇ ਲੋਕ ਰਹਿੰਦੇ ਹਨ। ਇਸੇ ਤਰ੍ਹਾਂ ਜੇਜੋਂ ਦਾ ਰੈਣ ਬਸੇਰਾ ਹੈ, ਪਰ ਇੱਥੇ ਵਸੋਂ ਵਾਲੀ ਥਾਂ 'ਤੇ ਵੱਖਰੀਆਂ- ਵੱਖਰੀਆਂ ਪਹਾੜੀਆਂ ਨਹੀਂ ਸਨ। ਉਨ੍ਹਾਂ ਵਿਚਕਾਰ ਦੀ ਦੂਰੀ ਦੂਰ ਕਰ ਲਈ ਗਈ ਸੀ। ਸ਼ਹਿਰ ਉੱਚਾ-ਨੀਵਾਂ ਜ਼ਰੂਰ ਸੀ, ਪਰ ਕਾਂਗੜੇ ਦੇ ਪਿੰਡਾਂ ਵਰਗਾ ਨਹੀਂ ਸੀ।

ਅੰਗਰੇਜ਼ ਹਕੂਮਤ ਨੇ ਪੰਜਾਬ ਵਿੱਚ ਸੜਕਾਂ ਅਤੇ ਰੇਲਵੇ ਲਾਈਨਾਂ ਦਾ ਨਿਰਮਾਣ ਕਰਨਾ ਸ਼ੁਰੂ ਕੀਤਾ ਤਾਂ ਇਹਦਾ ਅਸਰ ਜੇਜੋਂ 'ਤੇ ਵੀ ਹੋਇਆ। ਇਥੋਂ ਦਾ ਵਪਾਰ ਵਧਣ ਦੀ ਥਾਂ ਰੁੱਕ ਗਿਆ। 1932 ਈਸਵੀ ਵਿੱਚ ਜੋਗਿੰਦਰ ਨਗਰ ਵੈਲੀ ਬਣੀ। ਅੰਮ੍ਰਿਤਸਰ-ਨਗਰੋਟਾ ਲਾਈਨ ਨਿਕਲੀ। ਨਾਲ ਹੀ ਸੜਕ ਵੀ ਬਣ ਗਈ। ਮੰਡੀ (ਹਿਮਾਚਲ ਪ੍ਰਦੇਸ਼) ਦਾ ਸਾਰਾ ਵਪਾਰ ਅੰਮ੍ਰਿਤਸਰ ਰਾਹੀਂ ਹੋਣ ਲੱਗਾ। ਊਠਾਂ ਤੇ ਖੱਚਰਾਂ ਦੀ ਜਗ੍ਹਾ ਟਰੱਕਾਂ ਅਤੇ ਗੱਡੀਆਂ ਨੇ ਲੈ ਲਈ। ਨੰਗਲ ਵਿਖੇ ਭਾਖੜਾ ਡੈਮ ਬਣਨ ਨਾਲ ਇਹਦਾ ਨੰਗਲ ਨਾਲੋਂ ਸਬੰਧ ਟੁੱਟ ਗਿਆ। ਨਵਾਂਸ਼ਹਿਰ-ਸੰਤੋਖਗੜ੍ਹ, ਨੰਗਲ ਸੜਕ ਬਣੀ। ਇਹਦੇ ਬਣਨ ਨਾਲ ਜੇਜੋਂ ਨਾਲੋਂ ਊਨਾ ਤੇ ਮੰਡੀ ਟੁੱਟੇ। ਕਾਂਗੜਾ ਦਾ ਸੰਬੰਧ ਵੀ ਟੁੱਟਿਆ।

ਜੇਜੋਂ ਦਾ ਵਪਾਰ ਸੜਕਾਂ ਅਤੇ ਲਾਈਨਾਂ ਕਾਰਨ ਪ੍ਰਭਾਵਤ ਹੋਣਾ ਸ਼ੁਰੂ ਹੋਇਆ ਹੀ ਸੀ ਕਿ 1947 ਦੀ ਵੰਡ ਦੀ ਹੋਣੀ ਵੀ ਵਾਪਰ ਗਈ। ਮੁਸਲਮਾਨ ਵਪਾਰੀ ਉੱਜੜ ਗਏ। ਭਰੀਆਂ-ਭਰਾਈਆਂ ਕੋਠੀਆਂ ਛੱਡ ਕੇ ਤੁਰ ਗਏ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਆਏ, ਮਾਲ ਲੁੱਟ ਕੇ ਲੈ ਗਏ। ਮਾਸੂਮ ਜ਼ਿੰਦਾਂ ਵੱਢੀਆਂ ਗਈਆਂ। ਪਿੱਛੇ ਛੱਡ ਗਏ ਮਹਿਲਨੁਮਾ ਕੋਠੀਆਂ। ਵਿਰਾਨ ਖੜ੍ਹੀਆਂ ਕੋਠੀਆਂ ਅੱਜ ਵੀ ਉਨ੍ਹਾਂ ਦੀ ਉਡੀਕ ਵਿੱਚ ਹਨ। ਇਧਰੋਂ ਪਾਕਿਸਤਾਨ ਚਲੇ ਗਏ, ਪਰ ਮੁਸਲਮਾਨਾਂ ਦੀ ਜਗ੍ਹਾ ਕੋਈ ਵੀ ਜੇਜੋਂ ਨਾ ਆਇਆ। ਉਜਾੜ ਪੈ ਗਿਆ। ਅੱਜ ਜੇਜੋਂ ਆਰਥਕ ਤੌਰ 'ਤੇ ਟੁੱਟਿਆ ਪਿਆ ਹੈ। ਦਲਿਤ ਲੋਕ ਵਣ ਵਿੱਚ ਲੱਕੜੀ ਕੱਟਣ ਦੀ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦਾ ਮਸਾਂ ਗੁਜ਼ਾਰਾ ਚੱਲਦਾ ਹੈ। ਬਜ਼ੁਰਗ ਪੁਰਾਣਾ ਸਮਾਂ ਯਾਦ ਕਰਕੇ ਰੋਂਦੇ ਹਨ। ਦਿਨ-ਰਾਤ ਗੱਡੀ ਚਲਦੀ ਸੀ। ਸਵਾਰੀਆਂ ਅਤੇ ਵਪਾਰੀ ਆਉਂਦੇ-ਜਾਂਦੇ ਰਹਿੰਦੇ ਸਨ। ਲੋਕਾਂ ਨੂੰ ਕੰਮ ਮਿਲਦਾ ਸੀ। ਹੁਣ ਕੰਮ ਨਹੀਂ ਮਿਲਦਾ। ਕੋਠੀਆਂ ਦੀ ਹਾਲਤ ਬੜੀ ਖਸਤਾ ਹੈ, ਕੋਈ ਸੰਭਾਲ ਨਹੀਂ। ਪਹਿਲਾਂ ਮਿਊਂਸਪਲ ਕਮੇਟੀ ਹੁੰਦੀ ਸੀ, ਹੁਣ ਪੰਚਾਇਤ ਹੈ। ਕਾਫੀ ਮਕਾਨ ਪੰਚਾਇਤ ਦੇ ਅਧੀਨ ਹਨ। ਕਈ ਮਕਾਨ ਲੋਕਾਂ ਨੇ ਵੰਡ ਤੋਂ ਬਾਅਦ ਆਪਣੇ ਨਾਂਅ ਕਰਾ ਲਏ ਸਨ। ਇੱਥੇ ਇੱਕ ਮੂਰਖ ਮੰਡਲ ਬਣਿਆ ਹੋਇਆ ਹੈ, ਜਿਸ ਦੇ ਪ੍ਰਧਾਨ ਵੱ ਲੋ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ

### ਰੁੱਖ ਦੀ ਛਾਂ

ਭਾਦਰੋਂ ਦਾ ਮਹੀਨਾ ਸੀ, ਅੱਜ ਦਿਨ ਸੋਮਵਾਰ ਸੀ। ਸਵੇਰੇ-ਸਵੇਰੇ ਹੀ ਅਮਰੋ ਨੇ ਆ ਬੂਹਾ ਖੜਕਾਇਆ, ਆਵਾਜ਼ ਮਾਰੀ, ਕੁੜੇ ਬਚਨ ਕੁਰੇ ਘਰੇ ਹੀ ਆਂ। ਮੈਂ ਕਿਹਾ, ਆ ਜਾ ਲੰਘਿਆ, ਕਿਵੇਂ ਆਉਣਾ ਹੋਇਆ ਸਵੇਰੇ-ਸਵੇਰੇ, ਸੁੱਖ ਤਾ ਹੈ, ਨੀ ਸੁੱਖ ਤਾਂ ਹੈਗੀ ਆਂ, ਮੈਂ ਤਾਂ ਇਸ ਕਰਕੇ ਆਈ ਸੀ ਕਿ ਆਪਾਂ ਬੈਂਕ ਦੇ ਵਿੱਚ ਜਾ ਕੇ ਬੁਢਾਪਾ ਪੈਨਸ਼ਨ ਲੈ ਆਈਏ। ਕਹਿੰਦੇ ਜਿਹੜੀ ਬੈਂਕ ਦੇ ਵਿੱਚ ਮੈਡਮ ਲੱਗੀ ਹੋਈ ਹੈ, ਬਹੁਤ ਸਖ਼ਤ ਹੈ। ਬੈਂਕ ਵਿਚ ਜਾ ਕੇ ਹੀ ਪੈਨਸ਼ਨ ਲੈਣੀ ਪੈਂਦੀ ਹੈ। ਚੱਲ ਚੰਗਾ, ਮੈਂ ਕੱਪੜੇ ਬਦਲ ਲਵਾਂ, ਫਿਰ ਆਪਾਂ ਹਾਜ਼ਰੀ ਖਾ ਕੇ ਚਲਦੀਆ ਹਾਂ. ਮੈਂ ਤਾਂ ਪੈਨਸ਼ਨ ਦਾ ਹੀ ਪੁੱਛਣ ਆਈ ਸੀ। ਮੈਂ ਵੀ ਰੋਟੀ ਖਾ ਕੇ ਅਤੇ ਬੈਂਕ ਦੀ ਕਾਪੀ ਲੈ ਆਵਾਂ। ਨੀ ਗੱਲ ਸੁਣ ਅਮਰੋ, ਅਧਾਰ-ਅਧੂਰ ਕਾਰਡ ਵੀ ਲੈ ਆਈਂ, ਕਿਤੇ ਦੋਬਾਰਾ ਗੇੜਾ ਨਾ ਲੱਗ ਜਾਵੇ। ਥੋੜ੍ਹੇ ਚਿਰ ਬਾਅਦ ਅਮਰੋ ਤਿਆਰ ਹੋ ਕੇ ਆ ਜਾਂਦੀ ਹੈ, ਕੁੜੇ ਬਚਨੋ ਚੱਲ ਚੱਲੀਏ ਹੋਗੀ ਐ ਤਿਆਰ। ਹਾਂ, ਬਸ ਮੈਂ ਬੈਂਕ ਦੀ ਕਾਪੀ ਲੈਂ ਲਵਾਂ। ਬਚਨ ਕੁਰ ਨੇ ਆਪਣੀ ਨੂੰਹ ਮਨਜੀਤ ਨੂੰ ਕਿਹਾ—ਚੰਗਾ ਕੁੜੇ, ਮੈਂ ਬੁਢਾਪਾ ਪੈਨਸ਼ਨ ਲੈ ਆਵਾਂ। ਦੋਵੇਂ ਜਣੀਆਂ ਸੜਕੇ-ਸੜਕੇ ਗੱਲਾਂ ਮਾਰਦੀਆ ਤੁਰ ਪਈਆਂ। ਤਿੰਨ-ਚਾਰ ਮੀਲ ਦੂਸਰੇ ਪਿੰਡ ਵਿਚ ਬੈਂਕ ਸੀ। ਅਜੇ ਥੋੜ੍ਹੀ ਹੀ ਦੂਰ ਗਈਆਂ ਸਨ, ਘੁਮਿਆਰਾਂ ਦਾ ਮੁੰਡਾ ਬੁੱਧੂ ਮੋਟਰਸਾਈਕਲ ਲੈ ਕੇ ਆ ਗਿਆ, ਕੋਲ ਆ ਕੇ ਕਹਿੰਦਾ—ਤਾਈ ਕਿੱਥੇ ਜਾਣਾ, ਵੇ ਖੜ ਜੈ ਪੁੱਤ ਲੈ ਕੇ ਚੱਲ ਵੇ, ਅਸੀਂ ਤਾਂ ਬੈਂਕ ਜਾਣਾ ਹੈ। ਬੈਠ ਜੋ ਤਾਈ, ਮੈਂ ਤਾਂ ਬੇਬੇ ਨੂੰ ਖੰਘ ਦੀ ਦਵਾਈ ਲੈਣ ਚੱਲਿਆ ਹਾਂ।

ਬੁੱਧੂ ਬੈਂਕ ਦੇ ਮੂਹਰੇ ਉਤਾਰ ਦਿੰਦਾ ਹੈ। ਵੇਂ ਜਿਉਂਦਾ ਰਹਿ ਪੁੱਤ, ਰੱਬ ਤੇਰੀ ਉਮਰ ਲੰਮੀ ਕਰੇ, ਜੁਗ-ਜੁਗ ਜੀਵੇ। ਬੈਂਕ ਵਿੱਚ ਜ਼ਿਆਦਾ ਭੀੜ ਨਹੀਂ ਸੀ। 6-7 ਬੰਦੇ ਹੀ ਅੱਗੇ ਖੜ੍ਹੇ ਹੋਏ ਸਨ। ਕੁਝ ਦੇਰ ਬੈਠਣ ਤੋਂ ਬਾਅਦ ਅਮਰੋ ਅਤੇ ਬਚਨ ਕੁਰ ਦਾ ਨੰਬਰ ਲੱਗ ਗਿਆ। ਪੈਨਸ਼ਨ ਲੈ ਕੇ ਬੈਂਕ ਤੋਂ ਬਾਹਰ ਨਿਕਲਣ ਲੱਗੀਆਂ ਮੈਡਮ ਨੇ ਆਵਾਜ਼ ਮਾਰ ਲਈ, ਮਾਤਾ ਜੀ ਤੁਹਾਡੀ ਨਿਗ੍ਹਾ ਵਾਲੀ ਐਨਕ ਰਹਿ ਗਈ ਹੈ, ਉਹ ਲਿਆ ਪੁੱਤ ਹੁਣ ਤਾਂ ਕੁਝ ਯਾਦ ਨਹੀਂ ਰਹਿੰਦੈ। ਦੋਵੇਂ ਜਣੀਆਂ ਪਿੰਡ ਵਾਲੇ ਮੋੜ 'ਤੇ ਆ ਕੇ ਬੈਠ ਗਈਆਂ। ਨੀ ਏਥੇ ਬੈਠ ਜਾਂ ਕੋਈ ਨਾ ਕੋਈ ਪਿੰਡ ਨੂੰ ਜਾਣ ਵਾਲਾ ਆ ਜਾਵੇਗਾ।

ਕਾਫੀ ਦੇਰ ਬੈਠੇ ਰਹਿਣ ਤੋਂ ਬਾਅਦ ਵੀ ਕੋਈ ਨਾ ਆਇਆ, ਨੀ ਚੱਲ ਉੱਠ ਪਿੰਡ ਕਿਹੜਾ ਬਹੁਤੀ ਦੂਰ ਐ ਆਹ ਤਾਂ ਪਿੰਡ ਪਿਆ , ਹੁਣ ਟਾਈਮ ਵੀ ਦੁਪਹਿਰ ਹੋ ਗਈ ਸੀ। ਧੁੱਪ ਬਹੁਤ ਤੇਜ਼ ਸੀ। ਅਮਰੋ ਦਾ ਘਰ ਪਿੰਡ ਵੜਨ ਸਾਰ ਪਹਿਲਾ ਹੀ ਸੀ। ਰਸਤੇ ਵਿੱਚ ਕੋਈ ਵੀ ਛਾਂ ਵਾਲਾ ਦਰੱਖਤ ਨਹੀਂ ਸੀ। ਸਿਰਫ ਪਿੰਡ ਦੇ ਕੋਲ ਹੀ ਪੁਰਾਣੀ ਨਿੰਮ ਦਾ ਦਰੱਖਤ ਸੀ, ਜਿਸ ਦੀ ਛਾਂ ਬਹੁਤ ਸੰਘਣੀ ਸੀ। ਬਚਨ ਕੁਰ ਦਾ ਤਾਂ ਪਸੀਨੇ ਨਾਲ ਬੁਰਾ ਹਾਲ ਹੋ ਗਿਆ। ਮੈਨੂੰ ਤਾਂ ਪਾਣੀ ਦੀ ਤ੍ਰੇਹ ਵੀ ਲੱਗੀ ਹੋਈ ਐ, ਨੀ ਆ ਜਾ ਨਿੰਮ ਥੱਲੇ ਬੈਠਦੀਆਂ ਹਾਂ, ਮੈਂ ਘਰੋਂ ਪਾਣੀ ਮੰਗਾ ਲਵਾਂਗੀ। ਬਚਨ ਕੁਰ ਰੁੱਖ ਦੀ ਛਾਂ ਹੇਠ ਆ ਬੈਠੀ। ਹੁਣ ਉਸ ਨੂੰ ਕੁਝ ਠੰਢਕ ਮਹਿਸੂਸ ਹੋਈ ਅਤੇ ਕਹਿਣ ਲੱਗੀ ਨੀ ਮੈਂ ਤਾਂ ਮਰ ਚੁੱਕੀ ਸੀ। ਮੈਨੂੰ ਤਾਂ ਨਿੰਮ ਦੇ ਰੁੱਖ ਦੀ ਛਾਂ ਨੇ ਬਚਾ ਲਿਆ। ਪਾਣੀ ਪੀ ਕੇ ਆਪਣੇ ਘਰ ਵੱਲ ਤੁਰ ਪਈ ਅਤੇ ਜਾਂਦੀ-ਜਾਂਦੀ ਕਹਿਣ ਲੱਗੀ ਨੀ ਅਮਰੋ ਐਤਕੀਂ ਪੰਚਾਇਤ ਨੂੰ ਕਹਿਣਾ ਹੈ ਆਪਣੇ ਪਿੰਡ ਵਾਲੀ ਸੜਕ 'ਤੇ ਕੋਈ ਵੀ ਦਰੱਖਤ ਨਹੀਂ, ਆਪਾਂ ਵੀ ਆਪਣੇ ਮੁੰਡਿਆਂ ਨੂੰ, ਪੋਤੇ-ਪੋਤੀਆਂ ਸਾਰਿਆਂ ਨੇ ਇਕੱਠੇ ਹੋ ਕੇ ਛਾਂ ਵਾਲੇ ਤੇ ਫਲਾਂ ਦੇ ਦਰੱਖਤ ਲਗਾਉਣੇ ਹਨ, ਜੋ ਆਪਾਂ ਨੂੰ ਆਕਸੀਜਨ ਅਤੇ ਖਾਣ ਵਾਸਤੇ ਮਿੱਠੇ ਫਲ ਦੇਣਗੇ, ਪੰਛੀ ਵੀ ਆਪਣਾ ਰੈਣ-ਬਸੇਰਾ ਬਣਾ ਕੇ ਰਹਿਣਗੇ, ਰਾਹੀ-ਪਾਂਧੀ ਤੇ ਕੰਮ ਕਰਨ ਵਾਲੇ ਵੀ ਰੁੱਖ ਦੀ ਛਾਂ ਹੇਠਾਂ ਬੈਠ ਸਕਦੇ ਹਨ। ਸਾਨੂੰ ਸਾਰਿਆਂ ਨੂੰ ਹੀ ਰਲ-ਮਿਲ ਕੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।

**— ਸੂਬੇਦਾਰ ਜਸਵਿੰਦਰ ਸਿੰਘ**



ਤਨਰੀਤ ਕੌਰ, ਸੱਤਵੀਂ, ਸਰਕਾਰੀ ਹਾਈ ਸਮਾਰਟ ਸਕੂਲ, ਰਾਜਿੰਦਰਗੜ੍ਹ


ਯਸ਼ਿਕਾ ਮਾਹਵਰ , ਦੂਸਰੀ, ਡਾਲਫਿਨ ਪਲੇਵੇ ਪਬਲਿਕ ਸਕੂਲ, ਮੁਕਤਸਰ